ਕੜਛੀਆ ਫਿਰੰਨ੍ਹਿ, ਸੁਆਉ ਨ ਜਾਣਨਿ ਸੁਞੀਆ ॥

੧ਓ ਸਤਿ ਗੁਰਪ੍ਰਸਾਦਿ ॥

"ਅਸੰਖ ਮਲੇਛ 'ਮਲੁ' ਭਖਿ ਖਾਹਿ"

ਸੂਕਰ, ਸੁਆਨ, ਗਰਧਭ, ਮੰਜਾਰਾ ॥ ਪਸੂ, ਮਲੇਛ, ਨੀਚ, ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ ॥

ਗੁਰੂ ਘਰ ਵਿਚ :-

# ਮਾਸ—ਨਿਸ਼ੇਧ

ਅਰਥਾਤ

ਗਿਆਨੀ ਨਰਿੰਜਨ ਸਿੰਘ ਜੀ "ਸਰਲ" ਦੇ
"ਝਟਕਾ ਪ੍ਰਕਾਸ਼" ਗ੍ਰੰਥ ਦਾ ਗੁਰਮਤਿ ਅਨੁਸਾਰ ਉੱਤਰ

—ਲੇਖਕ ਤਥਾ ਪ੍ਰਕਾਸ਼ਕ—

ਰਾਜਿੰਦਰ ਸਿੰਘ "ਨਿਰਾਲਾ"

[ਅਸੂ ੧ ਸੰਮਤ ਬਿਕ੍ਰਮੀ ੨੦੨੬] [੧੬ ਸਤੰਬਰ ਸੰਨ ਈਸਵੀ੧੯੬੯]
ਪਹਿਲੀ ਵਾਰ ੧੧੦੦

[ਸਭ ਹੱਕ ਲੇਖਕ ਦੇ ਰਾਖਵੇਂ ਹਨ]

. Sri Satguru Jagjit Singh Ji eLibrary NamdhariElibrary@gmail.com .

ਕੜਛੀਆ ਫਿਰੰਨ੍ਹਿ, ਸੁਆਉ ਨ ਜਾਣਨਿ ਸੁਞੀਆ ॥

੧ੳ ਸਤਿ ਗੁਰਪ੍ਰਸਾਦਿ ॥

## "'ਅਸੰਖ ਮਲੇਛ 'ਮਲੁ' ਭਖਿ ਖਾਹਿ"

ਸੂਕਰ, ਸੁਆਨ, ਗਰਧਭ, ਮੰਜਾਰਾ ॥ ਪਸੂ, **ਮਲੇਛ**, ਨੀਚ, ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ਹ ਜੋਨਿ ਭਵਾਈਐ॥ ਬੰਧਨਿ ਬਾਧਿਆ ਆਈਐ ਜਾਈਐ ॥

**ਗੁਰੂ ਘਰ ਵਿਚ:-**

# ਮਾਸ—ਨਿਸ਼ੇਧ

ਅਰਥਾਤ

ਗਿਆਨੀ ਨਰਿੰਜਨ ਸਿੰਘ ਜੀ "ਸਰਲ" ਦੇ
"ਝਟਕਾ ਪ੍ਰਕਾਸ਼" ਗ੍ਰੰਥ ਦਾ ਗੁਰਮਤਿ ਅਨੁਸਾਰ ਉੱਤਰ


—ਲੇਖਕ ਤਥਾ ਪ੍ਰਕਾਸ਼ਕ—

**ਰਾਜਿੰਦਰ ਸਿੰਘ "ਨਿਰਾਲਾ"**



[ਅਸੂ ੧ ਸੰਮਤ ਬਿਕ੍ਰਮੀ ੨੦੨੬] [੧੬ ਸਤੰਬਰ ਸੰਨ ਈਸਵੀ੧੯੬੯]
ਪਹਿਲੀ ਵਾਰ ੧੧੦੦



[ਸਭ ਹੱਕ ਲੇਖਕ ਦੇ ਰਾਖਵੇਂ ਹਨ]



. Sri Satguru Jagjit Singh Ji eLibrary NamdhariElibrary@gmail.com .

[ਸਭ ਹੱਕ ਲੇਖਕ ਦੇ ਰਾਖਵੇਂ ਹਨ]

https://archive.org/details/namdhari

ਭਟਾ—੩ ਰੁਪਏ

**ਮਿਲਣ ਦਾ ਪਤਾ :—**

ਪ੍ਰਕਾਸ਼ਕ : ਰਾਜਿੰਦਰ ਸਿੰਘ "ਨਿਰਾਲਾ"
ਸ਼੍ਰੀ ਮੋਹਨ ਧਾਮ, ਹਰਸਿੱਧੀ,
ਇੰਦੌਰ—੨ (ਮੱਧ ਪਰਦੇਸ਼)।

ਛਾਪਕ : ਗੁਰਬਖ਼ਸ਼ ਸਿੰਘ ਜੰਜੂਆ
ਅਵਾਮੀ ਪ੍ਰਿੰਟਿੰਗ ਪ੍ਰੈਸ,
ਨਹਿਰੂ ਗਾਰਡਨ ਰੋਡ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

ਮਲੁ ਭਾਵ ਮਾਸ

# ਮਾਸ-ਨਿਸ਼ੇਧ

ਅਸੰਖ ਮੂਰਖ ਅੰਧ ਘੋਰ ॥
ਅਸੰਖ ਚੋਰ ਹਰਾਮਖੋਰ ॥
ਅਸੰਖ ਅਮਰ ਕਰਿ ਜਾਹਿ ਜੋਰ ॥
ਅਸੰਖ ਗਲ ਵਢ ਹਤਿਆ ਕਮਾਹਿ ॥
ਅਸੰਖ ਪਾਪੀ ਪਾਪੁ ਕਰਿ ਜਾਹਿ ॥
ਅਸੰਖ ਕੂੜਿਆਰ ਕੂੜੇ ਫਿਰਾਹਿ ॥
**'ਅਸੰਖ ਮਲੇਛ 'ਮਲੁ' ਭਖਿ ਖਾਹਿ ॥**
ਅਸੰਖ ਨਿੰਦਕ ਸਿਰਿ ਕਰਹਿ ਭਾਰ ॥

ਸ੍ਰੀ ਜਪੁਜੀ ਸਾਹਿਬ]

. Sri Satguru Jagjit Singh Ji eLibrary NamdhariElibrary@gmail.com .

# ਆਪਿ ਮਰੈ, ਅਵਰਾ ਨਹ ਮਾਰੀ ॥

(੧) ਵਿਦਿਆ ਵਿਚਾਰੀ ਤਾਂ ਪਰ ਉਪਕਾਰੀ ॥
ਜਾਂ ਪੰਚ ਰਾਸੀ ਤਾਂ ਤੀਰਥ ਵਾਸੀ ॥ ੧ ॥

ਘੁੰਘਰੂ ਵਾਜੈ ਜੇ ਮਨੁ ਲਾਗੈ ॥
ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧ ॥ ਰਹਾਉ ॥

ਆਸ ਨਿਰਾਸੀ ਤਉ ਸੰਨਿਆਸੀ ॥
ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥ ੨ ॥

**ਦਇਆ ਦਿਗੰਬਰੁ ਦੇਹ ਬੀਚਾਰੀ ॥**
**ਆਪਿ ਮਰੈ, ਅਵਰਾ ਨਹ ਮਾਰੀ ॥ ੩ ॥**

ਏਕੁ ਤੂ ਹੋਰਿ ਵੇਸ ਬਹੁਤੇਰੇ ॥
ਨਾਨਕੁ ਜਾਣੈ ਚੋਜ ਨ ਤੇਰੇ ॥ ੪ ॥ ੨੫ ॥

ਆਸਾ ਮਹਲਾ ੧ ਪੰਨਾ ੩੫੬ ॥

. Sri Satguru Jagjit Singh Ji eLibrary NamdhariElibrary@gmail.com .

# ਆਪਿ ਮਰੈ ਅਵਰਾ ਨਹ ਮਾਰੈ ॥

(੨) ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥
ਏ ਸੂਤੇ ਅਪਣੈ ਅਹੰਕਾਰੀ ॥ ੧ ॥

ਮਾਇਆ ਮਦਿ ਮਾਤਾ ਰਹਿਆ ਸੋਇ ॥
ਜਾਗਤੁ ਰਹੈ ਨ ਮੂਸੈ ਕੋਇ ॥ ੧ ॥ ਰਹਾਉ ॥

ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥
ਪੰਚ ਦੂਤ ਓਹੁ ਵਸ ਗਤਿ ਕਰੈ ॥ ੨ ॥

**ਸੋ ਜਾਗੈ ਜੋ ਤਤੁ ਬੀਚਾਰੈ ॥**
**ਆਪਿ ਮਰੈ ਅਵਰਾ ਨਹ ਮਾਰੈ ॥ ੩ ॥**

ਸੋ ਜਾਗੈ ਜੋ ਏਕੋ ਜਾਣੈ ॥
ਪਰ ਕਿਰਤਿ ਛੋਡੈ ਤਤੁ ਪਛਾਣੈ ॥ ੪ ॥

ਚਹੁ ਵਰਨਾ ਵਿਚਿ ਜਾਗੈ ਕੋਇ ॥
ਜਮੈ ਕਾਲੈ ਤੇ ਛੂਟੈ ਸੋਇ ॥ ੫ ॥

ਕਹਤ ਨਾਨਕ ਜਨੁ ਜਾਗੈ ਸੋਇ ॥
ਗਿਆਨ ਅੰਜਨੁ ਜਾਕੀ ਨੇਤ੍ਰੀ ਹੋਇ ॥ ੬ ॥ ੨ ॥

ਭੈਰਉ ਮਹਲਾ ੩ ॥ ਪੰਨਾ ੧੧੨੮ ॥

. Sri Satguru Jagjit Singh Ji eLibrary NamdhariElibrary@gmail.com .

# "ਦਇਆ ਧਰਮ"

(੧) ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ ॥
ਸਤੁ ਸੰਤੋਖੁ **ਦਇਆ ਧਰਮੁ** ਸਚੁ ਇਹੁ ਅਪੁਨੈ ਗ੍ਰਿਹ ਭੀਤਰਿ ਵਾਰੇ ॥
੧ ॥ ੪ ॥ ੩੬ ॥ ਆਸਾ ਮਹਲਾ ੫ ॥ ਪੰਨਾ ੩੭੯ ॥

(੨) ਸਤੁ ਸੰਤੋਖੁ **ਦਇਆ ਧਰਮੁ** ਸੀਗਾਰੁ ਬਨਾਵਉ ॥
ਸਫਲ ਸੋਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥
੪ ॥ ੧੫ ॥ ੪੫ ॥ ਬਿਲਾਵਲੁ ਮਹਲਾ ੫ ॥ ਪੰਨਾ ੮੧੨ ॥

(੩) ਸਤੁ ਸੰਤੋਖੁ **ਦਇਆ ਧਰਮੁ** ਸੁਚਿ ਸੰਤਨ ਤੇ ਇਹੁ ਮੰਤੁ ਲਈ ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ ॥
੨ ॥ ੪ ॥ ੯੦ ॥ ਬਿਲਾਵਲੁ ਮਹਲਾ ੫ ॥ ਪੰਨਾ ੮੨੨ ॥

(੪) ਸਤੁ ਸੰਤੋਖੁ **ਦਇਆ** ਕਮਾਵੈ **ਏਹ ਕਰਣੀ ਸਾਰ** ॥
ਆਪੁ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ ॥
੩ ॥ ੪ ॥ ੨੫ ॥ ੯੫ ॥ ਸਿਰੀ ਰਾਗੁ ਮਹਲਾ ੫ ॥ ਪੰਨਾ ੫੧ ।

(੫) ਜੀਵਤੁ ਮਰੈ ਤਾ ਸਭੁ ਕਿਛੁ ਸੂਝੈ, **ਅੰਤਰਿ ਜਾਣੈ ਸਰਬ ਦਇਆ** ॥
ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ ॥
੨੪ ॥ ੭੩ ॥ (ਸਿੱਧ ਗੋਸਟਿ) ਰਾਮਕਲੀ ਮਹਲਾ ੧ ॥ ਪੰਨਾ ੯੪੦ ॥

———

. Sri Satguru Jagjit Singh Ji eLibrary NamdhariElibrary@gmail.com .

# ਜਉ ਸਭ ਮੈ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ।

(੧) ਸਭ ਕੀ ਰੇਨੁ ਹੋਇ ਰਹੈ ਮਨੂਆ ਸਗਲੇ ਦੀਸਹਿ ਮੀਤ ਪਿਆਰੇ ॥
ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮਾਰੇ ॥
੨ ॥ ੪ ॥ ੩੬ ॥ ਆਸਾ ਮਹਲਾ ੫ ॥ ਪੰਨਾ ੩੭੯ ॥

(੨) ਜੋ ਜੋ ਕੀਨੋ ਹਮ ਤਿਸ ਕੇ ਦਾਸ ॥ ਪ੍ਰਭ ਮੇਰੇ ਕੋ ਸਗਲ ਨਿਵਾਸ ॥
ਨਾ ਕੋ ਦੂਤੁ ਨਹੀ ਬੈਰਾਈ ॥ ਗਲਿ ਮਿਲਿ ਚਾਲੇ ਏਕੈ ਭਾਈ ॥
੩ ॥ ੪ ॥ ੫ ॥ ੧੬ ॥ ਰਾਮ ਕਲੀ ਮਹਲਾ ੫ ॥ ਪੰਨਾ ੮੯੭ ॥

(੩) ਗੁਰ ਕੇ ਚਰਨ ਕਮਲ ਨਮਸਕਾਰਿ ॥ ਕਾਮੁ ਕ੍ਰੋਧੁ ਇਸੁ ਤਨ ਤੇ ਮਾਰਿ ॥
ਹੋਇ ਰਹੀਐ ਸਗਲ ਕੀ ਰੀਨਾ ॥ ਘਟਿ ਘਟਿ ਰਮਈਆ ਸਭ ਮਹਿ ਚੀਨਾ ॥
੧ ॥ ੪ ॥ ੧੧ ॥ ੧੩ ॥ ਗੋਂਡ ਮਹਲਾ ੫ ॥ ਪੰਨਾ ੮੬੯ ॥

(੪) ਏਕ ਜੋਤਿ ਏਕੋ ਮਨਿ ਵਸਿਆ ਸਭ ਬ੍ਰਹਮ ਦ੍ਰਿਸਟਿ ਇਕੁ ਕੀਜੈ ॥
ਆਤਮ ਰਾਮੁ ਸਭ ਏਕੈ ਹੈ ਪਸਰੇ, ਸਭ ਚਰਨ ਤਲੇ ਸਿਰੁ ਦੀਜੈ ॥
੬ ॥ ੮ ॥ ੪ ॥ ਕਲਿਆਨ ਮਹਲਾ ੪ ॥ ਪੰਨਾ ੧੩੨੫ ॥

(੫) ਆਤਮ ਰਾਮੁ ਸਰਬ ਮਹਿ ਪੇਖੁ ॥ ਪੂਰਨ ਪੂਰਿ ਰਹਿਆ ਪ੍ਰਭ ਏਕੁ ॥
ਰਤਨੁ ਅਮੋਲੁ ਰਿਦੇ ਮਹਿ ਜਾਨੁ ॥ ਅਪਨੀ ਵਸਤੁ ਤੂ ਆਪਿ ਪਛਾਨੁ ॥
੧ ॥ ੩ ॥ ੧੯ ॥ ੩੦ ॥ ਰਾਮਕਲੀ ਮਹਲਾ ੫ ॥ ਪੰਨਾ ੮੯੨ ॥

(੬) ਸਰਬ ਭੂਤ ਪਾਰਬ੍ਰਹਮੁ ਕਰਿਮਾਨਿਆ, ਹੋਵਾਂ ਸਗਲ ਰੇਨਾਰੀ ॥ ੨ ॥
ਪੇਖਿਓ ਪ੍ਰਭ ਜੀਉ ਅਪੁਨੇ ਸੰਗੇ ਚੂਕੈ ਭੀਤਿ ਭ੍ਰਮਾਰੀ ॥ ੩ ॥
੫ ॥ ੧੭ ॥ ੨੮ ॥ ਸੋਰਠਿ ਮਹਲਾ ੫ ॥ ਪੰਨਾ ੬੧੯ ॥

. Sri Satguru Jagjit Singh Ji eLibrary NamdhariElibrary@gmail.com .

(੭) ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥
ਵਾਸੁਦੇਵ ਜਲ ਥਲ ਮਹਿ ਰਵਿਆ ॥ ਗੁਰ ਪ੍ਰਸਾਦਿ ਵਿਰਲੈ ਹੀ ਗਵਿਆ ॥
ਪਉੜੀ ੪੬ ॥ ਗਉੜੀ ਬਾਵਨ ਅਖਰੀ ਮਹਲਾ ੫ ॥ ੨੫੯ ॥

(੮) ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥ ੨ ॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥
੩ ॥ ੪ ॥ ੧ ॥ ੮ ॥ ਮਲਾਰ ਮਹਲਾ ੪ ॥ ਪੰਨਾ ੧੨੬੫ ॥

(੯) ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥
੧ ॥ ੪ ॥ ੪ ॥ ਪ੍ਰਭਾਤੀ ਸ੍ਰੀ ਕਬੀਰ ਜੀਉ ॥ ਪੰਨਾ ੧੩੫੦ ॥

---

. Sri Satguru Jagjit Singh Ji eLibrary NamdhariElibrary@gmail.com .

# ਦੋ-ਸ਼ਬਦ

ਪਿਆਰੇ ਪਾਠਕ ਜੀਓ ! ਦਾਸ ਨੂੰ ਇਸ "ਮਾਸ ਨਿਸ਼ੇਧ" ਨਾਮਕ ਗ੍ਰੰਥ ਦੇ ਲਿਖਣ ਦੀ ਕਿਉਂ ਲੋੜ ਪਈ, ਇਸ ਦਾ ਕਾਰਨ ਇਹ ਹੈ ਕਿ 'ਝਟਕਾ ਪ੍ਰਕਾਸ਼' ਗ੍ਰੰਥ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਦਾ ਪੜ੍ਹਿਆ, ਜਿਸ ਵਿਚ ਲਿਖਿਆ ਹੈ ਕਿ ਗੁਰਮਤਿ ਵਿਚ ਮਾਸ ਖਾਣਾ ਵਿਧਾਨ ਹੈ, ਬਲਕਿ ਇਥੇ ਤਕ ਕਿਹਾ ਕਿ :—

**ਜੋ ਸਿੱਖ ਝਟਕਾ ਮਾਸ ਨਹੀਂ ਖਾਂਦੇ ਉਹ ਸਿੱਖ ਨਹੀਂ ਹੁੰਦੇ**

ਜੋ ਗੁਰਮਤਿ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਬਿਲਕੁਲ ਉਲਟ ਸੀ ਕਿਉਂਕਿ ਇਤਿਹਾਸਕ ਗ੍ਰੰਥਾਂ ਵਿਚ ਮਾਸ ਵਿਧਾਨ ਅਤੇ ਨਿਸ਼ੇਧ ਦੋਵੇਂ ਹੀ ਮਿਲ ਸਕਦੇ ਹਨ ਇਸ ਕਰ ਕੇ ਉਨ੍ਹਾਂ ਵਿਚੋਂ ਸਚਾਈ ਨਿਤਾਰਨ ਵਾਸਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਸ਼ਰਨ ਲੈਣੀ ਪੈਂਦੀ ਹੈ। ਆਖ਼ਰੀ ਫੈਸਲਾ ਗੁਰੂ ਘਰ ਵਿਚ ਗੁਰੂ ਬਾਣੀ ਦਾ ਹੀ ਮੰਨਿਆ ਜਾਂਦਾ ਹੈ, ਕਿਉਂਕਿ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ 'ਗੁਰੂ' ਮੰਨੇ ਜਾਂਦੇ ਹਨ** (ਨਾਮਧਾਰੀ ਸਿੱਖ ਗੁਰਬਾਣੀ ਨੂੰ ਸੁਤੇ ਪ੍ਰਮਾਣ ਮੰਨਦੇ ਹੋਏ ਸਤਿਕਾਰ ਜ਼ਰੂਰ ਕਰਦੇ ਹਨ। ਪਰ ਆਮ ਸਿੱਖਾਂ ਦੀ ਤਰ੍ਹਾਂ ਗੁਰੂ ਬਾਣੀ ਨੂੰ ਆਪਣਾ 'ਗੁਰੂ' ਨਹੀਂ ਮੰਨਦੇ, ਬਲਕਿ ਦੇਹਧਾਰੀ ਗੁਰੂ ਕਰਣ ਦੇ ਸਿਧਾਂਤ ਤੇ ਪੂਰਨ ਨਿਸ਼ਚਾ ਰੱਖਦੇ ਹਨ) ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਣਯ ਦਾ ਹਰ ਇਕ ਸਿੱਖ ਸਤਿਕਾਰ ਕਰਦਾ ਹੈ। ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਾਸ ਖਾਣ ਦਾ ਨਿਸ਼ੇਧ ਹੀ ਹੈ, ਇਸ ਲਈ ਉਪ੍ਰੋਕਤ ਸ੍ਰੀ ਗਿਆਨੀ 'ਸਰਲ' ਜੀ ਦੇ ਰਚਿਤ 'ਝਟਕਾ ਪ੍ਰਕਾਸ਼' ਵਿਚ ਟਪਲਾ ਦੇਣ ਵਾਲੇ ਪ੍ਰਚਾਰ ਦੇ ਮੁੱਖ-ਮੁੱਖ ਲੇਖਾਂ ਦਾ ਉੱਤਰ ਲਿਖਣਾ ਹੀ ਯੋਗ ਸਮਝਿਆ ਤਾਕਿ ਜਨਤਾ ਭੁਲੇਖੇ ਵਿਚ ਨਾ ਰਹੇ, ਇਸ 'ਝਟਕਾ ਪ੍ਰਕਾਸ਼' ਗ੍ਰੰਥ ਨੂੰ ੩ ਦਸੰਬਰ ੧੯੬੬ ਵਿਚ ਸਾਖੀ ਪ੍ਰਿੰਟਿੰਗ ਪ੍ਰੈਸ ਬਜ਼ਾਰ ਗੁਰੂ ਕੀ ਸਰਾਂ ਅੰਮ੍ਰਿਤਸਰ ਵਿਖੇ ਗਿਆਨੀ ਗੁਰਚਰਨ ਸਿੰਘ 'ਸਾਖੀ' ਜੀ ਦੇ ਪ੍ਰਬੰਧ ਹੇਠ ਗਿਆਨੀ

. Sri Satguru Jagjit Singh Ji eLibrary NamdhariElibrary@gmail.com .

ਨਰਿਜਨ ਸਿੰਘ 'ਸਰਲ' ਜੀ, ਸਾਬਕ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ; ਪਿੰਡ ਕੁੱਤਿਆਂਵਾਲੀ ਜ਼ਿਲ੍ਹਾ ਫ਼ਿਰੋਜ਼ਪੁਰ ਨੇ ਛਾਪਿਆ ਹੈ। ਇਸ ਵਿਚ ਗਿਆਨੀ 'ਸਰਲ' ਜੀ ਨੇ ਮਨ ਦੀ ਭੜਾਸ ਹੀ ਕੱਢੀ ਹੈ, ਜਿਸ ਵਿਚ ਗੁਰੂ ਬਾਣੀ ਦੇ ਵਿਚਾਰਾਂ ਨੂੰ ਤਾਂ ਛੋਹਿਆ ਤਕ ਵੀ ਨਹੀਂ, ਪਹਿਲੇ ਤਾਂ ਇਸ ਦਾ 'ਝਟਕਾ ਪ੍ਰਕਾਸ਼' ਨਾਮ ਹੀ ਗੁਰੂ ਬਾਣੀ ਦੇ ਅਨੁਕੂਲ ਨਹੀਂ ਕਿਉਂਕਿ 'ਝਟਕਾ' ਸ਼ਬਦ ਹੀ ਗੁਰੂ ਬਾਣੀ ਵਿਚ ਕਿਤੇ ਨਹੀਂ ਮਿਲਦਾ। ਇਤਿਹਾਸ ਤਥਾ ਰਹਿਤਨਾਮੇ ਆਦਿਕ ਗ੍ਰੰਥਾਂ ਵਿਚ ਮਿਲਦਾ ਹੈ ਤਾਂ ਫਿਰ ਇਹ ਵੀ ਜ਼ਰੂਰੀ ਹੋਵੇਗਾ ਕਿ ਰਹਿਤਨਾਮੇ ਤੇ ਇਤਿਹਾਸਕ ਗ੍ਰੰਥਾਂ ਦੇ ਸਾਰੇ ਹਵਾਲਿਆਂ ਨੂੰ ਅਸੀਂ ਸੱਚੇ ਮੰਨੀਏ ਪਰ ਮੰਨੇ ਨਹੀਂ ਜਾ ਸਕਦੇ ਕਿਉਂਕਿ ਉਨ੍ਹਾਂ ਵਿਚ ਕਈ ਅਜਿਹੇ ਲੇਖ ਹਨ ਜਿਨ੍ਹਾਂ ਨੂੰ ਗਿਆਨੀ 'ਸਰਲ' ਜੀ ਭੀ ਮੰਨਣ ਨੂੰ ਤਿਆਰ ਨਹੀਂ ਤੇ ਨਾ ਹੀ ਹੋਰ ਕੋਈ ਗੁਰ ਸਿੱਖ ਮੰਨਣ ਵਾਸਤੇ ਤਿਆਰ ਹਨ ਇਸ ਕਰ ਕੇ ਸਾਨੂੰ ਇਥੇ ਗੁਰੂ ਬਾਣੀ ਦਾ ਹੀ ਫੈਸਲਾ ਲੈਣਾ ਜ਼ਰੂਰੀ ਹੈ।

੧੬-੯-੬੯]                    ਦਾਸ—ਰਾਜਿੰਦਰ ਸਿੰਘ "ਨਿਰਾਲਾ"

. Sri Satguru Jagjit Singh Ji eLibrary NamdhariElibrary@gmail.com .

# ਸੂਚੀ-ਪੱਤਰ


| ਅੰਕ | | ਪੰਨਾ |
|---|---|---|
| (੧) | ਕੀ ਇਤਿਹਾਸਕ ਗ੍ਰੰਥਾਂ ਦੇ ਸਿਧਾਂਤ ਅਨੁਸਾਰ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?............ ................ | ੧ |
| (੨) | ਕੀ ਕੁੱਠੇ ਸ਼ਬਦ ਦਾ ਅਰਥ ਹਰ ਤਰ੍ਹਾਂ ਦੇ ਮਾਸ ਦਾ ਨਹੀਂ ?...... | ੭ |
| (੩) | ਕੀ ਪ੍ਰੇਮ ਸੁਮਾਰਗ ਗ੍ਰੰਥ ਦੇ ਹਵਾਲੇ ਪ੍ਰਮਾਣੀਕ ਹਨ ?... ...... | ੧੧ |
| (੪) | ਕੀ ਭਾਈ ਗੁਰਦਾਸ ਜੀ ਦੀ ਬਾਣੀ ਸਿੱਖਾਂ ਦਾ ਮਾਸ ਖਾਣਾ ਸਿੱਧ ਕਰਦੀ ਹੈ ?.............................. | ੧੪ |
| (੫) | ਕੀ 'ਹੇਰਾ' ਸ਼ਬਦ ਦਾ ਭਾਵਾਰਥ ਅਹੇਰਾ, ਆਖੇਰ (ਸ਼ਿਕਾਰ) ਦਾ ਹੈ ?...................... .......... ........ | ੨੯ |
| (੬) | ਕੀ ਸਤਿਗੁਰਾਂ ਦੇ ਲੰਗਰ ਵਿਚ ਮਾਸ ਬਣਿਆ ਕਰਦਾ ਸੀ ?... | ੩੯ |
| (੭) | ਨਿਰਨਾ ਕੌਣ ਕਰੇ ?.................................... | ੪੩ |
| (੮) | ਸਿੱਖ ਝਟਕਾਏ ਕਿ ਬੱਕਰੇ ?......... .................... | ੫੨ |
| (੯) | ਕੀ ਸ੍ਰੀ ਰਾਮ, ਕ੍ਰਿਸ਼ਨ ਤੇ ਗੁਰੂ ਜੀ ਸ਼ਿਕਾਰ ਖੇਡਿਆ ਕਰਦੇ ਸਨ ? | ੬੭ |
| (੧੦) | "ਮਨੂੰ ਸਿਮਰਤੀ ਤੇ ਮਾਸ" ........... ................. | ੭੮ |
| (੧੧) | (ਗੁਰੂਬਾਣੀ ਕਾਂਡ) ਕੀ ਗੁਰਬਾਣੀ ਦੁਆਰਾ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ? ...... ......................... | ੮੭ |
| (੧੨) | ਕੀ ਨਾਮ ਜਪਣ ਵਾਲੇ ਸਿੱਖਾਂ ਨੂੰ ਮਾਸ ਖਾਣਾ ਉਚਿਤ ਹੈ ? ..... | ੮੯ |
| (੧੩) | ਕੀ ਜੀਵ ਦਇਆ ਦਾ ਸਿਧਾਂਤ ਅਧੂਰਾ ਹੈ ?............... | ੯੪ |


. Sri Satguru Jagjit Singh Ji eLibrary NamdhariElibrary@gmail.com .

(੧੪) ਅਵਰ ਜੋਨਿ ਤੇਰੀ ਪਨਿਹਾਰੀ ॥ ਇਸ ਧਰਤੀ ਮਹਿ ਤੇਰੀ ਸਿਕਦਾਰੀ ॥"............... ... ... ........... ੧੦੯
(੧੫) ਜੇਤੇ ਦਾਣੇ ਅੰਨ ਕੇ ਜੀਆ ਬਾਝ ਨ ਕੋਇ ॥............... ੧੧੨
(੧੬) ਜੀਆ ਕਾ ਆਹਾਰ ਜੀਅ ਖਾਣਾ ਏਹੁ ਕਰੇਇ ॥............ ੧੨੬
(੧੭) ਸਿੰਘ ਰੁਚੈ ਸਦ ਭੋਜਨ ਮਾਸ ॥..................... ੧੨੯
(੧੮) ਕੀ ਕੁਰੂਕੇਸ਼ਤਰ ਦੇ ਪ੍ਰਸੰਗ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?...... ........................... ...... ੧੩੦
(੧੯) ਕੀ ਸਾਰੀ ਦੁਨੀਆਂ ਮਾਸ ਹੀ ਖਾ ਰਹੀ ਹੈ ?............... ੧੩੪
(੨੦) ਮਲੇਛ ਕਉਣ ? ..................... ......... ੧੬੪
(੨੧) ਹਰੀ ਰੰਗ ਦਾਂ ਲਗਣਾ।... ...................... ੧੬੮
(੨੨) ਕੀ ਰਤੁ ਹੀ ਮਾਸ ਹੈ ?.... ..................... ੧੭੩
(੨੩) "ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥"............... ੧੭੭
(੨੪) "ਗੁਰੂ ਨਾਨਕ ਮਿਸ਼ਨ ਤੇ ਮਾਸ"...... ........ ...... ੧੮੧
(੨੫) ਗੁਰੂ ਘਰ ਵਿਚ "ਅਹਿੰਸਾ ਪਰਮੋ ਧਰਮ"................. ੧੯੭
(੨੬) ਗੁਰ ਘਰ ਵਿਚ :—"ਸਰਬ ਜੀਵਾਂ ਤੇ ਦਇਆ ਕਰਨ ਦਾ ਆਦੇਸ਼"..................... ........... ...... ੧੯੮
(੨੭) ਗੁਰੂ ਘਰ ਵਿਚ :—"ਹਿੰਸਾ ਦਾ ਤਿਆਗ"........... ... ੧੯੯
(੨੮) ਪੰਜ ਕਮ ਕਰੇ ਤੇ ਪੰਜ ਨ ਕਰੈ।...................... ੨੦੨
(੨੯) ਕੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਸ ਖਾਇਆ ਕਰਦੇ ਸਨ ? ੨੦੫
(੩੦) ਕੀ ਬਾਬਾ ਬੰਦਾ ਬਹਾਦੁਰ ਦੇ ਪ੍ਰਸੰਗ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?......................... ......... ੨੦੯
(੩੧) ਕੀ ਅੰਡਿਆਂ ਦਾ ਖਾਣਾ ਪਵਿੱਤਰ ਸ਼ੁੱਧ ਖਾਣਾ ਹੈ ?......... ੨੧੧
(੩੨) ਕੀ ਦੁੱਧ ਪੀਣਾ ਭੀ ਪਸ਼ੂ ਦਾ ਮਾਸ ਖਾਣਾ ਹੈ ?.. ......... ੨੧੪
(੩੩) ਕੀ ਸਾਡੇ ਸਤਿਗੁਰੂ ਵੈਸ਼ਨੂੰ ਸਨ ?........... ... ...... ੨੧੭

. Sri Satguru Jagjit Singh Ji eLibrary NamdhariElibrary@gmail.com .

ਦਾਸ ਵੱਲੋਂ :—

# ਪਾਠਕਾਂ ਪਾਸੋਂ ਜ਼ਰੂਰੀ ਮੰਗ

ਪਿਆਰੇ ਪਾਠਕ ਜੀ ! ਦਾਸ ਦੀ ਸਿੱਖ ਧਰਮ ਦੇ ਮਨੇ ਪਰਮੰਨੇ ਵਿਦਵਾਨ ਗਿਆਨੀਆਂ ਅਤੇ ਸਿੱਖ ਸੰਸਥਾਵਾਂ ਦੇ ਪ੍ਰਬੰਧਕਾਂ ਦੀ ਸੇਵਾ ਵਿਚ ਨਿਮ੍ਰਤਾ ਪੂਰਵਕ ਪ੍ਰਾਰਥਨਾ ਹੈ ਕਿ—ਦਾਸ ਦੀ ਇਸ 'ਮਾਸ ਨਿਸੇਧ' ਨਾਮਕ ਗ੍ਰੰਥ ਵਿਚ ਕੋਈ ਭੀ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਲੇਖ ਲਿਖਿਆ ਗਿਆ ਹੋਵੇ ਯਾ ਕਿਸੇ ਲੇਖ ਤੇ ਕਿਸੀ ਤਰ੍ਹਾਂ ਦਾ ਭੀ ਸ਼ੰਕਾ ਹੋਵੇ ਉਹ ਸੱਜਣ ਬੜੀ ਪ੍ਰਸੰਨਤਾ ਪੂਰਵਕ ਆਪਣੇ ਵਿਚਾਰ ਲਿਖ ਕੇ ਦਾਸ ਨੂੰ ਪੱਤਰ ਦੁਆਰਾ ਘਲਣ ਦੀ ਖੇਚਲ ਕਰਨ ਦਾਸ ਉਨ੍ਹਾਂ ਵੀਰਾਂ ਦਾ ਬੜਾ ਧੰਨਵਾਦੀ ਹੋਵੇਗਾ ।

ਪਰ ਇਕ ਗੱਲ ਚੇਤੇ ਰੱਖਣੀ ਜ਼ਰੂਰੀ ਹੋਵੇਗੀ ਕਿ ਜਿਸ ਭੀ ਕਿਸੇ ਲੇਖ ਤੇ ਕਿਸੇ ਤਰ੍ਹਾਂ ਦਾ ਵੀ ਸ਼ੰਕਾ ਹੋਵੇ ਉਸ ਨੂੰ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਹੀ ਦੱਸਣ ਦਾ ਯਤਨ ਕੀਤਾ ਜਾਏ । ਆਪਣੀ ਮਤਿ ਦੁਆਰਾ ਨਹੀਂ ਕਿਉਂਕਿ ਆਪ ਜੀ ਦੀ ਅਤੇ ਦਾਸ ਦੀ ਮਤਿ ਵਿਚ ਭੁਲੇਖਾ ਪੈ ਸਕਦਾ ਹੈ ਪਰ ਗੁਰਬਾਣੀ ਦੇ ਕਿਸੇ ਪ੍ਰਮਾਣ ਵਿਚ ਭੁਲੇਖਾ ਨਹੀਂ ਹੋ ਸਕਦਾ । ਜਿਸ ਤਰ੍ਹਾਂ ਕਿ—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ, ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ, ਸੁਣਦੇ ਕਚੇ, ਕਚੀਂ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ, ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ, ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ, ਹੋਰ ਕਚੀ ਬਾਣੀ ॥ ੨੪ ॥ ੪੦ ॥
ਰਾਮਕਲੀ ਮਹਲਾ ੩ ॥ ਪੰਨਾ ੯੨੦ ॥

. Sri Satguru Jagjit Singh Ji eLibrary NamdhariElibrary@gmail.com .

ਜੇ ਕਰ ਦਾਸ ਦਾ ਇਹ "ਮਾਸ ਨਿਸ਼ੇਧ" ਨਾਮਕ ਗ੍ਰੰਥ ਸਾਰੇ ਦਾ ਸਾਰਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਲਿਖਿਆ ਗਿਆ ਹੈ। ਤਾਂ ਉਨ੍ਹਾਂ ਸਜਣਾਂ ਦੀ ਸੇਵਾ ਵਿਚ ਦਾਸ ਦੀ ਪ੍ਰਾਰਥਨਾ ਹੈ ਕਿ ਓਹ ਸੱਜਣ ਦਾਸ ਨੂੰ ਇਹ ਲਿਖ ਘਲਣ ਕਿ ਇਹ ਆਪ ਦਾ ਲਿਖਿਆ ਹੋਇਆ 'ਮਾਸ ਨਿਸ਼ੇਧ' ਨਾਮਕ ਗ੍ਰੰਥ ਅਸੀਂ ਸਾਰਾ ਵਿਚਾਰ ਪੂਰਵਕ ਪੜ੍ਹਿਆ ਹੈ ਇਹ ਸਾਰਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਲਿਖਿਆ ਗਿਆ ਹੈ। ਅਸੀਂ ਇਸ ਗ੍ਰੰਥ ਨਾਲ ਹਰ ਤਰ੍ਹਾਂ ਨਾਲ ਸਹਿਮਤ ਹਾਂ।

ਪਿਆਰੇ ਵੀਰ ਜੀ! ਜੇਕਰ ਇਸ 'ਮਾਸ ਨਿਸ਼ੇਧ' ਨਾਮਕ ਗ੍ਰੰਥ ਦੇ ਵਿਚਾਰ ਪੂਰਵਕ ਹੋਏ ਨਿਰਣਯ ਨਾਲ ਆਪ ਜੀ ਸਹਿਮਤ ਹੋ ਤਾਂ ਆਪ ਆਪਣੀ ਸਹਿਮਤੀ ਅਤੇ ਆਪਣਾ ਸ਼ੁਭ ਨਾਮ ਪੂਰੇ ਪਤੇ ਸਹਿਤ ਆਪਣੀ ਹੱਥੀਂ ਜਲਦੀ ਤੋਂ ਜਲਦੀ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੋ ਜਿਸ ਨਾਲ ਦਾਸ ਦਾ ਉਤਸ਼ਾਹ ਵਧੇ ਅਤੇ ਸਿੱਖ ਪੰਥ ਦੀ ਵੱਧ ਤੋਂ ਵੱਧ ਸੇਵਾ ਕਰ ਸਕੇ।

ਪਰ ਜੋ ਵਿਦਵਾਨ ਗਿਆਨੀ ਜਨ ਉਪ੍ਰੋਕਤ ਹੋਏ ਨਿਰਣਯ ਨੂੰ ਦੱਸਣ ਤੋਂ ਅਸਮ੍ਰਥ ਹਨ ਭਾਵ ਇਸ ਸੰਬੰਧੀ ਹੋਏ ਫੈਸਲੇ ਦੇ ਦੱਸਣ ਵਿਚ ਮੋਨ ਸਾਧੀ ਬੈਠੇ ਹਨ ਉਨ੍ਹਾਂ ਵੀਰਾਂ ਦੇ ਚਰਣਾ ਵਿਚ ਦਾਸ ਦੀ ਨਮਸਕਾਰ ਕਰਨੀ ਹੀ ਬਣਦੀ ਹੈ।

ਰਾਜਿੰਦਰ ਸਿੰਘ 'ਨਿਰਾਲਾ'

. Sri Satguru Jagjit Singh Ji eLibrary NamdhariElibrary@gmail.com .

ਦਾਸ ਵੱਲੋਂ :—

# ਜ਼ਰੂਰੀ ਪ੍ਰਾਰਥਨਾ

ਪਾਠਕਾਂ ਪ੍ਰਤੀ ਨਿਮ੍ਰਤਾ ਪੂਰਵਕ ਪ੍ਰਾਰਥਨਾ ਹੈ ਕਿ ਇਸ ਗ੍ਰੰਥ ਦੀ ਸੁਧਾਈ ਦੇ ਸੰਬੰਧ ਵਿਚ ਮਿੱਤਰਾਂ ਸੱਜਣਾਂ ਵੱਲੋਂ ਕੋਈ ਸਹਾਇਤਾ ਨ ਮਿਲਣ ਕਰ ਕੇ ਤੇ ਦਾਸ ਦੀ ਨਜ਼ਰ ਕਮਜ਼ੋਰ ਹੋਣ ਕਰ ਕੈ ਕਿਤੇ ਕਿਤੇ ਅੱਖਰਾਂ ਤੇ ਲਗ ਮਾਤ੍ਰਾਂ ਵਿਚ ਗਲਤੀ ਰਹਿ ਹੀ ਗਈ ਹੋਵੇਗੀ। ਜਿਸ ਦਾ ਦਾਸ ਪਾਠਕਾਂ ਪਾਸੋਂ ਖਿਮਾਂ ਦਾ ਜਾਚਕ ਹੈ। ਆਸ ਹੈ ਕਿ ਪਾਠਕ ਜਨ ਆਪ ਹੀ ਇਸ ਗ੍ਰੰਥ ਨੂੰ ਸੋਧ ਕੇ ਪੜ੍ਹਨ ਦੀ ਕ੍ਰਿਪਾਲਤਾ ਕਰਨਗੇ। ਦਾਸ ਆਪ ਦਾ ਬੜਾ ਧੰਨਵਾਦੀ ਹੋਵੇਗਾ।

—ਨਿਰਾਲਾ

. Sri Satguru Jagjit Singh Ji eLibrary NamdhariElibrary@gmail.com .

# ਮੰਗਲਾ ਚਾਰਣ

ਗੁਰਦੇਵ ਮਾਤਾ, ਗੁਰਦੇਵ ਪਿਤਾ,
ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ,
ਗੁਰਦੇਵ ਬੰਧਿਪ ਸਹੋਦਰਾ ।
ਗੁਰਦੇਵ ਦਾਤਾ "ਹਰਿਨਾਮੁ" ਉਪਦੇਸੈ,
ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ,
ਗੁਰਦੇਵ ਪਾਰਸ ਪਰਸਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ,
ਗੁਰ ਗਿਆਨ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ,
ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ,
ਗੁਰਦੇਵ 'ਮੰਤੁ ਹਰਿ' ਜਪਿ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ,
ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ,
ਗੁਰਦੇਵ ਨਾਨਕ ਹਰਿ ਨਮਸਕਰਾ ॥ ੧ ॥

ਸਲੋਕ ਮਹਲਾ ੫ ॥ ਪੰਨਾ ੨੫੦ ॥

. Sri Satguru Jagjit Singh Ji eLibrary NamdhariElibrary@gmail.com .

੧ ਓ ਸਤਿ ਗੁਰਪ੍ਰਸਾਦਿ ॥

# ਕੀ ਇਤਿਹਾਸਕ ਗ੍ਰੰਥਾਂ ਦੇ ਸਿਧਾਂਤ ਅਨੁਸਾਰ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨੇ 'ਝਟਕਾ' ਸ਼ਬਦ ਸਿੱਧ ਕਰਨ ਲਈ ਰਹਿਤਨਾਮੇ ਤੇ ਇਤਿਹਾਸਕ ਗ੍ਰੰਥਾਂ ਦਾ ਆਧਾਰ ਲਿਆ ਹੈ, ਜਿਸ ਤਰ੍ਹਾਂ ਕਿ 'ਝਟਕਾ ਪ੍ਰਕਾਸ਼' ਨਾਮਕ ਗ੍ਰੰਥਾਂ ਦੇ ਪੰਨੇ ੯ ਤੇ 'ਸਰਲ' ਜੀ ਦਾ ਇਹ ਲੇਖ ਲਿਖਿਆ ਹੋਇਆ ਸਾਨੂੰ ਮਿਲਦਾ ਹੈ। ਜਿਵੇਂ ਕਿ :—

## ਗੁਰਬਾਣੀ ਵਿਚ ਝਟਕਾ ਸ਼ਬਦ

"ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਤਤਗੁਰਮਤਿ ਨਿਰਣਯ' ਵਿਚ ਪਹਿਲਾ ਇਤਰਾਜ ਇਹ ਕੀਤਾ ਹੈ ਕਿ ਤੁਸੀਂ ਗੁਰਬਾਣੀ ਤੋਂ ਜਾਂ ਗੁਰੂ ਘਰ ਦੇ ਕਿਸੇ ਕੋਸ਼ ਤੋਂ ਝਟਕਾ ਪਦ ਸਾਬਤ ਨਹੀਂ ਕਰ ਸਕਦੇ।"

ਇਹ ਗੱਲ ਭਾਈ ਸਾਹਿਬ ਨੇ ਬੇਲੋੜੀ ਹੀ ਲਿਖ ਮਾਰੀ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦਾ ਨਾ ਹੋਣਾ ਉਸ ਦਾ ਖੰਡਣ ਨਹੀਂ ਕਰਦਾ। ਕਈ ਸ਼ਬਦ ਐਸੇ ਹਨ ਜਿਨ੍ਹਾਂ ਦੇ ਵਰਤਣ ਦੀ ਸਾਨੂੰ ਲੋੜ ਪੈਂਦੀ ਹੈ ਪਰ ਉਹ ਸ੍ਰੀਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਨਹੀਂ ਹੁੰਦੇ।ਕਈ ਲਿਖੇ ਤਾਂ ਹੁੰਦੇ ਹਨ ਪਰ ਅਸੀਂ ਉਨ੍ਹਾਂ ਦੀ ਵਰਤੋਂ ਨਹੀਂ ਕਰਦੇ। ਇਸ ਲਈ ਅਜੇਹੇ ਸ਼ਬਦਾਂ ਦਾ ਵਰਤਣਾ ਜਾਂ ਨਾ ਵਰਤਣਾ ਗੁਰਮਤਿ ਜਾਂ ਮਨ ਮਤ ਨਾਲ ਸੰਬੰਧ ਨਹੀਂ ਰੱਖਦਾ। ਇਹ ਤਾਂ ਉਹੋ

. Sri Satguru Jagjit Singh Ji eLibrary NamdhariElibrary@gmail.com .

ਜਿਹਾ ਸਵਾਲ ਹੀ ਹੈ ਕਿ ਜਿਵੇਂ ਕੋਈ ਸਾਨੂੰ ਪੁੱਛੇ ਕਿ ਗੁਰਬਾਣੀ ਵਿਚ ਕਿੱਥੇ ਲਿਖਿਆ ਹੈ ਕਿ ਤਮਾਕੂ ਦੇ ਵਰਤਣ ਨਾਲ ਸਿੱਖ ਪਤਿਤ ਹੋ ਜਾਂਦਾ ਹੈ? ਪੰਜ ਕਕਾਰ ਦੀ ਰਹਿਤ ਖੰਡੇ ਦਾ ਅੰਮ੍ਰਿਤ ਤੇ ਹੋਰ ਕਈ ਮਸਲੇ ਸਿੱਖ ਇਤਿਹਾਸ ਜਾਂ ਰਹਿਤਨਾਮਿਆਂ ਨਾਲ ਸੰਬੰਧ ਰੱਖਦੇ ਹਨ।

"ਜਦ ਗੁਰੂ ਦਸਮੇਸ਼ ਜੀ ਨੇ ਖਾਲਸਾ ਪੰਥ ਸਜਾਇਆ ਤੇ ਜੋ ਰਹਿਤ ਉਸ ਵੇਲੇ ਉਹਨਾਂ ਨੇ ਆਪਣੇ ਸਿੱਘਾਂ ਨੂੰ ਦੱਸੀ ਉਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਲੱਭਣਾ ਸੰਭਵ ਨਹੀਂ, ਉਸ ਦਾ ਸਬੂਤ ਲੱਭਣ ਲਈ ਸਾਨੂੰ ਰਹਿਤਨਾਮੇ ਤੇ ਇਤਿਹਾਸਕ ਗਰੰਥਾਂ ਦੀ ਪੜਚੋਲ ਕਰਨ ਦੀ ਲੋੜ ਹੈ। ਸੋ ਇਹਨਾਂ ਵਿਚ ਥਾਂ ਪਰ ਥਾਂ ਅਨੇਕਾਂ ਵਾਰ ਝਟਕਾ ਤੇ ਕੁਠਾ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਉਥੇ ਝਟਕਾ ਸ਼ਬਦ ਦੇ ਲਖਸ਼ਣ ਆਪੇ ਹੀ ਸਪਸ਼ਟ ਹੋ ਜਾਂਦੇ ਹਨ। ਜੈਸਾ ਕਿ— 'ਤੁਰਤ ਮਾਰ ਝਟਕਾ ਕੀਓ'।"

**ਸਮਾਧਾਨ** :—ਪਿਆਰੇ ਪਾਠਕ ਜੀਉ! ਜੇਕਰ 'ਸਰਲ' ਜੀ ਦੀ ਉਪ੍ਰੋਕਤ ਵਿਚਾਰਧਾਰਾ ਨੂੰ ਸੱਚਾ ਮੰਨ ਲਿਆ ਜਾਏ ਤਾਂ ਫਿਰ ਇਹ ਭੀ ਅਤੀ ਜ਼ਰੂਰੀ ਹੋ ਜਾਂਦਾ ਹੈ ਕਿ ਮਾਸ ਖਾਣ ਯਾ ਨ ਖਾਣ ਦੇ ਮਸਲੇ ਨੂੰ ਭੀ ਅਸੀਂ ਹੱਲ ਕਰਨ ਲਈ ਇਤਿਹਾਸਕ ਗਰੰਥਾਂ ਦੀ ਛਾਣਬੀਣ ਭਾਵ ਖੋਜ ਕਰੀਏ। ਜਦ ਅਸੀਂ ਨਿਰਪੱਖ ਹੋ ਕੇ ਸਿੱਖ ਇਤਿਹਾਸਕ ਗਰੰਥਾਂ ਨੂੰ ਪੜ੍ਹਦੇ ਤੇ ਉਨ੍ਹਾਂ ਤੇ ਵਿਚਾਰ ਕਰਦੇ ਹਾਂ ਤਾਂ ਇਨ੍ਹਾਂ ਇਤਿਹਾਸਕ ਗਰੰਥਾਂ ਵਿਚ ਮਾਸ ਖਾਣ ਦੇ ਸਿਧਾਂਤ ਦੇ ਵਿਰੁਧ ਭੀ ਅਨੇਕਾਂ ਲੇਖ ਲਿਖੇ ਹੋਇ ਸਾਨੂੰ ਮਿਲਦੇ ਹਨ, ਜਿਨ੍ਹਾਂ ਦਾ 'ਸਰਲ' ਜੀ ਪਾਸ ਯਾ ਹੋਰ ਮਾਸ ਖਾਣ ਵਾਲੇ ਵੀਰਾਂ ਪਾਸ ਕੀ ਉੱਤਰ ਹੈ। ਜਿਸ ਤਰ੍ਹਾਂ ਕਿ ਪ੍ਰਸਿੱਧ ਸਿੱਖ ਇਤਿਹਾਸਕ ਗਰੰਥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ :—

### ਚੌਪਈ

ਸੁਨਹੁ ਗੁਰੂ ਅਗਦ ਗਤਿ ਦਾਨੀ, ਕਥਾ ਰਸਾਲ ਬਿਸਾਲ ਸੁਹਾਨੀ।
ਦੇਵ ਲੂਤ ਨਿਜ ਭ੍ਰਿੱਤ ਬੁਲਾਏ, ਤੂਰਨ ਰਾਖਸ਼ ਸਪਤ ਪਠਾਏ॥ ੨॥
ਤਿਨ ਤੇ ਫਲ ਮਧੁਰੇ ਮੰਗਵਾਏ, ਉੱਤਮ ਔਰ ਅੰਨ ਅਨਿਵਾਏ।
ਕਰੁਨਾ ਨਿਧਿ ਕੇ ਧਰੇ ਅਗਾਰੀ, ਹਾਥ ਜ਼ੋਰ ਕਰ ਗਿਰਾ ਉਚਾਰੀ॥ ੩॥

. Sri Satguru Jagjit Singh Ji eLibrary NamdhariElibrary@gmail.com .

### ਦੋਹਰਾ

ਕਰਹੁ ਰਸੋਈ ਸੰਤ ਜੀ ! ਭੋਜਨ ਅਵਹੁ ਬਨਾਇ ।
ਸਰਧਾ ਪੂਰਨ ਕੀਜਿਯੇ, ਸੁਨ ਸ੍ਰੀ ਗੁਰੂ ਅਲਾਇ ॥ ੪ ॥

### ਚੌਪਈ

ਸੁਭ ਉਪਦੇਸ ਜਿ ਲੇਹੁ ਹਮਾਰਾ, ਅਸਨ ਕਰੈਂ ਤਬ ਅੰਗੀਕਾਰਾ ।
ਯੋ ਨਹਿ ਤੁਮਰੋ ਖਾਇੰ ਕਦਾਪੀ, ਹੋ ਸਬ ਜੀਵਨ ਕੇ ਸੰਤਾਪੀ ॥ ੫ ॥

'ਦੇਵ ਲੂਤ' ਕਹਿ ਜਿਹ ਬਿਧਿ ਕਹਿਹੋ, ਸ੍ਰੀ ਪ੍ਰਭ ਜੀ ! ਤਿਸ ਬਿਧ ਮੈਂ ਰਹਿਹੋਂ ।
ਕਰਹੁ ਆਪ ਉਪਦੇਸਹਿ ਜੋਈ, ਸੁਨਿ ਕਰਿ ਕਰੋ ਕ੍ਰਿੱਤਿ ਮੈਂ ਸੋਈ ॥ ੬ ॥

ਭਾ ਅਨੁਸਾਰਿ ਪਿਖਯੋ ਗੁਨਖਾਨੀ । ਕੁਮਤਿ ਕਰਨ ਕੋ ਬੋਲੇ ਬਾਨੀ ।
**ਪ੍ਰਿਥਮ ਤਜਹੁ ਆਮਿਖ ਕੋ ਖਾਨਾ, ਕਰਹੁ ਜਾਸ ਹਿਤ ਜੀਵਨ ਹਾਨਾ** ॥੭॥
ਸਿਮਰਹੁ ਬਹੁਰ ਨਾਮ ਸੁਖ ਪਾਈ । ਦ੍ਵੈ ਲੋਕਨ ਜੋ ਹੋਤ ਸਹਾਈ ।
ਚਿਰੰਕਾਲ ਭਾ ਤੁਮ ਕੁਲ ਮਾਂਹੀ, ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ ॥ ੮ ॥

ਕਿਹ ਅਘ ਤੇ ਰਾਖਸ਼ ਤਨ ਪਾਏ, ਅਬ ਕੁਕਰਮ ਜੋ ਲੇਹੁ ਕਮਾਏ ।
ਪਾਵਹੁ ਨਰਕ ਜਾਇ ਦੁਖ ਭਾਰੀ, ਤਿਹ ਤੇ ਕੋਇ ਨ ਸਕਹਿ ਉਬਾਰੀ ॥ ੧੨ ॥
**ਕੇਤਿਕ ਦਿਨ ਤਹਿਂ ਰਹੇ ਗੁਸਾਂਈ, ਗੁਰੁ ਸਿੱਖੀ ਕੀ ਰੀਤਿ ਚਲਾਈ ।**
**ਸਭਿ ਰਾਖਸ਼ ਕੋ ਨਾਮ ਜਪਾਯੋ, ਆਮਿਖ ਖਾਨ ਤਿਨਹਿ ਤਜਵਾਯੋ** ॥੧੮॥

ਜੀਅ ਘਾਤ ਕੀ ਬਾਨ ਬਿਸਾਰੀ, ਸਤਿ ਸੰਗਤਿ ਕਰਹੀ ਸੁਖ ਬਾਰੀ ।
ਭੇ ਤਯਾਰ ਜਬ ਚਲਿਨੇ ਹੇਤਾ, ਭਨਤਿ ਭਏ ਬੇਦੀ ਕੁਲ ਕੇਤਾ ॥ ੧੯ ॥
ਸੁਧਰ ਸੈਨ ਜੋ ਭੂਮ ਮਹਾਨਾ, 'ਦੇਵਲੂਤ' ਮਾਨਹੁ ਤਿਹ ਆਨਾ ।
**ਹਿੰਸਾ ਨਹੀਂ ਜੀਵ ਕੀ ਕੀਜੈ,ਸਤਿਗੁਰ ਜਾਪ ਜਪਹੁ ਦੁਖ ਛੀਜੈ** ॥ ੨੦ ॥
['ਸ੍ਰੀ ਗੁਰੂ ਨਾਨਕ ਪ੍ਰਕਾਸ਼' ਗਰੰਥ, ਪੂਰਬਾਰਧ ਅਧਿਆਇ ੫੫]

**ਸ੍ਰੀ ਮਾਨ ਗਿਆਨੀ 'ਸਰਲ' ਜੀਓ ! ਇਸੀ ਤਰ੍ਹਾਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਿੱਖ 'ਸ਼ੀਹੇਂ' ਨੂੰ ਅਹਿੰਸਾ ਭਰਿਆ ਉਪਦੇਸ਼ ਦੇ ਕੇ ਸੌ ਬੱਕਰਿਆਂ ਦੀ ਬੰਦ ਖਲਾਸੀ ਕਾਰਵਾਈ ਤੇ ਮਾਸ ਖਾਣ ਦਾ**

. Sri Satguru Jagjit Singh Ji eLibrary NamdhariElibrary@gmail.com .

ਤਿਆਗ ਕਰਵਾਇਆ ਹੈ ; ਜਿਵੇਂ ਕਿ :—

## ਦੋਹਰਾ

ਇਕ ਦਿਨ ਸ੍ਰੀ ਅੰਗਦ ਗੁਰੂ ਗਮਨੇ ਗੋਇੰਦਵਾਲ ।
ਸੇਵਕ ਕੋ ਦਰਸ਼ਨ ਦਿਯੋ ਕਹਿ ਸੁਨ ਬਚਨ ਰਸਾਲ ॥ ੧ ॥

## ਚੌਪਈ

ਸਹਿਜ ਸੁਭਾਇਕ ਆਵਤਿ ਚਲੇ, ਮਗ ਮਹਿਂ 'ਸ਼ੀਹਾਂ' ਉੱਪਲ ਮਿਲੇ ।
ਦੇਖਤਿ ਹੀ ਪਗ ਬੰਦਨਿ ਕਰੀ, ਭਯੋ ਨੰਮ੍ਰਿ ਉਰ ਸ਼ਰਧਾ ਧਰੀ ॥ ੨ ॥

ਇਕ ਸੌ ਛਾਂਗ ਸੰਗ ਤਹਿਂ ਅਹੇ, ਤਿਨ ਕਹੁ ਦੇਖਿ ਗੁਰੂ ਬਚ ਕਹੇ ।
ਭੋ 'ਸ਼ੀਹਾਂ' ਇਹੁ ਕਿਤ ਤੇ ਲਯਾਇ, ਕਿਉ ਕੀਨਸਿ ਇਨ ਕੋ ਸਮੁਦਾਇ ॥ ੩ ॥

ਸੁਨ ਕਰ ਜੋਰ ਕਹਯੋ ਬ੍ਰਿਤੰਤ, ਹੇ ਸ੍ਰੀ ਸਤਿਗੁਰ ਜੀ ਭਗਵੰਤ ।
ਮੋਹਿ ਪੁਤ੍ਰ ਕੋ ਮੂੰਡਨ ਅਹੈ, ਬਡ ਉਤਸ਼ਾਹ ਕਰਯੋ ਹਮ ਚਹੈਂ ॥ ੪ ॥

ਹਮਰੀ ਕੁਲ ਸਭਿ ਇਕੱਠੀ ਹੋਇ, ਬੱਡੇ ਹਮਾਰਿਨ ਕੀ ਬਿਧਿ ਸੋਇ ।
ਇਸ ਬਿਧ ਕਰਨ ਅਹੈ ਬਿਵਹਾਰ, ਆਵਹਿ ਆਮਿਖ ਕਰਹਿਂ ਆਹਾਰ ॥ ੫ ॥

ਸਦਾ ਜਠੇਰਨ ਰੀਤਿ ਹਮਾਰੇ, ਓਦਿਨ ਆਮਿਖ ਦੇਹਿਂ ਅਹਾਰੇ ।
ਖ਼ੁਸ਼ੀ ਅਨੇਕ ਪ੍ਰਕਾਰਨ ਹੋਇ, ਹੋਹਿਂ ਮੇਲ ਕੁਲ ਕੇ ਸਭਿ ਕੋਇ ॥ ੬ ॥

ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ, ਭਲੋ ਕਰਨ ਹਿਤ ਕਹਿ ਤਿਸ ਕਾਲ ।
**ਇਤਨੇ ਜੀਵਨ ਹਿੰਸਾਕਰੈਂ, ਪਾਪ ਬਿਸਾਲ ਅਪਨ ਸਿਰ ਧਰੈਂ** ॥ ੭ ॥

ਅਬਿ ਤੋ ਸੁਗਮ ਜਾਨੀਅਹਿ ਕਰਬੋ, ਅੰਤ ਮਹਾਂ ਦੁਖ ਨਰਕਨ ਪਰਬੋ ।
ਦੇਹਿਂ ਸ਼ਾਸਨਾ ਜਮ ਕੇ ਦੂਤ, ਤਹਾਂ ਨ ਪਹੁੰਚੇ ਬੰਧਪ ਪੂਤ ॥ ੮ ॥

ਜਿਨ ਕੇ ਹਿਤ ਅਘ ਕਰਮ ਕਮਾਇਂ, ਤਹਾਂ ਨ ਰਚੰਕ ਹੋਇਂ ਸਹਾਇ ।
ਸੁਖ ਭੋਗੈਂਗੇ ਸਗਰੇ ਲੋਕ, ਅਪਦਾ ਪਰਹਿ ਤੋਹਿ ਬਡ ਸ਼ੋਕ ॥ ੯ ॥

ਧਰਮਰਾਇ ਜਬ ਕਰਿ ਹੈ ਲੇਖਾ, ਲਹੈਂ ਮਹਾਂ ਦੁਖ ਰਹੈ ਨਾ ਸ਼ੇਖਾ ।
ਸੁਨਿ 'ਸ਼ੀਹੇਂ' ਭੈ ਧਾਰਿ ਬਡੇਰੇ, ਕਹਯੋ ਕਰੋ ਜਸੁ ਆਇਸੁ ਤੇਰੇ ॥ ੧੦ ॥

. Sri Satguru Jagjit Singh Ji eLibrary NamdhariElibrary@gmail.com .

**ਸ੍ਰੀ ਗੁਰ ਕਹਾ ਕਰੋ ਉਪਚਾਰ, ਜਿਸ ਤੇ ਹੋਇ ਨ ਜੀਵ ਸੰਘਾਰ।**
ਨੀਕੀ ਬਾਤ ਆਪ ਮੁਝ ਕਹੋ, ਬਚ ਜਿਮ ਰਹੋਂ ਸੁ ਮੈਂ ਭੀ ਚਹੋਂ ॥ ੧੧ ॥
ਹੋਹਿੰ ਨ ਪਾਪ ਨਰਕ ਨਹਿੰ ਪਰਿਊਂ, ਜੀਵ ਘਾਤ ਤੇ ਚਿਤ ਮਹਿ ਡਰਿਊਂ।
ਆਪ ਸ਼ਕਤਿ ਧਰਿ ਹੋ ਸਮਰੱਥ, ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ ॥ ੧੨ ॥
ਤੁਮ ਤੇ ਬਡੋ ਕਹਾਂ ਮੈਂ ਪਾਵੋਂ, ਪਰਯੋ ਸ਼ਰਨ ਮੈਂ ਨਿਤ ਗੁਨ ਗਾਵੋਂ।
ਜਿਮਿ ਇਹ ਜੀਵ ਘਾਤ ਨਹਿੰ ਹੋਵੈ, ਨਹੀਂ ਜਠੇਰਨ ਕੋ ਦੁਖ ਸੋਵੈਂ ॥ ੧੩ ॥
ਅਸ ਉਪਾਇ ਅਬਿ ਆਪ ਅਲਾਵੋ, ਅਪਨੋ ਸੇਵਕ ਜਾਨਿ ਬਤਾਵੋ।
ਇਮਿ ਬਿਨਤੀ ਸੁਨਿ ਕੈ ਤਿਸ ਬੇਰੀ, ਭਏ ਕ੍ਰਿਪਾਲ ਭਨਯੋ ਬਚ ਫੇਰੀ ॥ ੧੪ ॥
ਹਮਰੇ ਦ੍ਵਾਰੇ ਮੂੰਡਨ ਕਰੋ, ਉਰ ਕੋ ਭਰਮ ਸਰਬ ਪਰਹਰੋ।
ਬਿਘਨ ਜਠੇਰਨਿ ਕੋ ਨਹਿੰ ਹੋਇ, ਸਿਮਰਹੁ ਸਤਿਨਾਮ ਦੁਖ ਖੋਇ ॥ ੧੫ ॥
ਜਿਨ ਕੋ ਦੁਖਦਾਇਕ ਤੂੰ ਜਾਨੈ, ਜੋ ਤੇਰੇ ਸਭਿ ਬਿਘਨਨਿ ਠਾਨੈ।
ਸਰਬ ਓਰ ਤੇ ਹੁਇ ਰਖਵਾਰੇਂ, ਸਭਿ ਸੁਖ ਦੇਹਿੰ ਨਾ ਕਾਜ ਬਿਗਾਰੇ ॥ ੧੬ ॥
**ਅਜ ਸਗਰੇ ਅਬ ਦੀਜਹਿ ਛੋਰ, ਨਰਕ ਨਿਹਾਰਹਿੰ ਨਹਿ ਦੁਖ ਘੋਰ।**
ਸੁਨੇ ਬਚਨ ਧਰਿ ਸ਼ਰਧਾ ਮਾਨੇ, ਹਾਥ ਜੋਰਿ ਅਪਨੋ ਹਿਤ ਜਾਨੇ ॥ ੧੭ ॥
ਅਜ ਖਲਾਸ ਤਿਸ ਛਿਨ ਸਭਿ ਕੀਨੇ, ਗੁਰ ਕੇ ਚਰਨ ਕਮਲ ਮਨੁ ਲੀਨੇ।
ਜਾਇ ਸਦਨ ਸਭਿ ਜੇਤਿਕ ਤਯਾਰੀ, ਆਨਤਿ ਭਾ ਗੁਰ ਕਰੇ ਅਗਾਰੀ ॥ ੧੮ ॥
ਅਪਨੇ ਬੰਧੂ ਤਹਾਂ ਹਕਾਰੇ, ਬਹੁਰ ਪੁੱਤ੍ਰ ਕੋ ਸ੍ਰੀ ਗੁਰ ਦੁਆਰੇ।
**ਮੂੰਡਨ ਰੀਤਿ ਬੰਸ ਕੀ ਜੈਸੇ, ਭਲੀ ਭਾਂਤਿ ਕਰਵਾਇਵ ਤੈਸੇ ॥ ੧੯ ॥**
ਪਹਿਤ ਭਾਤ ਕੋ ਦੀਨ ਅਹਾਰਾ, ਰੁਚਿ ਕਰਿ ਖਾਇੰ ਸਰਬ ਪਰਵਾਰਾ।
ਸਿੱਖ ਸੰਗਤ ਸਭਿਹੂੰਨ ਅਚਾਵਾ, ਬਿਘਨ ਕਛੂ ਨਹਿੰ ਹੋਵਨ ਪਾਵਾ ॥ ੨੦ ॥
ਸਤਿਗੁਰ ਕੋ ਪ੍ਰਤਾਪ ਅਤਿ ਭਾਰੀ, ਬਿਘਨ ਕਾਰ ਹੋਇ ਰਖਵਾਰੀ।
ਪੂਰਨ ਸਕਲ ਕਾਜਤਿਨ ਕਰਯੋ, ਸ੍ਰੀ ਗੁਰ ਪੰਥ ਰਿਦੇ ਦ੍ਰਿੜ੍ਹ ਧਰਯੋ ॥ ੨੧ ॥
ਭਯੋ ਸਿੱਖ ਤਿਸੁ ਦਿਨ ਗੁਰ ਕੋ, ਸੇਵਹਿ ਚਰਨ ਭਾਉ ਕਰਿ ਉਰ ਕੋ।
ਦ੍ਰਿੜ੍ਹ ਪ੍ਰਤੀਤ ਕੀਨਸਿ ਗੁਰ ਓਰੀ, ਅਪਰ ਸਭਿਨਿ ਕੀ ਮਨਤਾ ਛੋਰੀ ॥ ੨੨ ॥
[ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ। ਰਾਸ ੧। ਅੰਸੂ ੨੬ ॥

. Sri Satguru Jagjit Singh Ji eLibrary NamdhariElibrary@gmail.com .

ਪਿਆਰੇ ਪਾਠਕ ਜੀਉ ! 'ਸਰਲ' ਜੀ ਦੇ 'ਝਟਕਾ ਪ੍ਰਕਾਸ਼' ਨਾਮਕ ਗਰੰਥ ਦੇ ਪੰਨੇ ੯ ਵਾਲੇ ਲੇਖ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਘਰ ਦੇ ਇਤਿਹਾਸਕ ਗਰੰਥਾਂ ਦਾ ਆਧਾਰ ਲੈ ਕੇ 'ਝਟਕਾ ਮਾਸ ਖਾਣਾਂ' ਮੰਨਿਆ ਹੈ । ਪਰ ਉਪ੍ਰੋਕਤ ਇਹਨਾਂ ਦੁਹਾਂ ਇਤਿਹਾਸਕ ਹਵਾਲਿਆਂ ਤੋਂ 'ਝਟਕਾ' ਸ਼ਬਦ ਸਿੱਧ ਕਰਨਾ ਤਾਂ ਕਿਧਰੇ ਰਿਹਾ ਮਾਸ ਖਾਣਾ ਭੀ ਸਿੱਧ ਨਹੀਂ ਹੁੰਦਾ ਬਲਕਿ ਮਾਸ ਖਾਣ ਦੇ ਸਿਧਾਂਤ ਦੀ ਜ਼ੋਰ-ਦਾਰ ਨਿੰਦਾ ਹੀ ਕੀਤੀ ਗਈ ਹੈ । ਫਿਰ ਦਾਸ ਨੂੰ ਇਹ ਸਮਝ ਨਹੀਂ ਆਉਂਦੀ ਕਿ ਗਿਆਨੀ ਜੀ ਮਹਾਰਾਜ ਸਿੱਖ ਇਤਿਹਾਸਕ ਗਰੰਥਾਂ ਵਿਚੋਂ 'ਝਟਕਾ ਮਾਸ ਖਾਣਾ' ਕਿਵੇਂ ਸਿੱਧ ਕਰਦੇ ਹਨ ।

**ਸ੍ਰੀ ਮਾਨ ਜੀ ! ਬਾਕੀ ਰਹੇ ਰਹਿਤਨਾਮੇ ਉਨ੍ਹਾਂ ਬਾਬਤ ਪੰਥ ਦੇ ਵੱਡੇ ਵੱਡੇ ਵਿਦਵਾਨ ਗੁਰੂ ਕ੍ਰਿਤ ਹੋਣ ਤੋਂ ਇਨਕਾਰੀ ਹਨ । ਜਿਸ ਤਰ੍ਹਾਂ ਕਿ :—**

(੧) ਸ੍ਰੀਮਾਨ ਪੰਡਤ ਤਾਰਾ ਸਿੰਘ ਜੀ 'ਨਰੋਤਮ' ਦੇ ਲਿਖੇ ਹੋਏ 'ਗੁਰਮਤਿ ਨਿਰਣਯ ਸਾਗਰ ਗਰੰਥ' ਦੇ ਪਰੀਖਸ਼ਾ ਪ੍ਰਕਰਣ ਦੇ ਪੰਨੇ ਪ੯੭ ਤੇ ਲਿਖਿਆ ਹੈ ਕਿ ਰਹਿਤਨਾਮੇ ਆਦਿਕ ਸ੍ਰੀ ਗੁਰੂ ਸਾਹਿਬਾਂ ਦੇ ਬਣਾਏ ਹੋਏ ਨਹੀਂ ਹਨ ।

(੨) ਭਾਈ ਜੋਧ ਸਿੰਘ ਜੀ ਨੇ ਆਪਣੇ ਲਿਖਤ 'ਗੁਰਮਤਿ ਨਿਰਣਯ' ਨਾਮਕ ਗਰੰਥ ਦੇ ਪੰਨੇ ੨੯੨ ਦੀ ਟਿਪਣੀ ਵਿਚ ਲਿਖਿਆ ਹੈ ਕਿ "ਰਹਿਤ-ਨਾਮਿਆਂ ਬਾਬਤ ਅਜੇ ਬਹੁਤ ਸਾਰੀ ਖੋਜ ਦੀ ਲੋੜ ਹੈ । ਇਹ ਮੈਂ ਸਹੀ ਨਹੀਂ ਕਰ ਸਕਿਆ ਕਿ ਕਿਹੜੇ ਕਿਹੜੇ ਰਹਿਤਨਾਮੇ ਸ੍ਰੀ ਮੁਖਵਾਕ ਹਨ ।" ਜਦ ਕਿ ਸਿੱਖਧਰਮ ਦੇ ਮੰਨੇ ਪਰਮੰਨੇ ਵਿਦਵਾਨ ਭਾਈ ਜੋਧ ਸਿੰਘ ਜੀ ਵੀ ਅਜੇ ਇਹ ਨਿਸ਼ਚੇ ਨਹੀਂ ਕਰ ਸਕੇ ਕਿ ਅਸਲ ਵਿਚ ਰਹਿਤਨਾਮੇ ਕਿਹੜੇ ਹਨ ਤੇ ਖੋਜ ਵੀ ਨਹੀਂ ਕਰ ਸਕੇ । ਤਾਂ ਫਿਰ ਉਹਨਾਂ ਰਹਿਤਨਾਮਿਆਂ ਦੇ ਪ੍ਰਮਾਣ ਦੇ ਕੇ ਇਹ ਕਿਵੇਂ ਸਿੱਧ ਕਰ ਸਕਦੇ ਹੋ ਕਿ ਸਿੱਖਾਂ ਨੂੰ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਹੈ ।

ਬਾਕੀ ਇਨ੍ਹਾਂ ਰਹਿਤ ਨਾਮਿਆਂ ਦੇ ਲੇਖ ਭੀ ਇਕੋ ਜਿਹੇ ਨਹੀਂ ਮਿਲਦੇ ਇਸ ਤੋਂ ਸਿੱਧ ਹੁੰਦਾ ਹੈ ਕਿ ਇਹ ਰਹਿਤ ਨਾਮੇ ਗੁਰੂ ਜੀ ਦੇ ਸਿੱਖਾਂ ਨੂੰ ਲਿਖਵਾਇ ਹੋਏ ਨਹੀਂ ਹਨ ਕਿਉਂਕਿ ਜੇ ਲਿਖਵਾਇ ਹੁੰਦੇ ਤਾਂ ਸਾਰਿਆਂ ਵਿਚ ਇਕੋ ਜਿਹੇ

. Sri Satguru Jagjit Singh Ji eLibrary NamdhariElibrary@gmail.com .

ਹੀ ਬਚਨ ਹੁੰਦੇ, ਪਰ ਇੰਜ ਨਹੀਂ। ਇਸ ਲਈ ਇਨ੍ਹਾਂ ਸਭ ਤੋਂ ਉਪਰ ਸ੍ਰੀ ਮੁਖ ਵਾਕ ਬਾਣੀ ਰੂਪ ਕਸਵਟੀ ਦੀ ਜ਼ਰੂਰਤ ਹੈ। ਤਾਂ ਤੇ ਇਥੇ ਗਿਆਨੀ ਜੀ ਦਾ ਮਾਸ ਖਾਣ ਦੇ ਸੰਬੰਧ ਵਿਚ ਰਹਿਤ ਨਾਮਿਆਂ ਦਾ ਹਵਾਲਾ ਦੇਣਾ ਕੋਈ ਅਰਥ ਨਹੀਂ ਰੱਖਦਾ।

---

# ਕੀ ਕੁੱਠੇ ਸ਼ਬਦ ਦਾ ਅਰਥ ਹਰ ਤਰ੍ਹਾਂ ਦੇ ਮਾਸ ਦਾ ਨਹੀਂ ?

**ਪਿਆਰੇ ਪਾਠਕ ਜੀਉ ! ਕੁੱਠੇ ਸ਼ਬਦ ਦੇ ਸੰਬੰਧ ਵਿਚ ਵਿਚਾਰ ਕਰਦੇ ਹੋਇ 'ਸਰਲ' ਜੀ ਨੇ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੮੦ ਤੇ ਲਿਖਿਆ ਹੈ ; ਜਿਵੇਂ ਕਿ :—**

"(੧੫) ਸੰਗਤਾਂ ਵੱਲੋਂ ਉੱਤਰ ਪ੍ਰਸ਼ਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਵਿਚ ਇਕ ਵਾਰ ਸਿੱਖਾਂ ਨੇ ਧਰਮ ਸੰਬੰਧੀ ਪ੍ਰਸ਼ਨ ਪੁਛੇ ਜਿਨ੍ਹਾਂ ਦੇ ਉੱਤਰ ਵਿਚ ਗੁਰੂ ਜੀ ਨੇ ਐਸਾ ਕਥਨ ਕੀਤਾ। ਭਾਈ ਸਿੱਖੋ ਇਹ ਤਨਖਾਹਾਂ ਵੱਡੀਆਂ ਹੈ।

**(੧) ਕੇਸਾਂ ਦੀ ਬੇਅਦਬੀ,**

**(੨) ਤਮਾਕੂ ਵਰਤਣਾ,**

**(੩) ਵੇਸ਼ਜਾ ਗਾਮੀ ਹੋਣਾ,**

**(੪) ਕੁੱਠਾ ਖਾਣਾ,**

ਇਥੇ ੧੨—੧੩ ਨੰਬਰ ਵਿਚ ਕੁੱਠਾ ਸ਼ਬਦ ਦਾ ਅਰਥ ਮੁਸਲਮਾਨੀ ਮਾਸ ਹੈ। ਹੇਰਾ ਫੇਰੀ ਦੀ ਕੋਈ ਗੁੰਜਾਇਸ਼ ਨਹੀਂ ਰਹਿਣ ਦਿੱਤੀ ਗਈ। ਹੋਰ ਝਟਕੇ ਦਾ ਵਿਧਾਨ ਤਾਂ ਬਹੁਤ ਹੀ ਸਪੱਸ਼ਟ ਹੋ ਜਾਂਦਾ ਹੈ।"

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਮਾਨ 'ਸਰਲ' ਜੀ ! ਕੀ ਦਾਸ ਆਪ ਜੀ ਪਾਸੋਂ ਇਹ ਪੁਛ ਸਕਦਾ ਹੈ ਕਿ ਗੁਰੂ ਜੀ ਨੇ ਕੁੱਠਾ ਮਾਸ ਕਿਉਂ ਰੋਕਿਆ ? ਜੇ ਕਹੁ ਕਿ ਉਹ ਮੁਸਲਮਾਨਾਂ ਦੇ ਹੱਥਾਂ ਦਾ ਬਣਾਇਆ ਹੋਇਆ ਮਾਸ ਹੈ ਇਸ ਲਈ, ਤਾਂ ਉਨ੍ਹਾਂ ਦੇ ਹੱਥਾਂ ਨਾਲ ਕੀ ਫਰਕ ਪੈ ਜਾਂਦਾ ਹੈ, ਜੇ ਕਹੁ ਕਿ ਉਹ ਕਲਮਾ ਪੜ੍ਹਕੇ ਮਾਰਦੇ ਹਨ ਤਾਂ ਵੀ ਕਲਮੇ ਨਾਲ ਮਾਸ ਦਾ ਕੀ ਅਪਵਿੱਤਰ ਹੋ ਜਾਂਦਾ ਸੀ, ਜੇ ਫਿਰ ਵੀ ਹੋ ਜਾਂਦਾ ਹੈ ਤਾਂ ਕਲਮੇ ਵਿਚ ਕੋਈ ਸ਼ਕਤੀ ਸਿੱਧ ਹੋਈ ਜੇ ਇੰਜ ਹੀ ਹੋਵੇ ਤਾਂ ਫ਼ਿਰ ਮੰਤ੍ਰ ਜੰਤ੍ਰ ਜੋ ਆਪ ਕਹਿੰਦੇ ਹੋ ਕਿ ਗੁਰਮਤਿ ਵਿਚ ਵਿਵਰਜਤ ਹਨ, ਉਹ ਇਥੇ ਸਿੱਧ ਹੋ ਗਏ। ਜੇ ਕਹੁ ਕਿ ਉਹ ਛੁਰੀ ਨਾਲ ਤਰਸਾ ਕੇ ਮਾਰਦੇ ਹਨ ਤੇ 'ਝਟਕੇ' ਨਾਲ ਇਤਨੀ ਜੀਵ ਨੂੰ ਤਕਲੀਫ਼ ਨਹੀਂ ਹੁੰਦੀ ਤਾਂ ਜਦ ਆਪ ਇਸੇ ਪੁਸਤਕ ਵਿਚ ਇਹ ਸਿੱਧ ਕਰਦੇ ਹੋ ਕਿ ਗੁਰੂਬਾਣੀ ਵਿਚ ਲਿਖੇ 'ਜੀਵ ਦਇਆ' ਯਾ 'ਦਯਾਲੰ ਸਰਬਤ੍ਰ ਜੀਆ', ਤਥਾ ਅਹਿੰਸਾ ਦੇ ਬਾਰੇ ਜੋ ਪ੍ਰਮਾਣ ਹਨ ਉਨ੍ਹਾਂ ਦੇ ਅਰਥ ਤੁਸੀਂ ਸਰਬ ਮਨੁੱਖਾਂ ਦੇ ਜੀਵਾਂ ਪ੍ਰਤੀ ਹੀ ਕਥਨ ਹੈ ਲਿਖ ਰਹੇ ਹੋ-ਕਿਸੇ ਪਸ਼ੂ ਪੰਖੀ ਤੇ ਦਇਆ ਕਰਨੀ ਗੁਰਮਤਿ ਵਿਚ ਹੈ ਹੀ ਨਹੀਂ ਅਤੇ ਨਾਹੀ ਕਿਸੇ ਪਸ਼ੂ ਪੰਖੀ ਦੇ ਜੀਵਾਂ ਨੂੰ ਦੁਖ ਦੇਣਾ ਪਾਪ ਹੀ ਗੁਰਮਤਿ ਵਿਚ ਹੈ, ਤੁਸੀਂ ਮੰਨਦੇ ਹੋ ਤਾਂ ਫ਼ਿਰ ਹਲਾਲ ਕਰਨ ਲਗਿਆਂ ਜੀਵਾਂ ਨੂੰ ਦੁਖ ਜ਼ਿਆਦਾ ਹੁੰਦਾ ਹੈ ਤੇ 'ਝਟਕੇ' ਨਾਲ ਘੱਟ ਹੁੰਦਾ ਹੈ ਦਾ ਬਹਾਨਾ ਵੀ ਕੀ ਰਿਹਾ। ਇਸ ਲਈ ਸ੍ਰੀ ਮਾਨ ਜੀ ਕੁੱਠੇ ਸ਼ਬਦ ਦਾ ਅਰਥ ਝਟਕੇ ਨਾਲੋਂ ਕੁਝ ਵਿਲੱਖਨ ਨਹੀਂ ਭਾਸਦਾ ਤਾਂ ਫਿਰ ਇਥੇ ਗੁਰੂ ਜੀ ਨੇ ਕੁੱਠਾ ਮਾਸ ਕਿਉਂ ਰੋਕਿਆ। ਕਿਤੂੰ ਸਚਾਈ ਇਹ ਹੈ ਕਿ ਕੁੱਠਾ ਰੋਕਨ ਦਾ ਅਰਥ ਵੀ ਸਰਬ ਪ੍ਰਕਾਰ ਦੇ ਮਾਰੇ ਹੋਏ ਮਾਸ ਦਾ ਹੀ ਹੈ ਜਿਵੇਂ **ਭਾਈ ਜੋਧ ਸਿੰਘ ਜੀ** ਨੇ ਬਜਰ ਤਿੰਨ ਕੁਰਹਿਤਾਂ ਵਿਚ ਲਿਖਿਆ ਹੈ :

"ਪੇਸ਼ਤਰ ਇਸੇ ਦੇ ਕਿ ਕਿਸੇ ਹੋਰ ਰਹਿਤ ਤੇ ਵਿਚਾਰ ਕਰੀਏ ਬਾਕੀ ਦੀਆਂ ਤਿੰਨਾਂ ਬੱਜਰ ਕੁਰਹਿਤਾਂ ਅਰਥਾਤ ਤੁਰਕਣੀ ਦਾ ਸੰਗ, ਤਮਾਕੂ ਦੀ ਵਰਤੋਂ ਤੇ ਕੁੱਠਾ ਖਾਣ ਪੁਰ ਨਜ਼ਰ ਮਾਰਨੀ ਜਰੂਰੀ ਹੈ। ਤੁਰਕਣੀ ਦੇ ਸੰਗ ਪੁਰ ਖਾਸ ਜੋਰ ਕਿਉਂ ਦਿੱਤਾ ਗਇਆ ? **ਇਸ ਦਾ ਇਹ ਭਾਵ ਨਹੀਂ ਕਿ ਤੁਰਕਣੀ ਤੋਂ ਬਿਨਾਂ ਹੋਰ ਪਰ ਇਸਤ੍ਰੀ ਦੇ ਸੰਗ ਦੀ ਮਨਾਹੀ ਨਹੀਂ**। ਰਹਿਤ ਨਾਮੇ ਦੱਸਦੇ ਹਨ :

ਮਾਈ ਭੈਣ ਆਵੈ ਜੋ ਸੰਗਤ ॥ ਦ੍ਰਿਸਟ ਬੁਰੀ ਦੇਖੇ ਤੇ ਪੰਗਤ ॥

. Sri Satguru Jagjit Singh Ji eLibrary NamdhariElibrary@gmail.com .

ਸਿੱਖ ਹੋਇ ਜੋ ਕਰੇ ਕਰੋਧ ॥ ਕੰਨਯਾ ਮੂਲ ਨ ਦੇਵੈ ਸੋਧ ॥
ਧੀ ਭੈਣ ਕਾ ਪੈਸਾ ਪਾਇ ॥ ਗੋਬਿੰਦ ਸਿੰਘ ਧਕੇ ਯਮ ਲਾਇ ॥
(ਨੰਦ ਲਾਲ)

ਪਰ ਬੇਟੀ ਕੋ ਬੇਟੀ ਜਾਨੈ ॥ ਪਰ ਇਸਤ੍ਰੀ ਕੋ ਮਾਤ ਬਖਾਨੈ ॥
ਆਪਨੀ ਇਸਤ੍ਰੀ ਸੋ ਰਤਿ ਹੋਈ ॥ ਰਹਿਤ ਵੰਤ ਸਿੰਘ ਹੈ ਸੋਈ ॥
(ਦੇਸਾ ਸਿੰਘ)

ਪਰ ਨਾਰੀ, ਜੂਆ, ਅਸੱਤ, ਚੋਰੀ, ਮਦਰਾ ਜਾਨ ।
ਪਾਂਚ ਐਬ ਏਹ ਜਗਤ ਮੇ ਤਜੈ ਸੁ ਸਿੰਘ ਸੁਜਾਨ ।
(ਦੇਸਾ ਸਿੰਘ)

"ਖਾਸ ਜ਼ੋਰ ਦੇਣ ਦਾ ਕਾਰਨ ਇਹ ਹੈ ਸਿੱਖਾਂ ਦੀ ਤੁਰਕਾਂ ਨਾਲ ਜੰਗ ਛਿੜੀ ਹੋਈ ਸੀ ਤੇ ਮੁਸਲਮਾਨੀ ਰਿਵਾਜ ਅਨੁਸਾਰ ਦੁਸ਼ਮਨਾਂ ਦੀਆਂ ਤੀਵੀਆਂ ਤੇ ਕਬਜ਼ਾ ਕਰ ਲੈਣਾ ਜਾਇਜ਼ ਸੀ । ਦਸਮ ਗੁਰੂ ਜੀ ਨੇ ਸਮਝਿਆ ਕਿ ਮਤਾਂ ਸਿੱਖ ਭੀ ਬਦਲਾ ਲੈਣ ਖਾਤਰ ਈਹੋ ਕੁਚਾਲ ਨ ਕਰਨ ਲਗ ਪੈਣ, ਆਪ ਨੇ ਖਾਸ ਤੌਰ ਪੁਰ ਤੁਰਕਣੀ ਦੇ ਸੰਗ ਤੋਂ ਸਿੱਖਾਂ ਨੂੰ ਵਰਜਿਆ । ਸੌ ਸਾਖੀ ਤੇ ਭਾਈ ਸੰਤੋਖ ਸਿੰਘ ਜੀ ਇਸ ਖਿਆਲ ਦੀ ਉਗਾਹੀ ਭਰਦੇ ਹਨ । ਸੌ ਸਾਖੀ ਵਿਚ ਲਿਖਿਆ ਹੈ :

(੧) "ਤਾਂ ਸਿੱਖਾਂ ਪੁਛਿਆ ਜੀ ਪਾਤਸ਼ਾਹਿ ਤੁਰਕ ਤਾਂ ਹਿੰਦਵਾਣੀਆਂ ਨੂੰ ਭੋਗਦੇ ਹਨ, ਸਿੱਖ ਬਦਲਾ ਕਰਨ ਤਾਂ ਭਲਾ ਹੈ । ਸ਼ਾਸਤ੍ਰ ਤੇ ਗੁਰਾਂ ਕਿਉਂ ਮਨਾ ਕੀਯਾ ਹੈ ? ਤਾਂ ਬਚਨ ਕੀਤਾ ਭਾਈ ਸਿਖੋ ਇਹ ਪੰਥ ਅਸਾਂ ਉਚੇ ਖੜਨਾ ਹੈ ਨੀਚਾਂ ਦੀ ਰੀਸ ਨਹੀਂ ਕਰਨੀ ।

ਕਵੀ ਸੰਤੋਖ ਸਿੰਘ ਜੀ ਲਿਖਦੇ ਹਨ :

(੨) ਪੁਨ ਸਿੰਘਨ ਬੂਝੇ ਗੁਨ ਖਾਨੀ ॥ ਬ੍ਰਿੰਦ ਤੁਰਕ ਭੋਗੈ ਹਿੰਦਵਾਨੀ ॥
ਸਿਖ ਬਦਲਾ ਲੇ ਭਲਾ ਜਨਾਏ ॥ ਕਯੋਂ ਗੁਰ ਸ਼ਾਸਤ੍ਰ ਬਰਜ ਹਟਾਏ ॥
ਸੁਨਿ ਸਤਿਗੁਰ ਬੋਲੇ ਤਿਸ ਬੇਰੇ ॥ ਹਮ ਲੇ ਜਾਨੋ ਪੰਥ ਉਚੇਰੇ ॥
ਨਹੀ ਅਧੋਗਤ ਬਿਖੈ ਪੁਚਾਵੈ ॥ ਯਾ ਤੇ ਕਲ ਮਲ ਕਰਨ ਹਟਾਵੈ ॥
[ਸ੍ਰੀ ਗੁਰੂ ਪ੍ਰਤਾਪ ਸੂਰਜ । ਰੁਤ ੬ । ਅੰਸੁ ੨੦ । ਅੰਕ ੧੯੦]

Sri Satguru Jagjit Singh Ji eLibrary NamdhariElibrary@gmail.com

"ਜਿਸ ਤੋਂ ਸਾਫ ਸਿੱਧ ਹੈ ਕਿ ਖਾਸ ਤੌਰ ਪੁਰ ਜ਼ੋਰ ਦੇਣ ਦਾ ਭਾਵ ਉਸ ਕੁਰੀਤੀ ਤੋਂ ਰੋਕਣ ਦਾ ਸੀ ਜੋ ਕਈ ਮੱਤ ਆਪਣੇ ਸ਼ਰਧਾਲੂਆਂ ਲਈ ਵਿਹਿਤ ਦੱਸ ਰਹੇ ਹਨ। **ਇਸੇ ਤਰ੍ਹਾਂ ਤਮਾਕੂ ਤੋਂ ਵਰਜਣ ਦਾ ਇਹ ਭਾਵ ਨਹੀਂ ਸੀ ਕਿ ਹੋਰ ਨਸ਼ੇ ਸਿੱਖ ਪਇਆ ਵਰਤੇ।"**

('ਗੁਰਮਤਿ ਨਿਰਣਯ' ਪੰਨੇ ੨੯੫ ਵਿਚੋਂ)

**ਸਮਾਧਾਨ** :—ਪਿਆਰੇ ਪਾਠਕ ਜੀਉ ! ਭਾਈ ਜੋਧ ਸਿੰਘ ਜੀ ਦੇ ਇਸ ਉਪ੍ਰੋਕਤ ਲੇਖ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਿਸ ਤਰ੍ਹਾਂ ਭਾਈ ਸਾਹਿਬ ਜੀ ਨੇ 'ਤੁਰਕਣੀ' ਸ਼ਬਦ ਦਾ ਭਾਵ ਪਰ ਇਸਤ੍ਰੀ ਦਾ ਤੇ 'ਤਮਾਕੂ' ਸ਼ਬਦ ਦਾ ਭਾਵ ਹਰ ਤਰ੍ਹਾਂ ਦੇ ਨਸ਼ਿਆਂ ਦੇ ਨ ਵਰਤਨ ਦਾ ਮੰਨਿਆ ਹੈ। ਬਿਲਕੁਲ ਇਸੀ ਤਰ੍ਹਾਂ ਹੀ 'ਕੁੱਠੇ' ਸ਼ਬਦ ਦਾ ਭਾਵ ਹਰ ਤਰ੍ਹਾਂ ਦੇ ਮਾਸ ਨੂੰ ਖਾਣ ਤੋਂ ਮਨਾਹੀ ਕਰਦਾ ਹੈ।

ਜੇਕਰ ਇੰਜ ਨਹੀਂ ਤਾਂ ਫਿਰ ਕੀ 'ਤੁਰਕਣੀ' (ਵੇਸ਼ਯਾ) ਤੋਂ ਛੁਟ ਹੋਰ ਪਰ ਇਸਤ੍ਰੀਆਂ ਭੋਗੀਆਂ ਜਾ ਸਕਦੀਆਂ ਹਨ ? ਕੀ 'ਤਮਾਕੂ' ਤੋਂ ਛੁਟ ਹੋਰ ਹਰ ਤਰ੍ਹਾਂ ਦੇ ਨਸ਼ੇ (ਸ਼ਰਾਬ, ਚਰਸ, ਗਾਂਜਾ, ਕੁਕੀਨ ਆਦਿਕ) ਵਰਤੇ ਜਾ ਸਕਦੇ ਹਨ ? ਜੇ ਕਰ ਨਹੀਂ ਤਾਂ ਫ਼ਿਰ 'ਕੁੱਠੇ' ਸ਼ਬਦ ਤੋਂ ਇਹ ਭਾਵ ਅਸੀਂ ਕਿਵੇਂ ਕਢ ਸਕਦੇ ਹਾਂ ਕਿ ਗੁਰੂ ਸਾਹਿਬਾਂ ਨੇ ਕੇਵਲ 'ਕੁੱਠੇ' (ਮੁਸਲਮਾਨੀ ਤਾਰੀਕੇ ਨਾਲ ਪ੍ਰਾਪਤ ਕੀਤੇ ਹੋਏ ਮਾਸ) ਦੇ ਖਾਣ ਤੋਂ ਸਿੱਖਾਂ ਨੂੰ ਵਰਜਿਆ ਹੈ। ਤੇ 'ਝਟਕੇ' ਦੁਆਰਾ ਪ੍ਰਾਪਤ ਕੀਤੇ ਹੋਏ ਮਾਸ ਨੂੰ ਨਹੀ। ਤਾਂ ਤੇ ਇਸ ਉਪ੍ਰੋਕਤ ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਚਾਰ ਕੁਰਹਿਤਾਂ ਵਾਲੇ ਕੁੱਠੇ ਸ਼ਬਦ ਦਾ ਭਾਵਾਰਥ ਹਰ ਤਰ੍ਹਾਂ ਦੇ ਮਾਸ ਦਾ ਹੀ ਹੈ। **ਭਾਵ ਜੋ ਸਿੱਖ ਕਿਸੇ ਤਰ੍ਹਾਂ ਭੀ ਮਾਸ ਖਾਂਦਾ ਹੈ ਉਹ ਸਿੱਖ ਕੁਰਹਿਤੀਆ ਹੀ ਮੰਨਿਆ ਜਾਵੇਗਾ।**

---

. Sri Satguru Jagjit Singh Ji eLibrary NamdhariElibrary@gmail.com .

# ਕੀ ਪ੍ਰੇਮ ਸੁਮਾਰਗ ਗ੍ਰੰਥ ਦੇ ਹਵਾਲੇ ਪ੍ਰਮਾਣੀਕ ਹਨ ?

ਪਿਆਰੇ ਪਾਠਕ ਜੀਉ ! ਸ੍ਰੀ ਮਾਨ ਗਿਆਨੀ 'ਸਰਲ' ਜੀ ਆਪਣੇ ਗ੍ਰੰਥ 'ਝਟਕਾ-ਪ੍ਰਕਾਸ਼' ਦੇ ਪੰਨੇ ੮੦ ਤੇ ਪ੍ਰੇਮ ਸੁਮਾਰਗ ਗ੍ਰੰਥ ਵਿਚੋਂ ਹਵਾਲਾ ਦੇ ਕੇ ਆਪਣੇ ਮਾਸ ਖਾਣ ਦੇ ਪੱਖ ਨੂੰ ਸਿੱਧ ਕਰਦੇ ਹੋਏ ਲਿਖਦੇ ਹਨ । ਜਿਸ ਤਰ੍ਹਾਂ ਕਿ :—

"(੧੪) ਅੰਮ੍ਰਿਤ ਸਮੇਂ ਦੀ ਰਹਿਤ ਦਾ ਉਪਦੇਸ਼ ।

(ਪਰੇਮ ਸੁਮਾਰਗ ਵਿਚੋਂ ਲਿਖਿਤ ੧੮੮੦—੮੫ ਬਿਕ੍ਰਮੀ)

ਲੇ ਤੁਰਕਨ ਤੇ ਮਾਸ ਜੁ ਖਾਵੈ ।  
ਬਿਨ ਗੁਰ ਸ਼ਬਦ ਬਚਨ ਜੋ ਗਾਵੈ ।  
ਕੁੱਠਾ, ਹੁਕਾ, ਚਰਸ, ਤਮਾਕੂ ।  
ਗਾਂਜਾ, ਟੋਪੀ, ਤਾੜੀ, ਖਾਕੂ ।  
ਇਨਕੀ ਓਰ ਨਾ ਕਬਹੂੰ ਦੇਖੈ ।  
ਰਹਿਤ ਵੰਤ ਸੋ ਸਿੰਘ ਵਸੇਖੈ ॥

ਇਨ ਤੋਂ ਅਗੇ ਇਉਂ ਵਾਰਤਕ ਸ਼ੁਰੂ ਹੁੰਦੀ ਹੈ—

ਜੋ ਇਸ ਬਸਤੂਆਂ ਮੇਂ ਆਪਣੀ ਦੇਹੀ ਮਾਫਕ ਹੋਵੇ ਸੋ ਸਭ ਖਾਏ । ਮਾਸ ਮੱਛੀ ਮੇ ਭੀ ਬੀਚਾਰ ਹੈ ਕਿ ਅਖੇੜ ਬ੍ਰਿਤਿ ਕਰ ਖਾਏ । ਜਿਸ ਨੂੰ ਹਥਿਆਰ ਕਰ ਮਾਰੇ ਉਸੀ ਕੋ ਪਵਿਤ੍ਰ ਕਰ ਜਾਣੇ । ਅਰ ਜੋ ਸ਼ਿਕਾਰ ਕਰ ਨਾ ਸਕੇ ਤਾਂ ਝਟਕਾ ਖਾਏ ।"

**ਸਮਾਧਾਨ** .—ਪਿਆਰੇ ਪਾਠਕ ਜੀਉ । ਸ੍ਰੀ ਮਾਨ 'ਸਰਲ' ਜੀ ਨੇ 'ਲੇ



. Sri Satguru Jagjit Singh Ji eLibrary NamdhariElibrary@gmail.com .

ਤੁਰਕਨ ਤੇ ਮਾਸ ਜੁ ਖਾਵੈ, ਤੇ ਰਹਿਤ ਵੰਤ ਸੋ ਸਿੰਘ ਵਸੇਖੈ। 'ਆਦਿਕ ਤੁਕਾਂ ਪ੍ਰਗਟ ਕੀਤੀਆਂ ਹਨ, ਇਹ ਪ੍ਰੇਮ ਸੁਮਾਰਗ ਗ੍ਰੰਥ ਵਿਚ ਕੋਈ ਨਹੀਂ ਹਨ। ਇਸ ਲਈ ਗਿਆਨੀ ਜੀ ਨੂੰ ਇਹ ਸੋਭਾ ਨਹੀਂ ਦਿੰਦਾ ਸੀ ਕਿ ਪਾਠਕਾਂ ਨੂੰ ਟਪਲਾ ਦੇਣ ਕਿਉਂਕਿ ਇਹ ਤੁਕਾਂ ਦੋ ਪਹਿਲੀਆਂ ਭਾਈ ਨੰਦ ਲਾਲ ਜੀ ਦੇ ਤਨਖ਼ਾਹ ਨਾਮੇ ਵਿਚੋਂ ਹਨ ਤੇ ਬਾਕੀ ਚਾਰ ਤੁਕਾਂ ਭਾਈ ਦੇਸਾ ਸਿੰਘ ਜੀ ਦੇ ਰਹਿਤ ਨਾਮੇ ਦੀਆਂ ਹਨ। ਬਾਕੀ ਅੱਗੇ ਜੋ ਪ੍ਰੇਮ ਸੁਮਾਰਗ ਦੀ ਵਾਰਤਕ ਲਿਖੀ ਹੈ, ਜੇ ਕਰ ਇਸ ਨੂੰ ਸ੍ਰੀ ਮਾਨ 'ਸਰਲ' ਜੀ ਯਥਾਰਥ ਮੰਨਦੇ ਹਨ ਤਾਂ ਲਉ ਉਸੇ ਪ੍ਰੇਮ ਸੁਮਾਰਗ ਗ੍ਰੰਥ ਵਿਚ ਲਿਖਿਆ ਹੈ ਕਿ :—

(੧) ਅਰ ਅਮਲ ਕੋਈ ਖਾਏ ਨਾਹੀ। ਅਰੁ ਜੋ ਕਦਾਂਚ ਖਾਏ, ਤਾਂ ਇਸ ਤਰਹਿ ਖਾਏ, ਜੋ ਅਫੀਮ ਖਾਏ, ਤਾਂ ਵੱਡੇ ਮੂੰਗ ਬਰਾਬਰ, ਅੱਛੀ ਅਵੱਲ ਖਾਏ। ਮਸਾਲਾ ਪਾਇ ਖਾਇ। ਅਰ ਜੋ ਮਸਾਲਾ ਨਾ ਹੋਵੇ, ਤਾਂ ਤੀਨ ਮਾਸੇ ਬਿਜੀਆ ਘੋਟਿ ਪੀਵੈ ਸਾਦੀ। ਪੋਸਤ ਪੀਵੈ, ਤਾਂ ਅਢਾਈ ਡੋਡੇ ਅਫ਼ੀਮ ਅਨ-ਨਿਕਲੇ-ਭੇਂਵ ਕੇ ਪੀਵੈ ॥ ੪ ॥

ਜੋ ਕੋਈ ਦਾਰੂ ਪੀਵੈਗਾ.........ਕੁੰਭੀ ਨਰਕਿ ਪਵੈਗਾ ॥ ਅਰੁ ਜੋ ਕਦਾਂਚ ਕਿਸੇ ਇਲਾਜ ਨੂੰ ਪੀਵੈਗਾ, ਤਾਂ ਇਸ ਦੇ ਵਾਸਤੇ ਉਸ ਨੂੰ ਸਿੱਖੀ ਨ ਹੱਥ ਆਵੇਗੀ ॥ ੫ ॥

ਅੱਮਲੁ ਖਾਣਾ ਮਨਾ ਹੈ, ਸੁ ਇਸ ਵਾਸਤੇ ਹੈ, ਜੁ ਦੇਹ ਨੂੰ ਸੁਸਤੀ ਲਿਆਂਵਦਾ ਹੈ। ਸਿਮਰਨ ਤੇ, ਦੁਨੀਆ ਕੀ ਕਿਰਤ ਤੇ ਫੇਰਿ ਰੱਖਦਾ ਹੈ ਕਰਣੇ ਨਾਹੀ ਦੇਂਦਾ ਅਰੁ ਬਦ ਅੱਮਲਾਂ ਨੂੰ ਦਉੜਾਂਵਦਾ ਹੈ, ਤੇ ਸੁਆਦ ਨੂੰ ਚਾਂਹਦਾ ਹੈ। ਸੁਆਦ ਕਰਕੇ ਬਦ ਅੱਮਲ ਹੋਂਦੇ ਹੈਨਿ ॥ ੬ ॥

ਜਬ ਖਾਏ, ਤਾਂ ਯੋ ਖਾਏ, ਜਬ ਜਾਣੇ ਕਿ ਦੁਨੀਆਂ ਕੇ ਬਿਉਹਾਰ ਤੇ ਫਾਰਗ ਹੋਇਆ ਹਾਂ, ਅਬ ਕਿਛੁ ਕੰਮ ਨਾਹੀਂ ॥ ੭ ॥

ਅਰੁ ਖਾਏ ਤਾਂ ਛਪਾਇ ਕੇ ਖਾਏ। ਕਿਸੇ ਉਪਰਿ ਜਾਹਰ ਨ ਕਰੇ ॥ ੮ ॥

ਭੰਗ ਖਾਏ, ਤਾਂ ਅਢਾਈ ਮਾਸਾ ਮਸਾਲੇ ਪਾਇ ਖਾਇ—ਲੌਂਗ, ਮਿਰਚਾਂ, ਜ਼ਾਇਫਲ, ਜਾਵਿਤ੍ਰੀ, ਕੇਸਰ, ਮੁਸਕੰਬਰ ਖਾਣਾ। ਇਹ ਐਬ ਨਾਹੀ ॥ ੯ ॥

(ਪ੍ਰੇਮ ਸੁਮਾਰਗ ਗ੍ਰੰਥ। ਧਿਆਇ ਪੰਚਮ। ਬਚਨ ਪੰਚਮ ॥ ਪੰਨਾ ੬੭।)

. Sri Satguru Jagjit Singh Ji eLibrary NamdhariElibrary@gmail.com .

(੨) ਬੇਸਵਾ ਕਾ ਸੰਗ ਅੱਧ ਬਿਆਹੁ ਸੰਜੋਗ ਹੈ।
ਯਹ ਭੀ ਬਹੁਤ ਬੁਰਾ ਹੈ। ਜੋ ਰਹਿ ਨ ਸਕੈ ਤਉ ਕਰੇ।
ਪਰ ਜਿਉਂ ਜਾਨੇ, ਅਪਨੇ ਤਾਈਂ ਜਤ ਸਤ ਮੈਂ ਰਖੈਂ ਡਲਾਵੈ ਨਾਹੀ।
।੪॥ ੧੨॥

(ਪ੍ਰੇਮ ਸੁਮਾਰਗ ਗ੍ਰੰਥ। ਧਿਆਇ ਅਠਵਾਂ। ਦੁਆਦਸਮੋ ਬਚਨ।
(ਪੰਨਾ ੧੦੮)

**ਸਮਾਧਾਨ** :—ਸ੍ਰੀਮਾਨ 'ਸਰਲ' ਜੀ ਆਪ ਦਾ ਪ੍ਰੇਮ ਸੁਮਾਰਗ ਗ੍ਰੰਥ ਇਕ ਪਾਸੇ ਕਹਿੰਦਾ ਹੈ ਕਿ ਅਮਲ ਕੋਈ ਖਾਏ ਨਹੀਂ, ਤੇ ਫੇਰ ਉਥੇ ਹੀ ਛੋਟ ਦੇ ਰਿਹਾ ਹੈ ਕਿ ਜੇ ਖਾਵੇ ਤਾਂ ਉਪ੍ਰੋਕਤ ਹੇਰ ਫੇਰ ਕਰਕੇ ਭਾਵ ਮਸਾਲਾ ਆਦੀ ਕੁਛ ਪਾਕੇ ਖਾਵੇ। ਭੰਗ ਘੋਟ ਕੇ ਪੀ ਲਵੇ ਤਥਾ ਪੋਸਤ ਪੀਵੇ, ਅਥਵਾ ਖਾਵੇ ਤਾਂ ਛਪਾਇ ਕੇ ਖਾਵੇ, ਭਾਵ ਲੋਕਾਂ ਤੋਂ ਚੋਰੀ ਖਾਵੇ ਜਿਸ ਚੋਰੀ ਦੀ ਗੁਰਬਾਣੀ ਵਿਚ ਸਖ਼ਤ ਨਿਖੇਧੀ ਹੈ। ਯਥਾ :—

ਚੋਰ ਸਲਾਹੇ ਚੀਤ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥
ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥
੧ ॥ ੪ ॥ ੪ ॥ ੬ ॥ ਧਨਾਸਰੀ ਮਹਲਾ ੧ ॥ ਪੰਨਾ ੬੬੧ ॥

ਤਾਂ ਇਸ 'ਪ੍ਰੇਮ ਸੁਮਾਰਗ' ਗ੍ਰੰਥ ਦੀ ਸਚਾਈ ਤੇ ਨਿਜਮ ਕੀ ਹਨ। ਕੀ ਇਹੀ ਸਿੱਖੀ ਦਾ ਆਧਾਰ ਗ੍ਰੰਥ ਹੈ ? ਸ੍ਰੀ 'ਸਰਲ' ਜੀ ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਨ੍ਹਾਂ ਅਮਲਾਂ ਨੂੰ ਬੁਰਾ ਕਹਿੰਦੇ ਹਨ, ਯਥਾ :—

ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ, ਸਭੈ ਰਸਾਤਲ ਜਾਂਹਿ ॥
੨੩੩ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

ਬਾਕੀ ਇਸੇ "ਪ੍ਰੇਮ ਸੁਮਾਰਗ' ਗ੍ਰੰਥ ਦੇ ਰਾਜ ਧਰਮ ਪ੍ਰਕਰਣ ਵਿਚ ਲਿਖਿਆ ਹੈ ਕਿ ਬੇਸਵਾ ਕਾ ਸੰਗ ਅੱਧ ਬਿਆਹ, ਸੰਜੋਗ ਹੈ ਯਹ ਭੀ ਬਹੁਤ ਬੁਰਾ ਹੈ, ਜੋ ਰਹਿ ਨ ਸਕੇ ਤਉ ਕਰੇ, ਪਰ ਜਿਉ ਜਾਨੇ ਆਪਨੇ ਤਾਈ ਜਤ ਸਤ ਮੈ ਰਖੈ ਡਲਾਵੈ ਨਾਹੀਂ ; (ਪ੍ਰੇਮ ਸੁਮਾਰਗ ਗ੍ਰੰਥ ਧਿਆਇ ੮। ਬਚਨ ੧੨। ਪੰਨਾ ੧੦੮) ਸ੍ਰੀ

. Sri Satguru Jagjit Singh Ji eLibrary NamdhariElibrary@gmail.com .

ਮਾਨ ਜੀ ਇਕ ਪਾਸੇ ਤਾਂ ਲਿਖਿਆ ਹੈ ਕਿ ਵੇਸਵਾ ਦਾ ਸੰਗ ਬੁਰਾ ਹੈ ਪਰ ਨਾਲ ਹੀ ਲਿਖਿਆ ਹੈ ਕਿ ਜੋ ਰਹਿ ਨ ਸਕੇ ਤਉ ਕਰੈ, ਤਾਂ ਕੀ ਇਹ ਕੁਰਹਿਤ ਨਹੀਂ ? ਜਿਸ ਦੇ ਨਾ ਰਹਿ ਸਕਨੇ ਪਰ, ਕਰਨੇ ਦੀ ਵੀ ਪ੍ਰੇਮ ਸੁਮਾਰਗ ਗ੍ਰੰਥ ਆਗਿਆ ਦੇ ਰਿਹਾ ਹੈ, ਇਸ ਲਈ ਸ੍ਰੀ ਮਾਨ 'ਸਰਲ' ਜੀ ਪ੍ਰੇਮ ਸੁਮਾਰਗ ਗ੍ਰੰਥ ਆਪ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ, ਇਹੋ ਜਿਹੇ ਬੇਸੁਰੇ ਗ੍ਰੰਥ ਹੀ ਗੁਰਮਤਿ ਨੂੰ ਕਮਜ਼ੋਰ ਕਰਦੇ ਹਨ ਇਸ ਲਈ ਆਉ ਸ੍ਰੀ ਮੁਖ ਵਾਕ ਗੁਰੂਬਾਣੀ ਦੇ ਪ੍ਰਮਾਣਾਂ ਦੇ ਆਧਾਰ ਤੇ ਕਿਸੇ ਨਿਰਣੈ ਤਕ ਪਹੁੰਚੀਏ ।

---

# ਕੀ ਭਾਈ ਗੁਰਦਾਸ ਜੀ ਦੀ ਬਾਣੀ ਸਿੱਖਾਂ ਦਾ ਮਾਸ ਖਾਣਾ ਸਿੱਧ ਕਰਦੀ ਹੈ ?

ਪਿਆਰੇ ਪਾਠਕ ਜੀਉ ! ਸ੍ਰੀ ਮਾਨ ਗਿਆਨੀ 'ਸਰਲ' ਜੀ ਆਪਣੇ ਰਚਿਤ ਗਰੰਥ 'ਝਟਕਾ ਪ੍ਰਕਾਸ਼' ਦੇ ਪੰਨੇ ੧੩੩ ਤੇ ਲਿਖਦੇ ਹਨ ਕਿ :—

(੧) ਭਾਈ ਗੁਰਦਾਸ ਜੀ ਦੀ ਬਾਣੀ ਨੂੰ ਸਾਰੇ ਸਿੱਖ ਪ੍ਰਮਾਣੀਕ ਮਨਦੇ ਹਨ ।

ਗੁਰਬਾਣੀ ਦੀ ਕੁੰਜੀ ਬਾਣੀ । ਜੋ ਭਾਈ ਗੁਰਦਾਸ ਵਖਾਣੀ । ਦਾ ਸਭ ਨੂੰ ਪਤਾ ਹੈ ।

(੨) ਇਸੇ ਗਰੰਥ ਦੇ ਪੰਨੇ ੧੦੬ ਤੇ ਇਹ ਭੀ ਲਿਖਿਆ ਹੈ ਕਿ :—ਭਾਈ ਗੁਰਦਾਸ ਦੀ ਬਾਣੀ (ਜਿਸ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਵਰ ਪਰਾਪਤ ਹੈ ਤੇ ਜਿਸ ਨੂੰ ਸਾਰੇ ਸਿੱਖ ਅਜੇ ਤਕ ਸੁਤੇ ਪ੍ਰਮਾਣ ਮੰਨਦੇ ਹਨ) ਦੀ ਬਾਬਤ ਆਪ ਦਾ ਕੀ ਖ਼ਿਆਲ ਹੈ, ਇਹਨਾਂ ਵਿਚ ਗੁਰੂਆਂ ਦਾ ਸ਼ਿਕਾਰ ਖੇਡਣਾ ਪ੍ਰਤੱਖ ਹੈ ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਦਾਸ ਕੀ 'ਸਰਲ' ਜੀ ਪਾਸੋਂ

. Sri Satguru Jagjit Singh Ji eLibrary NamdhariElibrary@gmail.com .

ਇਹ ਪੁੱਛ ਸਕਦਾ ਹੈ ਕਿ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਉਚਾਰਨ ਹੋਏ ਇਕ ਭੀ ਗੁਰ ਵਾਕ ਦਾ ਹਵਾਲਾ ਲਿਖ ਕੇ ਪ੍ਰਗਟ ਕਰੋਗੇ ਜਿਸ ਤੋਂ ਇਹ ਸਪਸ਼ਟ ਹੋ ਸਕੇ ਕਿ ਭਾਈ ਗੁਰਦਾਸ ਜੀ ਦੀ ਬਾਣੀ ਨੂੰ ਗੁਰੂ ਸਾਹਿਬਾਂ ਨੇ ਗੁਰੂਬਾਣੀ ਦੀ ਕੁੰਜੀ ਮੰਨਿਆ ਹੋਵੇ ?

'ਸਰਲ' ਜੀ ਤਾਂ ਕੀ ਸਾਰੇ ਸਿੱਖ ਸਮਾਜ ਦੇ ਪ੍ਰਮੁਖ ਗਿਆਨੀ ਭੀ ਇਸ ਦਾ ਕੋਈ ਪ੍ਰਮਾਣ ਲਿਖ ਕੇ ਪ੍ਰਗਟ ਨਹੀਂ ਕਰ ਸਕਦੇ। ਪਰ ਜ਼ਬਾਨੀ ਜਮ੍ਹਾਂ ਖ਼ਰਚ ਤਾਂ ਬਹੁਤੇਰਾ ਮਿਲ ਸਕਦਾ ਹੈ। ਜੇਕਰ ਕੋਈ ਸਿੱਖ ਭਾਈ ਇਹ ਕਹੇ ਕਿ ਭਾਈ ਗੁਰਦਾਸ ਜੀ ਦੀ ਬਾਣੀ ਨੂੰ 'ਗੁਰਬਾਣੀ' ਦੀ 'ਕੁੰਜੀ' ਗੁਰੂ ਸਾਹਿਬਾਂ ਨੇ ਨਹੀਂ ਭੀ ਮੰਨਿਆਂ ਤਾਂ ਇਸ ਵਿਚ ਕੀ ਹੋਇਆ। ਬਾਕੀ 'ਸਰਲ' ਜੀ ਨੇ ਆਪਣੇ ਕ੍ਰਿਤ ਗਰੰਥ 'ਝਟਕਾ ਪ੍ਰਕਾਸ਼' ਦੇ ਪੰਨੇ ੧੩੬ ਤੇ ਲਿਖਿਆ ਹੈ ਕਿ :—

(੩) "ਇਸ ਪਉੜੀ ਵਿਚ **'ਮਾਸ ਪਵਿੱਤਰ ਗ੍ਰਿਹਸਤ ਨੋ'** ਸਪੱਸ਼ਟ ਲਿਖਿਆ ਹੈ। ਸੋ ਅਸੂਲਨ ਸਾਰੇ ਸਿੱਖ ਗ੍ਰਿਹਸਤੀ ਹਨ। ਜੋ ਕੋਈ ਅਣਹੋਂਦ ਦਾ ਜਤੀ ਹੈ ਤਾਂ ਉਹ ਵੱਖਰੀ ਗੱਲ ਹੈ। ਪਰ ਜਿਹੜੇ ਜਾਣ ਬੁੱਝ ਕੇ ਗ੍ਰਿਹਸਤ ਨੂੰ ਛੱਡੀ ਫਿਰਦੇ ਹਨ, ਗਲ ਵੱਢ ਕੇ ਮਾਸ ਖਾਣ ਦੇ ਕਾਰਨ ਸਿਰਫ਼ ਉਹਨਾਂ ਦੀ ਹੀ ਬੁਰੀ ਗਤ ਬਣਨੀ ਚਾਹੀਦੀ ਹੈ।"

ਇਸੇ ਸੰਬੰਧ ਵਿਚ 'ਸਰਲ' ਜੀ ਨੇ ਆਪਣੇ 'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੧੦੪ ਤੇ ਭਾਈ ਗੁਰਦਾਸ ਜੀ ਦੀ ਬਾਣੀ ਦੁਆਰਾ ਸਿੱਖਾਂ ਦਾ ਮਾਸ ਖਾਣ ਦੇ ਸੰਬੰਧ ਵਿਚ ਦੂਜਾ ਹਵਾਲਾ ਲਿਖ ਕੇ ਆਪਣੇ ਪਾਠਕਾਂ ਨੂੰ ਦਰਸਾਇਆ ਹੈ ਜਿਵੇਂ ਕਿ :—

(੪) "ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ **'ਕੁੱਤੇ ਰੱਖ ਸ਼ਿਕਾਰ ਖਿਲਾਇਆ'** ਲਿਖਿਆ ਹੈ। ਇਹ ਸ਼ਿਕਾਰ ਖਿਲਾਉਣ ਵਾਲਾ 'ਦਲ ਭੰਜਨ ਗੁਰ ਸੂਰਮਾ ਵੱਡਾ ਜੋਧਾ ਬਹੁ ਪਰਉਕਾਰੀ' ਛੇਵਾਂ ਗੁਰੂ ਹੀ ਸੀ।"

**ਸਮਾਧਾਨ** :—ਪਿਆਰੇ ਪਾਠਕ ਜੀਉ ! ਵਾਰ ਭਾਈ ਗੁਰਦਾਸ ਜੀ ਤੇ ਕਈ ਸਿੱਖ ਵਿਦਵਾਨਾਂ ਨੇ ਤਰਕ (ਇਤਰਾਜ਼) ਭੀ ਕੀਤਾ ਹੈ ਕਿ ਕਈ ਪਉੜੀਆਂ ਭਾਈ ਗੁਰਦਾਸ ਜੀ ਦੀਆਂ ਕ੍ਰਿਤ ਨਹੀਂ ਹਨ, ਬਲਕਿ ਮਨ ਮਤੀਆਂ ਨੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਅਨੇਕਾਂ ਹੀ ਪਉੜੀਆਂ ਪਾ ਦਿੱਤੀਆਂ ਹਨ ਜਿਸ

. Sri Satguru Jagjit Singh Ji eLibrary NamdhariElibrary@gmail.com .

ਦਾ ਨਿਰਣਯ ਕਰਨਾ ਸਾਧਾਰਣ ਮਨੁੱਖ ਲਈ ਅੱਤੀ ਕੱਠਨ ਹੈ। ਪਰ ਵਿਦਵਾਨਾਂ ਲਈ ਇਸ ਦਾ ਨਿਰਣਯ ਕਰਨਾ ਕੁਝ ਭੀ ਕੱਠਨ ਨਹੀਂ। ਜਿਵੇਂ ਕਿ ਗਿਆਨੀ ਲਾਲ ਸਿੰਘ ਜੀ ਸੰਗਰੂਰ ਵਾਲੇ ਵੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਸਾਰੀਆਂ ਨੂੰ **'ਗੁਰਦਾਸ ਦਰਸ਼ਨ'** ਨਾਮਕ ਗਰੰਥ ਵਿਚ ਭਾਈ ਗੁਰਦਾਸ ਜੀ ਦੀ ਕ੍ਰਿਤ ਨਹੀਂ ਮੰਨਦੇ ਅਤੇ ਗਿਆਨੀ ਹਜ਼ਾਰਾ ਸਿੰਘ ਜੀ ਵੀ ਆਪਣੇ ਲਿਖੇ ਟੀਕੇ ਵਿਚ ਵਾਰ ਪਹਿਲੀ ਦੀ ਪਉੜੀ ੪੯ ਨੂੰ ਮਿਲਾਵਟ ਦੱਸ ਕੇ ਨਿਰਸ਼ੰਦੇਹ ਨਹੀਂ ਮੰਨਦੇ ਇਸੇ ਤਰ੍ਹਾਂ ਹੋਰ ਵੀ ਕਈ ਵਿਦਵਾਨ ਭਾਈ ਗੁਰਦਾਸ ਜੀ ਦੀਆਂ ਵਾਰਾਂ ਸਾਰੀਆਂ ਨੂੰ ਭਾਈ ਗੁਰਦਾਸ ਜੀ ਦੀਆਂ ਕ੍ਰਿਤ ਨਹੀਂ ਮੰਨਦੇ ਭਾਵ ਸੰਦੇਹ ਯੁਕਤ ਮੰਨਦੇ ਹਨ।

ਪਰ ਸਧਾਰਣ ਸਿੱਖ ਭਾਈ ਜੇਕਰ ਇਸ ਦਾ ਨਿਰਣਯ ਕਰਨਾ ਚਾਹੁਣ ਕਿ ਕਿਹੜੀ ਪਉੜੀ ਭਾਈ ਗੁਰਦਾਸ ਜੀ ਦੀ ਹੈ ਤੇ ਕਿਹੜੀ ਪਉੜੀ ਭਾਈ ਗੁਰਦਾਸ ਜੀ ਦੀ ਕ੍ਰਿਤ ਨਹੀਂ। ਇਸ ਦਾ ਸੁਖੈਨ ਤਰੀਕਾ ਇਕੋ ਹੀ ਹੈ। ਕਿ ਜੋ ਭੀ ਭਾਈ ਗੁਰਦਾਸ ਜੀ ਦੀ ਪਉੜੀ ਗੁਰਬਾਣੀ ਦੇ ਸਿਧਾਂਤ ਤੋਂ ਵਿਰੁੱਧ ਹੋਵੇ ਉਹ ਸਦਾ ਲਈ ਤਿਆਗਣ-ਯੋਗ ਹੈ।

ਪਰਚਲਿਤ ਵਾਰਾਂ ਭਾਈ ਗੁਰਦਾਸ ਜੀ ਦੀਆਂ ਪਉੜੀਆਂ ਵਿਚੋਂ ਕੁਝ ਪਉੜੀਆਂ ਨੂੰ ਗੁਰਬਾਣੀ ਦੇ ਸਿਧਾਂਤ ਅਨੁਸਾਰ ਮਿਲਾ ਕੇ ਪਾਠਕਾਂ ਪ੍ਰਤੀ ਦਰਸਾਇਆ ਜਾਂਦਾ ਹੈ ਕਿ ਕਿਹੜੀਆਂ ਕਿਹੜੀਆਂ ਪਉੜੀਆਂ ਭਾਈ ਸਾਹਿਬ ਜੀ ਦੀਆਂ ਨਹੀਂ ਹਨ। ਜਿਵੇਂ ਕਿ :—

(੧) ਜਾਣ ਕਥੂਰੀ ਮਿਰਗ ਤਨ ਨਾਉ **ਭਗਉਤੀ ਲੋਹ ਘੜਾਇਆ** ॥
ਮੁਸ਼ਕ ਬਿਲੀਅਹੁ ਮੇਦ ਕਰ ਮਜਲਸ ਅੰਦਰ ਮਹਿ ਮਹਿਕਾਇਆ ॥
ਵਾਰ ਭਾਈ ਗੁਰਦਾਸ ਜੀ। ਵਾਰ ੨੫। ਪਉੜੀ ੬ ॥

ਪਰ ਗੁਰੂ ਸਾਹਿਬਾਂ ਦਾ ਸਿਧਾਂਤ ਇਸ ਤੋਂ ਭਿੰਨ ਹੈ। ਜਿਵੇਂ ਕਿ ;—

ਸੋ **ਭਗਉਤੀ** ਜੋ ਭਗਵੰਤੈ ਜਾਣੈ ॥
ਗੁਰ ਪ੍ਰਸਾਦੀ ਆਪੁ ਪਛਾਣੈ ॥
ਧਾਵਤੁ ਰਾਖੈ ਇਕਤੁ ਘਰਿ ਆਣੈ ॥
ਜੀਵਤੁ ਮਰੈ ਹਰਿ ਨਾਮੁ ਵਖਾਣੈ ॥

. Sri Satguru Jagjit Singh Ji eLibrary NamdhariElibrary@gmail.com .

ਐਸਾ **ਭਗਉਤੀ** ਉਤਮ ਹੋਇ ॥
ਨਾਨਕ ਸਚਿ ਸਮਾਵੈ ਸੋਇ ॥ ੨ ॥

ਸਿਰੀ ਰਾਗੁਕੀ ਵਾਰ ਮਹਲਾ ੪ । ਪਉੜੀ ੧੪ । ਮ: ੩ ॥ ਪੰਨਾ ੯੮ ॥

**ਭਗਉਤੀ** ਭਗਵੰਤ ਭਗਤਿ ਕਾ ਰੰਗਿ ॥
ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲਾ ਭਰਮ ॥
ਕਰਿ ਪੂਜੈ ਸਗਲ ਪਾਰਬ੍ਰਹਮ ॥
ਸਾਧ ਸੰਗਿ ਪਾਪਾ ਮਲੁ ਖੋਵੈ ॥
ਤਿਸੁ **ਭਗਉਤੀ** ਕੀ ਮਤਿ ਉਤਮ ਹੋਵੈ ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥
ਮਨੁ ਤਨੁ ਅਰਪੈ ਬਿਸਨ ਪਰੀਤਿ ॥
ਹਰਿ ਕੇ ਚਰਨ ਹਿਰਦੈ ਬਸਾਵੈ ॥
ਨਾਨਕ ਐਸਾ **ਭਗਉਤੀ ਭਗਵੰਤ ਕਉ ਪਾਵੈ** ॥
੨ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੪ ॥

(੨) ਮਾਂ ਪਿਉ ਪਰ ਹਰ, ਸੁਣੈ ਵੇਦ ਭੇਦ ਨਾ ਜਾਣੈ ਕਥਾ ਕਹਾਣੀ ॥
ਮਾਂ ਪਿਉ ਪਰ ਹਰ, ਕਰੈ ਤਪ ਵਣ ਖੰਡ ਭੂਲਾ ਫਿਰੇ ਬਬਾਣੀ ॥
ਵਾਰ ੩ ॥ ਪਉੜੀ ੧੩ ॥

ਪਰ ਗੁਰੂ ਸਾਹਿਬਾਂ ਦਾ ਸਿਧਾਂਤ ਇਸ ਤੋਂ ਭਿੰਨ ਹੈ । ਜਿਵੇਂ ਕਿ :—

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕ ਹਰਿ ਸਿਮਰਤ ਅਮਰ ਅਟਾਰੇ ॥
ਪੁਤ੍ਰ ਹੇਤਿ ਨਾਰਾਇਣੁ ਕਹਿਓ, ਜਮ ਕੰਕਰ ਮਾਰਿ ਬਿਦਾਰੇ ॥
੧ ॥ ੪ ॥ ੨ ॥... ... ... ਮਾਰੂ ਮਹਲਾ ੫ ॥ ਪੰਨਾ ੯੯੯ ॥

ਪਿਆਰੇ ਪਾਠਕ ਜੀਉ ! ਜੇਕਰ ਕੋਈ ਇਹ ਕਹੇ ਕਿ ਇਹ ਤਾਂ ਪ੍ਰਾਚੀਨ ਸਿਧਾਂਤ ਹੈ । ਗੁਰੂ ਸਾਹਿਬਾਂ ਨੇ ਇਸ ਤਰ੍ਹਾਂ ਦਾ ਉਪਦੇਸ਼ ਕਿਧਰੇ ਭੀ ਸਿੱਖਾਂ ਪ੍ਰਤੀ ਨਹੀਂ ਕੀਤਾ ਕਿ ਮਾਤਾ ਪਿਤਾ ਤੇ ਸਾਕ ਸੰਬੰਧੀ ਲੋਕਾਂ ਦਾ ਤਿਆਗ ਕਰਕੇ ਘਰ ਨੂੰ ਛੱਡ ਕੇ ਕੇਵਲ ਸੰਤਾਂ ਮਹਾਤਮਾਂ ਦੀ ਸ਼ਰਣਾਗਤਿ ਜਾ ਪਵੋ ਤੇ ਘਰ ਦਾ ਕੰਮ ਕਾਰ

. Sri Satguru Jagjit Singh Ji eLibrary NamdhariElibrary@gmail.com .

ਤਿਆਗ ਦਿਉ। ਭਾਵ ਕਿ ਗੁਰਮਤਿ ਦਾ ਸਿਧਾਂਤ ਇਸ ਪ੍ਰਾਚੀਨ ਸਿਧਾਂਤ ਤੋਂ ਵਿਰੁਧ ਹੈ। ਜੇਕਰ ਇੰਜ ਹੀ ਮੰਨ ਲਿਆ ਜਾਏ ਤਾਂ ਫਿਰ ਹੇਠ ਲਿਖੇ ਗੁਰਵਾਕ ਦਾ ਕੀ ਭਾਵਾਰਥ ਹੈ। ਜਿਸ ਤਰ੍ਹਾਂ ਕਿ :—

ਐਸੀ ਹੋਇ ਪਰੀ ॥ ਜਾਨ ਤੇ ਦਇਆਰ ॥ ੧ ॥ ਰਹਾਉ ॥
**ਮਾਤਰ ਪਿਤਰ ਤਿਆਗਿ ਕੈ,** ਮਨੁ ਸੰਤਨ ਪਾਹਿ ਬੇਚਾਇਓ ॥
ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥ ੧ ॥
**ਲੋਕ ਕੁਟੰਬ ਤੇ ਟੂਟੀਅ,** ਪ੍ਰਭ ਕਿਰਤਿ ਕਿਰਤਿ ਕਰੀ ॥
ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥ ੨ ॥ ੮ ॥ ੧੩੭ ॥
(ਸਾਰੰਗ ਮਹਲਾ ੫ ॥ ਪੰਨਾ ੧੨੩੭)

(੩) ਪੈਰ ਕੜਾਹੇ ਜਨਕ ਦਾ, ਕਰ ਪਾਖੰਡ ਧਰੰਮ ਧਿਙਾਣਾ ॥
ਆਪ ਗਵਾਇ ਵਿਗੁਚਣਾ ਦਰਗਹ ਪਾਏ ਮਾਣ ਨਿਮਾਣਾ ॥
(ਵਾਰ ੧੨ ॥ ਪਉੜੀ ੧੪)

**ਪਰ—ਗੁਰੂ ਸਾਹਿਬਾਂ ਦਾ ਆਪਣਾ ਸਿਧਾਂਤ ਇਸ ਤੋਂ ਭਿੰਨ ਹੈ :—**
ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥
**ਗੁਰਮੁਖਿ ਜਨਕਿ,** ਹਰਿ ਨਾਮਿ ਲਿਵ ਲਾਈ ॥
ਗੁਰ ਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ ॥
ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥
(ਪਉੜੀ ੧੩ ॥......ਵਡਹੰਸ ਕੀ ਵਾਰ ਮਹਲਾ ੪ ॥ ਪੰਨਾ ੫੯੧)

(੪) ਵਾਹਿਗੁਰੂ ਗੁਰਮੰਤ੍ਰ ਹੈ ਜਪ ਹਉਮੈ ਖੋਈ।
ਆਪ ਗਵਾਏ ਆਪ ਹੈ ਗੁਣਗੁਣੀ ਪਰੋਈ ॥
(ਵਾਰ ੧੩ ॥ ਪਉੜੀ ੨)

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਇਸ ਤੋਂ ਭਿੰਨ ਹੈ।
ਸੁਣਿ ਉਪਦੇਸ ਸਤਿਗੁਰ ਪਹਿ ਆਇਆ ॥
ਗੁਰ 'ਹਰਿ ਹਰਿ' ਨਾਮੁ ਮੋਹਿ ਮੰਤ੍ਰ ਦ੍ਰਿੜਾਇਆ ॥ ੪ ॥ ੪॥ ੪ ॥
(ਆਸਾ ਮਹਲਾ ੫ ॥ ਪੰਨਾ ੩੭੧ ॥)

. Sri Satguru Jagjit Singh Ji eLibrary NamdhariElibrary@gmail.com .

(੫) ਸਤਿਜੁਗਿ ਸਤਿਗੁਰ ਵਾਸਦੇਵ 'ਵਵਾ' ਵਿਸ਼ਨਾ ਨਾਮ ਜਪਾਵ ।
ਦੁਆਪਰਿ ਸਤਿਗੁਰ ਹਰੀਕ੍ਰਿਸ਼ਨ, 'ਹਾਹਾ' ਹਰਿ ਹਰਿ ਨਾਮੁ ਜਪਾਵੈ ।
ਤ੍ਰੇਤੇ ਸਤਿਗੁਰ ਰਾਮ ਜੀ, 'ਰਾਰਾ' ਰਾਮ ਜਪੈ ਸੁਖ ਪਾਵੈ ।
ਕਲਿਜੁਗਿ ਨਾਨਕ ਗੁਰ ਗੋਵਿੰਦ 'ਗਗਾ' ਗੋਬਿੰਦ ਨਾਮ ਅਲਾਵੈ ।
ਚਾਰੇ ਜਾਗੇ ਚਹੁ ਜੁਗੀ ਪੰਚਾਇਣਿ ਵਿਚਿ ਜਾਇ ਸਮਾਵੈ ।
ਚਾਰੋ ਅਛਰ ਇਕੁ ਕਰਿ ਵਾਹਿਗੁਰੂ ਜਪੁ ਮੰਤ੍ਰ ਜਪਾਵੈ ।
ਜਹ ਤੇ ਉਪਜਿਆ ਫਿਰਿ ਤਹਾ ਸਮਾਵੈ ॥ ੪੯ ॥
(ਵਾਰ ਭਾਈ ਗੁਰਦਾਸ ਜੀ ॥ ਵਾਰ ੧ ॥ ਪਉੜੀ ੪੯)

**ਪਰ—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਿਧਾਂਤ ਇਸ ਤੋਂ ਭਿੰਨ ਹੈ ।**

ਸਤਜੁਗਿ ਤੈ ਮਾਣਿਓ ਛਲਿਓ ਬਲਿ 'ਬਾਵਨ' ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮ ਰਘੁਵੰਸੁ ਕਹਾਇਓ ॥
ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥ ਕੀਓ ।
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲ ਅਟਲ ਆਦਿ ਪੁਰਖਿ ਫੁਰਮਾਇਓ ॥ ੭ ॥ ੧੦ ॥
(ਸਵਈਏ ਮਹਲੇ ਪਹਿਲੇ ਕੇ ੧ ॥ ਪੰਨਾ ੧੩੯੦)

(੨) ਨਿਰੰਕਾਰ ਤੇ ਤੁਮ ਆਕਾਰਾ । ਸਰਗੁਨ ਰੂਪ ਬਿਸਨ ਤਨ ਧਾਰਾ ॥
ਸਤਜੁਗ ਮਹਿ ਬਾਵਨ ਬਪੁ ਪਾਵਨਾ । ਮਾਪੇ ਤੀਨ ਲੋਕ ਤੈ ਪਾਵਨਾ ॥੧੮॥
ਤ੍ਰੇਤੈ ਰਘੁਵਰ ਰੂਪ ਸੁਹਾਵਨ । ਘਾਇ ਯਗਨ ਰਾਖਸ਼ ਸੁਤ ਰਾਵਨ ॥
ਦ੍ਵਾਪੁਰ ਹੋਏ ਕ੍ਰਿਸ਼ਨ ਮੁਰਾਰੀ । ਛੱਤ੍ਰ ਨ ਸੈਨ ਅਸੰਖ ਸੰਘਾਰੀ ॥ ੧੯ ॥
ਅਬਿ ਕਲਿ ਜੁਗ ਕੋ ਕਾਲ ਨਿਹਾਰਾ । ਗੁਰੂ ਰੂਪ ਆਪਨ ਕੋ ਧਾਰਾ ॥
ਹਮ ਨਰ ਮੰਦਮਤੀ ਨਹਿ ਜਾਨੈ । ਤੁਮਰੀ ਮਹਿਮਾ ਮਹਦ ਮਹਾਨੈ ॥ ੨੦ ॥
ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ । ਰਾਸ ੩ । ਅੰਸੂ ੪੨ ॥

(ਨੋਟ) ਉਪ੍ਰੋਕਤ ਇਤਿਹਾਸਕ ਪ੍ਰਮਾਣ ਵਿਚ ਭਾਈ ਗੁਰਦਾਸ ਜੀ ਸ੍ਰੀ ਗੁਰੂ

. Sri Satguru Jagjit Singh Ji eLibrary NamdhariElibrary@gmail.com .

ਅਰਜਨ ਦੇਵ ਜੀ ਮਹਾਰਾਜ ਦੀ ਮਹਿਮਾ ਦਾ ਵਰਨਨ ਕਰਦੇ ਹਨ। ਕਿ ਆਪ ਹੀ ਨਿਰੰਕਾਰ ਤੋਂ ਵਿਸ਼ਨੂ ਤੇ ਬਾਵਨ, ਰਾਮ, ਕ੍ਰਿਸ਼ਨ ਆਦਿਕ ਅਵਤਾਰ ਧਾਰਣ ਕਰਦੇ ਹੋਏ ਆਪ ਜੀ ਨੇ ਹੀ ਕਲਜੁਗ ਵਿਚ ਗੁਰੂ ਰੂਪ ਧਾਰਨ ਕੀਤਾ ਹੈ।

ਪਿਆਰੇ ਪਾਠਕ ਜੀਉ ! ਭਾਈ ਗੁਰਦਾਸ ਜੀ ਦੀਆਂ ਇਸ ਤਰ੍ਹਾਂ ਦੀਆਂ ਪਉੜੀਆਂ ਅਨੇਕਾਂ ਹੀ ਲਿਖਕੇ ਦੱਸੀਆਂ ਜਾ ਸਕਦੀਆਂ ਹਨ। ਜਿਨ੍ਹਾਂ ਪਉੜੀਆਂ ਦਾ ਭਾਵ ਗੁਰੂਬਾਣੀ ਦੇ ਸਿਧਾਂਤ ਤੋਂ ਵਿਰੁਧ ਸਾਬਤ ਹੁੰਦਾ ਹੈ। ਪਰ ਪਾਠਕ ਜਨ ਇਨ੍ਹਾਂ ਉਪ੍ਰੋਕਤ ਪੰਜਾਂ ਪਉੜੀਆਂ ਦੇ ਹਵਾਲਿਆਂ ਤੇ ਹੀ ਸੰਤੋਸ਼ ਰੱਖਣਗੇ।

ਇਸੀ ਤਰ੍ਹਾਂ ਹੀ 'ਸਰਲ' ਜੀ ਨੇ ਆਪਣੇ ਉਪ੍ਰੋਕਤ ਲੇਖਾਂ ਵਿਚ ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਦੋ ਪਉੜੀਆਂ ਵਿਚੋਂ ਜੋ ਦੋ ਟੂਕਾਂ ਦਾ ਹਵਾਲਾ ਦੱਸ ਕੇ ਸਿੱਖਾਂ ਦਾ ਮਾਸ ਖਾਣਾ ਸਿੱਧ ਕੀਤਾ ਹੈ। ਇਹ ਵੀ ਪਉੜੀਆਂ ਗੁਰੂਬਾਣੀ ਦੇ ਵਿਰੁਧ ਹੋਣ ਕਰ ਕੇ ਬਨਾਵਟੀ ਹਨ। ਭਾਵ ਭਾਈ ਸਾਹਿਬ ਜੀ ਦੀਆਂ ਕ੍ਰਿਤ ਨਹੀਂ, ਇਸ ਲਈ ਉਪ੍ਰੋਕਤ ਲਿਖਤ ਪਉੜੀਆਂ ਪ੍ਰਮਾਣੀਕ ਨਹੀਂ। ਜੇ ਕਰ ਫਿਰ ਭੀ ਗਿਆਨੀ 'ਸਰਲ' ਜੀਦਾ ਤੇ ਹੋਰ ਸਿੱਖਾਂ ਦਾ ਇਹ ਹਠ ਹੀ ਹੋਵੇ ਕਿ ਉਪ੍ਰੋਕਤ ਲਿਖਤ ਦੋਵੇ ਪਉੜੀਆਂ ਭਾਈ ਗੁਰਦਾਸ ਜੀ ਦੀਆਂ ਹੀ ਕ੍ਰਿਤ ਹਨ। ਇਹ ਗਿਆਨੀ ਜੀ ਦਾ ਤੇ ਹੋਰ ਸਿੱਖਾਂ ਦਾ ਹਠ ਮਾਤ੍ਰ ਹੀ ਹੈ, ਕਿਉਂਕਿ ਜਦ ਅਸੀਂ ਇਨ੍ਹਾਂ ਦੋਹਾਂ ਪਉੜੀਆਂ ਨੂੰ ਗੁਰੂ ਬਾਣੀ ਰੂਪ ਕਸਵਟੀ ਤੇ ਪਰਖਦੇ ਹਾਂ ਤਾਂ ਇਹ ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਧ ਨਹੀਂ ਹੁੰਦੀਆਂ। ਜਿਸ ਦਾ ਸਪੱਸ਼ਟੀ ਕਰਣ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਕਿ :—

(੧) **"ਮਾਸ ਪਵਿੱਤ੍ਰ ਗ੍ਰਿਹਸਤ ਨੋ."**

[ਵਾਰ ਭਾਈ ਗੁਰਦਾਸ ਜੀ। ਵਾਰ ੨੩। ਪਉੜੀ ੧੩॥

ਸ੍ਰੀ ਮਾਨ 'ਸਰਲ' ਜੀ ! ਜੇਕਰ ਭਾਈ ਗੁਰਦਾਸ ਜੀ ਦੇ ਸਿਧਾਂਤ ਅਨੁਸਾਰ ਗ੍ਰਿਹਸਤ ਨੂੰ ਮਾਸ ਖਾਣਾ ਪਵਿੱਤ੍ਰ ਹੁੰਦਾ ਤਾਂ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੀ ਪਰਮੁਖ ਬਾਣੀ ਸ੍ਰੀ ਜਪੁਜੀ ਸਾਹਿਬ ਵਿਖੇ ਇੰਜ ਨਾ ਲਿਖਦੇ। ਜਿਸ ਤਰ੍ਹਾਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਸ੍ਰੀ ਮਾਨ ਗਿਆਨੀ ਜੀ ! ਆਪ ਦੇ ਪਰਮੁਖ ਮਹਾਂ ਕਵੀ ਭਾਈ ਸੰਤੋਖ ਸਿੰਘ

. Sri Satguru Jagjit Singh Ji eLibrary NamdhariElibrary@gmail.com .

ਜੀ ਆਪਣੀ 'ਗਰਬ ਗੰਜਨੀ ਟੀਕਾ ਜਪੁਜੀ' ਨਾਮਕ ਗਰੰਥ ਵਿਚ ਇਸ ਤੁਕ ਦਾ ਅਰਥ ਇੰਜ ਕਰਦੇ ਹਨ ਕਿ :—

"**ਭਾਵਾਰਥ** :—ਅਸੰਖ ਹੀ ਮਲੇਛ ਹੈ, ਜਨਮ ਮਲੇਛ ਕੋ ਹੈ ਅਰਥ ! ਮਲੁ ਕੀ ਇੱਛਾ ਜਿਨ ਕੋ ਹੋਇ ਸੋ ਮਲੇਛ, ਸੋ ਕੈਸੇ ਮਲੇਛ ਹੈ ? ਸਦੀਵ ਹੀ ਮਲ ਕੋ ਹੀ ਭਖਤ ਹੈ । ਮਲ ਕੋ ਅਰਥ ਸਰਬ ਕੋ ਮਲ ਮਾਸ ਸੋ ਖਾਤੇ ਹੈ ਕਾਹੂੰ ਕੋ ਮਾਸ ਨਹੀਂ ਛਾਡਤ ਹੈ ।"

(੨) **'ਕੁਤੇ ਰੱਖ ਸ਼ਿਕਾਰ ਖਿਲਾਇਆ ॥'**

(ਵਾਰ ਭਾਈ ਗੁਰਦਾਸ ਜੀ । ਵਾਰ ੨੬ । ਪਉੜੀ ੨੪ ।

ਪਿਆਰੇ ਪਾਠਕ ਜੀਓ ! ਜੇ ਕਰ ਗੁਰੂ ਅਰਜਨ ਸਾਹਿਬ ਜੀ ਸ਼ਿਕਾਰ ਖੇਡਣ ਨੂੰ ਚੰਗਾ ਕੰਮ ਸਮਝਦੇ ਹੁੰਦੇ ਤਾਂ ਫਿਰ ਆਪਣੇ ਰਚਿਤ : ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸ੍ਰੀ ਕਬੀਰ ਜੀ ਦੀ ਬਾਣੀ ਦੇ ਹੇਠ ਲਿਖੇ ਸਲੋਕ ਨੂੰ ਪਾਸ ਕਰ ਕੇ ਕਦੀ ਭੀ ਨ ਲਿਖਦੇ । ਜਿਵੇਂ ਕਿ :—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ ॥
**'ਹੇਰਾ ਰੋਟੀ' ਕਾਰਨੇ**, ਗਲਾ ਕਟਾਵੈ ਕਉਨੁ ॥ ੧੮੮ ॥

ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

ਭਾਈ ਗੁਰਦਾਸ ਜੀ ਦੀ ਬਾਣੀ ਦੀ ਉਪ੍ਰੋਕਤ ੨ ਨੰਬਰ ਤੁਕ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਸਿੱਧ ਹੁੰਦੀ ਹੈ । ਜੇਕਰ ਇੰਜ ਨਹੀਂ ਤਾਂ ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਉਪ੍ਰੋਕਤ ਲਿਖਤ ਸਲੋਕ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪਾਸ ਕਰ ਕੇ ਭਾਈ ਗੁਰਦਾਸ ਜੀ ਪਾਸੋਂ ਕਿਉਂ ਲਿਖਵਾਇਆ ਸੀ ? ਜਿਸ ਤੋਂ ਇਹ ਸਪਸ਼ਟ ਹੈ ਕਿ ਭਾਈ ਗੁਰਦਾਸ ਜੀ ਪਹਿਲੇ ਆਪਣੀ ਹੱਥੀਂ ਇਹ ਸਲੋਕ ਲਿਖ ਚੁਕੇ ਸਨ, ਫਿਰ ਆਪਣੀ ਬਾਣੀ ਵਿਚ ਸ੍ਰੀ ਗੁਰੂ ਸਾਹਿਬ ਜੀ ਦੀ ਬਾਣੀ ਦੇ ਸਿਧਾਂਤ ਤੋਂ ਵਿਰੁੱਧ ਇਹ ਕਿਵੇਂ ਲਿਖ ਸਕਦੇ ਸਨ, ਕਿ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਰਾਏ ਜੀ 'ਕੁਤੇ ਰੱਖ ਕੇ ਸ਼ਿਕਾਰ ਖਿਲਾਇਆ ਕਰਦੇ ਸਨ, ਤਾਂ ਤੇ ਉਪ੍ਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਪਉੜੀ ਕਿਸੇ ਚਤੁਰ ਮਾਸਾਹਾਰੀ ਸਿੱਖ ਨੇ ਭਾਈ ਗੁਰਦਾਸ ਜੀ

. Sri Satguru Jagjit Singh Ji eLibrary NamdhariElibrary@gmail.com .

ਦੇ ਮਗਰੋਂ ਲਿਖ ਕੇ ਪਾ ਦਿੱਤੀ ਹੈ। ਭਾਵ ਇਹ ਉਪ੍ਰੋਕਤ ਪਉੜੀ ਭਾਈ ਗੁਰਦਾਸ ਜੀ ਦੀ ਆਪਣੀ ਰਚਿਤ ਨਹੀਂ।

**ਸ਼ੰਕਾ** :—ਪਿਆਰੇ ਪਾਠਕ ਜੀਉ ! ਜੇਕਰ ਇਥੇ 'ਸਰਲ' ਜੀ ਇਹ ਇਤਰਾਜ ਕਰਨ ਕਿ ਇਹ ਸਲੋਕ ਗੁਰੂ ਸਾਹਿਬਾਂ ਦਾ ਆਪਣਾ ਕ੍ਰਿਤ ਨਹੀਂ ਹੈ, ਇਹ ਤਾਂ ਕਬੀਰ ਭਗਤ ਦਾ ਕ੍ਰਿਤ ਹੈ। ਜਿਸ ਦੇ ਸੰਬੰਧ ਵਿਚ ਭਾਈ ਗੁਰਦਾਸ ਜੀ ਆਪਣਾ ਵਿਚਾਰ ਪ੍ਰਗਟ ਕਰਦੇ ਹਨ। ਦੇਖੋ ਇਸੇ ਗਰੰਥ (ਝਟਕਾ ਪ੍ਰਕਾਸ਼) ਦੇ ਪੰਨੇ ੧੩੧ ਤੋਂ ੧੩੨ ਤਕ ਲਿਖਿਆ ਹੈ ਕਿ :—

"ਜੇਹੜੇ ਭਗਤ ਕਰਾਮਾਤਾਂ ਦਿਖਾਉਂਦੇ ਰਹੇ ਹਨ ਉਹਨਾਂ ਦੇ ਬਾਰੇ ਭਾਈ ਸਾਹਿਬ ਇੰਜ ਫੁਰਮਾਉਂਦੇ ਹਨ :—

(੩) ਧ੍ਰੂ ਪ੍ਰਹਿਲਾਦ ਬਿਭੀਖਣੋ
ਅੰਬਰੀਕ ਬਲ ਜਨਕ ਵਖਾਣਾ।
ਰਾਜ ਕੁਆਰ ਹੋਇ ਰਾਜਸੀ
ਆਸਾ ਬੇਧ ਚੋਜ ਵਿਡਾਣਾ।
ਧ੍ਰੂ ਮਤਰੇਈ ਚੰਡਿਆ
ਪੀਉ ਫੜ ਪ੍ਰਹਿਲਾਦ ਰੰਵਾਣਾ।
ਭੇਦ ਬਿਭੀਖਣ ਲੰਕ ਲੈ
ਅੰਬਰੀਕ ਲੈ ਚਕ੍ਰ ਲੁਭਾਣਾ।
ਪੈਰ ਕੜਾਹੇ ਜਨਕ ਦਾ,
ਕਰ ਪਾਖਡ ਧਰੰਮ ਧਿਙਾਣਾ।
ਆਪ ਗਣਾਇ ਵਿਗੁਚਣਾ
ਦਰਗਹਿ ਪਾਵੈ ਮਾਣ ਨਿਮਾਣਾ॥
(ਵਾਰ ੧੨—੧੪)

(੪) ਕਲਜੁਗ ਨਾਮਾ ਭਗਤ ਹੋਇ
ਫੇਰ ਦੇਹੁਰਾ ਗਾਇ ਜੀਵਾਈ।
ਭਗਤ ਕਬੀਰ ਵਖਾਣੀਐ,
ਬੰਦੀਖਾਨੇ ਤੇ ਉਠ ਜਾਈ।

. Sri Satguru Jagjit Singh Ji eLibrary NamdhariElibrary@gmail.com .

ਪੈਰੀਂ ਪੈ ਪੈਖਾਕ ਹੋਇ
ਗੁਰ ਸਿੱਖਾਂ ਵਿਚ ਵਡੀ ਸਮਾਈ ॥
(ਵਾਰ ੧੨ ਪਉੜੀ ੧੫)

ਇਥੇ ਭਗਤਾਂ ਦੀਆਂ ਕਰਾਮਾਤਾਂ ਨੂੰ 'ਆਸਾ ਬੰਧੀ' ਮਤਰੇਈ ਚੰਡਿਆ, 'ਪੀਉ ਰੰਞਾਣਾਂ', 'ਲੰਕਾ ਲੈਣੀ', 'ਚਕ੍ਰ ਲੁਭਾਣਾ', 'ਕਰ ਪਾਖੰਡ', 'ਧਰਮ ਧਿੰਙਾਣਾ' ਲਿਖ ਕੇ 'ਆਪ ਗਣਾਇ ਵਿਗੁਚਣਾ' 'ਦਰਗਹਿ ਪਾਵੇ ਮਾਣ ਨਿਮਾਣਾ' ਕਹਿ ਕੇ ਸਿੱਖੀ ਦਾ ਨਿਸ਼ਾਨਾ ਇਸ ਤੋਂ ਉੱਚਾ ਲੈ ਗਏ ਹਨ।

ਨਾਮ ਦੇਵ ਦਾ ਗਊ ਜੀਵਾਉਣਾ, ਦੇਹੁਰਾ ਫੇਰਨਾ ਤੇ ਕਬੀਰ ਜੀ ਦਾ ਬੰਦੀ-ਖਾਨੇ ਤੋ ਉੱਠ ਜਾਣਾ ਵਾਲੇ ਕੌਤਕਾਂ ਨੂੰ ਆਪਾ ਜਤਾਉਣਾ ਦੱਸਿਆ ਹੈ ਜਿਸ ਨੂੰ ਗੁਰਸਿੱਖੀ ਵਿਚ ਨੀਵਾਂ ਦਰਜਾ ਦਿੱਤਾ ਗਿਆ ਹੈ।

"ਇਸੇ ਵਾਸਤੇ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬਹਿਣ ਵੇਲੇ ਤੇ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਵਿਚ ਸੀਸ ਦੇਣ ਵੇਲੇ ਕਰਾਮਾਤ ਨਹੀਂ ਦਿਖਾਈ ਤੇ ਇਸ ਤਰ੍ਹਾਂ ਆਪਾ ਨਹੀਂ ਜਣਾਇਆ।

"ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਵਰਗੇ ਸਿਦਕੀ ਸਿੱਖ ਬੰਦ ਬੰਦ ਕਟਵਾ ਲੈਂਦੇ ਹਨ, ਚਰਖੀਆਂ ਉਤੇ ਚੜ੍ਹ ਜਾਂਦੇ ਹਨ ਤੇ ਖੋਪਰੀਆਂ ਉਤਰਵਾ ਲੈਂਦੇ ਹਨ, 'ਆਵਟਣ' ਸਹਿ ਲੈਂਦੇ ਹਨ ; ਆਪਣੀ ਮਹਾਨ ਸ਼ਕਤੀ ਨੂੰ ਦਿਲ ਰੂਪੀ ਦਰਯਾ ਵਿਚ ਸਮਾ ਕੇ ਵਿਖਾ ਦੇਂਦੇ ਹਨ।

"ਪਰ ਭਗਤਾਂ ਵਾਂਙੂ, 'ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ' ਦੇ ਵਾਸਤੇ ਨਹੀਂ ਪਾਏ ਤੇ ਨਾ ਹੀ 'ਡੂਬ ਮੂਏ ਨਉਕਾ ਮਿਲੈ ਕਹੁ ਕਾਹੇ ਚੜਾਵਉ' ਵਾਲਾ ਗਿਲਾ ਹੀ ਕੀਤਾ ਹੈ। ਕੀ ਗੁਰੂ ਅਰਜਨ ਦੇਵ ਜੀ ਭਗਤ ਨਾਮ ਦੇਵ ਵਰਗੀ ਸ਼ਕਤੀ ਨਹੀਂ ਸਨ ਰਖਦੇ ?"

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੀ ਕਾਲੀ ਕਰਤੂਤ ਤੇ ਆ ਉੱਤਰੇ ਹਨ, ਗੁਰਬਾਣੀ ਤੇ ਟੀਕਾ ਟਿੱਪਣੀ ਕਰਨ ਲੱਗ ਪਏ ਹਨ। ਤੇ ਆਪਣਾ ਲਖਸ਼ ਭੁੱਲ ਚੁੱਕੇ ਹਨ। ਗਿਆਨੀ ਜੀ ਨੇ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਿਆ ਹੀ ਨਹੀਂ ਹੈ। ਜੇਕਰ ਧਿਆਨ ਪੂਰਵਕ ਪੜ੍ਹਿਆ ਹੁੰਦਾ ਤਾਂ ਇਸ

Sri Satguru Jagjit Singh Ji eLibrary NamdhariElibrary@gmail.com

ਤਰ੍ਹਾਂ ਦੇ ਲੇਖ ਨਾ ਲਿਖਦੇ ਕਿ ਭਗਤਾਂ ਨੇ ਕਰਾਮਾਤਾਂ ਦਿਖਾਈਆਂ ਹਨ ਤੇ ਗੁਰੂ ਸਾਹਿਬਾਂ ਨੇ ਕੋਈ ਕਰਾਮਾਤ ਨਹੀਂ ਦਿਖਾਈ ਤੇ ਨਾ ਹੀ ਭਗਤਾਂ ਦੀ ਤਰ੍ਹਾਂ ਗੁਰੂ ਸਾਹਿਬਾਂ ਨੇ ਤਰਲੇ (ਹਾੜੇ) ਪਾਏ, ਇਹ ਗਿਆਨੀ ਜੀ ਨੇ ਕੋਰਾ ਝੂਠ ਹੀ ਲਿਖ ਮਾਰਿਆ ਹੈ ਕਿਉਂਕਿ ਜਦ ਅਸੀਂ ਨਿਰਪੱਖ ਹੋ ਕੇ ਸਿੱਖ ਇਤਿਹਾਸ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਪੜ੍ਹਦੇ ਹਾਂ ਤਾਂ ਇਨ੍ਹਾਂ ਵਿਚ ਅਨੇਕਾਂ ਹੀ ਗੁਰੂ ਸਾਹਿਬਾਂ ਦੀਆਂ ਕਰਾਮਾਤਾਂ ਸਿੱਧ ਹੁੰਦੀਆਂ ਹਨ। ਭਾਈ ਤਾਰੂ ਸਿੰਘ ਜੀ ਨੇ ਸੂਬੇ ਨੂੰ ਕਿਹਾ ਤੈਨੂੰ ਅੱਗੇ ਲਾ ਕੇ ਲੈ ਜਾਵਾਂਗਾ ਅਤੇ ਭਾਈ ਜੀ ਜਲਾਦ ਨੂੰ ਕਿਹਾ ਮੇਰੇ ਕੇਸ ਨਹੀਂ ਕੱਟੇ ਜਾ ਸਕਦੇ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਈ ਜੀ ਆਪਣੀ ਸ਼ਕਤੀ ਵਿਖਾਈ ਹੈ।

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਜੀ)

ਪਰ ਸਰਲ ਜੀ ਇਸ ਨੂੰ ਖੰਡਨ ਕਰਦੇ ਹਨ।

ਜੇਕਰ ਲੋੜ ਪਈ ਤਾਂ ਗੁਰੂ ਸਾਹਿਬਾਂ ਦੀਆਂ ਕਰਾਮਤਾਂ ਦੱਸੀਆਂ ਜਾਣਗੀਆਂ ਇਥੇ ਇੰਨਾਂ ਹੀ ਦੱਸ ਦੇਣਾ ਜ਼ਰੂਰੀ ਸਮਝਦਾ ਹਾਂ ਕਿ ਗੁਰੂ ਸਾਹਿਬਾਂ ਦੇ ਹਿਰਦੇ ਵਿਚ ਭਗਤਾਂ ਦਾ ਵੱਡਾ ਸਤਕਾਰ ਸੀ, ਕੀ ਹੋਇਆ ਕਿ ਅੱਜ ਕਲ੍ਹ ਦੇ ਸਿੱਖ ਨਹੀਂ ਮੰਨਦੇ। ਜਿਸ ਦਾ ਸਬੂਤ ਗੁਰੂ ਸਾਹਿਬਾਂ ਦੀ ਮੁਖਾਰਬਿੰਦ ਤੋਂ ਉਚਾਰਣ ਹੋਈ ਬਾਣੀ ਵਿਚੋਂ ਹੀ ਭਗਤਾਂ ਦੀ ਮਹਿਮਾ ਸਪਸ਼ਟ ਪਈ ਨਜ਼ਰ ਆਉਂਦੀ ਹੈ। ਜਿਸ ਤਰ੍ਹਾਂ ਕਿ :—

(੧) ਭਲੋ ਕਬੀਰ ਦਾਸ ਦਾਸਨ ਕੋ, ਊਤਮੁ ਸੈਨੁ ਜਨ ਨਾਈ ॥
ਊਚ ਤੇ ਊਚ ਨਾਮ ਦੇਉ ਸਮਦਰਸੀ, ਰਵਿਦਾਸ ਠਾਕੁਰ ਬਣਿ ਆਈ ॥
੧ ॥ ੨ ॥ ੪ ॥ ੧੮ ॥.........ਸਾਰੰਗ ਮਹਲਾ ੫ ॥ ਪੰਨਾ ੧੨੦੭ ॥

(੨) ਸਾਧ ਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ ॥
ਨਾਮਦੇਉ, ਤ੍ਰਿਲੋਚਨ, ਕਬੀਰ ਦਾਸਰੋ, ਮੁਕਤਿ ਭਇਓ ਚੰਮਿਆਰੋ ॥
੨ ॥ ੧ ॥ ੧੦ ॥...... ... ਗੂਜਰੀ ਮਹਲਾ ੫ ॥ ਪੰਨਾ ੪੯੮ ॥

(੩) ਨਾਮਾ ਛੀਬਾ ਕਬੀਰ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ, ਹਉਮੈ ਜਾਤਿ ਗਵਾਈ ॥

. Sri Satguru Jagjit Singh Ji eLibrary NamdhariElibrary@gmail.com .

ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ ॥
੩ ॥ ੮ ॥ ੫ ॥ ੨੨ ॥........ ਸਿਰੀ ਰਾਗ ਮਹਲਾ ੩ ॥ ਪੰਨਾ ੬੭ ॥

(੪) ਕਲਜੁਗਿ ਨਾਮੁ ਪ੍ਰਧਾਨ ਪਦਾਰਥੁ ਭਗਤ ਜਨਾ ਉਧਰੇ ॥
ਨਾਮਾ ਜੈਦੇਉ, ਕਬੀਰ, ਤ੍ਰਿਲੋਚਨ ਸਭਿ ਦੋਖ ਗਏ ਚਮਰੇ ॥
ਗੁਰਮੁਖਿ ਨਾਮਿ ਲਗੇ ਸੇ ਉਧਰੇ ਸਭਿ ਕਿਲ ਬਿਖ ਪਾਪ ਟਰੇ ॥
੨ ॥ ੪ ॥ ੧ ॥.........ਮਾਰੂ ਮਹਲਾ ੪ ॥ ੯੯੫ ॥

(੫) ਕਬੀਰ ਧਿਆਇਓ ਏਕ ਰੰਗ ॥
ਨਾਮ ਦੇਵ ਹਰਿ ਜੀਉ ਬਸਹਿ ਸੰਗਿ ॥
ਰਵਿ ਦਾਸ ਧਿਆਇਓ ਪ੍ਰਭ ਅਨੂਪ ॥
ਗੁਰ ਨਾਨਕ ਦੇਵ ਗੋਵਿੰਦ ਰੂਪ ॥
੮ ॥ ੧ ॥.........ਬਸੰਤ ਮਹਲਾ ੫ ॥ ਪੰਨਾ ੧੧੯੨ ॥

ਸ੍ਰੀ ਮਾਨ ਗਿਆਨੀ ਜੀਉ ! ਇਥੇ ਹੀ ਬਸ ਨਹੀਂ, ਬਲਕਿ ਭਗਤਾਂ ਦੀ ਬਾਣੀ ਨੂੰ ਆਪਣੀ ਬਾਣੀ ਦੇ ਤੁੱਲ ਹੀ ਸਤਕਾਰਿਆ ਹੈ। ਜਿਵੇਂ ਕਿ :—

(੧) ਭਗਤ ਜਨਾ ਕੀ ਊਤਮ ਬਾਣੀ, ਗਾਵਹਿ ਅਕਥ ਕਥਾ ਨਿਤ ਨਿਆਰੀ ॥
ਸਫਲ ਜਨਮੁ ਭਇਆ ਤਿਨ ਕੇਰਾ ਆਪਿ ਤਰੇ ਕੁਲ ਤਾਰੀ ॥
੪ ॥ ੮ ॥ ੧ ॥ ੭ ॥ ........ਗੂਜਰੀ ਮਹਲਾ ੪ ॥ ਪੰਨਾ ੫੦੭ ॥

(੨) ਭਗਤ ਜਨਾ ਕੀ ਊਤਮ ਬਾਣੀ, ਜੁਗਿ ਜੁਗਿ ਰਹੀ ਸਮਾਈ ॥ ੨੦ ॥
ਬਾਣੀ ਲਾਗੈ ਸੋ ਗਤਿ ਪਾਏ, ਸਬਦੇ ਸਚਿ ਸਮਾਈ ॥ ੨੧ ॥
੨੭ ॥ ੨ ॥......... ਰਾਮਕਲੀ ਮਹਲਾ ੩ ॥ ਪੰਨਾ ੯੦੯ ॥

ਪਿਆਰੇ ਪਾਠਕ ਜੀਉ ! ਗੁਰੂ ਸਾਹਿਬਾਂ ਨੇ ਜਿਸ ਤਰਾਂ ਨੰਬਰ ੧ ਤੇ ੨ ਵਾਲੇ ਗੁਰ ਪ੍ਰਮਾਣ ਵਿਚ ਭਗਤ ਬਾਣੀ ਨੂੰ ਉਤਮ ਕਹਿ ਕੇ ਲਿਖਿਆ ਹੈ। ਜਿਵੇਂ ਕਿ ਸੰਸਾਰ ਵਿਚ ਤਿੰਨ ਤਰ੍ਹਾਂ ਦੇ ਵਾਕ ਮਿਲਦੇ ਹਨ ਉਤਮ, ਮਧਮ, ਕਨਿਸ਼ਟ ਇਹਨਾਂ ਤਿਨਾਂ ਸ਼ਬਦਾਂ ਵਿਚੋਂ ਭਗਤ ਬਾਣੀ ਨੂੰ ਉਤਮ ਬਾਣੀ ਕਰ ਕੇ ਹੀ ਲਿਖਿਆ ਹੈ, ਭਗਤ ਬਾਣੀ ਨੂੰ ਗੁਰੂ ਸਾਹਿਬਾਂ ਨੇ ਕਿਧਰੇ ਮਧਮ ਪਦ ਨਹੀ ਲਾਇਆ। ਜਿਸ ਤੋਂ ਇਹ ਸਪਸ਼ਟ ਹੈ ਕਿ ਗੁਰਬਾਣੀ ਤੇ ਭਗਤ ਬਾਣੀ ਇਕ ਰੂਪ ਹੀ ਹੈ, ਇਸ ਵਿਚ ਕੁਝ ਭੀ ਭਿੰਨ ਭੇਦਤਾ ਨਹੀਂ।

. Sri Satguru Jagjit Singh Ji eLibrary NamdhariElibrary@gmail.com .

ਜੇਕਰ ਇਹੀ ਹਠ ਕੀਤਾ ਜਾਵੇ ਕਿ ਇਹ ਸਲੋਕ ਭਗਤ ਬਾਣੀ ਦਾ ਹੈ, ਇਸ ਲਈ ਗੁਰੂ ਜੀ ਜੁਮੇਵਾਰ ਨਹੀਂ ਹਨ, ਤਾਂ ਸ੍ਰੀ ਮਾਨ ਜੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਈ ਸ੍ਰੀ ਕਬੀਰ ਜੀ ਦੀ ਬਾਣੀ ਦੇ ਪਾਠਾਂ ਦਾ ਭੇਦ ਹੈ, ਉਹ ਭੇਦ ਕਿਸ ਨੇ ਪਾਇਆ। ਜਿਵੇਂ ਕਿ :—

(੧) ਕਬੀਰ ਜੋਰ ਕਰਿ ਜਬਹ ਕਰੈ, ਮੁਖ ਸੋਂ ਕਹੈ ਹਲਾਲ ॥
ਸਾਹਬ ਲੇਖਾ ਮਾਂਗਸੀ, ਤਬ ਹੋਸੀ ਕੌਨ ਹਵਾਲ ॥ ੨੮ ॥

(੨) ਕਬੀਰ ਜੋਰ ਕੀਯਾ ਜ਼ੁਲੂਮ ਹੈ, ਮਾਂਗੈ ਜਵਾਬ ਖੁਦਾਯ ॥
ਖਾਲਿਕ ਦਰਖੁਨੀ ਖੜਾ ਮਾਰ ਮੁੱਹੀ ਮੁੱਹ ਖਾਯ ॥ ੨੯ ॥

(੩) ਕਬੀਰ ਖੂਬ ਖਾਨਾ ਹੈ ਖੀਚੜੀ ਮਾਹੀਂ ਪਰੀ ਟੂਕ ਲੋਨ ॥
ਮਾਸ ਪਰਾਯਾ ਖਾਯ ਕੈ, ਗਲਾ ਕਟਾਵੈ ਕੌਨ ॥ ੩੦ ॥

(ਸਤਯ ਕਬੀਰ ਦੀ ਸਾਖੀ ਗ੍ਰੰਥ। ਮਾਸਾਹਾਰੀ ਕੋ ਅੰਗ ੬੧ ਵਿਚੋਂ)

ਮੁਦ੍ਰਕ ਤੇ ਪ੍ਰਕਾਸ਼ਕ :—ਖੇਮਰਾਜ, ਸ੍ਰੀ ਕ੍ਰਿਸ਼ਨ ਦਾਸ। ਮਾਲਿਕ "ਸ੍ਰੀ ਵੇਂਕਟੇਸ਼ਵਰ" ਸਟੀਮ ਪ੍ਰੈਸ, ਬੰਬਈ। ਸੰਬਤ ੨੦੦੯, ਸਕੇ ੧੮੭੪ ॥ ਸੁਵਾਮੀ ਸ੍ਰੀ ਯੁਗਲ ਅਨੰਦ ਕਬੀਰ ਪੰਥੀ ਜੀ ਮਹਾਰਾਜ (ਦੁਆਰਾ) ਪ੍ਰਕਾਸ਼ਤ ਹੋਏ ਗ੍ਰੰਥ ਦੇ ਪੰਨੇ ੨੩੨ ਤੇ ੨੩੩ ਵਿਚੋਂ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੇ ਸ੍ਰੀ ਕਬੀਰ ਜੀ ਦੇ ਸਲੋਕ ਇੰਜ ਹਨ ॥

(੧) ਕਬੀਰ ਜੋਰ ਕੀਏ ਜੁਲਮੁ ਹੈ ਕਹਤਾ ਨਾਉ ਹਲਾਲ ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥
੧੮੭ ॥... ... ...ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

(੨) ਕਬੀਰ ਜੋਰੁ ਕੀਆ ਸੋ ਜੁਲਮ ਹੈ ਲੇਇ ਜਬਾਬੁ ਖੁਦਾਇ ॥
ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥
੨੦੦ ॥... ... ...ਸ੍ਰੀ ਕਬੀਰ ਜੀਉ ॥ ਪੰਨਾ ੧੩੭੫ ॥

(੩) ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥
**'ਹੇਰਾ' ਰੋਟੀ ਕਾਰਨੇ** ਗਲਾ ਕਟਾਵੈ ਕਉਨੁ ॥
੧੮੮ ॥............ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਮਾਨ 'ਸਰਲ' ਜੀ ! ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਈ ਬਾਣੀ ਦੇ ਪਾਠ ਭੇਦ ਆਪਣੇ ਪਾਸੋਂ ਪਾਉਣ ਵਾਲੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਹੀ ਜੁਮੇਵਾਰ ਹਨ। ਜੇ ਕਰ ਹੱਠ ਹੀ ਹੈ ਤਾਂ ਉਹ ਕਬੀਰ ਸਾਖੀ ਆਦਿਕ ਗ੍ਰੰਥਾਂ ਦੇ ਪਾਠ ਸ੍ਰੀ ਕਬੀਰ ਜੀ ਦੇ ਜਿਉਂ ਕੇ ਤਿਉਂ ਕਿਉਂ ਨਹੀਂ ਰਹਿਣ ਦਿੱਤੇ ?

ਇਸ ਕਰ ਕੇ ਹੀ ਸ੍ਰੀ ਕਬੀਰ ਜੀ ਦਾ ਉਪ੍ਰੋਕਤ ਸ਼ਲੋਕ "ਹੇਰਾ ਰੋਟੀ ਕਾਰਨੇ ਗਲਾ ਕਟਾਵੇ ਕਉਨ" ਇਹ ਭਗਤ ਬਾਣੀ, ਗੁਰਬਾਣੀ ਦੇ ਤੁਲ ਹੀ ਸਤਕਾਰ ਯੋਗ ਹੈ। ਗੁਰਬਾਣੀ ਦੇ ਉਪ੍ਰੋਕਤ ਜਿਨ੍ਹਾਂ ਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਦੇ ਸਿਧਾਂਤ ਅਨੁਸਾਰ ਉਪ੍ਰੋਕਤ ਭਾਈ ਗੁਰਦਾਸ ਜੀ ਦੀਆਂ ਦੋਵੇਂ ਪਉੜੀਆਂ "ਮਾਸ ਪਵਿਤ੍ਰ ਗ੍ਰਿਹਸਤ ਨੋ", ਤੇ "ਕੁਤੇ ਰੱਖ ਸ਼ਿਕਾਰ ਖਿਲਾਇਆ" ਨਹੀਂ ਹਨ। ਤਾਂਤੇ ਇਨ੍ਹਾਂ ਉਪ੍ਰੋਕਤ ਭਾਈ ਗੁਰਦਾਸ ਜੀ ਦੀ ਬਾਣੀ ਦੇ ਹਵਾਲਿਆਂ ਤੋਂ ਸਿਖਾਂ ਦਾ ਮਾਂਸ ਖਾਣਾ ਸਿੱਧ ਨਹੀਂ ਹੁੰਦਾ। ਤਥਾ :

ਜੇਕਰ ਕਿਹਾ ਜਾਵੇ ਕਿ 'ਝਟਕਾ ਪ੍ਰਕਾਸ਼' ਦੇ ਪੰਨੇ ੧੯੯ ਤੇ ਲਿਖਿਆ ਹੈ ਕਿ ਮੁੱਲਾਂ ਲੋਕ ਕੁਰਬਾਨੀ ਦੇ ਬਹਾਨੇ ਗਲ ਵੱਢਦੇ ਹਨ ਜਾਨਵਰ ਦਾ, ਮਾਸ ਖਾਂਦੇ ਹਨ ਆਪ, ਤੇ ਅਹਿਸਾਨ ਕਰਦੇ ਹਨ ਖੁਦਾ ਉਤੇ, ਇਹ ਤਰੀਕਾ ਉਨ੍ਹਾਂ ਦਾ ਜ਼ੋਰ ਜ਼ੁਲਮ ਵਾਲਾ ਤੇ ਠੱਗੀ ਭਰਪੂਰ ਹੈ, ਇਸ ਭਾਵ ਦੇ ਇਹ ਸ਼ਲੋਕ ਹਨ ਜੋ ਦਰਜ ਕੀਤੇ ਜਾਂਦੇ ਹਨ। ਜਿਵੇਂ ਕਿ :—

ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ ॥ ੧੮੭॥
ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ॥
'ਹੇਰਾ' ਰੋਟੀ ਕਾਰਨੇ...... ਗਲਾ ਕਟਾਵੈ ਕਉਨੁ ॥ ੧੮੮ ॥

...........ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

ਆਦੀ ਇਸ ਵਿਚ ਗਿਆਨੀ ਜੀ ਦਾ ਇਹ ਭਾਵ ਹੈ ਕਿ ਇਹ ਮੁਸਲਮਾਨਾਂ ਦੀ ਕੁਰਬਾਨੀ ਦੇ ਖੰਡਨ ਹਿਤ ਸਲੋਕ ਹਨ, ਗੁਰਸਿੱਖਾਂ ਲਈ ਇਸ ਵਿਚ ਕੋਈ ਉਪਦੇਸ਼ ਨਹੀ ? । ਤਾਂ ਇੰਜ ਅਸੀਂ ਵੀ ਗਿਆਨੀ ਜੀ ਨੂੰ ਇਹ ਕਹਿ ਸਕਦੇ ਹਾਂ ਕਿ ਆਪ ਨੇ ਜੋ ਪੰਨੇ ੧੫੨ ਤੇ "ਪਹਿਲਾ ਮਾਸੋਂ ਨਿਮਿਆਂ ਮਾਸੈ ਅੰਦਰ ਵਾਸ

. Sri Satguru Jagjit Singh Ji eLibrary NamdhariElibrary@gmail.com .

ਵਾਲੇ ਸ਼ਬਦ ਦਾ ਪ੍ਰਮਾਣ ਪ੍ਰਗਟ ਕੀਤਾ ਹੈ ਕਿ ਗਿਆਨ ਧਿਆਨ ਕਛ ਸੂਝੈ ਨਾਹੀ ਚਤਰ ਕਹਾਵੈ ਪਾਂਡੇ। ਤਾਂ ਇਹ ਸਾਰਾ ਸ਼ਬਦ ਵੀ ਪੰਡਤਾਂ ਪ੍ਰਤੀ ਹੀ ਕਥਨ ਕੀਤਾ ਹੈ। ਗੁਰ ਸਿੱਖਾਂ ਦੇ ਮਾਸ ਖਾਣ ਵਾਸਤੇ ਨਹੀਂ। ਤੇ ਜੇਤੇ ਦਾਣੇ ਅੰਨ ਕੈ ਜੀਆ ਬਾਝ ਨ ਕੋਇ। ਆਦੀ ਵੀ ਸੂਤਕ ਨੂੰ ਮੰਨਣ ਵਾਲੇ ਪੰਡਿਤਾਂ ਪ੍ਰਤੀ ਹੀ ਉਪਦੇਸ਼ ਹੈ, ਗੁਰ ਸਿੱਖਾਂ ਵਾਸਤੇ ਨਹੀਂ। ਤਥਾ: ਜੇ ਕਰ ਫਿਰ ਭੀ ਹਠ ਹੀ ਹੈ ਤਾਂ ਕੁਝ ਬਾਣੀ ਹਿੰਦੂਆਂ ਨੂੰ ਉਪਦੇਸ਼ ਦੇਣ ਵਾਸਤੇ ਰਚੀ ਅਤੇ ਕੁਝ ਮੁਸਲਮਾਨਾਂ ਭਾਈਆਂ ਵਾਸਤੇ ਰਚੀ, ਕੁਛ ਸਿੱਧ ਤਥਾ ਜੋਗੀਆਂ ਨੂੰ ਉਪਦੇਸ਼ ਦੇਣ ਵਾਸਤੇ ਰਚੀ ਗਈ, ਤਾਂ ਇਸ ਤਰ੍ਹਾਂ ਸ੍ਰੀ ਮਾਨ ਜੀ ਸਿੱਖਾਂ ਵਾਸਤੇ ਕਿਹੜੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਜਿਸ ਦਾ ਉਪਦੇਸ਼ ਸਿੱਖਾਂ ਵਾਸਤੇ ਹੋਇਆ, ਮੰਨ ਲਿਆ ਜਾਵੇ। ਜਿਵੇਂ ਕਿ ;—

(੧) ਆਵਹੁ ਸਿੱਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ॥

(੨) ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

ਆਦਿਕ ਹੀ ਸ਼ਬਦ ਹਨ, ਸ੍ਰੀ ਮਾਨ ਜੀ ਇਨ੍ਹਾਂ ਵਿਚ ਵੀ ਸਿੱਖਾਂ ਨੂੰ ਮਾਸ ਖਾਣ ਦਾ ਉਪਦੇਸ਼ ਕੋਈ ਨਹੀਂ। ਜੇ ਕਰ ਕਿਹਾ ਜਾਵੇ ਕਿ ਜੋਗੀ, ਸਿੱਧਾਂ, ਹਿੰਦੂਆਂ ਤੇ ਪੰਡਿਤਾਂ ਦੇ ਪ੍ਰਥਾਇ ਬਾਣੀ ਉਚਾਰ ਕੇ ਗੁਰੂ ਸਾਹਿਬਾਂ ਨੇ ਉਪਦੇਸ਼ ਗੁਰਸਿੱਖਾਂ ਨੂੰ ਹੀ ਕੀਤਾ ਹੈ। ਤਾਂ ਫਿਰ ਸ੍ਰੀ ਮਾਨ ਗਿਆਨੀ ਜੀ! ਇੰਜ ਉਪ੍ਰੋਕਤ ਸ੍ਰੀ ਕਬੀਰ ਜੀ ਨੇ ਵੀ ਦੋਵੇਂ ਸ਼ਲੋਕਾਂ ਵਿਚ ਮੁਸਲਮਾਨਾਂ ਨੂੰ ਉਪਦੇਸ਼ ਦੇ ਬਹਾਨੇ ਉਪਦੇਸ਼ ਗੁਰ ਸਿੱਖਾਂ ਨੂੰ ਹੀ ਕੀਤਾ ਹੈ ਕਿ ਸ਼ਿਕਾਰ ਦੇ ਮਾਸ ਦੀ ਰੋਟੀ ਵਾਸਤੇ ਗਲਾ ਕਉਨ ਪਿਆ ਕਟਾਵੈ।

ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ॥
ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ॥
੨॥੪॥੧॥......ਗੂਜਰੀ ਸ੍ਰੀ ਕਬੀਰ ਜੀਉ॥ ਪੰਨਾ ੫੨੪॥

. Sri Satguru Jagjit Singh Ji eLibrary NamdhariElibrary@gmail.com .

# ਕੀ "ਹੇਰਾ" ਸ਼ਬਦ ਦਾ ਭਾਵਾਰਥ ਅਹੇਰਾ, ਆਖੇਰ (ਸ਼ਿਕਾਰ) ਦਾ ਹੈ ?

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥
**'ਹੇਰਾ' ਰੋਟੀ ਕਾਰਨੇ.** ਗਲਾ ਕਟਾਵੈ ਕਉਨੁ ॥
੧੮੮ ॥......... ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨੇ ਆਪਣੇ ਗ੍ਰੰਥ 'ਝਟਕਾ ਪ੍ਰਕਾਸ਼' ਦੇ ਪੰਨੇ ੧੯੦ ਤੋਂ ੧੯੧ ਤਕ ਲਿਖਿਆ ਹੈ ਕਿ :—

"ਇਸ ਤਰ੍ਹਾਂ ਕੁਰਬਾਨੀ ਦੇ ਬਹਾਨੇ ਧੱਕੇ ਨਾਲ ਜਾਨਵਰਾਂ ਨੂੰ ਮਾਰ ਕੇ ਮਾਸ ਖਾਣ ਨਾਲੋਂ ਖਿਚੜੀ ਖਾ ਲੈਣੀ ਹੀ ਚੰਗੀ ਹੈ। ਕਿਉਂਕਿ ਕੁਰਬਾਨੀ ਦਾ ਮਾਸ ਤਾਂ ਨਿਰਾ ਪੁਰਾ ਠੱਗੀ ਦਾ ਹੀ ਮਾਸ ਹੈ ਤੇ 'ਠਗ ਖਾਧਾ ਮੁਰਦਾਰ' ਹੁੰਦਾ ਹੈ ਇਸ ਲਈ ਮਾਸ ਦੀ ਰੋਟੀ ਵਾਸਤੇ ਜਾਨਵਰਾਂ ਦੇ ਗਲੇ ਕੌਣ ਕੱਟੇ (ਕਟਾਂਦਾ-ਫਿਰੇ) (ਮੈਂ ਤਾਂ ਐਸਾ ਕਰਨ ਲਈ ਤਿਆਰ ਨਹੀਂ)। ਇਹ ਹੈ ਅਸਲੀ ਭਾਵ ਇਸ ਸਲੋਕ ਦਾ ਭਾਈ ਸਾਹਿਬ 'ਹੇਰਾ' ਦਾ ਅਰਥ ਏਥੇ ਸ਼ਿਕਾਰ ਕਰਦੇ ਹਨ ਜੋ ਉਕਾ ਹੀ ਅਸ਼ੁੱਧ ਹੈ। ਭਾਈ ਸਾਹਿਬ ਜੀ ਆਪਣੇ ਪੱਖ ਦੀ ਪੁਸ਼ਟੀ ਲਈ ਗੁਰਬਾਣੀ ਦੇ ਜਾਣ ਬੁਝ ਕੇ ਗਲਤ ਅਰਥ ਕਰਦੇ ਹੋਏ ਝਿਝਕਦੇ ਨਹੀਂ ਸਨ, ਜੇਹਾ ਵੜ ਦਾ 'ਵੜਕੇ' ਮਾਣਸ ਦਾ ਮਾਸ, ਭੰਗਾ ਅਰ ਭਾਗ ਦਾ ਮਾਸ।

"ਸੋ ਇਸੇ ਤਰ੍ਹਾਂ ਇਥੇ 'ਹੇਰਾ' ਪਦ ਦਾ ਅਰਥ ਸ਼ਿਕਾਰ ਕਰ ਮਾਰਿਆ ਹੈ। ਇਹ ਉਹਨਾਂ ਦੀ ਘਟੀਆ ਖੋਜ ਦਾ ਸਿੱਟਾ ਹੈ ਕਿਉਂਕਿ ਗੁਰਬਾਣੀ ਇਤਿਹਾਸ ਤੇ ਕੋਸ਼ਾਂ ਵਿਚ 'ਅਹੇਰਾ' 'ਅਖੇੜ' ਜਾਂ 'ਅਖੇਟ' ਪਦ ਸ਼ਿਕਾਰ ਲਈ ਵਰਤੇ ਗਏ ਹਨ।



Sri Satguru Jagjit Singh Ji eLibrary NamdhariElibrary@gmail.com

ਜੈਸਾ ਕਿ 'ਅਹੇਰਾ ਖਾਇਆ ਘਰ ਕੇ ਗਾਉ'। ਪਰ ਹੇਰਾ ਪਦ ਦਾ ਅਰਥ ਹੈ 'ਮਾਸ'।''

ਪਿਆਰੇ ਪਾਠਕ ਜੀਉ ! ਸ੍ਰੀ ਕਬੀਰ ਜੀ ਦਾ ਉਪ੍ਰੋਕਤ ਸਲੋਕ ਨੰਬਰ ੧੯੯ ਵਾਲੇ ਦਾ ਜੋ ਗਿਆਨੀ ਜੀ ਨੇ ਅਰਥ ਕੀਤਾ ਹੈ ਇਸ ਵਿਚ ਇਨ੍ਹਾਂ ਨੇ ਬੜੀ ਭਾਰੀ ਹੇਰਾ ਫੇਰੀ ਕੀਤੀ ਸਿੱਧ ਹੁੰਦੀ ਹੈ। ਵਾਸਤਵ ਵਿਚ ਇਸ ਸ਼ਲੋਕ ਦਾ ਅਰਥ ਇੰਜ ਹੈ। ਜਿਵੇਂ ਕਿ :—

ਭਾਵਾਰਥ :—ਸ੍ਰੀ ਕਬੀਰ ਜੀ ਕਥਨ ਕਰਦੇ ਹਨ ਕਿ ਹੇ ਮਨ ! ਤੈਨੂੰ ਖਿਚੜੀ ਭਾਵ ਸਾਦਾ ਭੋਜਨ ਕਰਨਾ ਹੀ ਚੰਗਾ ਹੈ। ਜਿਸ ਵਿਚ ਅੰਮ੍ਰਿਤ ਰੂਪੀ ਘੇਉ (ਤੇ) ਲੂਣ ਪਿਆ ਹੋਇਆ ਹੈ। ਹੇਰਾ (ਸ਼ਿਕਾਰ) ਦੁਆਰਾ ਪ੍ਰਾਪਤ ਕੀਤੇ ਹੋਏ ਮਾਸ ਤੇ ਰੋਟੀ ਵਾਸਤੇ ਗਲਾ ਕੌਣ ਪਿਆ ਕਟਾਵੇ ? ॥ ੧੯੯ ॥

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ 'ਸਰਲ' ਜੀ ਨੇ ਸ੍ਰੀ ਕਬੀਰ ਸਾਹਿਬ ਜੀ ਦੇ ਉਪ੍ਰੋਕਤ ਸਲੋਕ ਦੇ 'ਹੇਰਾ' ਸ਼ਬਦ ਦਾ ਅਰਥ :—ਮਾਂਸ ਦਾ ਕੀਤਾ ਹੈ ਜੋ ਕਿ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਹੈ। ਵਾਸਤਵ ਵਿਚ ਗੁਰਮਤਿ ਦੇ ਸਿਧਾਂਤ ਅਨੁਸਾਰ 'ਹੇਰਾ' ਸ਼ਬਦ ਦਾ ਅਰਥ, ਸ਼ਿਕਾਰ ਦੁਆਰਾ ਪ੍ਰਾਪਤ ਕੀਤੇ ਹੋਏ ਮਾਸ ਦਾ ਹੀ ਹੈ। ਜਿਸ ਦਾ ਸਪਸ਼ਟੀ ਕਰਣ ਸਿੱਖ ਵਿਦਵਾਨਾਂ ਦੀ ਰਾਏ ਹੀ ਹੈ। ਜਿਸ ਤਰ੍ਹਾਂ ਕਿ :—

(੧) ਸੰਨ ੧੯੦੭ ਈਸਵੀ 'ਭਗਤ ਬਾਣੀ-ਸਟੀਕ' ਜਿਸ ਨੂੰ ਸ੍ਰੀ ਮਾਨ ਦੇਸ ਪ੍ਰਸਿਧ ਕਵਿ ਪੰਡਤ ਤਾਰਾ ਸਿੰਘ ਜੀ 'ਨਰੋਤਮ' ਸ੍ਵਰਗਬਾਸੀ ਸ੍ਰੀ ਮਹੰਤ ਅਖਾੜਾ ਪੰਚੈਤੀ ਪਟਿਆਲਾ ਨੇ ਗੁਰੂ ਘਰ ਦੇ ਪ੍ਰੇਮੀਉਂ ਕੇ ਲਾਭਾਰਥ ਸਪਸ਼ਟ ਔਰ ਸਾਧਾਰਨ ਬੋਲੀ ਵਿਚ ਰਚਨਾ ਕੀਤੀ। ਛਾਪਣ ਵਾਲੇ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਪ੍ਰਿੰਟਰਜ਼, ਪਬਲਿਸ਼ਰਜ਼, ਬੁਕ ਸੇਲਰਜ਼, ਮਾਲਕਾਨ ਪੰਜਾਬ ਸੰਟਰਲ ਬੁਕਡਿਪੋ ਵਮੁਫ਼ੀਦਆਮ ਪ੍ਰੈਸ ਵਿਚ ਛਪਿਆ। ਭਗਤਬਾਣੀ ਸਟੀਕ ਦੇ ਪੰਨੇ ੪੫੧ ਤੇ ਲਿਖਿਆ ਹੈ ਕਿ :—

''ਕਬੀਰ ਜੋਰ ਕੀਏ ਜੁਲਮ ਹੈ ਕਹਿਤਾ ਨਾਉ ਹਲਾਲ ॥
ਦਫਤਰ ਲੇਖਾ ਮਾਂਗੀਐ ਤਬ ਹੋਇਗੋ ਕਉਨ ਹਵਾਲ ॥ ੧੮੭ ॥
ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ।
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ੧੮੮ ॥

Sri Satguru Jagjit Singh Ji eLibrary NamdhariElibrary@gmail.com

"ਭਾਵਾਰਥ :—ਬਕਰੀ ਮੁਰਗੀ ਹਲਾਲ ਕਰਨੇ ਕੋ ਕਹੇ ਹੈਂ ॥ ਕਬੀਰ ਕਹੇ ਹੇ ਕਾਜੀ ਤੂੰ ਇਨ ਜੀਵੋਂ ਕੋ ਜੋ ਜੋਰਾਵਰੀ ਪਕੜ ਕੇ ਮਾਰਤਾ ਹੈ, ਸੋ ਜੁਲਮ ਹੈ, ਮਹਾ ਦੋਖ ਹੈ ਅਰ ਤੂੰ ਤਿਸ ਦੋਖ ਰੂਪ ਹਰਾਮ ਭਾਵ ਨਿਖਿਧ ਕਾਮ ਕਾ ਨਾਮ ਹਲਾਲੁ, ਵਿਹਿਤ ਸੁਨਾਵਤਾ ਹੈ ॥ ਸੋ ਤੇਰੇ ਸੁਨਾਵਨੇ ਸੇ ਕੁਛ ਨਹੀਂ ਬਨ ਸਕੇ ॥ ਯਾਂ ਤੇ ਜਬ ਕੁਰਾਨ ਮੇਂ ਬਦਲੇ ਜਾਨ ਕੇ ਜਾਨ ਆਂਖ ਕੇ ਆਂਖ ਇਤ ਯਾਦਿ ਕਹਨੇ ਵਾਲੇ ਖ਼ੁਦਾ ਕੇ ਹੁਕਮ ਸੇ ਤੇਰੀ ਜੋਰਾਵਰੀ ਕਾ ਉਸ ਕੇ ਦਫਤਰ, ਹਿਸਾਬ ਕੀ ਕਚਹਿਰੀ ਮੇਂ ਹਿਸਾਬ ਨਿਕਲੇਗਾ ਤਬ ਤੇਰਾ ਕਿਆ ਹਵਾਲ ਹੋਗਾ ॥ ਭਾਵ ਗਲਾ ਕਾਟਨੇ ਕੀ ਬਦਲ ਗਲਾ ਕਟਾਵਨੇ ਕੀ ਬੁਰੀ ਹੀ ਦਸ਼ਾ ਹੋਗੀ ॥ ੧੮੭ ॥

"ਉਸ ਨੇ ਕਹਾ ਤੁਮਾਰੀ ਕੈਸੀ ਹੋਗੀ ਸੁਨ ਕਰ ਉੱਤਰ ਕਹੇ ਕਬੀਰ ਕਹੇ ਹੇ ਕਾਜੀ ਕਾਹੂੰ ਪ੍ਰਾਣ ਧਾਰੀ ਕੋ ਦੁਖ ਨ ਦੇਨੇ ਸੇ ਹਮ ਤੋ ਖੂਬ, ਉੱਤਮ ਭੋਜਨ ਖੀਚਰੀ ਕੋ ਜਾਨੈ ਹੈ ਜਾ ਮੇ ਅੰਮ੍ਰਿਤ ਵਤ ਸੁੰਦਰ ਸ੍ਵਾਦ ਬਨਾਵਨੇ ਹੇਤ ਲੂਨ ਮਿਲਾਯਾ ਜਾਵੇ ਹੈ। ਐਸੀ ਖਿਚਰੀ ਛੋਡ ਕੇ ਹੇਰਾ ਰੋਟੀ ਕਾਰਨੇ, ਸ਼ਿਕਾਰ ਸਾਥ ਭਾਵ ਮਾਸ ਸਾਥ ਰੋਟੀ ਖਾਣੇ ਵਾਸਤੇ ਅਪਨੇ ਮੁਖ ਸੇ ਬਤਾਇ ਕੇ ਜੀਵੋਂ ਕਾ ਗਲਾ ਦੂਸਰੇ ਸੇ ਕੌਨ ਕਟਾਵੇ ॥ ਭਾਵ ਦੂਸਰੇ ਕੋ ਉਪਦੇਸ ਕਰ ਭੀ ਹਮ ਹਿੰਸਾ ਨਹੀਂ ਕਰਾਇ ਸਕੇ ॥ ਵਾ ਈਹਾਂ ਮਾਸ ਸਾਥ ਰੋਟੀ ਖਾਨੇ ਵਾਸਤੇ ਹਿਸਾਬ ਕੇ ਦਿਨ ਗਲਾ ਕੌਨ ਕਟਾਵੈ ॥ ਭਾਵ ਹਮ ਨਹੀਂ ਕਟਾਇ ਸਕੇ ਤੁਮਾਰੇ ਕਾਨ ਮੇਂ ਸੈਤਾਨ ਕਾ ਉਪਦੇਸ਼ ਲਗਾ ਹੈ ਤੁਮ ਪੜੇ ਕਟਾਵੋ।"

(ਭਗਤਬਾਣੀ-ਟੀਕਾ :—ਪੰਡਿਤ ਤਾਰਾ ਸਿੰਘ 'ਨਰੋਤਮ' ॥ ਪੰਨਾ ੪੫੧ ॥)

(੨) ਸੰਮਤ ਬਿਕ੍ਰਮੀ ੧੯੮੧। ਲਗ ਭਗ ਸੰਨ ਈਸਵੀ ੧੯੨੪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ। ਸਟੀਕ। ਜਿਸ ਦੀ ਟੀਕਾ ਦੀ ਸੇਵਾ, ਸ੍ਰੀ ਹਜ਼ੂਰ ਮਹਾਰਾਜਾ ਬਿਕ੍ਰਮਾ ਸਿੰਘ ਸਾਹਿਬ ਬਹਾਦਰ ਬੈਰਾੜ ਬੰਸ ਅਵਤੰਸ ਵਾਲੀਏ ਰਿਆਸਤ ਫਰੀਦ ਕੋਟ ਨੇ ਬੜੇ ਬੜੇ ਗੁਣੀਆਂ ਗਜਾਨੀਆਂ ਦੀ ਸਭਾ ਬਠਾ ਕੇ ਕਰਵਾਈ। ਛਪਵਾਈ ਦੀ ਸੇਵਾ, ਸ੍ਰੀ ਹਜ਼ੂਰ ਮਹਾਰਾਜਾ ਬਲਬੀਰ ਸਿੰਘ ਸਾਹਿਬ ਬਹਾਦਰ ਅਤੇ ਸ੍ਰੀ ਹਜ਼ੂਰ ਬ੍ਰਿਜਿੰਦ੍ਰ ਸਿੰਘ ਸਾਹਿਬ ਬਹਾਦਰ ਬੈਰਾੜ ਬੰਸ ਅਵਤੰਸ ਵਾਲੀਏ ਰਿਆਸਤ ਫਰੀਦ ਕੋਟ ਦੇ ਸਮੇਂ ਹੋਈ।

. Sri Satguru Jagjit Singh Ji eLibrary NamdhariElibrary@gmail.com .

ਜਿਸ ਦੀ ਦੂਜੀ ਵਾਰ ਇਕ ਹਜਾਰ ਬੀੜ ਛਪਵਾਉਣ ਦੀ ਸੇਵਾ ਆਗਯਾ ਅਨੁਸਾਰ ਸ੍ਰੀ ਹਜ਼ੂਰ ਮਹਾਰਾਜ ਹਰਿਇੰਦਰ ਸਿੰਘ ਸਾਹਿਬ ਬਹਾਦਰ ਬੈਰਾੜ ਬੰਸ ਅਵਤੰਸ ਵਾਲੀਏ ਰਿਆਸਤ ਫਰੀਦਕੋਟ ਸ੍ਰਦਾਰ ਬਹਾਦਰ ਸ੍ਰਦਾਰ ਇੰਦਰ ਸਿੰਘ ਜੀ ਬੀ. ਏ. ਪ੍ਰੈਜ਼ੀਡੈਂਟ ਕੌਂਸਲ ਆਲੀਆ ਰਿਆਸਤ ਫਰੀਦਕੋਟ ਨੇ ਕਰਵਾਈ।

ਵਜ਼ੀਰ ਹਿੰਦ ਪ੍ਰੈਸ ਸ੍ਰੀ ਅੰਮ੍ਰਿਤਸਰ ਜੀ ਵਿਖੇ, ਮੁਦ੍ਰਿਤ ਹੋਣ ਦੀ ਸੇਵਾ ਭਾਈ ਬਹਾਦਰ ਸਿੰਘ ਜੀ ਮੈਨੇਜਰ ਦੇ ਪ੍ਰਯਤਨ ਨਾਲ ਹੋਈ। ਸੈਂਚੀ ਚੌਥੀ ਦੇ ਪੰਨੇ ੧੦੬੧ ਤੇ ਇੰਜ ਲਿਖਿਆ ਹੈ ਕਿ :—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ।
'ਹੇਰਾ' ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ੧੮੮ ॥

**ਭਾਵਾਰਥ** :—ਸ੍ਰੀ ਕਬੀਰ ਜੀ ਕਹਿਤੇ ਹੈਂ ਹੇ ਭਾਈ ਇਹ ਖਿਚੜੀ ਕਾ ਖਾਣਾ ਹੀ ਖੂਬ ਹੈ ਭਾਵ ਅਛਾ ਹੈ ਜਿਸ ਖਿਚੜੀ ਮੈਂ ਅੰਮ੍ਰਿਤ ਕੇ ਸਮਾਨ ਘ੍ਰਿਤ ਔਰ ਲੂਣ ਪੜਾ ਹੂਆ ਹੈ। ਕਿਉਂਕਿ (ਹੇਰਾ) **ਸ਼ਿਕਾਰ** ਮੈ ਜੀਵੋਂ ਕੋ ਮਾਰ ਕਰ ਕੇ ਮਾਸ ਕੇ ਸਾਥ ਰੋਟੀ ਖਾਨੇ ਕੇ ਕਾਰਨ ਸੇ ਪੀਛੇ ਆਪਨੇ ਕੋ ਕੋਨ ਕਟਾਵੇ ਭਾਵ ਜੀਵ ਕੇ ਮਾਰਨੇ ਕਰਕੇ ਫੇਰ ਅਪਨਾ ਸੀਸ ਤਿਸ ਸੇ ਕਟਵਾਵਨਾ ਪੜਤਾ ਹੈ ॥ ੧੮੮ ॥

(੩) ਸੰਨ ੧੯੪੭-ਅਪ੍ਰੈਲ-੫-੨੦। ਜਿਲਦ ੪੫, ਨੰਬਰ ੭--੮ ਵਿਚ ਸਲੋਕ ਭਗਤ ਕਬੀਰ ਜੀ ਸਟੀਕ । ਭਾਗ ੩। ਨਿਰਗੁਣੀਆਰਾ ਟ੍ਰੈਕਟ ਮਾਸਕ ਪਤਰ। ਦੁਆਰਾ—ਵਜ਼ੀਰ ਹਿੰਦ ਪ੍ਰੈਸ, ਹਾਲ ਬਜਾਰ, ਅੰਮ੍ਰਿਤਸਰ ਵਿਚ ਸ: ਭੂਪਿੰਦਰ ਸਿੰਘ ਬੀ. ਏ. ਐਲ. ਐਲ. ਬੀ. ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਾਪਿਆ। ਦਫਤ੍ਰ—ਖਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਕਟੜਾ ਸ਼ੇਰ ਸਿੰਘ ਤੋਂ ਰਾਮ ਸਿੰਘ ਗਿਆਨੀ ਪਬਲਿਸ਼ਰ ਨੇ ਉੱਕਤ ਸੁਸਾਇਟੀ ਲਈ ਪ੍ਰਕਾਸ਼ਤ ਕੀਤਾ । ਜਿਸ ਦੇ ਪੰਨੇ ੭੯, ਤੇ ਸਲੋਕ ਨੰਬਰ ੧੮੮ ਦਾ ਅਰਥ ਇੰਜ ਕੀਤਾ। ਜਿਸ ਤਰ੍ਹਾਂ ਕਿ :—

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ।
'ਹੇਰਾ' ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥ ੧੮੮ ॥

. Sri Satguru Jagjit Singh Ji eLibrary NamdhariElibrary@gmail.com .

ਖੂਬ=ਚੰਗਾ। ਅੰਮ੍ਰਿਤ=ਘ੍ਰਿਤ ਘੇਉ। ਹੇਰਾ=ਸ਼ਿਕਾਰ ਮਾਸ।

**ਅਰਥ**—ਕਬੀਰ ਖਿਚੜੀ ਦਾ ਭੋਜਨ ਚੰਗਾ ਹੈ ਜਿਸ ਵਿਖੇ ਅੰਮ੍ਰਿਤ (ਤੇ) ਲੂਣ ਪਿਆ ਹੋਇਆ ਹੈ। ਮਾਸ ਮੰਡੇ ਵਾਸਤੇ ਗਲਾ ਕੌਣ ਕਟਾਵੈ ?

**ਭਾਵ**—ਕਿਸੇ ਕਾਜੀ ਨੇ ਕਿਹਾ ਕਬੀਰ ਜੀ !

ਮਾਸ ਬਿਨਾ ਹੈ ਘਾਸ ਰਸੋਈ।

ਅੰਨ ਦੇ ਨਾਲ ਅੰਨ ਖਾਣਾ ਕਿਆ ਭੋਜਨ ਖਾਣਾ ਹੈ ? ਬੱਕਰੇ ਮੁਰਗੀ ਇਸੇ ਲਈ ਹਨ। ਕਬੀਰ ਜੀ ਕਹਿੰਦੇ ਹਨ ਅਸੀਂ ਤਾਂ ਪਸਿੰਦ ਨਹੀਂ ਕਰਦੇ, ਸਾਡਾ ਸਾਧੂਆਂ ਦਾ ਅਹਾਰ ਖਿਚੜੀ, ਜਿਸ ਵਿਖੇ ਅੰਮ੍ਰਿਤ ਵਤ ਲੂਣ ਅਥਵਾ ਘਿਓ ਤੇ ਲੂਣ ਪਿਆ ਹੈ ਸ੍ਰੇਸ਼ਟ ਹੈ। ਸ਼ਿਕਾਰ ਦੀ ਰੋਟੀ ਵਾਸਤੇ ਆਪਣਾ ਗਲਾ ਕੌਣ ਪਿਆ ਕਟਾਵੇ। ਅਥਵਾ ਦੂਸਰਿਆਂ ਕੋਲੋਂ ਪਸ਼ੂਆਂ ਦਾ ਗਲ ਕੌਣ ਕਟਾਵੇ ? ਧੁਨੀ ਇਹ ਕਿ ਅਸੀਂ ਉਪਦੇਸ਼ ਦੇਕੇ ਬੀ ਹਿੰਸਾ ਨਹੀਂ ਕਰਾਉਂਦੇ।

(੪) ਸੰਨ ੧੯੫੦ ਅਕਤੂਬਰ ਵਿਚ ਭਗਤ ਬਾਣੀ ਛਪੀ। ਜਿਸ ਦੇ ਟੀਕਾ-ਕਾਰ ਭਾਈ ਬਿਸ਼ਨ ਸਿੰਘ ਜੀ ਪ੍ਰਸਿਧ ਗਿਆਨੀ ਸਨ। ਪ੍ਰਕਾਸ਼ਕ :—ਜਵਾਹਰ ਸਿੰਘ, ਕ੍ਰਿਪਾਲ ਸਿੰਘ ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਅੰਮ੍ਰਿਤਸਰ। ਨੌਵੀ ਵਾਰ ਛਪੀ ਦੇ ਪੰਨੇ ੪੯੨ ਤੇ ਇੰਜ ਲਿਖਿਆ ਹੈ :—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ।
'ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ॥ ੧੮੮॥

ਹੇਰਾ=ਸ਼ਿਕਾਰ।

**ਅਰਥ**—ਕਬੀਰ ਖੂਬ ਖਾਣਾ ਖਿਚੜੀ ਜਿਸ ਵਿਚ ਐਮ੍ਰਿਤ ਲੂਣ ਹੈ, ਸ਼ਿਕਾਰ ਵਿਚ ਰੋਟੀ ਵਾਸਤੇ ਜੀਵਾਂ ਨੂੰ ਮਾਰਨਾ ਅਤੇ ਇਸ ਵਾਸਤੇ ਫਿਰ ਆਪ ਗਲਾ ਕਟੌਣਾ ਏਹ ਦੁਖ ਕੌਣ ਸਹਾਰੇ॥ ੧੮੮॥

(੫) ਸੰਨ ਈਸਵੀ ੧੯੫੩ ਵਿਚ ਛਪੀ 'ਸ੍ਰੀ ਗੁਰੂ ਬਾਣੀ ਪ੍ਰਕਾਸ਼' (ਸ਼ਬਦ ਕੋਸ਼)।

ਰਚਿਤ—ਸੋਢੀ ਤੇਜਾ ਸਿੰਘ ਜੀ ਪ੍ਰਕਾਸ਼ਕ ! ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ। ਦੂਜੀ ਵਾਰ ੧੦੦੦ ਛਪੀ। ਪ੍ਰਿੰਟਰ—ਸ: ਹਰਨਾਮ ਸਿੰਘ,

. Sri Satguru Jagjit Singh Ji eLibrary NamdhariElibrary@gmail.com .

ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਜੀ ਦੀ ਦੂਜੀ ਸੈਂਚੀ ਦੇ ਪੰਨੇ ੬੯੧ ਤੇ ਉਪ੍ਰੋਕਤ ਸਲੋਕ ਦੇ 'ਹੇਰਾ' ਸ਼ਬਦ ਦਾ ਅਰਥ ਇੰਜ ਲਿਖਿਆ ਹੈ।

੨੦ ਹੇਰਾ=ਸ਼ਿਕਾਰ=ਮਾਸ।

(੬) ਸੰਨ ਈਸਵੀ ੧੯੬੭ ਜਨਵਰੀ 'ਅੰਮ੍ਰਿਤ-ਕੀਰਤਨ' ਪ੍ਰਕਾਸ਼ਕ :—

ਖਾਲਸਾ ਬ੍ਰਦਰਜ਼, ਬਜਾਰ ਮਾਈ ਸੇਵਾ ਅੰਮ੍ਰਿਤਸਰ। ਸਤਵੀਂ ਵਾਰ ਤੇ ਗੁਰੂ ਰਾਮ ਦਾਸ ਪ੍ਰਿੰਟਿੰਗ ਪ੍ਰੈਸ, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਵਿਚ ਛਪਿਆ ਜਿਸ ਦੇ ਪੰਨੇ ੬੫੭ ਦੇ ਸਲੋਕ ਕਬੀਰ ਨੰਬਰ ੧੯੮ ਦੇ 'ਹੇਰਾ' ਸ਼ਬਦ ਦਾ ਅਰਥ :—'ਸ਼ਿਕਾਰ ਦਾ ਮਾਸ' ਕੀਤਾ ਹੈ।

ਪਿਆਰੇ ਪਾਠਕ ਜੀਉ ! ਸ੍ਰੀ ਕਬੀਰ ਜੀ ਦੇ ਇਸ ਉਪ੍ਰੋਕਤ ਸਲੋਕ ਦੇ ਅਰਥ ਸੰਬੰਧੀ ਸਿੱਖ ਵਿਦਵਾਨਾਂ ਦੇ ਇਥੇ ਕੁਝ ਹੀ ਲੇਖ ਦੇ ਸਕਿਆ ਹਾਂ। ਜੇਕਰ ਇਸ ਤਰ੍ਹਾਂ ਦੇ ਲੇਖਾਂ ਦੀ ਹੋਰ ਲੋੜ ਪਈ ਤਾਂ ਦਿਤੇ ਜਾ ਸਕਦੇ ਹਨ। ਸਿੱਖ ਵਿਦਵਾਂਨਾਂ ਦੇ ਲਿਖਤ ਉਪ੍ਰੋਕਤ ਅਰਥਾਂ ਦੇ ਅਨੁਸਾਰ 'ਹੇਰਾ' ਸ਼ਬਦ ਦਾ ਭਾਵਾਰਥ-ਸ਼ਿਕਾਰ-ਮਾਂਸ ਦਾ ਹੀ ਸਿੱਧ ਹੁੰਦਾ ਹੈ।

**ਸ਼ੰਕਾ**—ਜੇਕਰ ਗਿਆਨੀ ਨਰਿੰਜਨ ਸਿੰਘ 'ਸਰਲਾ' ਜੀ ਇਥੇ ਇਹ ਇਤਰਾਜ਼ ਕਰਨ ਕਿ :—ਗੁਰਬਾਣੀ ਇਤਿਹਾਸ ਤੇ ਕੋਸ਼ਾਂ ਵਿਚ 'ਅਹੇਰਾ' 'ਅਖੇੜ' ਜਾਂ 'ਅਖੇਟ' ਪਦ ਸ਼ਿਕਾਰ ਲਈ ਵਰਤੇ ਗਏ ਹਨ। ਜੈਸਾ ਕਿ 'ਅਹੇਰਾ ਪਾਇਆ ਘਰ ਕੈ ਗਾਇ। ਪਰ 'ਹੇਰਾ' ਪਦ ਦਾ ਅਰਥ ਹੈ 'ਮਾਸ'।

('ਝਟਕਾ ਪ੍ਰਕਾਸ਼' ਪੰਨੇ ੧੯੧ ਵਿਚੋਂ)

**ਸਮਾਧਾਨ**—ਗਿਆਨੀ ਜੀ ਦੇ ਇਸ ਉਪ੍ਰੋਕਤ ਵਿਚਾਰ ਤੋਂ 'ਸਰਲ' ਜੀ ਦੀ ਮਹਾ ਅਗਿਆਨਤਾ ਹੀ ਸਿਧ ਹੁੰਦੀ ਹੈ। ਜਿਸ ਦਾ ਸਪਸ਼ਟੀਕਰਣ ਇੰਜ ਹੈ ਕਿ ਜਦ ਅਸੀਂ ਗੁਰੂ ਬਾਣੀ ਨੂੰ ਵਿਚਾਰ ਪੂਰਵਕ ਪੜ੍ਹਦੇ ਹਾਂ ਤਾਂ ਸਾਨੂੰ ਗੁਰੂ ਬਾਣੀ ਵਿਚੋਂ ਇਸ ਤਰ੍ਹਾਂ ਦੇ ਅਨੇਕਾਂ ਹੀ ਸ਼ਬਦ ਮਿਲਦੇ ਹਨ, ਜਿਨ੍ਹਾਂ ਦਾ ਅਕਾਰ ਕੁਝ ਹੁੰਦਾ ਹੈ, ਪਰ ਅਰਥ ਕੁਝ ਹੋਰ ਹੀ ਨਿਕਲਦਾ ਹੈ। ਜੇਕਰ ਉਨ੍ਹਾਂ ਸ਼ਬਦਾਂ ਨੂੰ ਇਥੇ ਸੰਗ੍ਰਹਿ ਕੀਤਾ ਜਾਏ ਤਾਂ ਇਕ ਵਡਾ ਗ੍ਰੰਥ ਤਿਆਰ ਹੋ ਸਕਦਾ ਹੈ। ਪਰ ਇਥੇ ਪਾਠਕਾਂ ਪ੍ਰਤੀ ਪੰਜ ਹੀ ਗੁਰਬਾਣੀ ਦੇ ਪ੍ਰਮਾਣ ਲਿਖ ਕੇ ਦਸੇ ਜਾਂਦੇ ਹਨ। ਜਿਸ

. Sri Satguru Jagjit Singh Ji eLibrary NamdhariElibrary@gmail.com .

ਤਰ੍ਹਾਂ ਕਿ :—

(੧) **ਰਿਗਵੇਦ—**

**ਰਿਗੁ** ਕਹੈ ਰਹਿਆ ਭਰਪੂਰਿ । ਰਾਮ ਨਾਮੁ ਦੇਵਾ ਮਹਿ ਸੂਰੁ ॥
ਨਾਇ ਲਇਐ ਪਰਾਛਤ ਜਾਹਿ । ਨਾਨਕ ਤਉ ਮੋਖੰਤਰੁ ਪਾਹਿ ॥ ੨ ॥
ਆਸਾ ਕੀ ਵਾਰ ਮਹਲਾ ੧ ਪਉੜੀ ੧੩ ॥ ਮਃ ੧ ॥ ਪੰਨਾ ੪੭੦ ॥

**ਰੁਗੁ ਵੇਦੁ—**

ਸਾਮ ਵੇਦੁ **ਰੁਗੁ** ਜੁਜਰੁ ਅਥਰਬਣੁ । ਬ੍ਰਹਮੇ ਮੁਖਿ ਮਾਇਆ ਹੈ ਤ੍ਰੈਗੁਣ ।
ਤਾਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ ।

੯ ॥ ੧੭ ॥ ੫ ॥ ੧੭ ॥ (ਮਾਰੂ ਸੋਲਹਾ ਮਹਲਾ ੧ ॥ ਪੰਨਾ ੧੦੩੭)

(੨) **ਹਿੰਦੁਸਤਾਨੁ—**

ਖੁਰਾਸਾਨ ਖਸਮਾਨਾ ਕੀਆ **ਹਿੰਦੁਸਤਾਨ** ਡਰਾਇਆ ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ।
੧ ॥ ੩ ॥ ੫ ॥ ੩੯ ॥ (ਆਸਾ ਮਹਲਾ ੧ ॥ ਪੰਨਾ ੩੬੦)

**ਹਿਦੁਸਤਾਨ—**

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ।
ਕਾਇਆ ਕਪੜੁ ਟੁਕੁ ਟੁਕੁ ਹੋਸੀ **ਹਿਦੁਸਤਾਨੁ** ਸਮਾਲਸੀ ਬੋਲਾ ।
੨ ॥ ੩ ॥ ੫ ॥...... (ਤਿਲੰਗ ਮਹਲਾ ੧ ॥ ਪੰਨਾ ੭੨੩)

(੩) **ਗੁਰੂ—**

ਗੁਰੂ ਗੁਰੁ ਗੁਰੁ ਕਰਿ ਮਨ ਮੋਰ । ਗੁਰੂ ਬਿਨਾ ਮੈ ਨਾਹੀ ਹੋਰ ।
ਗੁਰ ਕੀ ਟੇਕ ਰਹਹੁ ਦਿਨੁ ਰਾਤਿ । ਜਾਕੀ ਕੋਇ ਨ ਮੇਟੈ ਦਾਤਿ ।
੧ ॥ ੪ ॥ ੬ ॥ ੮ ॥ (ਗੋਂਡ ਮਹਲਾ ੫ ॥ ਪੰਨਾ ੮੬੪)

**ਗੁਰ—**

**ਗੁਰ** ਕੀ ਮੂਰਤਿ ਮਨ ਮਹਿ ਧਿਆਨੁ । **ਗੁਰ** ਕੈ ਸਬਦਿ ਮੰਤ੍ਰੁ ਮਨੁ ਮਾਨ ।
**ਗੁਰ** ਕੇ ਚਰਨ ਰਿਦੈ ਲੈ ਧਾਰਉ । ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ।
੧ ॥ ੪ ॥ ੫ ॥ ੭ ॥...... ਗੋਂਡ ਮਹਲਾ ੫ ॥ ਪੰਨਾ ੮੬੪)

. Sri Satguru Jagjit Singh Ji eLibrary NamdhariElibrary@gmail.com .

(੪) **ਅਪਰਾਧ—**

ਸੁਆਮੀ ਸਰਨਿ ਪਰਿਓ ਦਰਬਾਰੇ ॥
**ਕੋਟਿ ਅਪਰਾਧ**, ਖੰਡਨ ਕੇ ਦਾਤੇ, ਤੁਝ ਬਿਨੁ ਕਉਨ ਉਧਾਰੇ ॥
੧ ॥ ਰਹਾਉ ॥ ੨ ॥ ੧੦ ॥ ੧੫ ॥ ਟੋਡੀ ਮਹਲਾ ੫ ॥ ਪਨਾ ੭੧੪ ॥

**ਪਰਾਧ—**

**ਕੋਟਿ ਪਰਾਧ** ਹਮਾਰੇ ਖੰਡਹੁ, ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪਮਤਿ ਥੋਰੀ ਤੁਮ ਆਪਨ ਬਿਰਦ ਰਖਾਵਹੁ ॥
੨ ॥ ੩ ॥ ੧੨ ॥ ਧਨਾਸਰੀ ਮਹਲਾ ੫ ॥ ਪੰਨਾ ੬੭੪ ॥

(੫) **ਅਹੇਰਾ—**

ਆਖੇਰ ਬਿਰਤਿ ਬਾਹਰਿ ਆਇਓ ਧਾਇ ॥
**ਅਹੇਰਾ**' ਪਾਇਓ ਘਰ ਕੈ ਗਾਇ ॥
੨ ॥ ੪ ॥ ੪ ॥ ਭੈਰਉ ਮਹਲਾ ੫ ॥ ਪੰਨਾ ੧੧੩੬ ॥

**ਹੇਰਾ—**

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤੁ ਲੋਨੁ ॥
**'ਹੇਰਾ' ਰੋਟੀ ਕਾਰਨੇ**, ਗਲਾ ਕਟਾਵੈ ਕਉਨੁ ॥ ੧੮੮ ॥
ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਉਪ੍ਰੋਕਤ ਪੰਜਾਂ ਗੁਰਪ੍ਰਮਾਣਾਂ ਵਿਚ ਜਿਸ ਤਰ੍ਹਾਂ ਕਿ—

(੧) ਨੰਬਰ ਇਕ ਦੇ ਗੁਰਪ੍ਰਮਾਣ ਦੇ ਦੂਜੇ ਪ੍ਰਮਾਣ ਵਿਚ 'ਰੁਗੁ' ਸ਼ਬਦ ਵਰਤਿਆ ਹੋਇਆ ਸਾਨੂੰ ਮਿਲਦਾ ਹੈ, ਜਿਸ ਵਿਚ ਭਾਵੇਂ ਇਸ 'ਰੁਗੁ' ਸ਼ਬਦ ਦੇ ਰਾਰੇ ਅੱਖਰ ਨਾਲ ਸਿਹਾਰੀ ਦੀ ਮਾਤ੍ਰਾ ਨਹੀਂ ਭੀ ਵਰਤੀ, ਫਿਰ ਭੀ ਇਸ 'ਰੁਗੁ' ਸ਼ਬਦ ਦਾ ਭਾਵ ਰਿਗ ਵੇਦ ਦਾ ਹੀ ਵਾਚਕ ਸਿੱਧ ਹੁੰਦਾ ਹੈ ।

(੨) ਨੰਬਰ ਦੋ ਦੇ ਗੁਰਪ੍ਰਮਾਣ ਦੇ ਦੂਜੇ 'ਹਿਦੁਸਤਾਨੁ' ਸ਼ਬਦ ਦੇ ਉਤੇ ਟਿਪੀ ਦੀ ਮਾਤ੍ਰਾ ਨਹੀਂ ਭੀ ਵਰਤੀ, ਫਿਰ ਭੀ ਅਸੀਂ ਇਸ 'ਹਿਦੁਸਤਾਨੁ' ਸ਼ਬਦ

Sri Satguru Jagjit Singh Ji eLibrary NamdhariElibrary@gmail.com

ਨੂੰ 'ਹਿੰਦੁਸਤਾਨੁ' ਦਾ ਹੀ ਵਾਚਕ ਮਨਾਂਗੇ ।

(੩) ਨੰਬਰ ਤਿੰਨ ਦੇ ਗੁਰਪ੍ਰਮਾਣ ਦੇ ਦੂਜੇ ਪ੍ਰਮਾਣ ਵਿਚ 'ਗੁਰ' ਸ਼ਬਦ ਵਰਤਿਆ ਹੋਇਆ ਸਾਨੂੰ ਮਿਲਦਾ ਹੈ, ਜਿਸ ਦਾ 'ਰਾਰਾ' ਅੱਖਰ ਦੋਲੈਂਕੜ ਤੋਂ ਮੁਕਤਾ ਹੈ, ਫਿਰ ਭੀ ਅਸੀਂ ਇਸ "ਗੁਰ" ਸ਼ਬਦ ਦਾ ਭਾਵ 'ਗੁਰੂ' ਸ਼ਬਦ ਦਾ ਹੀ ਵਾਚਕ ਮੰਨਾਂਗੇ ।

(੪) ਨੰਬਰ ਚਉਥੇ ਦੇ ਗੁਰਪ੍ਰਮਾਣ ਵਿਚ ਗੁਰੂ ਸਾਹਿਬਾਂ ਨੇ ਦੋ ਸ਼ਬਦ ਵਰਤੇ ਹਨ ਜਿਸ ਵਿਚੋਂ ਇਕ 'ਅਪਰਾਧ' ਸ਼ਬਦ ਤੇ ਦੂਜਾ 'ਪਰਾਧ' ਪਦ ਇਸ ਦੂਜੇ 'ਪਰਾਧ' ਸ਼ਬਦ ਦੇ ਪਹਿਲੇ 'ਅ' ਅੱਖਰ ਨਹੀਂ ਭੀ ਵਰਤਿਆ ਫਿਰ ਭੀ 'ਅਪਰਾਧ' ਸ਼ਬਦ ਦਾ ਵਾਚਕ ਹੀ ਹੈ ।

(੫) ਸ੍ਰੀ ਮਾਨ ਗਿਆਨੀ 'ਸਰਲ' ਜੀ ! ਇਸੀ ਤਰ੍ਹਾਂ ਹੀ ਗੁਰੂ ਬਾਣੀ ਦੇ ਨੰਬਰ ਪੰਜਵੇਂ ਦੇ ਪ੍ਰਮਾਣ ਵਿਚ 'ਅਹੇਰਾ' ਸ਼ਬਦ ਵਰਤਿਆ ਹੈ । ਤੇ ਇਸ ਗੁਰੂਵਾਕ ਦੇ ਦੂਜੇ ਪ੍ਰਮਾਣ ਵਿਚ 'ਹੇਰਾ' ਸ਼ਬਦ ਵਰਤਿਆ ਗਿਆ ਹੈ । ਪਰ ਇਥੇ ਇਹ ਚੇਤੇ ਰੱਖਣ ਵਾਲੀ ਗੱਲ ਹੈ ਕਿ ਇਸ ਦੂਜੇ ਗੁਰਪ੍ਰਮਾਣ ਵਿਚ 'ਹੇਰਾ' ਸ਼ਬਦ 'ਪਰਾਧ' ਸ਼ਬਦ ਦੀ ਤਰ੍ਹਾਂ 'ਅ' ਅੱਖਰ ਤੋਂ ਮੁਕਤਾ ਹੈ । ਫਿਰ ਭੀ ਅਰਥ ਵਿਚ 'ਪਰਾਧ' ਸ਼ਬਦ ਦੀ ਤਰ੍ਹਾਂ 'ਹੇਰਾ' ਸ਼ਬਦ ਦਾ ਅਰਥ ਇਕੋ ਹੀ ਹੈ । ਭਾਵ 'ਹੇਰਾ' ਤੇ 'ਅਹੇਰਾ' ਇਹ ਦੋਵੇਂ ਸਬਦ ਇਕੋ ਅਰਥ :—ਸ਼ਿਕਾਰ-ਦੁਆਰਾ ਪ੍ਰਾਪਤ ਕੀਤੇ ਹੋਏ ਮਾਸ ਦੇ ਹੀ ਸੂਚਕ ਹਨ ।

ਪਿਆਰੇ ਪਾਠਕ ਜੀਉ ! ਗੁਰੂ ਸਾਹਿਬਾਂ ਨੇ ਸ੍ਰੀ ਕਬੀਰ ਜੀ ਦੇ ਇਸ ਉਪ੍ਰੋਕਤ ਸ਼ਲੋਕ ਵਿਚ ਜੋ 'ਹੇਰਾ' ਸ਼ਬਦ ਵਰਤਿਆ ਹੈ, ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਦਾ ਸਿੱਖ ਗੁਰਮਤਿ ਦੇ ਸਿਧਾਂਤ ਅਨੁਸਾਰ ਸ਼ਿਕਾਰ ਨ ਖੇਡੇ ਤੇ ਨ ਸ਼ਿਕਾਰ ਪ੍ਰਾਪਤ ਕੀਤੇ ਹੋਏ ਮਾਸ ਨੂੰ ਹੀ ਖਾਏ ।

ਜੇ ਕਰ ਫਿਰ ਭੀ ਕੋਈ ਸਿੱਖ ਭਾਈ ਇਹ ਹਠ ਹੀ ਕਰੇ ਕਿ ਸਿੱਖਾਂ ਨੂੰ ਸ਼ਿਕਾਰ ਖੇਡਨਾ ਅਤੀ ਜ਼ਰੂਰੀ ਹੀ ਹੈ । ਤਾਂ ਫ਼ਿਰ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਸ਼ਿਕਾਰ ਖੇਡੇ । ਜਿਸ ਦਾ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਪ੍ਰਤੀ ਸ਼ਿਕਾਰ ਖੇਡਨੇ ਦੀ ਬਿਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੜੇ ਸੁੰਦਰ ਢੰਗ ਨਾਲ ਵਰਣਨ

. Sri Satguru Jagjit Singh Ji eLibrary NamdhariElibrary@gmail.com .

ਕਰ ਦਿੱਤੀ ਹੈ। ਜਿਸ ਤਰ੍ਹਾਂ ਕਿ :—

ਦਸ ਮਿਰਗੀ ਸਹਜੇ ਬੰਧਿ ਆਨੀ ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥ ੧ ॥
ਸੰਤ ਸੰਗਿ ਲੇ ਚੜਿਓ ਸਿਕਾਰ ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ ॥ ੧ ॥ ਰਹਾਉ ॥
ਆਖੇਰ ਬਿਰਤਿ ਬਾਹਰਿ ਆਇਓ ਧਾਇ ॥
ਅਹੇਰਾ ਪਾਇਓ ਘਰ ਕੈ ਗਾਂਇ ॥ ੨ ॥
ਮ੍ਰਿਗ ਪਕਰੇ ਘਰਿ ਆਣੇ ਹਾਟਿ ॥
ਚੁਖ ਚੁਖ ਲੇ ਗਏ ਬਾਂਢੇ ਬਾਟਿ ॥ ੩ ॥
ਏਹੁ 'ਅਹੇਰਾ' ਕੀਨੋ ਦਾਨੁ ॥
ਨਾਨਕ ਕੈ ਘਰਿ ਕੇਵਲ ਨਾਮੁ ॥ ੪ ॥ ੪ ॥

ਭੈਰਉ ਮਹਲਾ ੫ ॥ ਪੰਨਾ ੧੧੩੬ ॥

ਸ੍ਰੀ ਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਮਹਾਰਾਜ ! ਜੇ ਕਰ ਆਪ ਸੱਚ ਮੁਚ ਹੀ ਸਚੇ ਗਿਆਨੀ ਹੋ ਤਾਂ ਫਿਰ ਆਪ ਗੁਰੂ ਸਾਹਿਬਾਂ ਦੇ ਉਪ੍ਰੋਕਤ ਆਗਿਆ ਅਨੁਸਾਰ 'ਸ਼ਿਕਾਰ ਖੇਡ ਕੇ ਦਿਖਾਉ ! ਨਹੀਂ ਤਾਂ ਖਾਲੀ ਤੋਪਾਂ ਤੇ ਬੰਦੂਕਾਂ ਨੂੰ ਚਲਾਣ ਨਾਲ ਆਪ ਜੀ ਦੀ ਮਹਾ ਅਗਿਆਨਤਾ ਹੀ ਸਿੱਧ ਹੁੰਦੀ ਹੈ। ਧੰਨ ਹੋ ਆਪ ਤੇ ਧੰਨ ਹਨ ਆਪ ਦੇ ਪੈਰੋਕਾਰ।

———

. Sri Satguru Jagjit Singh Ji eLibrary NamdhariElibrary@gmail.com .

# ਕੀ ਸਤਿਗੁਰਾਂ ਦੇ ਲੰਗਰ ਵਿਚ ਮਾਸ ਬਣਿਆ ਕਰਦਾ ਸੀ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ ਗ੍ਰੰਥ 'ਝਟਕਾ ਪ੍ਰਕਾਸ਼' ਦੇ ਪੰਨੇ ੭੧ ਤੇ ਲਿਖਦੇ ਹਨ ਕਿ :—

(੪) ਸ਼੍ਰੀ ਗੁਰੂ ਅਗੰਦ ਦੇਵ ਜੀ ਦੇ ਮਿਲਾਪ ਲਈ ਜਦ ਸ੍ਰੀ ਗੁਰੂ ਅਮਰਦਾਸ ਜੀ ਆਏ, ਉਸ ਵੇਲੇ ਦੀ ਸਾਖੀ ਨੂੰ ਭਾਈ ਸੰਤੋਖ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ :—

ਪਹਿਰ ਭਾਤ, ਬਰਤਯੋ ਪ੍ਰਥਮ ਪੁਨ ਆਮਿਖ ਆਵਾ ।
ਇਕ ਦਿਸ ਪੰਗਤ ਮਹਿ ਦਯੋ ਤਬ ਇਨ ਦਰਸਾਵਾ ।
ਬਹੁ ਗਿਲਾਨ ਠਾਨੀ ਰਿਦੇ ਇਮਿ ਕਰਤਿ ਬਿਚਾਰਾ ।
ਮੈਂ ਆਮਿਖ ਖਾਯੋ ਨ ਕਬਿ ਕਰਿ ਅੰਨ ਅਹਾਰਾ ।
ਪੰਕਤ ਮੈਂ ਅਬ ਬੈਠਗਾ ਕਿਮ ਹੋਇ ਬਚਾਊ ।
ਨਹਿ ਲੇਵੈਂ ਅਪਮਾਨ ਹੀ ਕਿਉਂ ਬੈਠਯੋ ਆਊ ।
ਆਇਓ ਸਤਿਗੁਰ ਕਰਨ ਕੋ ਬਿਗੜਹਿ ਇਮ ਬਾਤੀ ।
ਸਿੱਖ ਨ ਕਰਹੈਂ ਮੋਹਿ ਕੋ ਮਨ ਹਟਿ ਇਸ ਭਾਤੀ ।
ਅਪਰ ਜਤਨ ਅਬ ਕੋ ਨਹੀਂ ਜੇ ਅੰਤਰਜਾਮੀ ।
ਸੂਪ ਕਾਰ ਕੋ ਬਰਜ ਹੈਂ ਆਪਹਿ ਗੁਰ ਸੁਆਮੀ ।
ਇਕ ਤੋ ਮੇਰੋ ਧਰਮ ਰਹਿ ਪੁਨ ਹੋਇ ਪ੍ਰਤੀਤਾ ।
ਜਗ ਤੇ ਕਰਹਿ ਉਧਾਰ ਮਮ ਸਰਬੱਗ ਪੁਨੀਤਾ ।
ਇਮ ਕੀਨੋ ਸੰਕਲਪ ਕੋ ਸ੍ਰੀ ਗੁਰ ਨੇ ਜਾਨਾਂ ।



. Sri Satguru Jagjit Singh Ji eLibrary NamdhariElibrary@gmail.com .

ਸੂਪ ਕਾਰ ਕੋ ਬਰਜਯੋ ਮੁਖ ਬਾਕ ਬਖਾਨਾ।
ਪੰਕਤ ਮਹਿੰ ਜੋ ਨਵੇਂ ਨਰ ਤਿਸ ਦੇਹੁ ਅਹਾਰਾ।
ਆਮਿਖ ਨਾਹਿੰ ਪਰੋਸੀਏ ਤਿਨ ਧਰਮ ਬਿਚਾਰਾ।
ਨਹੀਂ ਦਇਓ ਤਬ ਮਾਸ ਕੋ ਸਭ ਸੰਗਤ ਖਾਇਓ।
ਤ੍ਰਿਪਤ ਭਏ ਪੰਕਤ ਉਠੀ ਜਲ ਪਾਨ ਕਰਾਇਓ।

(ਸੂਰਜ ਪ੍ਰਕਾਸ਼ ਅੰਸੂ ੧੫)

**ਨੋਟ**—ਇਸ ਸਾਖੀ ਵਿਚ ਸਵਾਏ ਸ੍ਰੀ ਗੁਰੂ ਅਮਰ ਦਾਸ ਜੀ ਦੇ ਸਾਰੀ ਸੰਗਤ ਦਾ ਮਾਸ ਖਾਣਾ ਸਿੱਧ ਹੁੰਦਾ ਹੈ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ ਜੀ ਨੇ ਮਾਸ ਖਾਣ ਦੇ ਸੰਬੰਧ ਵਿਚ ਜਿਸ ਗ੍ਰੰਥ ਦਾ ਹਵਾਲਾ ਦੇ ਕੇ ਇਹ ਸਿਧ ਕਰਨ ਦਾ ਯਤਨ ਕੀਤਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਲੰਗਰ ਵਿਚ ਮਾਸ ਬਣਿਆ ਕਰਦਾ ਸੀ। ਉਸੇ ਹੀ ਸੂਰਜ ਪ੍ਰਕਾਸ਼ ਦੀ ਰਾਸ ਪਹਿਲੀ ਤੇ ਅੰਸੂ ੨੬ ਤੇ ਇਹ ਭੀ ਪ੍ਰਸੰਗ ਲਿਖਿਆ ਹੋਇਆ ਸਾਨੂੰ ਮਿਲਦਾ ਹੈ, ਜਿਸ ਦਾ ਉੱਤਰ ਗਿਆਨੀ ਜੀ ਪਾਸ ਕੀ ਹੈ। ਜਿਵੇਂ ਕਿ :—

### ਦੋਹਰਾ

ਇਕ ਦਿਨ ਸ੍ਰੀ ਅੰਗਦ ਗੁਰੂ ਗਮਨੇ ਗੋਇੰਦ ਵਾਲ।
ਸੇਵਕ ਕੋ ਦਰਸਨ ਦਿਯੋ ਕਹਿ ਸੁਨਿ ਬਚਨ ਰਸਾਲ ॥ ੧ ॥

### ਚੌਪਈ

ਸਹਿਜ ਸੁਭਾਇਕ ਆਵਤਿ ਚਲੇ। ਮਗ ਮਹਿੰ 'ਸ਼ੀਹਾਂ' ਉੱਪਲ ਮਿਲੇ।
ਦੇਖਤਿ ਹੀ ਪਗ ਬੰਦਨ ਕਰੀ। ਭਯੋ ਨੰਮ੍ਰਿ ਉਰ ਸ਼ਰਧਾ ਧਰੀ ॥ ੨ ॥

ਇਕ ਸੋ ਛਾਂਗ ਸੰਗ ਤਹਿ ਅਹੇ। ਤਿਨ ਕਹੁ ਦੇਖਿ ਗੁਰੂ ਬਚ ਕਹੇ।
ਭੋ 'ਸ਼ੀਹਾਂ' ਇਹੁ ਕਿਤ ਤੇ ਲਯਾਇ। ਕਿਉ ਕੀਨਸਿ ਇਨ ਕੋ ਸਮੁਦਾਇ ॥ ੩ ॥

ਸੁਨਿ ਕਰ ਜੋਰੇ ਕਹਯੋ ਬ੍ਰਿਤੰਤ। ਹੇ ਸ੍ਰੀ ਸਤਿਗੁਰ ਜੀ ਭਗਵੰਤ।
ਮੋਹਿ ਪੁਤ੍ਰ ਕੋ ਮੂੰਡਨ ਅਹੈ। ਬਡ ਉਤਸ਼ਾਹ ਕਰਯੋ ਹਮ ਚਹੈਂ ॥ ੪ ॥

. Sri Satguru Jagjit Singh Ji eLibrary NamdhariElibrary@gmail.com .

ਹਮਰੀ ਕੁਲ ਸਭਿ ਇਕਠੀ ਹੋਇ । ਬਡੇ ਹਮਾਰਨਿ ਕੀਬਿਧਿ ਸੋਇ ।
ਇਸ ਬਿਧ ਕਰਨਅਹੈ ਬਿਵਹਾਰ । ਆਵਹਿਂ ਆਮਿਖ ਕਰਹਿਂ ਅਹਾਰ ॥ ੫ ॥

ਸਦਾ ਜਠੇਰਨ ਰੀਤਿ ਹਮਾਰੇ । ਓ ਦਨ ਆਮਿਖ ਦੇਹਿਂ ਅਹਾਰੇ ।
ਖੁਸ਼ੀ ਅਨੇਕ ਪ੍ਰਕਾਰਨ ਹੋਇ । ਹੋਹਿ ਮੇਲ ਕੁਲ ਕੇ ਸਭਿ ਕੋਇ ॥ ੬ ॥

ਸੁਨਿ ਕਰਿ ਬਿਕਸੇ ਗੁਰੂ ਕ੍ਰਿਪਾਲ । ਭਲੋ ਕਰਨ ਹਿਤ ਕਹਿ ਤਿਸ ਕਾਲ ।
**ਇਤਨੇ ਜੀਵਨ ਹਿੰਸਾ ਕਰੈਂ । ਪਾਪ ਬਿਸਾਲ ਅਪਨ ਸਿਰ ਧਰੈਂ** ॥ ੭ ॥

ਅਬਿ ਤੋ ਸੁਗਮ ਜਾਨੀਅਹਿ ਕਰਿਬੋ । ਅੰਤ ਮਹਾਂ ਦੁਖ ਨਰਕਨ ਪਰਬੋ ।
ਦੇਹਿਂ ਸ਼ਾਸਨਾ ਜਮ ਕੇ ਦੂਤ । ਤਹਾਂ ਨ ਪਹੁੰਚੇ ਬੰਧਪ ਪੂਤ ॥ ੮ ॥

ਜਿਨ ਕੇ ਹਿਤ ਅਘ ਕਰਮ ਕਮਾਇਂ ॥ ਤਹਾਂ ਨ ਰੰਚਕ ਹੋਇ ਸਹਾਇ ।
ਸੁਖ ਭੋਗੈਂ ਗੇ ਸਗਰੇ ਲੋਕ ॥ ਅਪਦਾ ਪਰਹਿ ਤੋਹਿ ਬਡ ਸ਼ੋਕ ॥ ੯ ॥

ਧਰਮਰਾਇ ਜਬ ਕਰਿ ਹੈ ਲੇਖਾ । ਲਹੈਂ ਮਹਾ ਦੁਖ ਰਹੈ ਨ ਸ਼ੇਖਾ ।
ਸੁਨਿ 'ਸ਼ੀਹੇ' ਭੈ ਧਾਰਿ ਬਡੇਰੇ । ਕਹਯੋ ਕਰੋ ਜਸੁ ਆਇ ਸੁ ਤੇਰੇ ॥ ੧੦ ॥

ਸ੍ਰੀ ਗੁਰ ਕਹਾਂ ਕਰੋ ਉਪਚਾਰ । ਜਿਸ ਤੇ ਹੋਇ ਨ ਜੀਵ ਸੰਘਾਰ ।
ਨੀਕੀ ਬਾਤ ਆਪ ਮੁਝ ਕਹੋ । ਬਚ ਜਿਮ ਰਹੋਂਸੁ ਮੈਂ ਭੀ ਰਹੋਂ ॥ ੧੧ ॥

ਹੋਹਿ ਨ ਪਾਪ ਨਰਕ ਨਹਿਂ ਪਰਿਊਂ । ਜੀਵ ਘਾਤ ਤੇ ਚਿਤ ਮਹਿਂ ਡਰਿਊਂ ॥
ਆਪ ਸ਼ਕਤਿ ਧਰ ਹੋ ਸਮਰੱਥ । ਰਾਖਹੁ ਮੋਹਿ ਪ੍ਰਭੂ ਦਿਹੁ ਹੱਥੁ ॥ ੧੨ ॥

ਤੁਮਤੇ ਬਡੋ ਕਹਾਂ ਮੈਂ ਪਾਵੋਂ । ਪਰਯੋ ਸ਼ਰਨ ਮੈਂ ਨਿਤ ਗੁਨ ਗਾਵੋਂ ।
ਜਿਮਿ ਇਹ ਜੀਵ ਘਾਤ ਨਹਿਂ ਹੋਵੈ । ਨਹੀ ਜਠੇਰਨ ਕੋ ਦੁਖ ਸੋਵੈਂ ॥ ੧੩ ॥

ਅਸ ਉਪਾਇ ਅਬਿ ਆਪ ਅਲਾਵੋ । ਅਪਨੋ ਸੇਵਕ ਜਾਨ ਬਤਾਵੋ ।
ਇਮਿ ਬਿਨਤੀ ਸੁਨਿ ਕੈ ਤਿਸ ਕੇਰੀ । ਭਏ ਕ੍ਰਿਪਾਲ ਭਨਯੋ ਬਚ ਫੇਰੀ ॥ ੧੪ ॥

ਹਮਰੇਦ੍ਵਾਰੇ ਮੁੰਡਨ ਕਰੋ । ਉਰ ਕੋ ਭਰਮ ਸਰਬ ਪਰਹਰੋ ।
ਬਿਘਨ ਜਠੇਰਨਿ ਕੋ ਨਹਿਂ ਹੋਇ । ਸਿਮਰਹੁ ਸੱਤਿਨਾਮ ਦੁਖ ਖੋਇ ॥ ੧੫ ॥

ਜਿਨ ਕੋ ਦੁਖ ਦਾਇਕ ਤੂੰ ਜਾਨੈ । ਜੋ ਤੇਰੇ ਸਭਿ ਬਿਘਨਨਿ ਠਾਨੈ ।
ਸਰਬ ਓਰ ਤੇ ਹੁਇ ਰਖ ਵਾਰੇ । ਸਭਿ ਸੁਖ ਦੇਹਿਂ ਨ ਕਾਜ ਬਿਗਾਰੇ ॥ ੧੬ ॥

. Sri Satguru Jagjit Singh Ji eLibrary NamdhariElibrary@gmail.com .

ਅਜ ਸਗਰੇ ਅਬ ਦੀਜਹਿ ਛੋਰ । ਨਰਕ ਨਿਹਾਰਹਿਂ ਨਹਿਂ ਦੁਖ ਘੋਰ ॥
ਸੁਨੇ ਬਚਨ ਧਰਿ ਸ਼ਰਧਾ ਮਾਨੇ । ਹਾਥ ਜੋਰਿ ਅਪਨੋ ਹਿਤ ਜਾਨੇ ॥ ੧੭ ॥
**ਅਜ ਖਲਾਸ ਤਿਸ ਛਿਨ ਸਭਿ ਕੀਨੇ** ॥ ਗੁਰ ਕੇ ਚਰਨ ਕਮਲ ਮਨੁ ਲੀਨੇ ॥
ਜਾਇ ਸਦਨ ਸਭਿ ਜੇਤਿਕ ਤਜਾਰੀ । ਆਨਤਿ ਭਾ ਗੁਰ ਕਰੇ ਅਗਾਰੀ ॥ ੧੮ ॥

ਅਪਨੇ ਬੰਧੂ ਤਹਾਂ ਹਕਾਰੇ । ਬਹੁਰ ਪੁਤਰ ਕੋ ਸ੍ਰੀ ਗੁਰ ਦੁਆਰੇ ॥
**ਮੁੰਡਨ ਰੀਤਿ ਬੰਸ ਕੀ ਜੈਸੇ । ਭਲੀ ਭਾਂਤਿ ਕਰਵਾਇਵ ਤੈਸੇ** ॥ ੧੯ ॥
ਪਹਿਤ ਭਾਤ ਕੋ ਦੀਨ ਅਹਾਰਾ ॥ ਰੁਚਿ ਕਰਿ ਖਾਇਂ ਸਰਬ ਪਰਵਾਰਾ ॥
ਸਿੱਖ ਸੰਗਤ ਸਭਿਹੂੰਨ ਅਚਾਵਾ । ਬਿਘਨ ਕਛੂ ਨਹਿਂ ਹੋਵਨ ਪਾਵਾ ॥ ੨੦ ॥

ਸਤਿਗੁਰ ਕੋ ਪ੍ਰਤਾਪ ਅਤਿ ਭਾਰੀ । ਬਿਘਨ ਕਾਰ ਹੋਏ ਰਖ ਵਾਰੀ ॥
ਪੂਰਨ ਸਕਲ ਕਾਜ ਤਿਨ ਕਰਯੋ । ਸ੍ਰੀ ਗੁਰ ਪੰਥ ਰਿਦੇ ਦ੍ਰਿੜ੍ਹ ਧਰਯੋ ॥ ੨੧ ॥
ਭਯੋ ਸਿਖ ਤਿਸੁ ਦਿਨ ਤੇ ਗੁਰ ਕੋ । ਸੇਵਹਿ ਚਰਨ ਭਾਉ ਕਰਿ ਉਰ ਕੋ ॥
ਦ੍ਰਿੜ੍ਹ ਪ੍ਰਤੀਤ ਕੀਨਸਿ ਤੇ ਗੁਰ ਓਰੀ । ਅਪਰ ਸਭਿਨਿ ਕੀ ਮਨਤਾ ਛੋਰੀ ॥ ੨੨ ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ॥ ਰਾਸ ੧ ਅੰਸੂ ੨੬)

ਗਿਆਨੀ ਜੀ ! ਇਥੇ ਹੀ ਬਸ ਨਹੀਂ, ਦੇਖੋ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਜੀ ਵੱਲੋਂ ,—'ਗੁਰਮਤਿ ਪ੍ਰਕਾਸ਼' ਮਾਸਕ ਪੱਤਰ, ਜਿਲਦ ੧੨, ਅੰਕ ੮ ਸਤੰਬਰ ੧੯੬੭ ਦੇ ਰਹਿਤ ਮਰਯਾਦਾ ਅੰਕ ਦੇ ਪੰਨੇ ੧੪੧ ਤੇ ਇੰਜ ਲਿਖਿਆ ਹੈ :—

ਬਕਰਾ ਝਟਕਾ ਬੀਚ ਨਾ ਕਰੈ । ਅਵਰ ਮਾਸ ਨਹਿ ਲੰਗਰ ਧਰੈ ।
ਜੋ ਮਨ ਹੋਇ ਤਾ ਦੂਰ ਕਰਾਵੈ । ਨਿਜ ਬਰਤਾਰਾ ਤਹਾ ਲੈ ਜਾਵੈ ।
ਦੇਗ ਅਸਨ ਕੇ ਹੈ ਸਭ ਭਾਗੀ । ਬ੍ਰਹਮਨ ਖਤ੍ਰੀ ਸਭ ਅਨਰਾਗੀ ।
ਤਾਂ ਤੇ ਯਹ ਸਿੱਛ ਸੁਣ ਲੀਜੇ । ਦੇਗ ਮਾਹਿ ਨਾਹਿ ਮਾਸ ਅਨੀਜੇ ॥

(ਭਾਈ ਦੇਸਾ ਸਿੰਘ)

ਪਿਆਰੇ ਪਾਠਕ ਜੀਉ ! ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਉਪ੍ਰੋਕਤ ਹਵਾਲੇ ਤੋਂ ਤੇ ਭਾਈ ਦੇਸਾ ਸਿੰਘ ਜੀ ਦੇ ਹਵਾਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤਸਰ ਜੀ ਵਲੋਂ ਪ੍ਰਗਟ ਕੀਤਾ ਗਿਆ ਹੈ ਕਿ ਗੁਰੂ ਦੇ ਲੰਗਰ ਵਿਚ ਮਾਸ ਨ ਬਣੇ । ਫਿਰ ਅਸੀਂ ਇਥੇ ਕੇਵਲ ਗਿਆਨੀ ਜੀ ਦੇ ਉਪ੍ਰੋਕਤ ਹਵਾਲੇ ਨੂੰ ਕਿਵੇਂ ਸੱਚਾ ਮੰਨ ਲਈਏ । ਜਿਸ ਤੋਂ ਇਹ ਸਪੱਸ਼ਟ ਹੈ ਕਿ ਗਿਆਨੀ 'ਸਰਲ' ਜੀ ਵਾਲਾ ਉਪ੍ਰੋਕਤ ਹਵਾਲਾ ਭਾਈ ਸੰਤੋਖ ਸਿੰਘ ਜੀ ਮਹਾਕਵੀ ਦਾ ਅਪਣਾ ਕ੍ਰਿਤ ਨਹੀਂ ਹੈ, ਬਲਕਿ ਕਿਸੇ ਮਾਸਾਹਾਰੀ ਵੀਰ ਵਲੋਂ ਮਗਰੋਂ ਲਿਖ ਕੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਪਾਇਆ ਗਿਆ ਸਿਧ ਹੁੰਦਾ ਹੈ । ਤਾਂ ਤੇ ਇਹ ਉਪ੍ਰੋਕਤ ਗਿਆਨੀ ਜੀ ਵਾਲਾ ਹਵਾਲਾ ਪ੍ਰਮਾਣੀਕ ਨਹੀਂ ਹੈ ।

---

# ਨਿਰਨਾ ਕੌਣ ਕਰੇ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਸਿੱਖਾਂ ਨੂੰ ਮਾਸ ਖਾਣਾ ਸਿੱਧ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗਰੰਥ ਦੇ ਪਨੇ ੨੭ ਤੇ ਲਿਖਦੇ ਹਨ ਕਿ :—

ਭਾਈ ਸਾਹਿਬ ਇਸ ਗੱਲ ਤੇ ਬੜਾ ਜ਼ੋਰ ਦੇਂਦੇ ਹਨ ਕਿ ਇਸ ਝਗੜੇ ਦਾ ਫੈਸਲਾ ਹੋਣਾ ਚਾਹੀਦਾ ਹੈ ਕਿ ਸਿੱਖ ਧਰਮ ਵਿਚ ਮਾਸ ਖਾਣਾ ਜਾਇਜ਼ ਹੈ ਕਿ ਨਜਾਇਜ਼, ਪਰ ਹੇਰਾ ਫੇਰੀ ਨਾਲ ਇਰ ਫੈਸਲਾ ਕਰਨ ਵਾਲੀ ਅਦਾਲਤ ਦੀ ਕੁਰਸੀ ਉਤੇ ਆਪ ਬੈਠਣ ਦਾ ਹੱਕ ਰੱਖਣਾ ਚਾਹੁੰਦੇ ਸਨ ਤੇ ਆਪਣੀ ਮਰਜ਼ੀ ਦੇ ਚਾਰ ਸਿੰਘਾਂ ਨੂੰ ਗੁਰਮੁਖ ਪੰਚ ਦਾ ਦਰਜਾ ਦੇ ਕੇ ਆਪਣੇ ਨਾਲ ਮਿਲਾ ਕੇ ਬਾਕੀ ਮਹਾਂ ਪ੍ਰਸਾਦ (ਮਾਸ) ਛਕਣ ਵਾਲੇ ਸਿੰਘਾਂ ਨੂੰ ਪਤਿਤ ਕਰਾਰ ਦੇ ਕੇ ਤਖ਼ਤਾਂ ਤੋਂ ਉਤਾਰ ਕੇ ਆਪਣੇ ਚਰਨਾਂ ਵਿਚ ਸੁੱਟਣਾ ਚਾਹੁੰਦੇ ਸਨ । ਉਹਨਾਂ ਦਾ ਆਪਣਾ ਜਥਾ ਤਾਂ ਇਹ ਫੈਸਲਾ ਕਰੀ ਹੀ ਬੈਠਾ ਹੈ ਕਿ ਮਾਸ ਖਾਣ ਵਾਲੇ ਸਾਰੇ ਸਿੰਘ ਪਤਿਤ ਹੀ ਹਨ । ਹੁਣ ਤਾਂ ਸਿਰਫ ਸਾਨੂੰ ਹੀ ਵਿਚਾਰਨਾ ਪਵੇਗਾ ਕਿ ਅਸੀਂ ਇਹਨਾਂ ਦੇ ਇਸ ਫੈਸਲੇ ਨੂੰ ਪਰਵਾਨ ਕਰੀਏ ਕਿ ਨਾ ।

ਉਹਨਾਂ ਦਾ ਇਹ ਵਿਚਾਰ ਸਰਾਸਰ ਗ਼ਲਤ ਹੈ । ਅਸੀਂ ਸਮਝਦੇ ਹਾਂ

. Sri Satguru Jagjit Singh Ji eLibrary NamdhariElibrary@gmail.com .

ਕਿ ਇਸ ਦਾ ਫੈਸਲਾ ਗੁਰੂ ਜੀ ਆਪ ਹੀ ਕਰ ਗਏ ਹਨ ਤੇ ਪੰਥ ਇਸ ਨੂੰ ਮੰਨ ਕੇ ਇਸ ਤੇ ਅਮਲ ਕਰਦਾ ਚਲਿਆ ਆਇਆ ਹੈ । ਪਰ ਜੇ ਅਜੇ ਵੀ ਹੋਰ ਵੀਚਾਰ ਦੀ ਲੋੜ ਹੈ ਤਾਂ ਇਹ ਮੁਆਮਲਾ ਤਖ਼ਤਾਂ ਦੇ ਪੇਸ਼ ਕਰ ਦਿਓ । ਜਾਂ ਸਾਰੇ ਪੰਥਕ ਜਥੇ, ਸਿੰਘ ਸਭਾਵਾਂ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਤੀਨਿਧ ਬੁਲਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ ਸਰਬ ਸੰਮਤੀ ਲੈ ਲਵੋ, ਫਿਰ ਜਿਹੜਾ ਇਸ ਫੈਸਲੇ ਨੂੰ ਨਾ ਮੰਨੇ ਉਹ ਝੂਠਾ ।

ਸੱਜਣੋਂ, ਭਾਈ ਸਾਹਿਬ ਤਾਂ ਆਪਣੀ ਮਰਜ਼ੀ ਦੇ ਸਿੰਘ ਆਪਣੇ ਨਾਲ ਸ਼ਾਮਲ ਕਰ ਕੇ ਗੁਰੂ ਹੋਣ ਦਾ ਦਾਹਵਾ ਕਰ ਕੇ ਫਤਵੇ ਦੇਣਾ ਪੜ੍ਹੇ ਹੋਏ ਸਨ । ਇਸ ਘੁੰਡੀ ਨੂੰ ਸਮਝਣ ਲਈ ਪੜ੍ਹੋ ਗਿਆਨੀ ਹੀਰਾ ਸਿੰਘ 'ਦਰਦ' ਦਾ ਲੇਖ ਜੋ 'ਗੁਰੂ ਰੂਪ ਪੰਜ ਪਿਆਰੇ' ਦੇ ਸਿਰਲੇਖ ਹੇਠ ੪ ਜੁਲਾਈ ੧੯੬੫ ਦੇ ਜਥੇਦਾਰ ਅਖ਼ਬਾਰ ਵਿਚ ਛਪ ਚੁੱਕਾ ਹੈ ।

ਉਹ ਲਿਖਦੇ ਹਨ ਕਿ ਜਦੋਂ ਮੈਂ ਚੱਕ ਨੰਬਰ ੭੩ ਝੰਗ ਬਰਾਂਚ ਭਕਨਾ ਝਬਾਲ (ਲਾਇਲਪੁਰ) ਵਿਚ ਅਧਿਆਪਕ ਸਾਂ ਅਤੇ ਗੁਰਮਤਿ ਪਰਚਾਰਕ ਜਥੇ ਵਿਚ ਬੜੇ ਉਤਸ਼ਾਹ ਨਾਲ ਕੰਮ ਕਰਦਾ ਹੁੰਦਾ ਸਾਂ ਤਾਂ ਉਥੇ ਕੁਝ ਪਰਮ ਪਰੇਮੀ ਤੇ ਨੇਕ ਸੱਜਨ ਮੇਰੇ ਬੜੇ ਗੂੜ੍ਹੇ ਮਿੱਤਰ ਬਣ ਗਏ ਸਨ । ਉਨ੍ਹਾਂ ਵਿਚੋਂ ਬਾਬੂ ਮੱਲ ਸਿੰਘ, ਡਾ: ਗੁਰਬਖ਼ਸ਼ ਸਿੰਘ, ਬਾਬੂ ਤ੍ਰਿਪਤ ਸਿੰਘ ਜੀ, ਸ: ਸੂਰਤ ਸਿੰਘ ਤੇ ਭਾਈ ਜੈ ਸਿੰਘ ਆਦਿ ਖ਼ਾਸ ਤੌਰ ਤੇ ਮੇਰੇ ਨਿਕਟ ਵਰਤੀ ਸਨ ।

ਬਾਬੂ ਮੱਲ ਸਿੰਘ ਹੁਰਾਂ ਨੇ ਚੱਕ ਨੰਬਰ ੭੧ ਵਿਚ ਇਕ ਉਚੇਚਾ ਸਮਾਗਮ ਰਚਿਆ । ਸੰਤ ਰਣਧੀਰ ਸਿੰਘ ਦੇ ਜਥੇ ਨੂੰ ਸੱਦਾ ਭੇਜਿਆ ਅਤੇ ਅਖੰਡ ਪਾਠ ਰੱਖ ਕੇ ਪੂਰਨ ਵਿਧੀ ਨਾਲ ਅੰਮ੍ਰਿਤ ਪ੍ਰਚਾਰ ਕਰਨ ਦਾ ਪ੍ਰਬੰਧ ਕੀਤਾ। ਉੱਪਰ ਲਿਖੇ ਸੱਜਣਾਂ ਨੇ ਸਣੇ ਸਿੰਘਣੀਆਂ ਦੇ ਦੁਬਾਰਾ ਅੰਮ੍ਰਿਤ ਛਕਣਾ ਸੀ। ਮੈਨੂੰ ਰਾਵਲਪਿੰਡੀ ਤੋਂ ਉਚੇਚਾ ਇਸ ਸਮਾਗਮ ਉਤੇ ਬੁਲਾਇਆ ਗਿਆ ਤਾਂ ਜੋ ਮੈਂ ਵੀ ਆਪਣੀ ਪੂਰੀ ਤਰ੍ਹਾਂ ਸੁਧਾਈ ਕਰ ਕੇ ਨਵੇਂ ਸਿਰੇ ਪੂਰਨ ਗੁਰ-ਸਿੱਖਾਂ ਦੇ ਹੱਥੋਂ ਅੰਮ੍ਰਿਤ ਪਾਨ ਕਰ ਕੇ ਆਪਣਾ ਜਨਮ ਸਫਲਾ ਕਰਾਂ ।

ਮੈਂ ਬੜੇ ਚਾਉ ਭਰੇ ਦਿਲ ਨਾਲ ਉਥੇ ਪਹੁੰਚ ਗਿਆ । ਅਖੰਡ ਪਾਠ ਸ਼ਬਦ

. Sri Satguru Jagjit Singh Ji eLibrary NamdhariElibrary@gmail.com .

ਕੀਰਤਨ, ਜਗਯਾਸੂਆਂ ਦਾ ਸਣ-ਕੇਸੀਂ ਇਸ਼ਨਾਨ, ਨਿਤ ਨੇਮ ਆਦਿਕ ਸਭ ਮਰਯਾਦਾਂ ਪੂਰੀ ਵਿਧੀ ਨਾਲ ਕਰਨ ਮਗਰੋਂ ਅੰਮ੍ਰਿਤ ਛਕਾਇਆ ਗਿਆ। ਰਹਿਤ ਮਰਯਾਦਾ ਦੀ ਸਿੱਖਿਆ ਦੇਣ ਸਮੇਂ ਪੰਜਾਂ ਪਿਆਰਿਆਂ ਦੇ ਜਥੇਦਾਰ ਭਾਈ ਰਣਧੀਰ ਸਿੰਘ ਨੇ ਕੁਰਹਿਤਾਂ ਚਾਰ ਦੀ ਥਾਂ ਪੰਜ ਦੱਸੀਆਂ। ਇਕ ਕੁਰਹਿਤ ਇਹ ਵੀ ਦੱਸੀ—'ਮਾਸ ਖਾਣਾ ਕੁਰਹਿਤ ਹੈ' ਇਹ ਸੁਣ ਕੇ ਮੈਂ ਹੈਰਾਨ ਹੋ ਗਿਆ। ਮੇਰੇ ਦਿਲ ਉਤੇ ਭਾਈ ਰਣਧੀਰ ਸਿੰਘ ਦੇ ਭਜਨੀਕ ਹੋਣ ਦਾ ਬੜਾ ਪ੍ਰਭਾਵ ਪਾਇਆ ਗਿਆ ਸੀ, ਪਰ ਹੁਣ ਮੈਂ ਬੋਲਣੋਂ ਰਹਿ ਨਾ ਸਕਿਆ : 'ਜਥੇਦਾਰ ਜੀ ! ਮੈਂ ਹੁਣ ਤਕ ਇਹੋ ਪੜ੍ਹਿਆ ਸੁਣਿਆ ਹੈ ਕਿ ਕੁਠਾ ਮਾਸ ਖਾਣਾ ਕੁਰਹਿਤ ਹੈ ਪਰ ਤੁਸੀਂ ਮਾਸ ਖਾਣ ਨੂੰ ਹੀ ਕੁਰਹਿਤ ਦੱਸ ਰਹੇ ਹੋ ? ਕੀ ਗੁਰੂ ਗੋਬਿੰਦ ਸਿੰਘ ਜੀ ਤੇ ਹੋਰ ਪੁਰਾਤਨ ਸਿੰਘ ਝਟਕਾ ਮਹਾਂ ਪ੍ਰਸ਼ਾਦ ਨਹੀਂ ਛਕਦੇ ਸਨ ? ਕੀ ਅੰਮ੍ਰਿਤ ਛਕਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਬੱਕਰੇ ਨਹੀਂ ਝਟਕਾਏ ਸਨ ? ਮੈਂ ਤਾਂ ਕਿਤੇ ਭੀ ਨਹੀਂ ਪੜ੍ਹਿਆ ਕਿ ਗੁਰੂ ਜੀ ਨੇ ਮਾਸ ਖਾਣਾ ਬੰਦ ਕੀਤਾ ਹੈ ?

ਭਾਈ ਰਣਧੀਰ ਸਿੰਘ—ਤਵਾਰੀਖਾਂ ਵਿਚ ਬਹੁਤ ਮਿਲਾਵਟ ਹੈ । ਗੁਰੂ ਗੋਬਿੰਦ ਸਿੰਘ ਨੇ ਪੰਜ ਬੱਕਰੇ ਨਹੀਂ ਸਨ ਝਟਕਾਏ ਬਲਕਿ ਉਨ੍ਹਾਂ ਨੇ ਪੰਜ ਪਿਆਰਿਆਂ ਨੂੰ ਸੱਚਮੁੱਚ ਝਟਕਾ ਕੇ ਮੁੜ ਕੇ ਆਪਣੀ ਸ਼ਕਤੀ ਨਾਲ ਸੁਰਜੀਤ ਕੀਤਾ ਸੀ। ਮਹਾਂ ਪ੍ਰਸ਼ਾਦ ਕੜਾਹ ਨੂੰ ਕਿਹਾ ਜਾਂਦਾ ਹੈ ਨਾ ਕਿ ਮਾਸ ਨੂੰ । ਗੁਰੂ ਗਰੰਥ ਸਾਹਿਬ ਵਿਚ ਮਾਸ ਦੀ ਸਾਫ਼ ਮਨਾਹੀ ਹੈ ਦੇਖੋ :—

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਮੈਂ—ਖਿਮਾਂ ਕਰਨੀ ਜਥੇਦਾਰ ਜੀ, ਮੇਰੀ ਆਪ ਦੇ ਇਸ ਕਥਨ ਨਾਲ ਤਸੱਲੀ ਨਹੀਂ ਹੋਈ। ਗੁਰਬਾਣੀ ਦੀ ਇਸ ਤੁਕ ਵਿਚ ਵੀ ਮਾਸ ਦੀ ਨਿਖੇਧੀ ਨਹੀਂ ਬਲਕਿ ਜਬਰ ਜ਼ੁਲਮ ਤੇ ਵੱਢੀਆਂ ਨਾਲ ਮਨੁੱਖਾਂ ਦੇ ਲਹੂ ਪੀਣ ਦੀ ਨਿਖੇਧੀ ਹੈ।

ਮੇਰੀ ਗੱਲ ਸੁਣ ਕੇ ਜਥੇਦਾਰ ਸਾਹਿਬ ਜੋਸ਼ ਵਿਚ ਆ ਗਏ ਅਤੇ ਬੋਲੇ—

'ਤੁਸੀਂ ਇਥੇ ਜਗਿਆਸੂ ਦੀ ਹੈਸੀਅਤ ਵਿਚ ਸਿੱਖੀ ਦੀ ਦਾਤ ਲੈਣ ਲਈ

. Sri Satguru Jagjit Singh Ji eLibrary NamdhariElibrary@gmail.com .

ਗੁਰੂ ਦੇ ਹਜ਼ੂਰ ਆਏ ਹੋ ?'

'ਹਾਂ ਜੀ ਠੀਕ ਹੈ।'

'ਪੰਜ ਪਿਆਰੇ ਗੁਰੂ ਰੂਪ ਹੁੰਦੇ ਹਨ ?''

'ਹਾਂ ਜੀ !'

ਫਿਰ ਤੁਸੀਂ ਹੁਜਤਾਂ ਕਰਨੀਆਂ ਛੱਡ ਦਿਓ, **ਅਸੀਂ ਪੰਜ ਪਿਆਰੇ ਗੁਰੂ ਰੂਪ ਜੋ ਆਪ ਨੂੰ ਹੁਕਮ ਦੇਂਦੇ ਹਾਂ, ਉਹ ਆਪ ਨੂੰ ਮੰਨਣਾ ਪਵੇਗਾ। ਅਸੀਂ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀਂ ਮਾਸ ਖਾਓਗੇ ਤਾਂ ਕੁਰਹਿਤੀਏ ਬਣ ਜਾਓਗੇ**।

ਮੈਂ ਚੁੱਪ ਹੋ ਗਿਆ। ਉਨ੍ਹਾਂ ਦੀ ਇਸ ਗੱਲ ਦਾ ਮੈਨੂੰ ਓਦੋਂ ਕੋਈ ਉਤਰ ਨਾ ਅਹੁੜਿਆ। ਉਂਞ ਵੀ ਮੈਂ ਭਾਈ ਰਣਧੀਰ ਸਿੰਘ ਦੇ ਧਾਰਮਕ ਪ੍ਰਭਾਵ ਤੋਂ ਕੁਝ ਡਰ ਰਿਹਾ ਸਾ। ਮਤਾਂ ਪੰਜ ਪਿਆਰੇ ਗੁਰੂ ਰੂਪ ਮੇਰੇ ਉਤੇ ਨਾਰਾਜ਼ ਹੋ ਕੇ ਮੈਨੂੰ ਅੰਮ੍ਰਿਤ ਤੋਂ ਵਾਂਝਿਆਂ ਹੀ ਨਾ ਰਖ ਦੇਣ। ਮੈਂ ਸਤਿ ਬਚਨ ਆਖ ਕੇ ਉਹਨਾਂ ਦਾ ਹੁਕਮ ਪਰਵਾਨ ਕਰ ਲਿਆ ਅਤੇ ਮਾਸ ਖਾਣਾ ਛਡ ਦਿੱਤਾ।

ਕਲਰ ਖਾਲਸਾ ਹਾਈ ਸਕੂਲ ਵਿਚ ਰਹਿੰਦਿਆਂ ਸਹਿਜੇ ਸਹਿਜੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲੱਗ ਗਿਆ ਕਿ ਮੈਂ ਮਾਸ ਨਹੀਂ ਖਾਂਦਾ। ਉਹ ਬੜੇ ਹੈਰਾਨ ਹੋਏ। ਉਹ ਮੇਰੇ ਬੜੇ ਮਿਤਰ ਸਨ। ਉਹਨਾਂ ਹੋਰ ਮਾਸਟਰਾਂ ਨੂੰ ਕਿਹਾ, ਗਿਆਨੀ ਹੀਰਾ ਸਿੰਘ ਦਾ ਇਹ ਭੁਲੇਖਾ ਮੈਂ ਕਢਾਂਗਾ।

**ਮਾਸਟਰ ਤਾਰਾ ਸਿੰਘ ਦੀ ਥਿਊਰੀ ਸੀ ਕਿ ਜੋ ਝਟਕਾ ਮਾਸ ਨਹੀਂ ਖਾਂਦਾ ਉਹ ਸਿੱਖ ਨਹੀਂ**। ਇਕ ਦਿਨ ਨਦੀ ਕਿਨਾਰੇ ਜਾ ਕੇ ਬੱਕਰਾ ਝਟਕਾਉਣ ਤੇ ਛੁਟੀ ਮਨਾਉਣ ਦੀ ਤਜਵੀਜ਼ ਹੋਈ। ਸਕੂਲ ਵਿਚ ਹੀ ਮੇਰੇ ਬਾਰੇ ਗੱਲ ਛਿੜ ਪਈ। ਮਾਸਟਰਾਂ ਨੇ ਮਾਸਟਰ ਤਾਰਾ ਸਿੰਘ ਨੂੰ ਕਿਹਾ ਕਿ ਮੈਂ ਪਿਕਨਿਕ ਵਿਚ ਸ਼ਾਮਲ ਨਹੀਂ ਕਿਉਂਕਿ ਮੈਂ ਮਾਸ ਨਹੀਂ ਖਾਂਦਾ। ਮਾਸਟਰ ਤਾਰਾ ਸਿੰਘ ਜੀ ਨੇ ਮੈਨੂੰ ਪੁਛਿਆ—ਕੀ ਗੱਲ ਹੈ ? ਤੁਸੀਂ ਕਦੋਂ ਤੋਂ ਅਹਿੰਸਾਵਾਦੀ ਬਣ ਗਏ ਹੋ ? ਮੈਂ ਤਾਂ ਤੁਹਾਨੂੰ ਇਕ ਸੂਰਬੀਰ ਖਾਲਸਾ ਸਮਝਦਾ ਸਾਂ ?

'ਮੈਂ ਅਹਿੰਸਾਵਾਦੀ ਨਹੀਂ ਹਾਂ, ਮਾਸਟਰ ਜੀ। ਮੈਂ ਉਤਰ ਵਿਚ ਕਿਹਾ—

. Sri Satguru Jagjit Singh Ji eLibrary NamdhariElibrary@gmail.com .

ਲੋੜ ਪੈਣ ਤੇ ਮੈਦਾਨ ਜੰਗ ਵਿਚ ਜ਼ਾਲਮਾਂ ਵਿਰੁਧ ਲੜਨ ਲਈ ਹਰ ਵੇਲੇ ਤਿਆਰ ਹਾਂ।'

'ਫਿਰ ਕੀ ਗੱਲ ਹੈ ? ਕੀ ਮਾਸ ਖਾਣਾਂ ਤੁਸੀਂ ਪਾਪ ਸਮਝਦੇ ਹੋ ?'

ਮੈਂ ਸੋਚਣ ਲੱਗ ਪਿਆ, ਫਿਰ ਆਖਿਆ 'ਇਹ ਗੱਲ ਤਾਂ ਨਹੀਂ।'

ਮੇਰਾ ਖਿਆਲ ਹੈ ਤੁਸੀਂ ਜਦੋਂ ਲਾਇਲਪੁਰ ਰਹਿੰਦੇ ਹੁੰਦੇ ਸੀ ਮੈਨੂੰ ਮਿਲਦੇ ਹੁੰਦੇ ਸੀ, ਸਾਡੇ ਘਰ ਵੀ ਆਉਂਦੇ ਹੁੰਦੇ ਸੀ ਤੇ ਮਾਸ ਛਕਦੇ ਹੁੰਦੇ ਸੀ ? ਇਹ ਵੀ ਠੀਕ ਹੈ।

'ਫਿਰ ਇਹ ਤੁਹਾਨੂੰ ਕੀ ਬੀਮਾਰੀ ਚੰਬੜ ਗਈ, ਖੋਲ੍ਹ ਕੇ ਕਿਉਂ ਨਹੀਂ ਦੱਸਦੇ ? ਹੁਣ ਮੈਂ ਮਾਸਟਰ ਜੀ ਨੂੰ ਸਾਰੀ ਗੱਲ ਖੋਲ੍ਹ ਕੇ ਦੱਸ ਦਿੱਤੀ ਕਿ ਕਿਸ ਤਰ੍ਹਾਂ ਮੈਂ ਸਿੱਖੀ ਵਿਚ ਪੂਰਣਤਾ ਪਰਾਪਤ ਕਰਨ ਦੀ ਲਗਨ ਵਿਚ ਬਾਰ ਵਿਚ ਭਾਈ ਰਣਧੀਰ ਸਿੰਘ ਤੋਂ ਅੰਮ੍ਰਿਤ ਛਕਣ ਗਿਆ ਸਾਂ ਤੇ ਕਿਸ ਤਰ੍ਹਾਂ ਭਾਈ ਰਣਧੀਰ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਗੁਰੂ ਰੂਪ ਦੱਸ ਕੇ ਮੈਨੂੰ ਹੁਕਮ ਦੇ ਕੇ ਮਾਸ ਖਾਣਾ ਬੰਦ ਕੀਤਾ ਸੀ। ਮੈਂ ਕਿਹਾ—ਮੈਂ ਹੁਣ ਗੁਰੂ ਰੂਪ ਪੰਜ ਪਿਆਰਿਆਂ ਦਾ ਬੱਧਾ ਹਾਂ, ਇਹ ਹੁਕਮ ਤੋੜ ਕੇ ਮੈਂ ਕਿਵੇਂ ਮਾਸ ਖਾਵਾਂ।'

ਇਹ ਸੁਣ ਕੇ ਮਾਸਟਰ ਤਾਰਾ ਸਿੰਘ ਜੀ ਖਿੜ ਖਿੜਾ ਕੇ ਹੱਸ ਪਏ। ਫਿਰ ਬੋਲੇ ਮੈਂ ਤੁਹਾਡੇ ਪੱਕੇ ਸਿੱਖੀ ਵਿਸ਼ਵਾਸ ਉਤੇ ਬਹੁਤ ਖੁਸ਼ ਹਾਂ। ਤੁਸੀਂ ਹੁਣ ਵੀ ਇਹ ਗੱਲ ਮੰਨਦੇ ਹੋ ਨਾ ਕਿ ਪੰਜ ਪਿਆਰੇ ਗੁਰੂ ਰੂਪ ਹੁੰਦੇ ਹਨ ਤੇ ਉਹਨਾਂ ਦਾ ਹੁਕਮ ਮੰਨਣਾ ਚਾਹੀਦਾ ਹੈ ?

ਮੈਂ ਕਿਹਾ—'ਹਾਂ ਜੀ ਕਿਉਂ ਨਹੀਂ ਮੰਨਦਾ।'

ਹੱਛਾ ਤਾਂ ਚਲੋ ਗੁਰਦੁਆਰੇ ਵਿਚ। ਸਣੇ ਹੋਰ ਸਾਰੇ ਮਾਸਟਰਾਂ ਦੇ ਮੈਨੂੰ ਮਾਸਟਰ ਜੀ ਗੁਰਦੁਆਰੇ ਲੈ ਗਏ। ਚਾਰ ਹੋਰ ਤਿਆਰ ਬਰਤਿਆਰ ਸਿੱਖ ਮਾਸਟਰਾਂ ਨੂੰ ਨਾਲ ਲੈ ਕੇ ਮਾਸਟਰ ਜੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠ ਗਏ, ਅਰਦਾਸ ਕਰ ਕੇ ਮਾਸਟਰ ਜੀ ਖੜੇ ਹੋ ਕੇ ਮੈਨੂੰ ਸੰਬੋਧਨ ਕਰ ਕੇ ਬੋਲੇ—

**ਗਿਆਨੀ ਹੀਰਾ ਸਿੰਘ ਸੁਣੋਂ, ਅਸੀਂ ਪੰਜ ਪਿਆਰੇ ਗੁਰੂ ਰੂਪ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀਂ**

. Sri Satguru Jagjit Singh Ji eLibrary NamdhariElibrary@gmail.com .

**ਮਾਸ ਜ਼ਰੂਰ ਖਾਇਆ ਕਰੋ ਕਿਉਂਕਿ ਜੋ ਸਿੱਖ ਝਟਕਾ ਮਾਸ ਨਹੀਂ ਖਾਂਦੇ ਉਹ ਸਿੱਖ ਨਹੀਂ ਹੁੰਦੇ।**

ਇਹ ਸੁਣ ਕੇ ਮੇਰੀਆਂ ਅੱਖਾਂ ਖੁੱਲ੍ਹ ਗਈਆਂ। **ਮਾਸਟਰ ਜੀ ਦੀ ਅਮਲੀ ਦਲੀਲ ਨੇ ਮੈਨੂੰ ਮੇਰੀ ਭੁੱਲ ਸਾਫ ਕਰ ਦਿੱਤੀ।** ਮੈਂ ਮਹਿਸੂਸ ਕੀਤਾ ਕਿ ਭਾਈ ਰਣਧੀਰ ਸਿੰਘ ਜੀ ਨੇ ਉਦੋਂ ਪੰਜ ਪਿਆਰਿਆਂ ਵਿਚ ਗੁਰੂ ਰੂਪ ਦਾ ਅਧਿਕਾਰ ਮੰਨ ਕੇ ਜੋ ਮੈਨੂੰ ਹੁਕਮ ਦਿੱਤਾ ਸੀ ਉਹ ਉਹਨਾਂ ਦੇ ਅਖਤਿਆਰ ਤੋਂ ਬਾਹਰ ਸੀ। ਮਾਸਟਰ ਜੀ ਨੇ ਤਾਂ ਇਕ ਠੀਕ ਦਲੀਲ ਨਾਲ ਮੇਰਾ ਭੁਲੇਖਾ ਕੱਢਣ ਲਈ ਇਹ ਸਾਰਾ ਪਰਬੰਧ ਕੀਤਾ ਸੀ। **ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗੱਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ ਰੂਪ ਬਣ ਕੇ ਹਰ ਕਿਸਮ ਦੇ ਹੁਕਮ ਦੇ ਸਕਦੇ ਹਨ।**

"ਖੈਰ ਉਸ ਦਿਨ ਤੋਂ ਮੈਂ ਮਾਸ ਖਾਣਾ ਤਾਂ ਆਰੰਭ ਕਰ ਦਿੱਤਾ ਪਰ ਇਤਿਹਾਸ, ਬਾਣੀ ਦੇ ਸਿਧਾਂਤਾਂ ਦੇ ਮੁਤਾਲਿਆ ਮਗਰੋਂ ਇਸ ਨਤੀਜੇ ਉਤੇ ਪੁੱਜ ਗਿਆ ਕਿ **ਮਾਸ ਦੇ ਖਾਣ ਜਾਂ ਨਾ ਖਾਣ ਦਾ ਧਰਮ ਨਾਲ ਕੋਈ ਸਬੰਧ ਨਹੀਂ**, ਇਹ ਇਕ ਖ਼ੁਰਾਕ ਦਾ ਮਸਲਾ ਹੈ। ਇਸ ਦਾ ਸਬਧ ਵਧੇਰੇ ਸਿਹਤ ਤੇ ਨਿੱਜੀ ਰੁਚੀਆਂ ਨਾਲ ਹੈ।" (ਝਟਕਾ ਪ੍ਰਕਾਸ਼ ਗਰੰਥ ਦੇ ਪੰਨੇ ੨੭ ਤੋਂ ੩੩ ਤਕ)

**ਪਿਆਰੇ ਪਾਠਕ ਜੀਉ!** ਇਸ ਉਪ੍ਰੋਕਤ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ 'ਪੰਜ ਪਿਆਰੇ ਗੁਰੂ-ਰੂਪ' ਦਾ ਇਕ ਸਿਧਾਂਤ ਨਾ ਹੋਇਆ ਭਾਵ ਅਨੇਕਾਂ ਸਿਧਾਂਤ ਹੋਏ। ਕਿਉਂਕਿ ਕਲ੍ਹ ਕੋਈ ਸੱਜਣ 'ਪੰਜ ਪਿਆਰੇ ਗੁਰੂ-ਰੂਪ' ਦੀ ਹਸੀਯਤ ਵਿਚ ਮਾਸਟਰ ਤਾਰਾ ਸਿੰਘ ਜੀ ਦੀ ਤਰ੍ਹਾਂ ਖੜ੍ਹਾ ਹੋ ਕੇ ਅੰਮ੍ਰਿਤ ਅਭਿ-ਲਾਖੀਆਂ ਸਿੰਘਾਂ ਨੂੰ ਇਹ ਭੀ ਹੁਕਮ ਕਰ ਸਕਦਾ ਹੈ, ਕਿ ਅੱਜ ਤੋਂ ਸ਼ਰਾਬ ਆਦਿਕ ਨਸ਼ੇ ਪੀਆ ਕਰੋ, ਜੋ ਸਿੱਖ ਸ਼ਰਾਬ ਆਦਿਕ ਨਸ਼ੇ ਨਹੀਂ ਵਰਤਦਾ ਉਹ ਸਿੱਖ ਹੀ ਨਹੀਂ ਹੈ। ਵਾਹ ਗਿਆਨੀ ਜੀ ਵਾਹ, ਇਹ ਯੁਕਤੀ ਮਾਸ ਖਾਣ ਦੀ ਪੁਸ਼ਟੀ ਖੂਬ ਕਰਦੀ ਹੈ। ਧੰਨ ਹੈ ਆਪ ਨੂੰ ਤੇ ਧਨ ਹੈ ਆਪ ਦੇ ਪੈਰੋਕਾਰਾਂ ਨੂੰ।

(੧) **ਭਾਈ ਰਣਧੀਰ ਸਿੰਘ ਜੀ ਵਲੋਂ :**—ਗਿਆਨੀ ਹੀਰਾ ਸਿੰਘ ਜੀ ਨੂੰ ਉਪਦੇਸ਼।

. Sri Satguru Jagjit Singh Ji eLibrary NamdhariElibrary@gmail.com .

ਅਸੀਂ ਪੰਜ ਪਿਆਰੇ ਗੁਰੂ-ਰੂਪ ਜੋ ਆਪ ਨੂੰ ਹੁਕਮ ਦੇਂਦੇ ਹਾਂ, ਉਹ ਆਪ ਨੂੰ ਮੰਨਣਾ ਪਵੇਗਾ। ਅਸੀਂ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀਂ ਮਾਸ ਖਾਓਗੇ ਤਾਂ ਕੁਰਹਿਤੀਏ ਬਣ ਜਾਓਗੇ।

(ਝਟਕਾ ਪ੍ਰਕਾਸ਼ ਗਰੰਥ ਦੇ ਪੰਨੇ ੩੦ ਵਿਚੋਂ)

(੨) **ਮਾਸਟਰ ਤਾਰਾ ਸਿੰਘ ਜੀ ਵੱਲੋਂ** :—ਗਿਆਨੀ ਹੀਰਾ ਸਿੰਘ ਜੀ ਨੂੰ ਉਪਦੇਸ਼।

ਅਸੀਂ ਪੰਜ ਪਿਆਰੇ ਗੁਰੂ-ਰੂਪ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀਂ ਮਾਸ ਜ਼ਰੂਰ ਖਾਇਆ ਕਰੋ ਕਿਉਂਕਿ ਜੋ ਸਿੱਖ ਝਟਕਾ ਮਾਸ ਨਹੀਂ ਖਾਂਦੇ ਉਹ ਸਿੱਖ ਨਹੀਂ ਹੁੰਦੇ।

(ਝਟਕਾ ਪ੍ਰਕਾਸ਼ ਗਰੰਥ ਦੇ ਪੰਨੇ ੩੨ ਵਿਚੋਂ)

ਜੇਕਰ ਗਿਆਨੀ ਜੀ ਇਸ ਦਾ ਉੱਤਰ ਇਹ ਦੇਣ ਕਿ ਅਸੀਂ ਪਹਿਲੇ ਹੀ ਲਿਖ ਆਏ ਹਾਂ। ਜਿਵੇਂ ਕਿ :—"ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗੱਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ-ਰੂਪ ਬਣ ਕੇ ਹਰ ਕਿਸਮ ਦੇ ਹੁਕਮ ਦੇ ਸਕਦੇ ਹਨ।"

ਸ੍ਰੀ ਮਾਨ ਗਿਆਨੀ 'ਸਰਲ' ਜੀ ਮਹਾਰਾਜ ! ਇਨ੍ਹਾਂ ਦੋ ਸਤਰਾਂ ਦਾ ਉਤਰ ਗੁਰੂ ਸਾਹਿਬ ਜੀ ਆਪ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪਹਿਲਾਂ ਹੀ ਵਰਣਨ ਕਰ ਚੁੱਕੇ ਹਨ। ਜਿਸ ਤਰ੍ਹਾਂ ਕਿ :—

ਕਰਹਾ ਕਹਾਣੀ ਅਕਥ ਕੇਰੀ, ਕਿਤ ਦੁਆਰੇ ਪਾਈਐ ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, **ਹੁਕਮ ਮੰਨਿਐ ਪਾਈਐ** ॥ ੯ ॥

ਰਾਮਕਲੀ ਮਹਲਾ ੩ ॥ ਪੰਨਾ ੯੧੮ ॥

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥ ੨ ॥
ਜੇ ਭੁਖ ਦੇਹਿ ਤ ਇਤਹੀ ਰਾਜਾ ਦੁਖ ਵਿਚਿ ਸੂਖ ਮਨਾਈ ॥ ੩ ॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥ ੪ ॥
ਪਖਾ ਫੇਰੀ ਪਾਣੀ ਢੋਵਾ **ਜੋ ਦੇਵਹਿ ਸੋ ਖਾਈ** ॥ ੫ ॥

ਸੂਹੀ ਮਹਲਾ ੫ ॥ ਪੰਨਾ ੭੫੭ ॥

. Sri Satguru Jagjit Singh Ji eLibrary NamdhariElibrary@gmail.com .

ਗਿਆਨੀ ਜੀ ਮਹਾਰਾਜ ! ਗੁਰਬਾਣੀ ਦੇ ਇਨ੍ਹਾਂ ਦੋਵਾਂ ਗੁਰਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਜੋ ਭੀ ਸਿੱਖ ਨੂੰ ਹੁਕਮ ਕਰਨ ਤੇ ਜੋ ਭੀ ਖਾਣ ਲਈ ਦੇਵਣ ਉਹਨਾਂ ਪਦਾਰਥਾਂ ਨੂੰ ਬੜੇ ਪ੍ਰਸੰਨ ਚਿਤ ਹੋ ਕੇ ਸਿੱਖ ਨੂੰ ਛਕਣਾ ਚਾਹੀਦਾ ਹੈ, ਉਹ ਭਾਵੇਂ ਵੈਸ਼ਨੂੰ ਭੋਜਨ ਹੋਵੇ ਤੇ ਭਾਵੇਂ **ਹੋਰ ਕੋਈ ਭੀ ਪਦਾਰਥ ਹੋਵੇ** ਇਸ ਵਿਚ ਸਿੱਖ ਨੂੰ ਕਿਸੀ ਤਰ੍ਹਾਂ ਦਾ ਭੀ ਇਤਰਾਜ਼ ਨਹੀਂ ਕਰਨਾ ਚਾਹੀਦਾ ਕਿਉਂਕਿ ਜਦ ਕਿ ਗੁਰੂ ਸਾਹਿਬਾਂ ਦਾ ਇਹ ਹੁਕਮ ਹੀ ਹੈ ਕਿ :— ਪਖਾ ਫੇਰੀ ਪਾਣੀ ਢੋਵਾ, **ਜੋ ਦੇਵਹਿ ਸੋ ਖਾਈ ॥**

ਗਿਆਨੀ ਜੀ ਮਹਾਰਾਜ ! ਜੋ ਸਿੱਖ ਪੰਜ ਪਿਆਰੇ ਰੂਪ-ਗੁਰੂ ਸਾਹਿਬਾਂ ਦਾ ਹੁਕਮ ਨਹੀਂ ਮੰਨਦਾ ਉਹ ਸਿੱਖ, 'ਪੰਜ ਪਿਆਰੇ ਗੁਰੂ-ਰੂਪ' ਹੋਣ ਦਾ ਵਿਧਾਨ ਨਹੀਂ ਮੰਨਦਾ ।

ਪਿਆਰੇ ਪਾਠਕ ਜੀਉ ! ਹੁਣ ਆਓ ਉਹਨਾਂ ਉਪ੍ਰੋਕਤ ਦੋਹਾਂ ਸਿੰਘ ਸਾਹਿਬਾਂ ਦੇ ਨਿਸਚਤ ਮਤਾਂ ਦਾ ਨਿਰਣਾ ਕਰੀਏ ਕਿ ਇਹਨਾਂ ਦੋਹਾਂ ਵਿਚੋਂ ਕਿਹੜਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੈ ਤੇ ਕਿਹੜਾ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ । ਸੋ ਇਨ੍ਹਾਂ ਦੋਹਾਂ ਸਿੰਘ ਸਾਹਿਬਾਂ ਦਾ ਫੈਸਲਾ ਪੰਜੇ ਤਖਤ ਸਾਹਿਬਾਂ ਦੇ ਪ੍ਰਬੰਧਕ ਯਾ ਹੋਰ ਕੋਈ ਸਿੰਘ ਸਾਹਿਬ ਨਹੀਂ ਕਰ ਸਕਦਾ । ਇਹਨਾਂ ਦੋਹਾਂ ਦਾ ਫੈਸਲਾ ਤਾਂ ਆਪ ਗੁਰੂ ਸਾਹਿਬ ਜੀ ਮਹਾਰਾਜ ਹੀ ਕਰ ਸਕਦੇ ਹਨ । ਜੇ ਕਰ ਕੋਈ ਮਨੁੱਖ ਇਹ ਕਹੇ ਕਿ ਦਸ ਗੁਰੂ ਸਾਹਿਬਾਂ ਦਾ ਇਸ ਸਮੇਂ ਕਿਸੇ ਦਾ ਭੀ ਸ਼ਰੀਰ ਮੌਜੂਦ ਨਹੀਂ ਹੈ, ਫਿਰ ਫੈਸਲਾ ਕੌਣ ਕਰੇ ?

ਜਿਸ ਦਾ ਉੱਤਰ ਇਹ ਹੈ ਕਿ ਇਸ ਸਮੇਂ ਦਸ ਗੁਰੂ ਸਾਹਿਬਾਂ ਦੀ ਗੱਦੀ ਤੇ ਸਦਾ ਲਈ ਜੁਗੋ ਜੁਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਬਿਰਾਜਮਾਨ ਹਨ । ਸੋ ਇਹਨਾਂ ਪਾਸੋਂ ਹੀ ਇਹਨਾਂ ਦੋਹਾਂ ਸਿੰਘਾਂ ਦੇ ਮਤਿਆਂ ਦਾ ਫੈਸਲਾ ਕਰਾਇਆ ਜਾਏ ਕਿ ਇਹਨਾਂ ਦੋਹਾਂ ਵਿਚੋਂ ਕਿਹੜਾ ਸਿੰਘ ਸਾਹਿਬ ਗੁਰਮਤਿ ਦੇ ਸਿਧਾਂਤ ਅਨੁਸਾਰ ਹੈ ਤੇ ਕਿਹੜਾ ਨਹੀਂ ।

ਜਦ ਅਸੀਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਪਾਸੋਂ ਫੈਸਲਾ ਕਰਾਣ ਲਈ ਉਨ੍ਹਾਂ ਜੀ ਸ਼ਰਣ ਵਿਚ ਜਾ ਕਰ ਕੇ ਤੇ ਉਨ੍ਹਾਂ ਦੇ ਸਨਮੁੱਖ ਪ੍ਰਾਰਥਨਾ ਕਰਦੇ ਹਾਂ ਤਾਂ

Sri Satguru Jagjit Singh Ji eLibrary NamdhariElibrary@gmail.com

ਇਸ ਦਾ ਉੱਤਰ ਜੁੱਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਇੰਜ ਦਿੰਦੇ ਹਨ ਕਿ ਹੇ ਸਿੱਖੋ ! ਅਸਾਂ ਨੇ ਦੋ ਪਉੜੀਆਂ ਵਿਚ ਇਸ ਦਾ ਨਿਰਣਾ ਕਰ ਦਿੱਤਾ ਹੈ। ਜਿਸ ਵਿਚੋਂ ਆਪ ਲੋਕ ਬੜੀ ਸੁਗਮਤਾ ਨਾਲ ਇਹ ਸਮਝ ਸਕਦੇ ਹੋ ਕਿ ਇਨ੍ਹਾਂ ਦੋਹਾਂ ਸਿੱਖਿਆਂ ਵਿਚੋਂ ਕਿਹੜਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੈ ਤੇ ਕਿਹੜਾ ਮਨਮਤ ਦੇ ਅਨੁਸਾਰ। ਉਹ ਦੋਵੇਂ ਪਉੜੀਆਂ ਇਥੇ ਲਿਖ ਕੇ ਦੱਸੀਆਂ ਜਾਂਦੀਆਂ ਹਨ। ਜਿਸ ਤਰ੍ਹਾਂ ਕਿ :—

## "ਦੈਵੀ ਸੰਪਦਾ"

### ਗੁਰਮੁਖਾਂ ਦੀ ਸ੍ਰਿਸ਼ਟੀ ਦਾ ਵਰਣਨ

(੧) ਅਸੰਖ ਜਪ ਅਸੰਖ ਭਾਉ ॥
(੨) ਅਸੰਖ ਪੂਜਾ ਅਸੰਖ ਤਪਤਾਉ ॥
(੩) **ਅਸੰਖ ਗਰੰਥ ਮੁਖਿ ਵੇਦ ਪਾਠ ॥**
(੪) ਅਸੰਖ ਜੋਗ ਮਨਿ ਰਹਹਿ ਉਦਾਸ ॥
(੫) ਅਸੰਖ ਭਗਤ ਗੁਣ ਗਿਆਨ ਵੀਚਾਰ॥
(੬) ਅਸੰਖ ਸਤੀ ਅਸੰਖ ਦਾਤਾਰ ॥
(੭) ਅਸੰਖ ਸੂਰ ਮੁਹ ਭਖ ਸਾਰ ॥
(੮) ਅਸੰਖ ਮੋਨਿ ਲਿਵ ਲਾਇ ਤਾਰ॥੧੭॥

## "ਆਸੁਰੀ ਸੰਪਦਾ"

### ਮਨਮੁਖਾਂ ਦੀ ਸ੍ਰਿਸ਼ਟੀ ਦਾ ਵਰਣਨ

(੧) ਅਸੰਖ ਮੂਰਖ ਅੰਧ ਘੋਰ ॥
(੨) **ਅਸੰਖ ਚੋਰ ਹਰਾਮਖੋਰ ॥**
(੩) **ਅਸੰਖ ਅਮਰ ਕਰਿ ਜਾਹਿ ਜੋਰ ॥**
(੪) **ਅਸੰਖਗਲਵਢ ਹਤਿਆ ਕਮਾਹਿ॥**
(੫) ਅਸੰਖ ਪਾਪੀ ਪਾਪੁ ਕਰਿ ਜਾਹਿ ॥
(੬) **ਅਸੰਖ ਕੂੜਿਆਰ ਕੂੜੇ ਫਿਰਾਹਿ॥**

. Sri Satguru Jagjit Singh Ji eLibrary NamdhariElibrary@gmail.com .

(੭) **ਅਸੰਖ ਮਲੇਛ 'ਮਲੁ' ਭਖਿ ਖਾਹਿ ॥**
(੮) **ਅਸੰਖ ਨਿੰਦਕ ਸਿਰਿ ਕਰਹਿ ਭਾਰੁ** ॥੧੮॥
(ਸ੍ਰੀ ਜਪੁਜੀ ਸਾਹਿਬ ॥ ਪੰਨਾ ੩—੪ ॥

ਗਿਆਨੀ ਜੀ ਮਹਾਰਾਜ ! ਇਨ੍ਹਾਂ ਦੋਵੇਂ ਪਉੜੀਆਂ ਤੋਂ ਆਪਦੇ ਮਾਸਟਰ ਤਾਰਾ ਸਿੰਘ ਜੀ 'ਆਸੁਰੀ ਸੰਪਦਾ' ਭਾਵ (ਮਨਮੁਖਾਂ ਦੀ ਸ੍ਰਿਸ਼ਟੀ) ਦੇ ਅੰਤਰ ਗਤਿ ਸਿੱਧ ਹੁੰਦੇ ਹਨ। ਜਿਸ ਦਾ ਸਪੱਸ਼ਟੀ ਕਰਣ ਇੰਜ ਹੈ।

**ਅਸੰਖ ਮਲੇਛ ਮਲੁ ਭਖਿ ਖਾਹਿ।**

ਇਸ ਤੁਕ ਦਾ ਅਰਥ :—ਭਾਈ ਸੰਤੋਖ ਸਿੰਘ ਜੀ ਮਹਾ ਕਵੀ ਆਪਣੀ ਗਰਬਗੰਜਨੀ ਟੀਕਾ ਵਿਚ ਇੰਜ ਕਰਦੇ ਹਨ :—

**ਭਾਵਾਰਥ :**—ਅਸੰਖ ਹੀ ਮਲੇਛ ਹੈ, ਜਨਮ ਮਲੇਛ ਕੋ ਹੈ, ਅਰਥ : ਮਲੁ ਕੀ ਇੱਛਾ ਜਿਨ ਕੋ ਹੋਇ ਸੋ ਮਲੇਛ, ਸੋ ਕੈਸੇ ਮਲੇਛ ਹੈ ? ਸਦੀਵ ਹੀ ਮਲ ਕੋ ਹੀ ਭਖਤ ਹੈ। **ਮਲ ਕੋ ਅਰਥ ਸਰਬ ਕੋ ਮਲ ਮਾਸ ਸੋ ਖਾਤੇ ਹੈਂ ਕਾਹੂੰ ਕੋ ਮਾਸ ਨਹੀਂ ਛਾਡਤ ਹੈਂ।**

(ਸ੍ਰੀ ਜਪੁ ਸਾਹਿਬ ਸਟੀਕ, ਗਰਬਗੰਜਨੀ ਟੀਕਾ ਪੰਨਾ ੧੦੦)

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਆਪਦੇ ਮਾਸਟਰ ਤਾਰਾ ਸਿੰਘ ਜੀ ਦੀ ਜਿਤ ਹੋਈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ?

---

# ਸਿੱਖ ਝਟਕਾਏ ਕਿ ਬੱਕਰੇ

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ "ਝਟਕਾਪ੍ਰਕਾਸ਼" ਗਰੰਥ ਦੇ ਪਨੇ ੧੧੦ ਤੇ ਸਿੱਖਾਂ ਦਾ ਮਾਸ ਖਾਣਾ ਸਿੱਧ ਕਰਦੇ ਹੋਏ ਇੰਜ ਲਿਖਦੇ ਹਨ ਕਿ :—ਅਨੰਦਪੁਰ ਵਾਲੇ ਪ੍ਰਸੰਗ ਤੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਖਾਲਸੇ ਪੰਥ ਦੀ ਰਚਨਾ ਕਰਨ ਦੇ

. Sri Satguru Jagjit Singh Ji eLibrary NamdhariElibrary@gmail.com .

ਸਮੇਂ ਪੰਜ ਸਿੱਖ ਨਹੀਂ ਬਲਕਿ ਪੰਜ ਬੱਕਰੇ ਝਟਕਾਏ ਗਏ ਸਿੱਧ ਹੁੰਦੇ ਹਨ। ਜਿਵੇਂ ਕਿ :—

"ਭਾਈ ਸਾਹਿਬ ਨੇ ਇਸ ਗੱਲ ਦੇ ਮੰਨਣ ਤੋਂ ਇਨਕਾਰ ਕੀਤਾ ਹੈ ਕਿ ਦਸਮੇਸ਼ ਪਿਤਾ ਨੇ ਸਿੱਖੀ ਦੀ ਪ੍ਰੀਖਿਆ ਵੇਲੇ ਆਨੰਦਪੁਰ ਸਾਹਿਬ ਬੱਕਰੇ ਝਟਕਾਏ ਸਨ। ਸਗੋਂ ਇਸ ਇਤਿਹਾਸਕ ਸਚਾਈ ਵਲੋਂ ਅੱਖਾਂ ਮੀਟ ਕੇ ਫੋਕਾ ਮੰਤਕ ਛਾਂਟਣਾ ਅਰੰਭ ਕਰ ਦਿੱਤਾ ਹੈ। ਇਤਰਾਜ਼ ਇਹ ਕੀਤਾ ਹੈ ਕਿ 'ਕਥਨੀ ਕਰ ਸੀਸ ਭੇਟਾ ਮੰਗਣ ਸਿੱਖ ਦਾ ਤੇ ਕਰਨੀ ਕਰ ਵੱਢ ਕੇ ਵੱਖ ਕਰਨ ਸਿਰ ਬੱਕਰੇ ਦਾ, ਕਹੀ ਅਜੋੜ ਗੱਲ ਹੈ ? ਕਿਹਾ ਅਨਜਾਣਪੁਣਾ ਹੈ ? ਸਿੱਖਾਂ ਦੇ ਸੀਸ ਲੈਣ ਦਾ ਹੋਕਾ ਦੇ ਕੇ ਬੱਕਰੇ ਦਾ ਸੀਸ ਵੱਢਣਾ ਮਦਾਰੀ ਵਾਲੀ ਹੱਥ ਫੇਰੀ ਨਹੀਂ ਤਾਂ ਹੋਰ ਕੀ ਹੈ ?

ਇਸ ਦਲੀਲ ਦਾ ਜਵਾਬ ਤਾਂ ਅਸੀਂ ਫਿਰ ਦਿਆਂਗੇ ਪਰ ਪਹਿਲਾਂ ਉਹਨਾਂ ਇਤਿਹਾਸਕ ਸਾਖੀਆਂ ਨੂੰ ਪੇਸ਼ ਕਰਦੇ ਹਾਂ ਜਿਨ੍ਹਾਂ ਵਿਚ ਬੱਕਰੇ ਝਟਕਾਉਣ ਦਾ ਪ੍ਰਤੱਖ ਸਬੂਤ ਮਿਲਦਾ ਹੈ, ਪਰ ਇਸ ਦੇ ਮੁਕਾਬਲੇ ਤੇ ਐਸਾ ਸਬੂਤ ਕਿਸੇ ਇਤਿਹਾਸ ਤੋਂ ਨਹੀਂ ਮਿਲਦਾ ਜਿਸ ਤੋਂ ਇਹ ਸਾਬਤ ਹੋ ਸਕੇ ਕਿ ਗੁਰੂ ਜੀ ਨੇ ਉਥੇ ਸਿੱਖਾਂ ਦੇ ਸਿਰ ਵੱਢੇ ਹਨ। ਐਹੋ ਜਹੇ ਮੰਤਕਾਂ ਨਾਲ ਇਤਿਹਾਸ ਨਹੀਂ ਬਦਲਿਆ ਜਾ ਸਕਦਾ।

(੧) ਇਸ ਦਾ ਪਹਿਲਾ ਸਬੂਤ ਭਾਈ ਮਨੀ ਸਿੰਘ ਵਾਲੇ ਗੁਰਬਿਲਾਸ ਵਿਚੋਂ ਮਿਲਦਾ ਹੈ। ਇਹ ਗਰੰਥ ਭਾਈ ਕੁਇਰ ਸਿੰਘ ਕਲਾਲ ਨੇ ਸੰਮਤ ੧੮੦੮ ਬਿਕਰਮੀ ਵਿਚ ਲਿਖਿਆ ਸੀ। ਉਸ ਨੇ ਭਾਈ ਮਨੀ ਸਿੰਘ ਜੀ ਨੂੰ ਲਾਹੌਰ ਵਿਚ ਬੰਦ ਬੰਦ ਕਟਾਦਿਆਂ ਵੇਖਿਆ ਸੀ। ਉਸ ਵਿਚ ਇਸ ਪਰਸੰਗ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ—ਯਥਾ—

## ਚੌਪਈ

ਸੰਗਤ ਕੇ ਸੌਧਨ ਮੈਂ ਆਯੋ।
ਅਦਿਭੁਤ ਏਕ ਚਰਿਤ੍ਰ ਬਨਾਯੋ।
ਤੰਬੂ ਚਾਰ ਸੁ ਅਧਿਕ ਮੰਗਾਏ।
ਭਿੰਨ ਭਿੰਨ ਕਰ ਤਹਾਂ ਲਵਾਏ।

. Sri Satguru Jagjit Singh Ji eLibrary NamdhariElibrary@gmail.com .

ਪੰਜ 'ਅਜਾ ਸੁਤ' ਗੁਪਤ ਮੰਗਾਈ ।
ਤਾਂ ਮੈਂ ਦੀਨ ਨਿਸਾ ਬੰਧਵਾਈ ।

**ਦੋਹਿਰਾ**

ਰੈਨ ਪਿਆਨ, ਸੁ ਦਿਨ ਚੜਿਓ, ਜਗੇ ਸਕਲ ਨਰ ਨਾਰ ।
ਵੈਸਾਖੀ ਕੇ ਦਰਸ ਪਰ ਸੰਗਤ ਮਿਲੀ ਅਪਾਰ ।

**ਚੋਪਈ**

ਅਫਲ ਪੁਰਖ ਕੌਤਕ ਇਕ ਕੀਨਾ ।
ਜਹਿੰ ਤਹਿੰ ਬੋਲ ਸੰਗ ਸਭ ਲੀਨਾ ।
ਮਿਲੇ ਆਨ ਜਬ ਅਧਿਕ ਅਪਾਰਾ ।
ਦਿਪਤ ਜੋਤ ਕਰ ਬਦਨ ਸੁਧਾਰਾ ।
ਸਨਮੁਖ ਪੂਰਾ ਸਿੱਖ ਹੈ ਕੋਈ ।
ਸੀਸ ਭੇਟ ਗੁਰ ਦੇਵੇ ਜੋਈ ।
ਯੋ ਸੁਨ ਅਧਿਕ ਹੁਕਮ ਬਹੁ ਭਾਰਾ ।
ਭਯੋ ਬਿਸਮ ਯਹਿ ਸਕਲ ਸੰਸਾਰਾ ।
ਤੀਨ ਬੇਰ ਸ੍ਰੀ ਮੁਖ ਜਬ ਕਹਯੋ ।
ਪਾਨ ਜੋੜ ਸੇਵਕ ਇਕ ਅਯੋ ।
ਗਹਿ, ਤਾਕੀ ਭੁਜ ਖੜਗ ਨਿਕਾਰਿਯੋ ।
ਤੇ ਅਧਿਕ ਇਹ ਬਿਧ ਤਨ ਧਾਰਯੋ ।
ਝਟਕਾ ਕਰਿਯੋ ਅਜਾ ਸੁਤ ਜਾਈ ।
ਰੁਧਰ ਪ੍ਰਵਾਹ ਚਲਯੋ ਤਬ ਧਾਈ ।

(ਅਧਿਆਇ ੯ ਸਫਾ ੯੪)

ਇਸ ਤਰ੍ਹਾਂ ਵਾਰੀ ਵਾਰੀ ਪੰਜ ਬੱਕਰੇ ਝਟਕਾਏ ਗਏ ਲਿਖੇ ਹਨ—

(੨) ਭਾਈ ਸੁਖਾ ਸਿੰਘ ਵਾਲੇ ਗੁਰਬਿਲਾਸ ਵਿਚ ਭੀ ਬੱਕਰੇ ਝਟਕਾਉਣ ਦਾ ਪ੍ਰਸੰਗ ਦਰਜ ਹੈ, ਭਾਈ ਸੁਖਾ ਸਿੰਘ ਜੀ ਆਨੰਦਪੁਰ ਸਾਹਿਬ ਦੇ ਸੋਢੀ ਸਾਹਿਬ-ਜਾਦਿਆਂ ਵਿਚੋਂ ਸਨ।

. Sri Satguru Jagjit Singh Ji eLibrary NamdhariElibrary@gmail.com .

(੩) ਗੁਰਬਿਲਾਸ ਬਾਬਾ ਸੁਮੇਰ ਸਿੰਘ ਜੀ, ਇਹ ਤਖਤ ਸ੍ਰੀ ਪਟਨਾ ਸਾਹਿਬ ਦੇ ਮਹੰਤ ਸਨ, ਇਹਨਾਂ ਨੇ ਇਸ ਸਾਖੀ ਨੂੰ ਠੀਕ ਮੰਨ ਕੇ ਬੱਕਰੇ ਝਟਕਾਉਣਾ ਸਿੱਧ ਕੀਤਾ ਹੈ ।

(੪) ਗਿਆਨੀ ਗਿਆਨ ਸਿਘ ਜੀ ਆਪਣੀ ਲਿਖਤ ਪੰਥ ਪ੍ਰਕਾਸ਼ ਵਿਚ ਜੋ ਕੁਝ ਲਿਖਿਆ ਹੈ ਉਸ ਵਿਚੋਂ ਕੁਝ ਤੁਕਾਂ ਆਪ ਦੇ ਪੇਸ਼ ਕੀਤੀਆਂ ਜਾਂਦੀਆਂ ਹਨ—ਯਥਾ—

ਬੈਠਾਰੇ ਅੰਤਰ ਲੈ ਜਾਇ ।
ਬੁਜ਼ੋ ਦਏ ਪਾਦੋ ਝਟਕਾਇ ।
ਹਨੇ ਸਿੱਖ,ਲੋਗਨ ਲਖ ਸਾਚਯੋ।
ਹਾ ਹਾ ਕਾਰ ਸਭਾ ਮੈਂ ਮਾਚਯੋ ।
ਊਚ ਨੀਚ ਨਰਨਾਰੀ ਸਭ ਹੀ ।
ਨਿੰਦਨ ਲਾਗੇ ਗੁਰ ਕੋ ਤਬ ਹੀ।
ਕਹੇਂ ਸਿਰੜ ਗੁਰਕੋ ਹ੍ਵੈ ਗਯੋ ।
ਬਕਰਯੋਂ ਸਮ ਸਿਖੈਂ ਹਤਦਯੋ ।
ਸੰਸਾਰੀ ਜੜ੍ਹ ਨਿੰਦਾ ਠਾਨੈਂ ।
ਈਸਰ ਸਾਂਗ ਨ ਜੀਵ ਪਛਾਨੈ ।
ਜੇ ਸਿਦਕੀ ਸਿਖਉਤੇ ਸਿਆਨੈਂ।
ਤੇ ਕਹਿ ਸ੍ਵਾਂਗ ਸਤਿਗੁਰੂ ਠਾਨੈ।
ਪਰ ਇਹ ਕੀਨੋਂ ਸ੍ਵਾਂਗ ਕਰਾਰਾ।
ਰਾਖੋ ਗੁਰੂ ਤੁ, ਰਹੇ ਵਿਚਾਰਾ।

ਜਦ ਗੁਰੂ ਜੀ ਅੰਮ੍ਰਿਤ ਛਕਾ ਕੇ ਪੰਜਾਂ ਪਿਆਰਿਆਂ ਨੂੰ ਤੰਬੂ ਵਿਚੋਂ ਬਾਹਰ ਲੈ ਕੇ ਆਏ ਤਾਂ ਫਿਰ ਲੋਕਾਂ ਦੇ ਮਨ ਵਿਚ ਇਹ ਖਿਆਲ ਆਇਆ ਕਿ ਗੁਰੂ ਜੀ ਨੇ ਸਿੱਖਾਂ ਨੂੰ ਮਾਰ ਕੇ ਜਿਵਾ ਦਿੱਤਾ ਹੈ—ਯਥਾ—

**ਚੌਪਈ**

ਆਪਸ ਮਾਹਿ ਕਰੇ ਇਸ ਬਾਤੈਂ ।
ਇਹ ਗੁਰ ਈਸ਼ਰਆਹਿ, ਸਖਯਾਤੈਂ ।

. Sri Satguru Jagjit Singh Ji eLibrary NamdhariElibrary@gmail.com .

ਪਰਤਖ ਜਿਨ ਸਿਖ ਮਾਰ ਜੀਵਾਏ ।
ਠੀਕ ਤੁਰਕ ਜੜ੍ਹ ਏਹ ਉਠਾਏ ।

(੫) (ਭਾਈ ਸੰਤੋਖ ਸਿੰਘ ਜੀ) ਇਹਨਾਂ ਨੇ ਸਿੱਖ ਇਤਿਹਾਸ ਦੀ ਖੋਜ ਕਰਨ ਵਿਚ ਬੜੀ ਭਾਰੀ ਮੇਹਨਤ ਕੀਤੀ ਹੈ। ਇਹਨਾਂ ਦੀ ਰਚਨਾਂ 'ਸੂਰਜ ਪ੍ਰਕਾਸ਼' ਵਿਚ ਬਹੁਤ ਪ੍ਰਸਿਧ ਹੈ ਇਹਨਾਂ ਨੇ ਵੀ ਬਕਰੇ ਝਟਕਾਏ ਹੀ ਲਿਖਿਆ ਹੈ।

ਇਥੇ ਪੁਰਾਣੇ ਪੰਜਾਂ ਇਤਿਹਾਸਾਂ ਦਾ ਹਵਾਲਾ ਦੇ ਕੇ ਬਕਰਿਆਂ ਵਾਲੀ ਸਾਖੀ ਨੂੰ ਠੀਕ ਸਾਬਤ ਕੀਤਾ ਹੈ। ਹੋਰ ਅਜ ਤਕ ਕੋਈ ਲਿਖਤ ਸਾਡੇ ਸਾਹਮਣੇ ਨਹੀਂ ਆਈ ਜਿਸ ਵਿਚ ਸਿੱਖਾਂ ਦੇ ਸਿਰ ਵੱਢਣ ਵਾਲੀ ਅਨਰਥ ਕਾਰੀ ਤਸਵੀਰ ਖਿੱਚੀ ਗਈ ਹੋਵੇ।

ਹੁਣ ਸੁਣੋ ਇਸ ਗੱਲ ਦਾ ਜਬਾਬ ਕਿ ਕਿਥਨੀ ਕਰ ਸੀਸ ਭੇਟ ਮੰਗਣ ਸਿੱਖ ਦਾ ਤੇ ਕਰਨੀ ਕਰ ਵੱਢ ਕੇ ਵੱਖ ਕਰਨ ਸਿਰ ਬੱਕਰੇ ਦਾ ਕਹੀ ਅਜੋੜ ਗੱਲ ਹੈ।

ਇਸ ਸਾਖੀ ਦਾ ਵਿਰੋਧ ਕਰਨ ਵਾਲੇ ਸੱਜਣ ਇਹ ਕਹਿੰਦੇ ਹਨ ਕਿ ਗੁਰੂ ਜੀ ਫਿਰ ਝੂਠ ਮਾਰਦੇ ਸਨ ? ਉਹ ਤਾਂ ਸਮਰਥ ਸਨ, ਮਾਰ ਕੇ ਜ਼ਿੰਦਾ ਕਰ ਸਕਦੇ ਸਨ, ਇਸ ਲਈ ਉਹਨਾਂ ਨੇ ਸਿੱਖਾਂ ਦੇ ਹੀ ਸਿਰ ਵੱਡੇ ਤੇ ਮਾਰ ਕੇ ਫਿਰ ਜ਼ਿੰਦਾ ਕਰ ਦਿੱਤੇ। ਇਸ ਦੇ ਹਕ ਵਿਚ ਉਹਨਾਂ ਪਾਸ ਕੋਈ ਪੁਰਾਤਨ ਲਿਖਤੀ ਸਬੂਤ ਨਹੀਂ ਸਿਰਫ ਸਿੱਧੇ ਸਾਦੇ ਸ਼ਰਧਾਲੂ ਸਿੱਖਾਂ ਨੂੰ ਭੜਕਾਉਣ ਲਈ ਇਹ ਸਾਰੇ ਮਸਾਲੇ ਲਾਏ ਜਾਂਦੇ ਹਨ।"

**ਉੱਤਰ**—ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਜਿਸ ਤਰ੍ਹਾਂ ਮਾਸ ਵਿਰੋਧੀ ਸੱਜਣ ਇਨ੍ਹਾਂ ਪੰਜਾਂ ਇਤਿਹਾਸਕ ਗਰੰਥਾਂ ਤੋਂ ਸਿੱਖਾਂ ਦਾ ਝਟਕਾਉਣਾ ਸਿੱਧਨ ਹੀਂ ਕਰ ਸਕਦੇ। ਇਸੀ ਤਰ੍ਹਾਂ ਹੀ ਆਪ ਭੀ **'ਅੰਮ੍ਰਿਤ ਤਿਆਰ ਕਰਨ ਦੇ ਸਮੇਂ ਪੰਜ ਬਾਣੀਆਂ ਪੜ੍ਹਨੀਆਂ। ਖੰਡੇ ਦੁਆਰਾ ਅੰਮ੍ਰਿਤ ਦਾ ਤਿਆਰ ਕਰਨਾ ਤੇ ਪੰਜ ਕਕਾਰਾਂ ਦੇ ਧਾਰਨ ਕਰਨ ਦੀ ਆਗਿਆ, ਇਨ੍ਹਾਂ ਇਤਿਹਾਸਕ ਗਰੰਥਾਂ ਤੋਂ ਸਿੱਧ ਨਹੀਂ ਕਰ ਸਕਦੇ।**

ਸ੍ਰੀ ਮਾਨ ਜੀ ! ਆਪ ਨੇ ਸਿੱਖਾਂ ਦਾ ਝਟਕਾ ਮਾਸ ਖਾਣਾ ਤਾਂ ਕੀ ਸਿੱਧ

. Sri Satguru Jagjit Singh Ji eLibrary NamdhariElibrary@gmail.com .

ਕਰਨਾ ਸੀ ਬਲਕਿ ਸਿੱਖ ਇਤਿਹਾਸਕ ਗਰੰਥਾਂ ਦੀ ਕਮਜ਼ੋਰੀ ਹੀ ਜੋ ਬਹੁਤ ਸਮੇਂ ਤੋਂ ਛੁਪੀ ਚਲੀ ਆ ਰਹੀ ਸੀ ਉਸ ਨੂੰ ਸਾਧਾਰਣ ਜਨਤਾ ਵਿਚ ਪ੍ਰਗਟ ਜ਼ਰੂਰ ਕਰਾ ਦਿੱਤੀ ਹੈ।

**ਪਿਆਰੇ ਪਾਠਕ ਜੀਓ !** ਜੇ ਕਰ ਇਨ੍ਹਾਂ ਉਪ੍ਰੋਕਤ ਪੰਜੇ ਇਤਿਹਾਸਕ ਗਰੰਥਾਂ ਤੇ ਹੋਰ ਭੀ ਡੂੰਘੀ ਵਿਚਾਰ ਕੀਤੀ ਜਾਏ ਤਾਂ ਜਿਨ੍ਹਾਂ ਗਰੰਥਾਂ ਦਾ ਆਧਾਰ ਗਿਆਨੀ ਜੀ ਮਹਾਰਾਜ ਨੇ ਲਿਆ ਹੈ ਉਨ੍ਹਾਂ ਹੀ ਗਰੰਥਾਂ ਨੂੰ 'ਸਰਲ' ਜੀ ਭੀ ਹੂ ਬਹੂ ਸੱਚੇ ਮੰਨਣ ਲਈ ਤਿਆਰ ਨਹੀਂ ਹੋਣਗੇ। ਜਿਸ ਦਾ ਸਪਸ਼ਟੀਕਰਣ ਇੰਜ ਹੈ ਕਿ ਆਪਦੇ ਉਪਰੋਕਤ ਦਿੱਤੇ ਹੋਏ ਪੰਜ ਇਤਿਹਾਸਕ ਗਰੰਥ, ਸਚਾਈ ਪਰਖਣ ਲਈ ਕੁਝ ਭੀ ਸਹਾਇਤਾ ਨਹੀਂ ਦੇ ਸਕਦੇ ਕਿਉਂਕਿ ਇਨ੍ਹਾਂ ਇਤਿਹਾਸਕਾਰਾਂ ਨੂੰ 'ਸਿੱਖਾਂ ਦੀ ਪ੍ਰੀਖਿਆ' ਕਿਵੇਂ ਹੋਈ ਇਸ ਦਾ ਪੂਰਾ ਪੂਰਾ ਗਿਆਨ ਹੀ ਨਹੀਂ ਸੀ। ਜੇ ਕਰ ਗਿਆਨ ਸੀ ਤਾਂ ਫਿਰ ਇਨ੍ਹਾਂ ਇਤਿਹਾਸਕਾਰਾਂ ਦਾ ਆਪਸ ਵਿਚ ਇਕ ਮਤਿ ਕਿਉਂ ਨਹੀਂ ? ਭਾਵ ਵਿਰੋਧਤਾ ਕਿਉਂ ?

ਫਿਰ ਅਸੀਂ ਕੇਵਲ ਇਹ ਕਿਵੇਂ ਸੱਚ ਮਨ ਲਈਏ ਕਿ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 'ਸਿੱਖ ਪ੍ਰੀਖਿਆ' ਦੇ ਸਮੇਂ ਸਿੱਖ ਨਹੀਂ ਬਲਕਿ ਪੰਜ ਬੱਕਰੇ ਝਟਕਾਏ ਗਏ।

ਜੇ ਕਰ ਅਸੀਂ ਇਨ੍ਹਾਂ ਪੰਜਾਂ ਇਤਿਹਾਸਕ ਗ੍ਰੰਥਾਂ ਨੂੰ ਨਿਰਪੱਖ ਹੋ ਕੇ ਇਨ੍ਹਾਂ ਤੇ ਵਿਚਾਰ ਕਰਦੇ ਹਾਂ ਤਾਂ ਫਿਰ ਸਿੱਖ ਪ੍ਰੀਖਿਆ ਵਾਲਾ ਪ੍ਰਸੰਗ ਬਹੁਤ ਸਾਰਾ ਹਿੱਸਾ ਗਲਤ ਸਾਬਤ ਹੁੰਦਾ ਹੈ। ਜਿਵੇਂ ਕਿ :—

## ਸਿੱਖ ਪੰਥ ਇਹ ਫੈਸਲਾ ਹੀ ਕਰੀ ਬੈਠਾ ਹੈ।

(੧) **ਵਰਤਮਾਨ ਸਮੇਂ ਵਿਚ** :—ਅੰਮ੍ਰਿਤ ਤਿਆਰ ਕਰਨ ਦੇ ਸਮੇਂ ਪੰਜ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ। ਪਰ ਉਪਰੋਕਤ ਇਤਿਹਾਸ-ਕਾਰਾਂ ਨੇ ਬਾਣੀਆਂ ਦਾ ਕੋਈ ਨਿਸ਼ਚਿਤ ਨਿਰਣਾ ਨਹੀਂ ਕੀਤਾ ਕਿ ਕਿਹੜੀਆਂ ਕਿਹੜੀਆਂ ਤੇ ਕਿੰਨੀਆਂ ਬਾਣੀਆਂ ਪੜ੍ਹੀਆਂ ਜਾਣ।

Sri Satguru Jagjit Singh Ji eLibrary NamdhariElibrary@gmail.com

(੨) **ਵਰਤਮਾਨ ਸਮੇਂ ਵਿਚ** :—ਅੰਮ੍ਰਿਤ ਤਿਆਰ ਕਰਨ ਦੇ ਸਮੇਂ ਖੰਡਾ ਵਰਤਿਆ ਜਾਂਦਾ ਹੈ । ਪਰ ਇਨ੍ਹਾਂ ਉਪਰੋਕਤ ਇਤਿਹਾਸਕਾਰਾਂ ਦਾ ਸਿਧਾਂਤ ਕ੍ਰਿਪਾਨ ਦੁਆਰਾ ਅੰਮ੍ਰਿਤ ਤਿਆਰ ਕੀਤਾ ਗਿਆ ਸਿੱਧ ਹੁੰਦਾ ਹੈ ।

(੩) **ਵਰਤਮਾਨ ਸਮੇਂ ਵਿਚ** :—ਸਿੱਖਾਂ ਨੂੰ ਅੰਮ੍ਰਿਤ ਛਕਾਉਣ ਦੇ ਮਗਰੋਂ ਪੰਜ ਕਕਾਰ ਧਾਰਨ ਕਰਨ ਦਾ ਉਪਦੇਸ਼ ਦ੍ਰਿੜ ਕਰਵਾਇਆ ਜਾਂਦਾ ਹੈ । ਪਰ ਉਪਰੋਕਤ ਇਤਿਹਾਸਕਾਰ ਤਿੰਨ ਕਕਾਰਾਂ ਦਾ ਹੀ ਵਰਨਣ ਕਰਦੇ ਹਨ ।

**ਸ੍ਰੀ ਮਾਨ 'ਸਰਲ' ਜੀ ਮਹਾਰਾਜ'** ! ਹੁਣ ਇਸ ਦਾ ਫੈਸਲਾ ਆਪ ਹੀ ਕਰੋ ਕਿ ਵਰਤਮਾਨ ਸਮੇਂ ਦੇ ਪਰਚਲਿਤ ਅੰਮ੍ਰਿਤ ਸੰਸਕਾਰ ਦਾ ਵਿਧਾਨ ਪ੍ਰਮਾਣੀਕ ਮੰਨਣਾ ਹੈ ਕਿ ਉਪ੍ਰੋਕਤ ਇਤਿਹਾਸਕ ਗਰੰਥਾਂ ਦੇ ਵਿਧਾਨ ਨੂੰ ?

ਜੇ ਕਰ ਕਿਹਾ ਜਾਇ ਕਿ ਅਜਕਲ ਦਾ ਪਰਚਲਿਤ ਅੰਮ੍ਰਿਤ ਸੰਸਕਾਰ ਵਾਲਾ ਵਿਧਾਨ ਹੀ ਸਾਨੂੰ ਪ੍ਰਮਾਣੀਕ ਹੈ । ਭਾਵ :—ਉਪ੍ਰੋਕਤ ਪੰਜ ਇਤਿਹਾਸਕਾਰਾਂ ਦਾ ਵਿਧਾਨ ਅੰਮ੍ਰਿਤ ਸੰਸਕਾਰ ਪ੍ਰਮਾਣੀਕ ਨਹੀਂ । ਜੇ ਕਰ ਆਪ ਉਪ੍ਰੋਕਤ ਇਤਿਹਾਸਕ ਗਰੰਥਾਂ ਦੇ ਅੰਮ੍ਰਿਤ ਸੰਸਕਾਰ ਨੂੰ ਮੰਨਣ ਲਈ ਤਿਆਰ ਨਹੀਂ ਤਾਂ ਫਿਰ ਇਤਿਹਾਸਕ ਹਵਾਲਿਆਂ ਦੁਆਰਾ ਬੱਕਰਿਆਂ ਦਾ ਝਟਕਾਉਣ ਨੂੰ ਕਿਵੇਂ ਸੱਚਾ ਮਨ ਕੇ ਤੇ ਸਾਨੂੰ ਮਨਾਣ ਲਈ ਆਪ ਆਪਣਾ ਸਾਰਾ ਜ਼ੋਰ ਲਾ ਰਹੇ ਹੋ । ਕੀ ਇਹੀ ਆਪ ਦੀ ਵਿਦਵਤਾ ਭਰੀ ਖੋਜ ਦਾ ਨਮੂਨਾ ਹੈ ?

## ਉਪ੍ਰੋਕਤ ਇਤਿਹਾਸਕਾਰਾਂ ਦਾ ਪੋਲ ਖਾਤਾ

ਪਿਆਰੇ ਪਾਠਕ ਜਿਉ ! ਦਾਸ ਦਾ ਵਿਚਾਰ ਤਾਂ ਇਹ ਸੀ ਕਿ ਉਪ੍ਰੋਕਤ ਪੰਜੇ ਇਤਿਹਾਸਕ ਗਰੰਥਾਂ ਵਿਚੋਂ ਇਨ੍ਹਾਂ ਇਤਿਹਾਸਕਾਰਾਂ ਦਾ ਇਥੇ ਪੋਲ ਖਾਤਾ ਪਾਠਕਾਂ ਦੇ ਸਨਮੁਖ ਰਖਿਆ ਜਾਂਦਾ ।

ਪਰ ਅਫਸੋਸ ਇਹ ਹੈ ਕਿ ਬਹੁਤ ਖੋਜ ਪੜਤਾਲ ਕਰਨ ਦੇ ਬਾਵਜੂਦ ਭੀ ਦਾਸ ਨੂੰ ਨੰਬਰ ੧ ਤੇ ੩ ਵਾਲੇ ਗੁਰਬਿਲਾਸ ਨ ਮਿਲ ਸਕਣ ਕਰ ਕੇ । ਇਥੇ

. Sri Satguru Jagjit Singh Ji eLibrary NamdhariElibrary@gmail.com .

ਕੇਵਲ ਇਨ੍ਹਾਂ ਤਿੰਨਾਂ ਇਤਿਹਾਸਕ ਗਰੰਥਾਂ ਦੇ ਹੀ ਹਵਾਲੇ ਪ੍ਰਗਟ ਕੀਤੇ ਜਾਂਦੇ ਹਨ। ਪਾਠਕ ਜਨ ! ਇਨ੍ਹਾਂ ਤੇ ਹੀ ਸੰਤੋਸ਼ ਕਰਨਗੇ। ਜਿਵੇਂ ਕਿ :—

(੧) 'ਗੁਰ ਬਿਲਾਸ' ਕ੍ਰਿਤ ਭਾਈ ਸੁਖਾ ਸਿੰਘ ਜੀ ! ਇਹ 'ਗੁਰਬਿਲਾਸ' ਦਸਵੀਂ ਪਾਤਸ਼ਾਹੀ ਅਰਥਾਤ ਇਤਿਹਾਸ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕ੍ਰਿਤ ਕਵੀ ਭਾਈ ਸੁਖਾ ਸਿੰਘ ਜੀ ! ਜਿਸ ਨੂੰ ਲਾਲਾ ਰਾਮ ਚੰਦ ਮਾਨ ਕਟਾਹਲਾ ਪੁਸਤਕਾਂ ਵਾਲੇ, ਲੁਹਾਰੀ ਦਰਵਾਜ਼ਾ ਲਾਹੌਰ ਨੇ ਛਪਵਾਇਆ। ਸੰਮਤ ੧੯੬੯ ਬਿਕ੍ਰਮੀ ਮਹੀਨਾ ਹਾੜ। ਭਾਈ ਹੇਮ ਸਿੰਘ ਮੈਨੇਜਰ ਦੇ ਪ੍ਰਬੰਧ ਹੇਠ, ਸ੍ਰੀ ਗੁਰਬਖ਼ਸ਼ ਪ੍ਰੈਸ ਲਾਹੌਰ ਵਿਚ ਛਪਿਆ। ਜਿਸ ਗਰੰਥ ਦੇ ਪੰਨੇ ੨੩੪ ਤੋਂ ਲੈ ਕੇ ੨੩੫ ਤਕ। ਇੰਜ ਲਿਖਿਆ ਹੈ :—

ਅਪਨੈ ਠਾਂਢ ਅੱਗ੍ਰ ਸਭ ਕੀਨੈ। ਅੰਮ੍ਰਿਤ ਓਰ ਨੈਨ ਚਿਤ ਦੀਨੈ।
ਬਾਰਧ ਬਾਰ ਅਛੂਤ ਮੰਗਾਈ। ਲੀਨੋ ਬੀਰ ਸੁਤਾਸ ਪਵਾਈ ॥ ੩੨ ॥

**ਮਧਿ ਭਾਰ ਛੰਦ**

ਹ੍ਵੈ ਕਰ ਉਦਾਸ। ਖਾਲਸ ਪ੍ਰਗਾਸ।
ਕਰਣਾ ਅਗਾਰ। ਸਤਿਗੁਰ ਦਯਾਰ ॥ ੩੩ ॥
ਆਗਜਾ ਅਕਾਲ। ਮਾਨੀ ਬਿਸਾਲ।
ਦੇਵੀ ਚਰਿੱਤ੍ਰ। ਉਰਧਰ ਬਚਿੱਤ੍ਰ ॥ ੩੪ ॥
ਨਿਜ ਜੋਤ ਧਾਰ। ਕੀਨੋ ਦਤਾਰ।
ਅਜਯੁਜਸੁ ਪੰਥ। ਦੇ ਸਰਬ ਸੰਥ ॥ ੩੫ ॥
**ਪੜ੍ਹਕਰਸੁਮੰਤ੍ਰ। ਨਾਨਾ ਇਕੰਤ੍ਰ।**
ਕਰ ਸੁੱਧ ਬੁੱਧ। ਭਯੋ ਪੂਰ ਸੁੱਧ ॥ ੩੬ ॥

**ਦੋਹਰਾ**

ਰਾਮ ਕੁਇਰ ਬੁਢੇ ਸੁਮਤਿ ਯੋ ਮਾਤਾ ਜੀ ਤੀਰ।
ਨਖ ਸਿੱਖ ਕਥਾ ਦਯਾਲ ਕੀ ਬਰਨੀ ਸੁਖਦ ਸਰੀਰ ॥ ੩੭ ॥
ਤਾਂਤੇ ਮਾਤਾ ਆਨ ਕਰ ਦੀਨ ਪਤਾਸੇ ਡਾਰ।
ਖੁਸੀ ਭਯੋ ਜਗ ਤੇਸ ਜੁ ਐਸੋ ਚਰਿੱਤ੍ਰ ਨਿਹਾਰ ॥ ੩੮ ॥

. Sri Satguru Jagjit Singh Ji eLibrary NamdhariElibrary@gmail.com .

## ਚੋਪਈ

ਮਾਤਾ ਗਈ ਧਾਮ ਨਿਜ ਮਾਹੀ ।
ਖੁਸੀ ਭਯੋ ਸਤਿਗੁਰ ਬਰ ਆਹੀ ।
ਜਿਤਕ ਸੰਗ ਤਾਹੀ ਤਿਤ ਥਾਨੈ ।
ਧੰਨ ਧੰਨ ਮੁਖ ਬਚਨ ਬਖਾਨੈ ॥ ੩੯ ॥
**ਇਹ ਮਾਤਾ ਕੀਨੋ ਉਪਕਾਰਾ ।**
**ਜਾਨ ਖਾਲਸਾ ਆਦਿ ਕੁਮਾਰਾ ।**
**ਤਾਂਤੇ ਧੰਨ ਸੁ ਮਾਤ ਭਵਾਨੀ ।**
**ਜਲ ਥਲ ਜਾਕੀ ਜੋਤ ਸਮਾਨੀ** ॥ ੪੦ ॥

ਸੁਨ ਅਬ ਜਨਮ ਖਾਲਸੇ ਜੂ ਕਾ ।
ਹਰਿਆ ਹੋਇ ਜਨਮ ਕਿਤ ਸੂਕਾ ।
ਅੰਮ੍ਰਿਤ ਸਤਿਗੁਰ ਕੀ ਅਸ ਤਯਾਰ ।
ਪੁਨ ਅਰਦਾਸ ਕਰੀ ਬਿਸਥਾਰ ॥ ੪੧ ॥

ਠਾਂਢ ਭਏ ਸਭ ਕਮਰ ਛਕਾਈ ।
ਤਿਨ ਪਾਂਚਨ ਕੇ ਅੱਗ੍ਰ ਸੁ ਆਈ ।
ਪੜ੍ਹੇ ਸਲੋਕ ਮੁਖ ਅਮੀ ਪਿਆਵੈ ।
ਵਾਹਿਗੁਰੂ ਮੁਖ ਬੋਲ ਬਲਾਵੈ ॥ ੪੨ ॥

ਪੰਚਨ ਕੋ ਐਸੀ ਬਿਧ ਦੀਨੋ ।
ਵਾਸੀ ਨਾਮ ਪੁਛ ਸਭ ਲੀਨੋ ।
ਪ੍ਰਿਥੈ ਸੋ ਕਹ ਨਾਮ ਕਿਵਾਸੀ ।
ਤਿਨ ਯੋ ਕਹ੍ਯੋ ਸਾਥ ਅਬਿਨਾਸੀ ॥ ੪੩ ॥

ਵਾਸੀ ਮੌਤ ਲਾਹੌਰ ਦਯਾਲਾ ।
ਨਾਮ **ਦਯਾ ਸਿੰਘ** ਦਾਸ ਕ੍ਰਿਪਾਲਾ ।
**ਮੁਹਕਮ ਸਿੰਘ** ਨਾਮ ਦੁਤਿ ਗਾਯੋ ।
ਵਾਸੀ ਦ੍ਵਾਰਾ ਵਤੀ ਜਤਾਯੋ ॥ ੪੪ ॥

. Sri Satguru Jagjit Singh Ji eLibrary NamdhariElibrary@gmail.com .

**ਸਾਹਿਬ ਸਿੰਘ** ਨਾਮ ਇਕ ਕਹਾ ।
ਵਾਸੀ ਬਿਦਰ ਦੱਛ ਨੈ ਅਹਾ ।
ਚਤੁਰਥ **ਧਰਮ ਸਿੰਘ** ਅਬਿਨਾਸੀ ।
ਹਸਤਨ ਪੁਰਾਜ ਵਨ ਕੀ ਬਾਸੀ ॥ ੪੫ ॥

ਪੰਚਮ **ਹਿੰਮਤ ਸਿੰਘ** ਜਨਾਯੋ ।
ਵਾਸੀ ਸ੍ਰੀ ਜਗੰਨਾਥ ਗਨਾਯੋ ।
ਇਹ ਪਾਂਚੋਂ ਪਜਾਰੇ ਨਿਜ ਜਨ ।
ਜਿਹ ਕਹ ਪਾਹੂਲ ਦਈ ਨਿਧਾਨ ॥ ੪੬ ॥

ਇਤਿ ਸ੍ਰੀ 'ਗੁਰਬਿਲਾਸ' ਸੁਭ ਪੰਥ ਪ੍ਰਕਾਸ ਬਰਨਨੰ ਨਾਮ ਇਕਾਦਸਮੋ ਧਜਾਇ ਸਮਾਪਤ ਮਸਤ ਸੁਭ ਮਸਤ ॥ ੧੧ ॥

(੧) ਭਾਈ ਸੰਤੋਖ ਸਿੰਘ ਜੀ ਮਹਾ ਕਵੀ ਆਪਣੇ ਕ੍ਰਿਤ 'ਸ੍ਰੀ ਗੁਰੂ ਪ੍ਰਤਾਪ ਸੂਰਜ ਗਰੰਥ ਦੀ ਰਿਤੁ ੩ । ਅੰਸੂ ੧੯ ਵਿਚ ਇੰਜ ਲਿਖਿਆ ਹੈ । ਜਿਵੇਂ ਕਿ :—

**ਚੌਪਈ**

ਤਿਹ ਛਿਨ ਬਾਸਨ ਮੰਗਵਾਵਾ ।
ਸਤੁੱਦ੍ਰਵ ਕੋ ਜਲ ਸੁਚਿ ਅਨੁਵਾਵਾ ।
ਨਿਜ ਆਗੇ ਰਖਵਾਵਨਿ ਕੀਯੋ ॥
**ਜੋ ਕ੍ਰਿਪਾਨ ਦੇਵੀ ਦੀਯੋ** ॥ ੧੨ ॥
**ਤਾ ਮਹਿੰ ਲਗੇ ਫੇਰਨੇ ਸ੍ਵਾਮੀ ।**
ਬਦਨ ਬਦਤਿ ਬਾਨੀ ਅਭਿਰਾਮੀ ।
ਦਇਆ ਸਿੰਘ ਤੇ ਆਦਿਕ ਜੇਈ ।
ਪੰਚਹੁੰ ਖਰੇ ਅੱਗ੍ਰ ਕਰ ਤੇਈ ॥ ੧੩ ॥

ਬਸਤ੍ਰ ਨਵੀਨ ਸ਼ਸਤ੍ਰ ਪਹਿਰਾਏ ।
ਜਟਤਿ ਜਵਾਹਰ ਜਿਨ ਸਮੁਦਾਏ ।

. Sri Satguru Jagjit Singh Ji eLibrary NamdhariElibrary@gmail.com .

ਰੁਚਿਤ ਬਿਭੂਖਨ ਅੰਗ ਸਜਾਏ ।
ਅਪਨੇ ਰੂਪ ਸਮਾਨ ਬਨਾਏ ॥ ੧੪ ॥
ਕਹਹੁ ਵਾਹਿਗੁਰੂ ਦਿਯ ਉਪਦੇਸ਼ਾ ।
ਹਾਥ ਜੋਰਿ ਥਿਰ ਸਿੱਖ ਵਿਸ਼ੇਸ਼ਾ ।
**ਜਪੁ ਜੀ ਪਾਠ ਪ੍ਰਥਮ ਕਰਿ ਲੀਨਾ ।**
**ਬਹੁਰ ਸ੍ਵੈਯੇ ਪਢਿਬੋ ਕੀਨਾ** ॥ ੧੫ ॥
**ਪੌੜੀ ਪੰਜ ਅਨੰਦ ਪਢਜੋ ਹੈ ।**
ਅੰਮ੍ਰਿਤ ਮੈਂ ਬਹੁ ਤੇਜ ਪਢਜੋ ਹੈ ।
ਤਿਨ ਛਿਨ ਚਟਕ ਆਇਗੋ ਦੋਊ ।
ਸ੍ਰੀ ਗੁਰ ਦ੍ਰਿਸਟਿ ਪਰਿਤ ਭੇ ਸੋਊ ॥ ੧੬ ॥
ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ । ਰਿਤੁ ੩ ॥ ਅੰਸੂ ੧੯ ॥

### ਕਬਿੱਤ

ਗੁਰੂ ਤੇਜ ਰਾਸਿ ਅਰਦਾਸ ਕੋ ਕਰਾਇ ਕਰਿ,
ਸੀਸ ਕੋ ਨਿਵਾਇ ਆਇ ਬੈਠੇ ਹੈ ਪ੍ਰਯੰਕ ਪਰ ।
ਰਹਿਤ ਬਤਾਈ ਪੁਨ : ਧਰੋ ਸਦਾ ਸਿੰਘ ਮਨ,
ਬੇਸ੍ਵਾ ਸੋ ਰਮਨ ਨਹਿੰ ਕੀਜੈ ਕਬਿ ਸ਼ੰਕ ਕਰਿ ।
ਸੁਚ ਸੋ ਰਹਿਤ ਉਠਿ ਪ੍ਰਾਤਿ ਮੈਂ ਸ਼ਨਾਨੋ ਤਨ,
ਸ਼ਸਤ੍ਰਨਿ ਤੇ ਛੂਛੋ ਨਹੀਂ ਰਹੋ, ਰਿਪੁਭੰਗ ਕਰ ।
**ਕੇਸ, ਕੱਛ, ਕਰਦ, ਗੁਰੂ ਕੀ ਤੀਨ ਮੁੱਦ੍ਰਾ ਇਹ**
**ਪਾਸ ਤੇ ਨ ਦੂਰ ਕਰਹੁ ਸਦਾ ਅੰਗ ਸੰਗ ਧਰਿ** ॥ ੯ ॥
ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ । ਰਿਤੁ ੩ ॥ ਅੰਸੂ ੨੦ ॥

(੩) 'ਸ੍ਰੀ ਗੁਰ ਪੰਥ ਪ੍ਰਕਾਸ਼' ਕ੍ਰਿਤ :—ਗਿਆਨੀ ਗਿਆਨ ਸਿੰਘ ਜੀ ਵਿਚੋਂ ।

### ਕਬਿੱਤ

ਸਸਤ੍ਰਹੂੰ ਪਾਂਚ ਗੁਰ ਅੰਬ੍ਰਿਤ ਪਖਾਰ ਕਰ
ਲੀਨੀ ਆਪ ਪਾਹਲ ਸ੍ਵੈਯੇਹੂ ਊਚਾਰ ਕੈ ॥

. Sri Satguru Jagjit Singh Ji eLibrary NamdhariElibrary@gmail.com .

**ਜਪਜੀ** ਔ **ਜਾਪ ਚੰਡੀਵਾਰ** ਕੋ ਉਚਾਰ ਕਰ,
**ਛਕੇ** ਔ **ਅਕਾਲ ਜੂ ਕੀ ਉਸਤਤ** ਸਾਰ ਕੈ ॥
ਪਾਂਚ ਬੇਰ ਛਕ ਸ੍ਰੀ ਵਾਹਗੁਰੂ ਬਲਾਇ ਫਿਤੇ
ਕੇਸਨ ਮੈ ਨੈਨਨ ਮੈ ਅੰਮ੍ਰਿਤ ਸੁਧਾਰ ਕੈ।
ਹ੍ਵੈ ਕੇ ਸਿੰਘ ਆਪ ਪੁਨ ਅੰਮ੍ਰਿਤ ਸਜਾਇ ਗੁਰ
ਫੇਰਤ **ਕ੍ਰਿਪਾਨ** ਮਾਤ ਮੀਠਾ ਦੀਨਾ ਡਾਰ ਕੈ ॥ ੯੭ ॥

ਇਤਿ 'ਸ੍ਰੀ ਗੁਰ ਪੰਥ ਪ੍ਰਕਾਸ਼' ਪੂਰਬਾਰਧ । ਬਿਸ਼ਰਾਮ ੬੪। ਸੰਮਤ ੧੯੪੬ ਬਿਕ੍ਰਮੀ ਮਤਾਬਕ ਸੰਨ ਈਸਵੀ ੧੯੯੯ ਵਿਚ ਛਪਣ ਵਾਲੇ ਗਰੰਥ ਦੇ ਪੰਨੇ ੭੯੫ ਵਿਚੋਂ ।

**ਸਮਾਧਾਨ** :—ਜੇਕਰ ਫਿਰ ਭੀ ਗਿਆਨੀ ਜੀ ਦਾ ਇਸ ਵਿਚ ਕੋਈ ਹਠ ਹੀ ਹੈ ਤਾਂ ਫਿਰ ਕੀ ਆਪ ਇਸ ਉਪ੍ਰੋਕਤ ਪ੍ਰਸੰਗ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਕਰ ਰਹੇ ਹੋ ਕਿ ਸਿੱਖੀ ਦੀ ਪ੍ਰੀਖਿਆ ਦੇ ਇਸ ਪ੍ਰਸੰਗ ਨੂੰ ਸੱਚਾ ਸਾਬਤ ਕਰ ਰਹੇ ਹੋ। ਸ੍ਰੀਮਾਨ ਜੀ। ਜੇਕਰ ਆਪ ਜੀ ਦੇ ਕਥਨ ਅਨੁਸਾਰ ਇਸ ਪ੍ਰਸੰਗ ਵਿਚ ਪੰਜ ਸਿਖ ਨਹੀਂ ਪੰਜ ਬੱਕਰੇ ਹੀ ਝਟਕਾਏ ਗਏ ਮੰਨ ਭੀ ਲਏ ਜਾਣ ਫਿਰ ਭੀ ਇਹ ਤਾਂ ਸਿਧ ਨਾ ਹੋਇਆ ਕਿ ਉਨ੍ਹਾਂ ਝਟਕਿਆਂ ਹੋਇਆਂ ਬੱਕਰਿਆਂ ਦਾ ਮਾਸ ਕਿਸੇ ਸਿੱਖ ਨੇ ਖਾਧਾ ਹੋਵੇ। ਜੇਕਰ ਇੰਜ ਨਹੀਂ ਤਾਂ ਫਿਰ ਇਹ ਸਿੱਧ ਕਿਉਂ ਨਹੀਂ ਕੀਤਾ ਕਿ ਇਨ੍ਹਾਂ ਝਟਕਾਇਆਂ ਹੋਇਆਂ ਬੱਕਰਿਆਂ ਦੇ ਮਾਸ ਨੂੰ ਗੁਰੂ ਸਾਹਿਬਾਂ ਨੇ ਸੁੱਟਿਆ ਨਹੀਂ ਬਲਕਿ ਸਿੱਖਾਂ ਨੂੰ ਛਕਣ ਲਈ ਹੁਕਮ ਕੀਤਾ ਹੈ। ਸ੍ਰੀਮਾਨ ਜੀ ! ਇਹੋ ਜਿਹਾ ਹੁਕਮ ਕਿੱਥੇ ਹੈ ਤੇ ਇਸ 'ਝਟਕੇ ਪ੍ਰਕਾਸ਼' ਗਰੰਥ ਵਿਚ ਕਿਉਂ ਨਹੀਂ ਲਿਖ ਕੇ ਪ੍ਰਗਟ ਕੀਤਾ। ਕੀ ਆਪ ਜੀ ਨੂੰ ਕਿਸੇ ਦਾ ਡਰ ਸੀ ? **ਜੇਕਰ ਇਸ ਦਾ ਉੱਤਰ ਗਿਆਨੀ 'ਸਰਲ' ਜੀ ਇਹ ਦੇਣ ਕਿ :—**

(੧) "ਇਸ ਦਾ ਉੱਤਰ ਇਹ ਹੈ ਕਿ ਜਦ ਜਾਨਵਰਾਂ ਦਾ ਸ਼ਿਕਾਰ ਕਰਨਾ ਤੇ ਮਾਸ ਦਾ ਖਾਧਾ ਜਾਣਾ ਹੋਰ ਅਨੇਕਾਂ ਸਾਖੀਆਂ ਤੋਂ ਸਿੱਧ ਹੁੰਦਾ ਹੈ ਤਾਂ ਇਥੇ ਇਸ ਗੱਲ ਦਾ ਨਾ ਲਿਖਣਾ ਕੀ ਫਰਕ ਪਾਉਂਦਾ ਹੈ ?

ਪਰ ਐਸਾ ਪ੍ਰਸ਼ਨ ਕਰਨ ਵਾਲੇ ਸੱਜਣਾਂ ਨੂੰ ਅਸੀਂ ਪੁੱਛਦੇ ਹਾਂ ਕਿ ਤੁਸੀਂ ਹੀ

. Sri Satguru Jagjit Singh Ji eLibrary NamdhariElibrary@gmail.com .

ਦੱਸੋ ਕਿ ਉਸ ਦਿਨ ਲੰਗਰ ਵਿਚ ਕਿਹੜੀ ਦਾਲ ਬਣੀ ਸੀ ਲਾਂਗਰੀ ਕਿਹੜੇ ਸਨ ਫੁਲਕੇ ਪਕਾਉਣ ਵਾਲੀਆਂ ਬੀਬੀਆਂ ਕਿਹੜੀਆਂ ਤੇ ਕਿੱਥੋਂ ਦੀਆਂ ਸਨ ? ਇਸ ਲਈ ਇਸ ਪ੍ਰਕਾਰ ਦੇ ਸਵਾਲ ਕਰਨ ਵਾਲੇ ਸੱਜਣਾਂ ਨੂੰ ਸੋਚ ਕੇ ਗੱਲ ਕਰਨੀ ਚਾਹੀਦੀ ਹੈ ।

(੨) ਹੁਣ ਆਓ ਜ਼ਰਾ ਝੂਠ ਸੱਚ ਦੀ ਪਰਖ ਕਰ ਲਈਏ ਅਸਲੀ ਗੱਲ ਹੈ ਕਿ ਸਾਡੇ ਸਤਿਗੁਰੂ ਜਦੋਂ ਭੀ ਸਿੱਖੀ ਪਰਖ ਕਰਨ ਲੱਗਦੇ ਸਨ, 'ਸਾਂਗ ਰਚਦੇ ਸਨ' ਸ੍ਵਾਂਗ ਦਾ ਮਤਲਬ ਇਹ ਹੁੰਦਾ ਹੈ ਕਿ ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ ਜਾਪੇ । ਇਸ ਸ੍ਵਾਂਗ ਵਿਚ ਵੀ ਇਹੋ ਭੇਦ ਸੀ ਕਿ ਵੱਢੇ ਜਾਣ ਬੱਕਰੇ ਤੇ ਸਮਝਿਆ ਜਾਵੇ ਸਿੱਖ ਹੀ ਝਟਕਾਏ ਜਾ ਰਹੇ ਹਨ ।

(ਝਟਕਾ ਪ੍ਰਕਾਸ਼ ਗ੍ਰੰਥ ਦੇ ਪੰਨਾ ੧੧੭ ਵਿਚੋਂ)

**ਸਮਾਧਾਨ** :—ਗਿਆਨੀ ਜੀ ਮਹਾਰਾਜ ! ਆਪ ਦਾ ਇਹ ਉਪ੍ਰੋਕਤ ਨੰਬਰ ੧ ਵਾਲਾ ਉੱਤਰ ਨਹੀਂ । ਜਦ ਕਿ ਆਪ ਇਹ ਸਿੱਧ ਕਰ ਰਹੇ ਹੋ ਕਿ 'ਗੁਰੂ ਘਰ' ਵਿਚ ਮਾਸ ਖਾਣ ਦਾ ਸਪਸ਼ਟ ਵਿਧਾਨ ਹੈ । ਤਾਂ ਫਿਰ ਆਪ ਇਸ ਪ੍ਰਸੰਗ ਵਿਚੋਂ ਮਾਸ ਖਾਣਾ ਸਪਸ਼ਟ ਸਿੱਧ ਕਿਉਂ ਨਹੀਂ ਕੀਤਾ । ਪਰ ਆਪ ਦੇ ਇਸੇ ਉਪ੍ਰੋਕਤ ਲੇਖ ਤੋਂ ਆਪ ਦੇ ਸਿਧਾਂਤ ਤੋਂ ਵਿਰੁੱਧ ਇਹ ਜ਼ਰੂਰ ਸਿੱਧ ਹੁੰਦਾ ਹੈ ਕਿ ਇਸ ਉਪ੍ਰੋਕਤ ਪ੍ਰਸੰਗ ਵਿਚੋਂ ਕਿਸੇ ਸਿੱਖ ਦਾ ਮਾਸ ਖਾਣਾ ਸਿੱਧ ਨਹੀਂ ਹੁੰਦਾ । ਫਿਰ ਆਪ ਨੂੰ ਇਸ ਤਰ੍ਹਾਂ ਦੇ ਪ੍ਰਸੰਗਾਂ ਨੂੰ ਇਥੇ ਪ੍ਰਗਟ ਕਰਨ ਦੀ ਕਿਉਂ ਲੋੜ ਪਈ ? ਆਪ ਨੂੰ ਇਥੇ ਓਹੀ ਪ੍ਰਸੰਗ ਪ੍ਰਗਟ ਕਰਨੇ ਚਾਹੀਦੇ ਸੀ । ਜਿਸ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੋ ਸਕੇ ।

ਜੇਕਰ ਇਥੇ ਗਿਆਨੀ ਜੀ ਇਹ ਇਤਰਾਜ਼ ਕਰਨ ਕਿ ਇਸ ਪ੍ਰਸੰਗ ਤੋਂ ਮਾਸ ਖਾਣਾ ਸਿੱਧ ਨਹੀਂ ਭੀ ਹੋਇਆ ਤਾਂ ਕੀ ਹੋਇਆ, ਇਹ ਤਾਂ ਆਪ ਮੰਨ ਹੀ ਚੁੱਕੇ ਹੋ ਕਿ ਗੁਰੂ ਸਾਹਿਬਾਂ ਨੇ ਪੰਜ ਬੱਕਰੇ ਤਾਂ ਜ਼ਰੂਰ ਝਟਕਾਏ ਸਨ । ਇਹ ਕਿਉਂ ਝਟਕਾਏ ?

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਆਪ ਦਾ ਤਾਂ ਕੰਮਇਹ ਸੀ ਕਿ ਸਿੱਖਾਂ ਦਾ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਧ

. Sri Satguru Jagjit Singh Ji eLibrary NamdhariElibrary@gmail.com .

ਕਰਦੇ। ਪਰ ਆਪ ਆਪਣੇ ਲਖਸ਼ ਨੂੰ ਭੁੱਲ ਕੇ ਗੁਰੂ ਸਾਹਿਬਾਂ ਦੀਆਂ ਕਰਣੀਆਂ ਵੱਲ ਧਾਵਨ ਲੱਗ ਪਏ। ਇਹ ਆਪ ਦਾ ਕੋਈ ਸਲਾਹੁਣ ਯੋਗ ਕਰਮ ਨਹੀਂ। ਬਲਕਿ ਆਪ ਦਾ ਤਾਂ ਇਹ ਧਰਮ ਸੀ ਕਿ ਆਪ ਇਸ ਤਰ੍ਹਾਂ ਦੇ ਇਤਿਹਾਸਕ ਗ੍ਰੰਥਾਂ ਤੇ ਗੁਰਬਾਣੀ ਦੇ ਹਵਾਲਿਆਂ ਦੁਆਰਾ ਇਹ ਸਿੱਧ ਕਰਦੇ ਕਿ ਸਿੱਖਾਂ ਨੂੰ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਹੈ।

ਪਰ ਗਿਆਨੀ ਜੀ ਮਹਾਰਾਜ ! ਸ੍ਰੀ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦਸਿੰਘ ਜੀ ਮਹਾਰਾਜ ਦਾ ਸਿੱਖਾਂ ਦੀ ਥਾਂ ਬੱਕਰੇ ਝਟਕਾਉਣ ਤੋਂ ਸਿੱਖਾਂ ਦਾ ਮਾਸ ਖਾਣਾ ਕੋਈ ਸਿੱਧ ਨਹੀਂ ਹੁੰਦਾ ਕਿਉਂਕਿ ਗੁਰੂ ਸਾਹਿਬ ਆਪ ਸਰਵ ਸ਼ਕਤੀਮਾਨ ਤੇ ਹਰ ਤਰ੍ਹਾਂ ਨਾਲ ਸਮਰਥਵਾਨ ਸਨ। ਉਹ ਜੋ ਚਾਹੁਣ ਸੋ ਕਰ ਸਕਦੇ ਸਨ। ਅਸਾਂ ਨੇ ਉਨ੍ਹਾਂ ਦੀਆਂ ਕਰਣੀਆਂ ਵੱਲ ਨਹੀਂ ਸੀ ਧਾਵਣਾ (ਭੱਜਣਾ) ਬਲਕਿ ਉਨ੍ਹਾਂ ਦੇ ਉਪਦੇਸ਼ਾਂ ਵੱਲ ਧਿਆਨ ਦੇਣਾ ਸੀ। ਜਿਵੇਂ ਕਿ ਗੁਰੂ ਸਾਹਿਬਾਂ ਦਾ ਹੁਕਮ ਹੈ :—

**ਗੁਰਿ ਕਹਿਆ ਸਾ ਕਾਰ ਕਮਾਵਹੁ ॥**
**ਗੁਰ ਕੀ ਕਰਣੀ ਕਾਹੇ ਧਾਵਹੁ ॥**
**ਨਾਨਕ ਗੁਰਮਤਿ ਸਾਚਿ ਸਮਾਵਹ ॥**
੨੭ ॥ ੫੪ ॥ ਰਾਮਕਲੀ ਮਹਲਾ ੧ ॥ ਪੰਨਾ ੯੩੨ ॥

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਆਪ ਜੀ ਨੂੰ ਇਸ ਤੇ ਧਿਆਨ ਦੇਣਾ ਚਾਹੀਦਾ ਸੀ ਕਿ ਕਿਧਰੇ ਭੀ ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਇਸ ਤਰ੍ਹਾਂ ਦਾ ਉਪਦੇਸ਼ ਦਿੱਤਾ ਹੋਵੇ ਜਿਸ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੋ ਸਕੇ। ਜੇਕਰ ਇਸ ਤਰ੍ਹਾਂ ਦਾ ਕੋਈ ਆਪ ਨੂੰ ਗੁਰੂ ਉਪਦੇਸ਼ ਮਿਲ ਸਕਦਾ ਹੋਵੇ ਤਾਂ ਆਪ ਆਪਣੇ ਪਾਠਕਾਂ ਪ੍ਰਤੀ ਲਿਖ ਕੇ ਪ੍ਰਗਟ ਕਰਨ ਦੀ ਕਿਰਪਾ ਕਰੋ। ਨਹੀਂ ਤਾਂ ਖ਼ਾਲੀ ਗੁਰੂ ਸਾਹਿਬਾਂ ਦੀਆਂ ਕਰਣੀਆਂ ਵੱਲ ਧਿਆਨ ਦੇਣ ਨਾਲ ਕੋਈ ਸਿੱਖਾਂ ਦਾ ਮਾਸ ਖਾਣਾ ਸਿੱਧ ਨਹੀਂ ਹੋ ਸਕਦਾ ਕਿਉਂਕਿ ਗੁਰੂ ਸਾਹਿਬ ਤਾਂ ਮੁਰਦਿਆਂ ਨੂੰ ਜ਼ਿੰਦਾ ਭੀ ਕਰ ਸਕਦੇ ਸਨ ਤੇ ਮੂਰਖਾਂ ਨੂੰ ਮਹਾ ਪੰਡਤ ਬਣਾਣ ਦੀ ਭੀ ਪੂਰਨ ਸਮ੍ਰਥਾ ਰੱਖਦੇ ਸਨ। ਕੀ ਆਪ ਭੀ ਇਤਨੀ ਸ਼ਕਤੀ ਦੇ ਮਾਲਕ ਹੋ ? ਜੇਕਰ ਨਹੀਂ ਤਾਂ ਫਿਰ

. Sri Satguru Jagjit Singh Ji eLibrary NamdhariElibrary@gmail.com .

ਆਪ ਗੁਰੂ ਸਾਹਿਬਾਂ ਦੇ ਉਪਦੇਸ਼ਾਂ ਵੱਲ ਧਿਆਨ ਦਿਉ । ਗੁਰੂ ਸਾਹਿਬਾਂ ਦੀਆਂ ਕਰਣੀਆਂ ਵੱਲ ਧਿਆਨ ਨ ਦਿਉ ।

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਆਪ ਜੀ ਨੇ ਨੰਬਰ ੨ ਦੇ ਉਪ੍ਰੋਕਤ ਲੇਖ ਵਿਚ ਜੋ ਇਹ ਲਿਖਿਆ ਹੈ ਕਿ :—

ਸਾਡੇ ਸਤਿਗੁਰੂ ਜਦੋਂ ਭੀ ਸਿੱਖੀ ਪਰਖ ਕਰਨ ਲੱਗਦੇ ਸਨ, 'ਸਾਂਗ ਰਚਦੇ ਸਨ'

ਸ੍ਵਾਂਗ ਦਾ ਮਤਲਬ ਇਹ ਹੁੰਦਾ ਹੈ ਕਿ ਅੰਦਰੋਂ ਕੁਝ ਹੋਰ ਤੇ ਬਾਹਰੋਂ ਕੁਝ ਹੋਰ ਜਾਪੇ ।

ਸ੍ਰੀ ਮਾਨ ਗਿਆਨੀ ਜੀ ! ਜਦ ਅਸੀਂ ਆਪ ਦੇ ਇਸ ਲੇਖ ਨੂੰ ਗੁਰੂ ਬਾਣੀ ਰੂਪੀ ਕਸਵਟੀ ਤੇ ਪਰਖਦੇ ਹਾਂ ਤਾਂ ਇਹ ਆਪ ਦਾ ਲੇਖ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਸਿੱਧ ਹੁੰਦਾ ਹੈ । ਜਿਵੇਂ ਕਿ :—

ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥
ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥

ਪਉੜੀ ੧੫ ॥......ਮਾਰੂ ਵਾਰ ਮਹਲਾ ੫ ਡਖਣੇ ਮ: ੫ ॥ ੧੦੯੯ ॥

ਦਿਲਹੁ ਮੁਹਬਤਿ ਜਿਨੑ ਸੇਈ ਸਚਿਆ ॥
ਜਿਨ ਮਨਿ ਹੋਰ, ਮੁਖਿ ਹੋਰ, ਸਿ ਕਾਢੇ ਕਚਿਆ ॥
੧ ॥ ੪ ॥ ੧ ॥ ਆਸਾ ਸ਼ੇਖ ਫ਼ਰੀਦ ਜੀਉ ਪੰਨਾ ੪੮੮ ॥

---

. Sri Satguru Jagjit Singh Ji eLibrary NamdhariElibrary@gmail.com .

# ਕੀ ਸ੍ਰੀ ਰਾਮ, ਕ੍ਰਿਸ਼ਨ ਤੇ ਗੁਰੂ ਜੀ ਸ਼ਿਕਾਰ ਖੇਡਿਆ ਕਰਦੇ ਸਨ ?

ਪਿਆਰੇ ਪਾਠਕ ਜੀਉ ! ਸ੍ਰੀ ਰਾਮ ਚੰਦਰ ਜੀ ਮਰਯਾਦਾ ਪਰਸ਼ੋਤਮ ਤੇ ਸ੍ਰੀ ਕ੍ਰਿਸ਼ਨ ਚੰਦਰ ਜੀ ਯੋਗੇਸ਼ਵਰ ਦੇ ਸ਼ਿਕਾਰ ਖੇਡਨ ਦੇ ਸੰਬੰਧ ਵਿਚ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੬੫ ਤੇ ਲਿਖਦੇ ਹਨ। ਜਿਵੇਂ ਕਿ ;—ਕ੍ਰਿਸ਼ਨ ਜੀ ਸ਼ਿਕਾਰ ਵੀ ਖੇਡਦੇ ਸਨ। ਦਸਮ ਗ੍ਰੰਥ ਦੇ ਕ੍ਰਿਸ਼ਨ ਅਵਤਾਰ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ। ਯਥਾ ਸਵੈਯਾ :—

(੧) ਪਾਰਥ ਕੋ ਸੰਗ ਲੇ ਪ੍ਰਭ ਜੂ, ਬਨ ਮੋ ਧਸ ਕੈ ਬਹੁਤੇ ਮ੍ਰਿਗ ਘਾਏ।
ਏਕ ਹਨੇ, ਕਰ ਵਾਰਨ ਸੇ ਤਕ, ਏਕਨ ਕੀ ਤਨ ਬਾਨ ਲਗਾਏ।
ਅਸਨ ਕੋ ਦਵਰਾਇ ਭਜਾਇ ਕੈ, ਕੂਕਰ ਤੇਊ ਹਨ ਜ ਪਰਾਏ।
ਸ੍ਰੀ ਬ੍ਰਿਜ ਨਾਥ ਕੇ ਅਗ੍ਰਜ ਜੇ; ਉਠ ਭਾਜਤ ਭੇ ਤੇਊਜਾਣ ਨ ਪਾਏ ॥ ੨੦੮੯ ॥
ਪਾਰਥ ਏਕ ਹਨ ਮ੍ਰਿਗਵਾ ਇਕ, ਆਪਹਿ ਸ੍ਰੀ ਬ੍ਰਿਜ ਨਾਇਕ ਇਕ ਘਾਏ।
ਜੇ ਉਠ ਭਾਜਤ ਭੇ ਘਨ ਮੈਂ ਸੋਊ, ਕੂਕਰ ਡਾਰ ਸਬੈ ਗਹਿ ਵਾਏ।
ਤੀਤਰ ਜੇ ਉਡ ਕੇ ਨਭ ਓਰ ਗਏ, ਤਿਨ ਕੋ ਪ੍ਰਭੂ ਬਾਜ ਚਲਾਏ।
ਚੀਤਨ ਏਕ ਮ੍ਰਿਗ ਗਹਿ ਕੇ ਕਬਿ ਸਯਾਮ ਕਹੇ ਜਮ ਲੋਕ ਪਠਾਏ ॥ ੨੦੯੦ ॥

ਹੋਰ ਸ੍ਰੀ ਰਾਮ ਚੰਦਰ ਜੀ ਦਾ ਸੋਨੇ ਦਾ ਮ੍ਰਿਗ ਮਾਰਨਾ ਵੀ ਸ਼ਿਕਾਰ ਖੇਡਨਾ ਸਬੂਤ ਹੈ। ਇਹਨਾਂ ਦੇ ਪਿਤਾ ਤਾਂ ਪਰਤੱਖ ਹੀ ਸ਼ਿਕਾਰ ਖੇਡਦੇ ਸਨ। ਤਾਹੀਏਂ ਤਾਂ ਜਾਨਵਰ ਦੇ ਭੁਲੇਖੇ ਸਰਵਣ ਨੂੰ ਤੀਰ ਵਜ ਗਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸੇ ਵਾਸਤੇ ਹੀ ਤਾਂ ਬ੍ਰਾਹਮਣਾਂ ਨੂੰ ਆਖਿਆ ਸੀ ਕਿ 'ਅਖੇਰ ਬਿਰਤਿ ਛੱਤਰਨ ਕੇਂ ਕਰਨੀ। ਕਥਾ ਜੁਗਨ ਚਾਰੋ ਮੈਂ ਬਰਨੀ' ਹੈ



. Sri Satguru Jagjit Singh Ji eLibrary NamdhariElibrary@gmail.com .

ਤੇ ਚਹੁੰ ਜੁਗਿ ਮਾਂਸ ਕਮਾਣਾਂ ਦਾ ਸਬੂਤ ਦੇ ਕੇ ਇਹ ਆਖਿਆ ਸੀ ਕਿ ਦੇਵਤਿਆ ਦਾ ਸੁਭਾਉ ਮਾਸ ਖਾਣ ਦਾ ਹੋਣ ਕਰ ਕੇ ਉਹਨਾਂ ਨਮਿਤਿ ਗੈਂਡਾ ਮਾਰ ਕੇ ਹੋਮ ਜਗ ਕੀਤੇ ਜਾਂਦੇ ਸਨ ।

(੨) ਸੋ ਸਜਣੋ ਗੁਰੂ ਘਰ ਦੀ ਕਿਸੇ ਲਿਖਤ ਤੋਂ ਵੀ ਮਾਸ ਮਲੇਛਾ ਜਾ ਰਾਖਸ਼ਾਂ ਦਾ ਖਾਣਾ ਸਾਬਤ ਹੋ ਨਹੀਂ ਸਕਦਾ ਤੇ ਸਾਰੇ ਹਿੰਦੂ ਗਰੰਥ ਇਸ ਨੂੰ ਦੇਵਤਿਆਂ ਦਾ ਖਾਣਾ ਦੱਸਦੇ ਹਨ, ਇਸ ਲਈ ਭਾਈ ਸਾਹਿਬ ਦੇ ਇਸ ਫੋਕੇ ਮੰਤਕ ਦਾ ਕੀ ਭਾਵ ਸਮਝਿਆ ਜਾਵੇ ?

**ਸਮਾਧਾਨ** :—ਪਿਆਰੇ ਪਾਠਕ ਜੀਉ ! ਉਪ੍ਰੋਕਤ ਗਿਆਨੀ ਜੀ ਨੇ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਚੰਦਰ ਆਦੀ ਅਵਤਾਰਾਂ ਦੇ ਸ਼ਿਕਾਰ ਖੇਡਣ ਦਾ ਪ੍ਰਸੰਗ ਦੇ ਵਿਚੋਂ ਮਾਸ ਖਾਣਾ ਸਿੱਧ ਕਰਨ ਦਾ ਨਿਰਮੂਲ ਯਤਨ ਕੀਤਾ ਹੈ, ਕਿਉਂਕਿ ਅਵਤਾਰਾਂ ਦੇ ਕਾਰਨਾਮੇ ਸਾਧਾਰਣ ਮਨੁੱਖਾਂ ਉਤੇ ਲਾਗੂ ਨਹੀਂ ਹੁੰਦੇ ਉਨ੍ਹਾਂ ਦੇ ਕਰਮ ਵਿਲਖਸ਼ਨ ਹੀ ਹੁੰਦੇ ਹਨ। ਪਰ ਜੇ ਕਰ ਹਠ ਹੀ ਹੋਵੇ ਕਿ ਸ੍ਰੀ ਦਸਮ ਗ੍ਰੰਥ ਜੀ ਦੇ ਉਪ੍ਰੋਕਤ ਪ੍ਰਮਾਣ ਅਸਾਂ ਜਿਉ ਕਾ ਤਿਉ ਹੀ ਮੰਨਣਾ ਹੈ ਤਾਂ ਇੰਜ ਦਸਮ ਗ੍ਰੰਥ ਸਾਹਿਬ ਜੀ ਵਿਚ ਉਨ੍ਹਾਂ ਹੀ ਰਾਮ ਕ੍ਰਿਸ਼ਨ ਆਦੀ ਅਵਤਾਰਾਂ ਦੀ ਕਥਾ ਵਿਚ ਉਨ੍ਹਾਂ ਨੂੰ ਇੰਜ ਭੀ ਵਰਨਣ ਕੀਤਾ ਹੈ। ਜਿਸ ਤਰ੍ਹਾਂ ਕਿ :—

**ਦੋਹਰਾ**

'ਰਾਮ ਕਥਾ ਜੁਗੁ ਜੁਗੁ ਅਟਲ ਸਭ ਕੋਈ ਭਾਖਤ ਨੇਤ ॥
ਸੁਰਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ ॥ ੮੫੮ ॥

**ਚੌਪਈ**

ਜੋ ਇਹ ਕਥਾ ਸੁਨੈ ਅਰ ਗਾਵੈ ॥
ਦੂਖ ਪਾਪ ਤਿਹੱ ਨਿਕਟ ਨ ਆਵੈ ।
ਬਿਸਨ ਭਗਤ ਕੀ ਏ ਫਲ ਹੋਈ ॥
ਆਦਿ ਬਜਾਧਿ ਛ੍ਵੈ ਸਕੇ ਨ ਕੋਈ ॥ ੮੫੯ ॥

(ਸ੍ਰੀ ਰਾਮਾਵਤਾਰ ਸ੍ਰੀ ਦਸਮ ਗ੍ਰੰਥ ਜੀ ਵਿਚੋਂ । ਪੰਨਾ ੨੪੪)

ਤਥਾ :—ਸ੍ਰੀ ਕ੍ਰਿਸ਼ਨ ਚੰਦਰ ਜੀ ਬਾਬਤ ਸ੍ਰੀ ਕ੍ਰਿਸ਼ਨਾਵਤਾਰ ਦੇ ਵਰਨਣ

. Sri Satguru Jagjit Singh Ji eLibrary NamdhariElibrary@gmail.com .

ਵਿਚ ਗੁਰੂ ਜੀ ਨੇ ਇੰਜ ਭੀ ਲਿਖਿਆ ਹੈ ਕਿ :—

**ਸ੍ਵੈਯਾ**

ਸੂਰਜ ਚੰਦ ਗਨੇਸ ਮਹੇਸ ਸਦਾ ਉਠ ਕੈ ਜਿਹ ਧਿਆਨ ਧਰੈ ॥
ਅਰੁ ਨਾਰਦ ਸੇ ਸੁਕ ਸੇ ਦਿਜ ਬਯਾਸ ਸੇ ਸ੍ਯਾਮ ਭਨੈ ਜਿਹ ਜਾਪ ਰਰੈ ॥
ਜਿਹ ਮਾਰ ਦਯੋ ਸ਼ਿਸ਼ਪਾਲ ਬਲੀ ਜਿਹ ਕੇਬਲ ਤੇ ਸਭ ਲੋਕੁ ਡਰੈ ॥
**ਅਬ ਬਿੱਪਨ ਕੇ ਪਗ ਧੋਵਤ ਹੈ ਬ੍ਰਿਜ ਨਾਥ ਬਿਨਾ ਐਸੀ ਕਉਨ ਕਰੈ ॥**
੨੩੫੨ ॥
ਪੰਨਾ ੫੩੬ ॥

ਜੋ ਉਪਮਾ ਬ੍ਰਿਜ ਨਾਥ ਕੀ ਗਾਇ ਹੈ ਅਉਰ ਕਬਿੱਤਨ ਬੀਚ ਕਰੈ ਗੈ ॥
ਪਾਪਨ ਕੀ ਤੇਊ ਪਾਵਕ ਮੈਂ ਕਬਿ ਸ੍ਯਾਮ ਭਨੈ ਕਬਹੂ ਨ ਜਰੈ ਗੈ ॥
ਚਿੰਤ ਸਭੈ ਮਿਟ ਹੈ ਜੁਰ ਹੀ ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈ ਗੈ ॥
**ਜੇ ਨਰ ਸ੍ਯਾਮ ਸੂਕੇ ਪਰਸੇ ਪਗ ਤੇ ਨਰ ਫੇਰ ਨ ਦੇਹ ਧਰੈ ਗੈ** ॥ ੨੬੯੩ ॥
ਪੰਨਾ ੫੫੨ ॥

ਹੇ ਰਵਿ ਹੇ ਸਸਿ ਹੇ ਕਰੁਨਾਨਿਧ ਮੇਰੀ ਅਬੈ ਬਿਨਤੀ ਸੁਨਿ ਲੀਜੈ ॥
ਅਉਰ ਨ ਮਾਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ ॥
ਸਸਤ੍ਰਨ ਸਿਉ ਅਤਿ ਹੀ ਰਨ ਭੀਤਰ ਜੂਝ ਮਰੋ ਕਹਿ ਸਾਚ ਪਤੀਜੈ ॥
**ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰਿ ਸ੍ਯਾਮ ਇਹ ਬਰੁ ਦੀਜੈ ॥**

੧੯੦੦ ॥
ਪੰਨਾ ੪੯੧ ॥
(ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸ੍ਰੀ ਕ੍ਰਿਸ਼ਨਾਵਤਾਰ ਪ੍ਰਸੰਗ ਵਿਚੋਂ ।

**ਨੋਟ** :—ਸ੍ਯਾਮ' ਸ਼ਬਦ ਸ੍ਰੀ ਕ੍ਰਿਸ਼ਨ ਚੰਦਰ ਜੀ ਸੁਗਣ ਬ੍ਰਹਮ ਵਾਚਕ ਹੈ । ਨਿਰਗੁਣ ਬ੍ਰਹਮ ਦਾ ਕੋਈ ਰੂਪ ਰੰਗ ਨਹੀਂ, ਜਿਵੇਂ ਕਿ :—

**ਜਾ ਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸ੍ਯਾਮ ਕਹੈ ਹੈ ॥**
(ਦੇਵ ਗੰਧਾਰੀ ਪਾਤਸ਼ਾਹੀ ੧੦ ॥ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚੋਂ)

ਸ੍ਰੀ ਮਾਨ ਗਿਆਨੀ 'ਸਰਲ' ਜੀ ਮਹਾਰਾਜ ! ਇਥੇ ਹੀ ਬਸ ਨਹੀਂ ਦੇਖੋ ਇਸੇ ਕ੍ਰਿਸ਼ਨਾਵਤਾਰ ਦੇ ਪ੍ਰਸੰਗ ਵਿਚ :—ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

. Sri Satguru Jagjit Singh Ji eLibrary NamdhariElibrary@gmail.com .

ਮਹਾਰਾਜ ਦੁਆਰਾ ਸ੍ਰੀ ਦੇਵੀ ਜੀ ਦੀ ਉਸਤਤੀ ਦਾ ਭੀ ਸਾਨੂੰ ਵਰਨਣ ਮਿਲਦਾ ਹੈ। ਜਿਸ ਤਰ੍ਹਾਂ ਕਿ :—

# ਸ੍ਰੀ ਦਸਮੇਸ਼ ਪਿਤਾ ਜੀ ਦੀ
# ਦੇਵੀ ਭਗਤੀ

## ਅਥ—ਦੇਵੀ ਜੂ ਕੀ ਉਸਤਤਿ ਕਥਨ ॥

### ਭੁਜੰਗ ਪ੍ਰਯਾਤ ਛੰਦ ॥

ਤੁਹੀ ਅਸਤ੍ਰਣੀ ਸਸਤ੍ਰਣੀ ਆਪ ਰੂਪਾ ॥
ਤੁਹੀ ਅੰਬਕਾ ਜੰਭ ਹੰਤੀ ਅਨੂਪਾ ॥
ਤੁਹੀ ਅੰਬਕਾ ਸੀਤਲਾ ਤੋਤਲਾ ਹੈ ॥
ਪ੍ਰਿਥਵੀ ਭੂਮ ਆਕਾਸ ਤੈਹੀ ਕੀਆ ਹੈ ॥ ੪੨੧ ॥

ਤੁਹੀ ਮੁੰਡ ਮਰਦੀ ਕਖਰਦੀ ਭਵਾਨੀ ॥
ਤੁਹੀ ਕਾਲ ਕਾ ਜਾਲਪਾ ਰਾਜਧਾਨੀ ॥
ਮਹਾ ਜੋਗ ਮਾਇਆ ਤੁਹੀ ਈਸ੍ਰੀ ਹੈ ॥
ਤੁਹੀ ਤੇਜ ਆਕਾਸ ਥੰਭੋ ਮਹੀ ਹੈ ॥ ੪੨੨ ॥
ਤੁਹੀ ਰਿਸਦਣੀ ਪੁਸਟਣੀ ਜੋਗ ਮਾਇਆ ॥
ਤੁਹੀ ਮੋਹ ਸੋ ਚਉਦਹੂੰ ਲੋਕ ਛਾਇਆ ॥
ਤੁਹੀ ਸੁੰਭ ਨੈ ਸੁੰਭ ਹੰਤੀ ਭਵਾਨੀ ॥
ਤੁਹੀ ਚਉਦਹੂੰ ਲੋਕ ਕੀ ਜੋਤਿ ਜਾਨੀ ॥ ੪੨੩ ॥

ਤੁਹੀ ਰਿਸਟਣੀ ਪੁਸਟਣੀ ਸਸਤ੍ਰਣੀ ਹੈ ॥
ਤੁਹੀ ਕਸਟਣੀ ਹਰਤਨੀ ਅਸਤ੍ਰਣੀ ਹੈ ॥
ਤੁਹੀ ਜੋਗ ਮਾਇਆ ਤੁਹੀ ਬਾਕਬਾਨੀ ॥
ਤੁਹੀ ਅੰਬਕਾ ਜੰਭਹਾ ਰਾਜ ਧਾਨੀ ॥ ੪੨੪ ॥

ਮਹਾ ਜੋਗ ਮਾਇਆ ਮਹਾ ਰਾਜ ਧਾਨੀ ॥

. Sri Satguru Jagjit Singh Ji eLibrary NamdhariElibrary@gmail.com .

ਭਵੀ ਭਾਵਨੀ ਭੂਤ ਭਬਿ ਅੰਭਵਾਨੀ ॥
ਚਰੀ ਆਚਰਣੀ ਖੇਚਰਣੀ ਭੂਪਣੀ ਹੈ ॥
ਮਹਾ ਬਾਹਣੀ ਆਪਨੀ ਰੂਪਣੀ ਹੈ ॥ ੪੨੫ ॥

ਮਹਾ ਭੈਰਵੀ ਭੂਤ ਨੇਸੁਰੀ ਭਵਾਨੀ ॥
ਭਵੀ ਭਾਵਨੀ ਭਬਯੰ ਕਾਲੀ ਕ੍ਰਿਪਾਣੀ ॥
ਜਯਾ ਆਜਯਾ ਹਿੰਗੁਲਾ ਪਿੰਗੁਲਾ ਹੈ ।
ਸਿਵਾ ਸੀਤਲਾ ਮੰਗਲਾ ਤੋਤਲਾ ਹੈ ॥ ੪੨੬ ॥

ਤੁਹੀ ਅਛੱਰਾ ਪਛੱਰਾ ਬੁੱਧ ਬ੍ਰਿਧਿਆ ॥
ਤੁਹੀ ਭੈਰਵੀ ਭੂਪਣੀ ਸੁੱਧ ਸਿੱਧਿਆ ॥
ਮਹਾ ਬਾਹਣੀ ਅਸਤ੍ਰਣੀ ਸਸਤ੍ਰਧਾਰੀ ॥
ਤੁਹੀ ਤੀਰ ਤਰਵਾਰ ਕਾਤੀ ਕਟਾਰੀ ॥ ੪੨੭ ॥

ਤੁਹੀ ਰਾਜਸੀ ਸਾਤਕੀ ਤਾਮਸੀ ਹੈ ॥
ਤੁਹੀ ਬਾਲਕਾ ਬ੍ਰਿਧਣੀ ਅਉਜਆ ਹੈ ॥
ਤੁਹੀ ਦਾਨਵੀ ਦੇਵਣੀ ਜੱਛਣੀ ਹੈ ।
ਤੁਹੀ ਕਿੰਨ੍ਰਣੀ ਮੱਛਣੀ ਕੱਛਣੀ ਹੈ ॥ ੪੨੮ ॥

ਤੁਹੀ ਦੇਵਤੇ ਸੇਸਣੀ ਦਾਨ ਵੇਸਾ ॥
ਸਰਹ ਬ੍ਰਸਟਣੀ ਹੈ ਤੁਹੀ ਅਸਤ੍ਰਭੇਸਾ ॥
ਤੁਹੀ ਰਾਜ ਰਾਜੇਸ੍ਵਰੀ ਜੋਗ ਮਾਯਾ ॥
ਮਹਾ ਮੋਹ ਸੋ ਚਉਦਹੂੰ ਲੋਕ ਛਾਯਾ ॥ ੪੨੯ ॥

ਤੁਹੀ ਬ੍ਰਾਹਮ ਬੈਸਨਵੀ ਸ੍ਰੀ ਭਵਾਨੀ ॥
ਤੁਹੀ ਬਾਸਵੀ ਈਸ੍ਵਰੀ ਕਾਰਤ ਕਿਆਨੀ ॥
ਤੁਹੀ ਅੰਬਕਾ ਦੁਸਟਹਾ ਮੁੰਡ ਮਾਲੀ ॥
ਤੁਹੀ ਕਸਟ ਹੰਤੀ, ਕ੍ਰਿਪਾ ਕੈ ਕ੍ਰਿਪਾਲੀ ॥ ੪੩੦ ॥

ਤੁਹੀ ਬ੍ਰਾਹਣੀ ਹ੍ਵੈ ਹਿਰੰਨਾਥ ਮਾਰਯਾ ॥
ਹਰੰਨਾ ਕੰਸੰ ਸਿੰਗਣੀ ਹ੍ਵੈ ਪਛਾਰਯੋ ॥

. Sri Satguru Jagjit Singh Ji eLibrary NamdhariElibrary@gmail.com .

ਤੁਮੀ ਬਾਵਨੀ ਹ੍ਵੈ ਤਿਨੋ ਲੋਕ ਮਾਪੇ ॥
ਤੁਮੀ ਦੇਵ ਦਾਨੋ ਕੀਏ ਜੱਛ ਥਾਪੇ ॥ ੪੩੧ ॥

ਤੁਮੀ ਰਾਮ ਹ੍ਵੈ ਦਸ ਗ੍ਰੀਵ ਖੰਡਯੋ ॥
ਤੁਮੀ ਕ੍ਰਿਸਨ ਹ੍ਵੈ ਕੰਸ ਕੇਸੀ ਬਿਹੰਡਯੋ ॥
ਤੁਮੀ ਜ੍ਵਾਲਪਾ ਹ੍ਵੈ ਬਿੜਾ ਲਾਛ ਘਾਯੋ ॥
ਤੁਮ ਸੁੰਭ ਲੈ ਸੁੰਭ ਦਾਨੋ ਖਪਾਯੋ ॥ ੪੩੨ ॥

## ਦੋਹਰਾ

ਦਾਸ ਜਾਨ ਕਰਿ ਦਾਸ ਪਰ ਕੀਜੈ ਕ੍ਰਿਪਾ ਅਪਾਰ ॥
ਆਪ ਹਾਥ ਦੇ ਰਾਖ ਮੁਹਿ ਮਨ ਕ੍ਰਮ ਬਚਨ ਬਿਹਾਰ ॥ ੪੩੩ ॥

## ਚੌਪਈ

**ਮੈ ਨ ਗਨੇਸਹਿ ਪ੍ਰਿਥਮ ਮਨਾਊਂ ॥**
**ਕਿਸ਼ਨ ਬਿਸਨ ਕਬਹੂੰ ਨਹ ਧਿਆਊਂ ॥**
**ਕਾਨ ਸੁਨੇ ਪਹਿਚਾਨ ਨ ਤਿਨ ਸੋ ॥**
**ਲਿਵ ਲਾਗੀ ਮੋਰੀ ਪਗ ਇਨ ਸੋ** ॥ ੪੩੪ ॥

ਮਹਾ ਕਾਲ ਰਖਵਾਰ ਹਮਾਰੋ ॥
ਮਹਾ ਲੋਹ ਮੈ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥
ਬਾਹ ਗਹੇ ਕੀ ਲਾਜ ਬਿਚਾਰ ॥ ੪੩੫ ॥

ਅਪਨਾ ਜਾਨ ਮੁਝੈ ਪ੍ਰਤਿ ਪਰੀਐ ॥
ਚੁਨ ਚੁਨ ਸਤ੍ਰ ਹਮਰੇ ਮਰੀਐ ॥
ਦੇਗ ਤੇਗ ਜਗ ਮੈਂ ਦੋਊ ਚਲੈ ॥
ਰਾਖ ਆਪ ਮੁਹਿ ਅਉਰ ਨ ਦਲੈ ॥ ੪੩੬ ॥

ਤੁਮ ਮਮ ਕਰਹੁ ਸਦਾ ਪ੍ਰਤਿਪਾਰਾ ॥
ਤੁਮ ਸਾਹਿਬ ਮੈ ਦਾਸ ਤਿਆਰਾ ॥

. Sri Satguru Jagjit Singh Ji eLibrary NamdhariElibrary@gmail.com .

ਜਾਨ ਆਪਨਾ ਮੁਝੈ ਨਿਵਾਜ ॥
ਆਪ ਕਰੋ ਹਮਰੇ ਸਭ ਕਾਜ ॥ ੪੩੭ ॥

ਤੁਮ ਹੋ ਸਭ ਰਾਜਨ ਕੇ ਰਾਜਾ ॥
ਆਪੇ ਆਪੁ ਗਰੀਬ ਨਿਵਾਜਾ ॥
ਦਾਸ ਜਾਨ ਕਰ ਕ੍ਰਿਪਾ ਕਰਹੁ ਮੁਹਿ ॥
ਹਾਰ ਪਰਾ ਮੈਂ ਆਨ ਦ੍ਵਾਰ ਤੁਹਿ ॥ ੪੩੮ ॥

ਅਪਨਾ ਜਾਨ ਕਰੋ ਪ੍ਰਤਿਪਾਰ ॥
ਤੁਮ ਸਾਹਿਬ ਮੈਂ ਕਿੰਕਰ ਥਾਰਾ ॥
ਦਾਸ ਜਾਨ ਦੈ ਹਾਥ ਉਬਾਰੋ ॥
ਹਮਰੇ ਸਭ ਬੈਰੀਅਨ ਸੰਘਾਰੋ ॥ ੪੩੯ ॥

ਪ੍ਰਥਮ ਧਰੋ ਭਗਵਤ ਕੋ ਧ੍ਯਾਨਾ ॥
ਬਹੁਰ ਕਰੋ ਕਬਿਤਾ ਬਿਧਿ ਨਾਨਾ ॥
ਕਿਸਨ ਜਥਾ ਮਤ ਚਰਿਤ੍ਰ ਉਚਾਰੋ ॥
ਚੂਕ ਹੋਇ ਕਬਿ ਲੇਹੁ ਸੁਧਾਰੋ ॥ ੪੪੦ ॥

## ਇਤਿ ਸ੍ਰੀ ਦੇਵੀ ਉਸਤਤਿ ਸਮਾਪਤਿ

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥ । ਕ੍ਰਿਸਨਾਵਤਾਰ (ਸ੍ਰੀ ਦਸਮ ਗ੍ਰੰਥ ਵਿਚੋਂ)

### ਸ੍ਵੈਯਾ

ਕਾਨ੍ਹ ਬਿਚਾਰ ਕੀਯੋ ਚਿਤ ਮੈਂ ਭਾਈ
ਸੈਨ ਮਲੇਛ ਜੋ ਮੁਸਟ ਲਰੈ ਹੈ ।
ਤਉ ਕਬਿ ਸ੍ਯਾਮ ਕਹੈ ਹਮਾਰੇ
ਸਭ ਹੀ ਤਨ ਕੋ ਅਪਵਿਤ੍ਰ ਕਰੇ ਹੈ ।
ਆਯੁਧ ਕਉਚ ਸਜੇ ਤਨ ਮੈ
ਸਭ ਸੈਨ ਜੁਰੈ ਮੁਹ ਨਾਇ ਬਧੈ ਹੈ ।

. Sri Satguru Jagjit Singh Ji eLibrary NamdhariElibrary@gmail.com .

ਜੋ ਇਹ ਕੋ ਸਿਰ ਕਾਟਤ ਹੋਤੁ
ਨਿਰਸਤ੍ਰ ਭਯੋ ਹਮਰੋ ਬਲੁ ਜੈ ਹੈ ॥ ੧੯੨੦ ॥
ਸ੍ਰੀ ਕ੍ਰਿਸ਼ਨਾਵਤਾਰ ਕਾਲ ਜਮਨ ਬਧਹਿ ਧਿਆਇ ।
ਸ੍ਰੀ ਦਸਮ ਗ੍ਰੰਥ ਸਾਹਿਬ ਜੀ । ਪੰਨਾ ੪੯੮ ॥

ਸ੍ਰੀ ਮਾਨ ਗਿਆਨੀ ਜੀ ਮਹਾਰਾਜ । ਕੀ ਆਪ ਇਸੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਇਨ੍ਹਾਂ ਉਪ੍ਰੋਕਤ ਸ੍ਰੀ ਰਾਮਚੰਦਰ ਤੇ ਸ੍ਰੀ ਕ੍ਰਿਸ਼ਨ ਚੰਦਰ ਅਵਤਾਰਾਂ ਤਥਾਂ ਦੇਵੀ ਭਗਤੀ ਦੇ ਹਵਾਲਿਆਂ ਨੂੰ ਮੰਨਣ ਲਈ ਤਿਆਰ ਹੋ ? । ਜੇ ਕਰ ਨਹੀਂ ਤਾਂ ਫਿਰ ਸਾਨੂੰ ਇਨ੍ਹਾਂ ਹੀ ਸ੍ਰੋਤਾਂ ਵਿਚ ਲਿਖੇ ਹੋਏ ਸ਼ਿਕਾਰ ਆਦੀ ਪ੍ਰਸੰਗ ਨੂੰ ਮਨਾਉਣ ਵਾਸਤੇ ਕਿਵੇਂ ਸਾਰਾ ਜੋਰ ਲਾ ਰਹੇ ਹੋ ।

ਇਥੇ ਹੀ ਬਸ ਨਹੀਂ ਇਸੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਉਪ੍ਰੋਕਤ ਹਵਾਲੇ ਦੇ ਨੰਬਰ ੨ ਦੇ ਲੇਖ ਵਿਚ ਗਿਆਨੀ ਜੀ ਨੇ ਜੋ ਇਹ ਲਿਖਿਆ ਹੈ ਕਿ ਸਾਰੇ ਹਿੰਦੂ ਗ੍ਰੰਥ ਇਸ (ਮਾਸ) ਨੂੰ ਦੇਵਤਿਆਂ ਦਾ ਖਾਣਾ ਦੱਸਦੇ ਹਨ, ਇਹ ਕੋਰਾ ਝੂਠ ਹੈ ਕਿਉਂਕਿ ਆਪ ਜਿਸ ਮਨੂ ਸਿੰਮ੍ਰਤੀ ਗ੍ਰੰਥ ਦਾ ਪ੍ਰਮਾਣ ਇਸੇ ਪ੍ਰਸੰਗ ਦੇ ਪਹਿਲੇ ਪੰਨੇ ੬੫ ਤੇ ਪ੍ਰਗਟ ਕਰ ਆਏ ਹੋ ਉਸੀ ਮਨੂ ਸਿੰਮ੍ਰਤੀ ਦੇ ਅਧਿਆਇ ੧੧ ਦੇ ਸ਼ਲੋਕ ੯੫ ਵਿਚ ਲਿਖਿਆ ਹੈ । ਜਿਵੇਂ ਕਿ :—

**यक्ष रक्षः पिशाचान्नं मद्यं मांसं सुरा ऽऽसवम् ।**
**तद् ब्राह्मणेन नात्तव्यं देवा नाम श्नता हविः ॥ ९५ ॥**

**ਭਾਵਾਰਥ** :—ਹਰ ਤਰਾਂ ਦੀ ਸ਼ਰਾਬ, ਮਾਸ, ਤੇ ਆਸਵ ਇਹ ਸਭ ਯਖ਼ਸ਼, ਰਾਖਸ਼ ਤੇ ਪਿਸ਼ਾਚਾ ਦੇ ਖਾਣ ਦੇ ਪਦਾਰਥ ਹਨ ਅਤੇ ਦੇਵਤਿਆਂ ਦੀ ਹਵੀ ਖਾਣੇ ਬ੍ਰਾਹਮਣਾਂ ਨੂੰ ਉਨ੍ਹਾਂ ਦਾ ਭੋਜਨ ਨਹੀਂ ਖਾਣਾ ਚਾਹੀਦਾ । ਤਾਂ ਤੇ ਸ੍ਰੀ ਮਾਨ 'ਸਰਲ' ਜੀ ਆਪ ਦੀ ਕੀ ਇਮਾਨਦਾਰੀ ਸਿੱਧ ਹੋਈ, ਬਾਕੀ ਇਤਿਹਾਸ ਤਥਾ ਗੁਰਬਾਣੀ ਵਿਚ ਤਾਂ ਸਪਸ਼ਟ ਲਿਖਿਆ ਹੈ ਕਿ ਮਾਸ ਖਾਣਾ ਮਲੇਛਾ ਦਾ ਧਰਮ ਹੈ । ਜਿਸ ਤਰ੍ਹਾਂ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਆਪ ਜੋ ਇਤਿਹਾਸ ਦੇ ਬਲ ਤੇ ਇਹ ਸਿੱਧ ਕਰਨਾ ਚਾਹਉਂਦੇ ਹੋ ਮਾਸ ਖਾਣਾ ਦੇਵਤਿਆਂ ਤੱਥਾਂ ਮਨੁਖਾਂ ਦਾ ਆਹਾਰ ਹੈ, ਇਹ ਬਿਲਕੁਲ ਗਲਤ ਹੈ ਕਿਉਂਕਿ ਆਪ ਦਾ ਇਤਿਹਾਸ ਭੀ ਸਾਥ ਭਾਵ (ਪੱਖ) ਨਹੀਂ ਲੈਂਦਾ ਬਲਕਿ ਰਾਖਸ਼ਾ ਨੂੰ ਭੀ ਮਾਸ ਖਾਣ ਤੋਂ ਰੋਕਦਾ ਹੈ । ਜਿਵੇਂ ਕਿ :—

**ਸਭਿ ਰਾਖਸ ਕੋ ਨਾਮ ਜਪਾਯੋ ॥**
**ਆਮਿਖ ਖਾਨ ਤਿਨਹਿ ਤਜਵਾਯੋ ॥ ੧੯ ॥**

ਸ੍ਰੀ ਗੁਰੂ ਨਾਨਕ ਪ੍ਰਕਾਸ ਗਰੰਥ । ਪੂਰਬਾਰਧ ਧਿਆਇ ੫੫ ॥

ਸ੍ਰੀ ਮਾਨ ਜੀ ! ਗੁਰਬਾਣੀ ਤਾਂ ਮਾਸ ਖਾਣਾ ਮਲੇਛ ਦਾ ਹੀ ਖਾਣਾ ਦਸਦੀ ਹੈ । ਪਰ ਸ੍ਰੀ ਗੁਰੂ ਨਾਨਕ ਪ੍ਰਕਾਸ ਗਰੰਥ ਤਾਂ ਰਾਖਸ਼ਾਂ ਨੂੰ ਭੀ ਮਾਸ ਖਾਣ ਦੀ ਆਗਿਆ ਨਹੀਂ ਦਿੰਦਾ ਬਲਕਿ ਤਿਆਗਣ ਦਾ ਹੀ ਉਪਦੇਸ਼ ਕਰਦਾ ਹੈ । ਤਾ ਕੀ ਫੋਕਾ ਮੰਤਕ ਭਾਈ ਰਣਧੀਰ ਸਿੰਘ ਜੀ ਦਾ ਹੈ ਕਿ ਆਪਦਾ ?

ਪਿਆਰੇ ਪਾਠਕ ਜੀਉ ! ਜੇ ਕਰ ਫਿਰ ਭੀ ਗਿਆਨੀ ਜੀ ਦਾ ਇਸ ਵਿਚ ਕੋਈ ਹਠ ਹੀ ਹੋਵੈ ਤਾਂ ਫਿਰ ਦਾਸ :—ਸਭ ਤੋਂ ਪਹਿਲੇ ਗਿਆਨੀ ਜੀ ਪਾਸੋਂ ਇਹ ਪੁਛਦਾ ਹੈ ਕਿ ਸ੍ਰੀ ਰਾਮ ਚੰਦਰ ਜੀ, ਸ੍ਰੀ ਕ੍ਰਿਸ਼ਨ ਚੰਦਰ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਦਿਕਾਂ ਨੇ ਦੁਸ਼ਟਾ ਦਾ ਦਮਨ ਤੇ ਸੰਘਾਰ ਕਰਨ ਲਈ ਅਵਤਾਰ ਧਾਰਣ ਕੀਤਾਂ ਸੀ ਕਿ ਨਿਰਦੋਸ਼ੀ ਜੀਵਾਂ ਨੂੰ ਮਾਰਣ ਲਈ ?

ਜੇ ਕਰ ਇਸ ਦਾ ਉੱਤਰ :—ਗਿਆਨੀ ਜੀ ਇਹ ਦੇਣ ਕਿ ਇਨ੍ਹਾਂ ਅਵਤਾਰਾਂ ਦਾ ਦੁਸ਼ਟਾ ਨੂੰ ਦਮਨ ਤੇ ਉਨ੍ਹਾਂ ਦਾ ਸੰਘਾਰ ਕਰਨ ਖਾਤਰ ਹੀ ਅਵਤਾਰ ਹੋਇਆ ਸੀ । ਜੇ ਕਰ ਇੰਜ ਹੀ ਹੈ ਤਾਂ ਫਿਰ ਗਿਆਨੀ ਜੀ ਦੇ ਉਪ੍ਰੋਕਤ ਹਵਾਲੇ ਦੇ ਕਥਨ ਅਨੁਸਾਰ—ਕਬੂਤਰ, ਬਟੇਰੇ, ਤਿਤਰ ਤੇ ਮਿਰਗਾਂ (ਹਰਣਾਂ) ਆਦਿਕ ਜੀਵਾਂ ਨੇ ਅਵਤਾਰਾਂ ਦਾ ਯਾ ਸੰਸਾਰੀ ਮਨੁੱਖਾਂ ਦਾ ਕੀ ਅਪਰਾਧ ਕੀਤਾ, ਜਿਨ੍ਹਾਂ ਜੀਵਾਂ ਦਾ ਇਨ੍ਹਾਂ ਅਵਤਾਰਾਂ ਨੇ ਸੰਘਾਰ ਕੀਤਾ ? ਇਸ ਦਾ ਉੱਤਰ ਗਿਆਨੀ ਜੀ ਪਾਸ ਕੀ ਹੈ ?

ਜੇ ਕਰ ਫਿਰ ਭੀ ਗਿਆਨੀ ਜੀ ਦਾ ਕੋਈ ਹਠ ਹੀ ਹੋਵੇ ਕਿ ਉਪ੍ਰੋਕਤ ਅਵਤਾਰਾਂ ਦਾ ਸ਼ਿਕਾਰ ਖੇਡਣਾ ਕੋਈ ਅਯੋਗ ਕੰਮ ਨਹੀਂ ਬਲਕਿ ਯੋਗ ਹੀ ਹੈ

. Sri Satguru Jagjit Singh Ji eLibrary NamdhariElibrary@gmail.com .

ਜੇ ਕਰ ਇੰਜ ਹੀ ਹੈ ਤਾਂ ਗੁਰਬਾਣੀ ਦੇ ਹੇਠ ਲਿਖੇ ਗੁਰਵਾਕ ਦਾ ਭਾਵਾਰਥ ਕੀ ਹੋਵੇਗਾ। ਜਿਵੇਂ ਕਿ :—

ਕਰਤਾ ਤੂੰ ਸਭਨਾ ਕਾ ਸੋਈ ॥

**ਜੇ ਸਕਤਾ, ਸਕਤੇ ਕਉ ਮਾਰੇ, ਤਾ ਮਨਿ ਰੋਸ ਨ ਹੋਈ ॥**

੧॥ ਰਹਾਉ ॥੩॥ ਪ॥੩੯॥...ਆਸਾ ਮਹਲਾ ੧॥ ਪੰਨਾ ੩੬੦ ॥

ਸ੍ਰੀ ਮਾਨ 'ਸਰਲ' ਜੀ ! ਕੀ ਵਣਾਂ (ਜੰਗਲਾਂ) ਦੇ ਮਿਰਗ ਆਦਿਕ ਜੀਵ ਸਕਤੇ ਭਾਵ (ਤਾਕਤਵਰ) ਹਨ ? ਜੇ ਕਰ ਨਹੀਂ ਤਾਂ ਫਿਰ ਅਕਾਲ ਪੁਰਖ ਹਰੀ ਨਿਰਬਲ ਜੀਵਾਂ ਦਾ ਸ਼ਿਕਾਰ ਕਰਨ ਵਾਲੇ ਅਵਤਾਰਾਂ ਤੇ ਗੁਸਾ ਨਹੀਂ ਕਰੇਗਾ ? ਗਿਆਨੀ ਜੀ ! ਇਥੇ ਹੀ ਬਸ ਨਹੀਂ ਦੇਖੋ :—ਸ੍ਰੀ ਗੁਰੂ ਗਰੰਥ ਸਾਹਿਬ ਜੀ ! ਸ਼ਿਕਾਰ ਖੇਡਨੇ ਵਾਲਿਆਂ ਮਨੁੱਖਾਂ ਦਾ ਸਖਤ ਵਿਰੋਧ ਕਰਦੇ ਹਨ। ਜਿਵੇਂ ਕਿ :—

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
'ਹੇਰਾ' ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥
੧੮੮ ॥........ਸਲੋਕ ਸ੍ਰੀ ਕਬੀਰ ਜੀਉ ॥ ੧੩੭੪ ॥

ਜੇ ਕਰ ਫਿਰ ਭੀ ਗਿਆਨੀ 'ਸਰਲ' ਜੀ ਦਾ ਇਹ ਹਠ ਹੀ ਹੋਵੇ ਕਿ ਸਿੱਖਾਂ ਨੂੰ ਸ਼ਿਕਾਰ ਖੇਡਨਾ ਅਤੀ ਜ਼ਰੂਰੀ ਹੀ ਹੈ। ਜੇ ਕਰ ਇੰਜ ਹੀ ਹੈ ਤਾਂ ਫਿਰ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਸ਼ਿਕਾਰ ਖੇਡੋ । ਜਿਸ ਦਾ ਗੁਰੂ ਸਾਹਿਬਾਂ ਨੇ ਆਪਣੇ ਸਿੱਖਾਂ ਪ੍ਰਤੀ ਸ਼ਿਕਾਰ ਖੇਡਨੇ ਦੀ ਬਿਧੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਬੜੇ ਸੁੰਦਰ ਢੰਗ ਨਾਲ ਵਰਣਨ ਕਰ ਦਿੱਤੀ ਹੈ। ਜਿਸ ਤਰ੍ਹਾਂ ਕਿ :—

ਦਸ ਮਿਰਗੀ ਸਹਜੇ ਬੰਧਿ ਆਨੀ ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ ॥ ੧ ॥

ਸੰਤ ਸੰਗਿ ਲੇ ਚੜਿਓ ਸਿਕਾਰ ॥
ਮ੍ਰਿਗ ਪਕਰੇ ਬਿਨੁ ਘੋਰ ਹਥਿਆਰ ॥ ੧ ॥ ਰਹਾਉ ॥

ਆਖੇਰ ਬਿਰਤਿ ਬਾਹਰਿ ਆਇਓ ਧਾਇ ॥
ਅਹੇਰਾ ਪਾਇਓ ਘਰ ਕੈ ਗਾਇ ॥ ੨ ॥

. Sri Satguru Jagjit Singh Ji eLibrary NamdhariElibrary@gmail.com .

ਮ੍ਰਿਗ ਪਕਰੇ ਘਰਿ ਆਣੇ ਹਾਟਿ ॥
ਚੁਖ ਚੁਖ ਲੇ ਗਏ ਬਾਢੇ ਬਾਟਿ ॥ ੩ ॥
ਏਹੁ 'ਅਹੇਰਾ' ਕੀਨੋ ਦਾਨ ॥
ਨਾਨਕ ਕੈ ਘਰਿ ਕੇਵਲ ਨਾਮ ॥ ੪ ॥ ੪ ॥
ਭੈਰਉ ਮਹਲਾ ੫ ॥ ਪੰਨਾ ੧੧੩੬ ॥

ਸ੍ਰੀ ਮਾਨ ਗਿਆਨੀ ਜੀ ਮਹਾਰਾਜ! ਜੇ ਕਰ ਆਪ ਸੱਚੇ ਗਿਆਨੀ ਹੋ ਤਾਂ ਫਿਰ ਆਪ ਗੁਰੂ ਸਾਹਿਬਾਂ ਦੇ ਉਪ੍ਰੋਕਤ ਆਗਿਆ ਅਨੁਸਾਰ ਸ਼ਿਕਾਰ ਖੇਡ ਕੇ ਦੇਖਾਉ ?

ਗੁਰਿ ਕਹਿਆ ਸਾ ਕਾਰ ਕਮਾਵਹੁ ॥
ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥

. Sri Satguru Jagjit Singh Ji eLibrary NamdhariElibrary@gmail.com .

# "ਮਨੂੰ ਸਿੰਮਰਤੀ ਤੇ ਮਾਸ"

ਪਿਆਰੇ ਪਾਠਕ ਜੀਓ ! ਸ੍ਰੀ ਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ ਮਾਸ ਖਾਨ ਦੇ ਪਖ ਨੂੰ ਸਿੱਧ ਕਰਦੇ ਹੋਏ ਹਿੰਦੂਆਂ ਦੇ ਪ੍ਰਸਿੱਧ ਧਰਮ ਗਰੰਥ ਮਨੂੰ ਸਿਮਰਤੀ ਦਾ ਹਵਾਲਾ ਪ੍ਰਗਟ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੬੪ ਤੇ ਲਿਖਦੇ ਹਨ । ਜਿਵੇਂ ਕਿ :—

ਮਨੂੰ ਸਿਮਰਤੀ ਹਿੰਦੂਆਂ ਦਾ ਪ੍ਰਸਿੱਧ ਧਰਮ ਸ਼ਾਸਤਰ ਹੈ । ਉਹ ਕਿਸੇ ਮਲੇਛ ਦੀ ਲਿਖੀ ਹੋਈ ਨਹੀਂ । ਸਗੋਂ ਮਹਾਂ ਉਤਮ ਕੁਲ ਮਨੂੰ ਜੀ ਦੀ ਰਚਨਾ ਹੈ। ਉਹ ਸਰਾਧਾਂ ਵਿਚ ਬ੍ਰਾਹਮਣਾਂ ਨੂੰ ਮਾਸ ਖੁਆ ਕੇ ਪਿਤਰਾਂ ਨੂੰ ਤ੍ਰਿਪਤ ਕਰਨਾ ਦਸਦੀ ਹੈ । ਦੇਖੋ ਮਨੂੰ ਸਿਮਰਤੀ ਅਧਿਆਇ ੩ । ਸਲੋਕ ੨੬੮ ਤੋਂ ੨੭੧ ਤਕ ।

ਉਥੇ ਦਸਿਆ ਹੈ ਕਿ ਜੇ ਸਰਾਧਾਂ ਵਿਚ ਬ੍ਰਾਹਮਣਾਂ ਨੂੰ ਹੇਠ ਲਿਖੇ ਤਰੀਕੇ ਨਾਲ ਮਾਸ ਖੁਆਇਆ ਜਾਵੇ ਤਾਂ ਖੁਆਉਣ ਵਾਲਿਆਂ ਦੇ ਪਿਤਰ ਇਹਨਾਂ ਚਿਰ 'ਤ੍ਰਿਪਤ' ਰਹਿ ਸਕਦੇ ਹਨ । ਯਥ—

ਮੱਛੀ ਦੇ ਮਾਸ ਨਾਲ ੨ ਮਹੀਨੇ, ਹਰਨ ਦੇ ਮਾਸ ਨਾਲ ੩ ਮਹੀਨੇ, ਭੇਡ ਦੇ ਮਾਸ ਨਾਲ ੪ ਮਹੀਨੇ, ਪੰਛੀਆਂ ਦੇ ਮਾਸ ਨਾਲ ੫ ਮਹੀਨੇ, ਬੱਕਰੇ ਦੇ ਮਾਸ ਨਾਲ ੬ ਮਹੀਨੇ, ਚਤਰ ਮਿਰਗ ਦੇ ਮਾਨ ਨਾਲ ੭ ਮਹੀਨੇ, ਏਣ ਮਿਰਗ ਦੇ ਮਾਸ ਨਾਲ ੮ ਮਹੀਨੇ, ਰੋਰਵ ਮਿਰਗ ੯ ਮਹੀਨੇ, ਜੰਗਲੀ ਸੂਰ ਤੇ ਝੋਟਾ ੧੦ ਮਹੀਨੇ, ਕੱਛੂ ਕੁਮਾਂ ਤੇ ਖਰਗੋਸ਼ ੧੧ ਮਹੀਨੇ ਤੇ ਜਿਸ ਬੱਕਰੇ ਦਾ ਰੰਗ ਚਿੱਟਾ, ਕੰਨ ਲੰਮੇ ਤੇ ਖੱਸੀ ਕਰ ਕੇ ਪਾਲਿਆ ਗਿਆ ਹੋਵੇ, ਉਸ ਦਾ ਮਾਸ ਸਰਾਧ ਵਿਚ ਬ੍ਰਾਹਮਣਾਂ ਨੂੰ ਖੁਆਉਣ ਨਾਲ ਸਵਰਗ (ਦੇਵਪੁਰੀ) ਵਿਚ ਵੱਸਣ ਵਾਲੇ ਪਿਤਰ ੧੨ ਬਰਸ



. Sri Satguru Jagjit Singh Ji eLibrary NamdhariElibrary@gmail.com .

ਰੱਜੇ ਰਹਿੰਦੇ ਹਨ। ਇਹ ਭੀ ਲਿਖਿਆ ਹੈ ਕਿ ਜਿਹੜਾ ਬ੍ਰਾਹਮਣ ਸਰਾਧਾਂ ਵਿਚ ਮਾਸ ਨਾਂ ਖਾਵੇ ਉਹ ੨੧ ਜਨਮ ਪਸ਼ੂ ਦੇ ਪਰਾਪਤ ਕਰਦਾ ਹੈ।"

**ਸਮਾਧਾਨ** :—ਪਿਆਰੇ ਪਾਠਕ ਜੀਉ! ਦਾਸ :—ਗਿਆਨੀ ਜੀ ਪਾਸੋਂ ਸਭ ਤੋਂ ਪਹਿਲੇ ਇਹ ਪੁਛ ਦਾ ਹੈ ਕਿ ਆਪ ਭਾਈ ਰਣਧੀਰ ਸਿੰਘ ਜੀ ਦੇ ਗਰੰਥ ਦਾ ਉੱਤਰ ਲਿਖ ਰਹੇ ਹੋ ਕਿ ਹੋਰ ਕਿਸੇ ਦਾ ? ਜੇ ਕਰ ਕਹਿਆ ਜਾਏ ਕਿ ਭਾਈ ਸਾਹਿਬ ਦੇ ਗਰੰਥ ਦਾ ਹੀ ਉੱਤਰ ਦਿੱਤਾ ਜਾ ਰਿਹਾ ਹੈ। ਜੇ ਕਰ ਇੰਜ ਹੀ ਹੈ ਤਾਂ ਫਿਰ ਕੀ ਭਾਈ ਸਾਹਿਬ ਜੀ ਯਾ ਭਾਈ ਸਾਹਿਬ ਦੇ ਪੈਰੋਕਾਰ ਮਨੂੰ ਸਿਮਰਤੀ ਗਰੰਥ ਦੇ ਭਗਤ ਭਾਵ ਪੁਜਾਰੀ ਹਨ ? ਜੇ ਕਰ ਨਹੀਂ, ਤਾਂ ਫਿਰ ਆਪ ਜੀ ਨੇ ਭਾਈ ਰਣਧੀਰ ਸਿੰਘ ਜੀ ਦੇ ਗਰੰਥ ਦਾ ਉੱਤਰ ਲਿਖਦੇ ਸਮੇਂ 'ਝਟਕਾ ਪ੍ਰਕਾਸ਼' ਗਰੰਥ ਵਿਚ ਇਹ ਉਪ੍ਰੋਕਤ ਮਨੂੰ ਸਿਮਰਤੀ ਗਰੰਥ ਦੇ ਹਵਾਲੇ ਕਿਸ ਦੇ ਸਨਮੁਖ ਰਖ ਰਹੇ ਹੋ। ਸ੍ਰੀ ਮਾਨ 'ਸਰਲ' ਜੀ ! ਮਨੂੰ ਸਿਮਰਤੀ ਦੇ ਇਨ੍ਹਾਂ ਹਵਾਲਿਆਂ ਨੂੰ ਨ ਭਾਈ ਸਾਹਿਬ ਮੰਨਦੇ ਹਨ ਤੇ ਨਾ ਖਾਲਸਾ ਪੰਥ ਹੀ ਇਸ ਗਰੰਥ ਦਾ ਪੁਜਾਰੀ ਹੈ। ਫਿਰ ਇਹ ਮਨੂੰ ਸਿਮਰਤੀ ਦੇ ਉਪ੍ਰਕਤ ਸ਼ਲੋਕ ਕਿਸ ਸਿੱਖ ਦੇ ਸਨਮੁਖ ਰਖ ਰਹੇ ਹੋ। ਕੀ ਇਹ ਆਪ ਦੇ ਲੇਖ ਬੇਸੁਰੇ ਨਹੀਂ ਹਨ ? ਧੰਨ ਹੋ।

ਸ੍ਰੀ ਮਾਨ ਗਿਆਨੀ ਜੀ ! ਜੇ ਕਰ ਫਿਰ ਭੀ ਇਸ ਵਿਚ ਆਪਦਾ ਕੋਈ ਹਠ ਹੀ ਹੈ। ਤਾਂ ਫਿਰ ਆਪ ਨੂੰ ਕਿਸੇ ਇਕਾਂਤ ਸਥਾਨ ਤੇ ਜਾ ਕੇ ਸੋਚ ਵਿਚਾਰ ਤੋਂ ਕੰਮ ਲੈਣਾ ਚਾਹੀਦਾ ਸੀ । ਕਿ ਇਸ ਮਨੂੰ ਸਿਮਰਤੀ ਗਰੰਥ ਦੇ ਵਿਧਾਨ 'ਕਲਯੁਗੀ ਮਨੁਖਾਂ ਤੇ ਲਾਗੂ ਭੀ ਹੁੰਦੇ ਹਨ ਕਿ ਨਹੀਂ । ਜਾਪਦਾ ਹੈ ਕਿ ਆਪ ਦੇ ਦਮਾਗ ਦਾ ਦਿਵਾਲਾ ਨਿਕਲ ਚੁਕਾ ਹੈ । ਕਿਉਂਕਿ ਇਹ ਮਨੂੰ ਸਿਮਰਤੀ ਵਿਸ਼ੇਸ਼ ਕਰ ਕੇ ਸਤਯੁਗ ਲਈ ਸੀ, ਕਲਯੁਗੀ ਮਨੁਖਾਂ ਲਈ ਨਹੀਂ। ਜਿਵੇਂ ਕਿ ਗੁਰ ਸਾਹਿਬਾਂ ਨੇ ਭੀ ਭਿੰਨ ਭਿੰਨ ਯੁਗਾ ਦੇ ਧਰਮ ਸੰਬੰਧ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਖੇ ਵਰਨਣ ਕੀਟਾ ਹੈ। ਜਿਸ ਤਰ੍ਹਾਂ ਕਿ :—

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁਸੰਜਮਤੀਰਥਓਨਾਜੁਗਾਕਾਧਰਮੁਹੈ ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥

. Sri Satguru Jagjit Singh Ji eLibrary NamdhariElibrary@gmail.com .

ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥ ੪ ॥ ੪ ॥............. ਬਿਲਾਵਲੁ ਮਹਲਾ ੩ ॥ ਪੰਨਾ ੭੯੭ ॥

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਜਿਸ ਤਰ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਉਪ੍ਰੋਕਤ ਪ੍ਰਮਾਣ ਤੋਂ ਹਰਿ ਨਾਮ ਦੀ ਪ੍ਰਧਾਨਤਾ ਸਿਧ ਹੁੰਦੀ ਹੈ। ਇਸੀ ਤਰ੍ਹਾਂ ਹੀ ਹਿੰਦੂ ਧਰਮ ਦੀਆਂ ੨੭ ਸਤਾਈ ਸਿਮਰਤੀਆਂ ਵਿਚੋਂ ਮਨੂੰ ਸਿਮਰਤੀ ਪਰਮੁਖ ਨਹੀਂ ਬਲਕਿ 'ਪਰਾਸ਼ਰ' ਸਿਮਰਤੀ ਦੇ ਵਿਧਾਨ ਹੀ ਪ੍ਰਮਾਣੀਕ ਹਨ। ਜਿਵੇਂ ਕਿ :—

**कृते तु मानवाधर्मास्त्रेतायां गौतमा: स्मृता: ॥ २४ ॥**
**द्वापरेशंख लिखिताः कलौ पाराशरा: स्मृता: ॥**
**पाराशर स्मृति: प्रथमो ऽध्याय ॥ १ ॥**

**ਭਾਵਾਰਥ** :—ਸਤਯੁਗ ਵਿਚ ਮਨੂੰ ਜੀ ਦੇ ਧਰਮ ਮੁਖ ਸਨ, ਤ੍ਰੇਤੇਯੁਗ ਵਿਚ ਗੌਤਮ ਦੇ ਧਰਮ ॥ ੨੪ ॥ ਦ੍ਵਾਪਰ ਯੁਗ ਵਿਚ ਸੰਖ ਤੇ ਲਿਖਿਤ ਰਿਸ਼ੀਆਂ ਦੇ ਧਰਮ ਮੁਖ ਰਹੇ, ਅਤੇ ਇਸ ਕਲਯੁਗ ਦੇ ਸਮੇਂ ਮੁਨੀ ਪਾਰਾਸ਼ਰਜੀ ਦੇ ਕਹੇ ਹੋਏ ਧਰਮ ਅਤਯੰਤ ਹੀ ਉਪਯੋਗੀ ਹਨ।

ਸ੍ਰੀ ਮਾਨ ਜੀ ! ਇਸ ਉਪ੍ਰੋਕਤ ਧਰਮ ਸ਼ਾਸਤ੍ਰ 'ਪਾਰਾਸ਼ਰ ਸਿਮਰਤੀ' ਦੇ ਇਕੋ ਸ਼ਲੋਕ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਦੇ ਉਪ੍ਰੋਕਤ ਮਨੂੰ ਸਿਮਰਤੀ ਵਾਲੇ ਹਵਾਲੇ ਕਲਯੁਗੀ ਮਨੁਖਾਂ ਤੇ ਲਾਗੂ ਨਹੀਂ ਹੁੰਦੇ। ਫਿਰ ਆਪ ਕਲਯੁਗੀ ਮਨੁਖਾਂ ਨੂੰ ਸਰਾਧਾਂ ਵਿਚ ਮਾਸ ਕਿਵੇਂ ਖਲਾ ਸਕਦੇ ਹੋ। ਕੀ ਆਪਨੇ ਭੰਗ ਪੀ ਕੇ ਇਹ 'ਝਟਕਾ ਪ੍ਰਕਾਸ਼' ਗ੍ਰੰਥ ਤਾਂ ਨਹੀਂ ਲਿਖਿਆ ? ਧੰਨ ਹੋ।

ਬਾਕੀ ਰਿਹਾ ਕਿ 'ਪਾਰਾਸ਼ਰ ਸਿਮਰਤੀ' ਵਿਚ ਮਾਸ ਖਾਣ ਦਾ ਵਿਧਾਨ ਹੈ ਕਿ ਨਹੀਂ ਇਸ ਪ੍ਰਸ਼ਨ ਨੂੰ ਭੀ ਪਾਰਾਸ਼ਰ ਮੁਨੀ ਜੀ ਮਹਾਰਾਜ ਨੇ ਬੜੇ ਸੁੰਦਰ ਅਖਰਾਂ ਦੁਆਰਾ ਵਰਣਨ ਕਰ ਦਿੱਤਾ ਹੈ। ਜਿਸ ਤਰ੍ਹਾਂ ਕਿ :—

**मद्य मांसरतं नित्यं नीच कर्म प्रवर्त कम् ॥**
**तं शूद्रं वर्जयेद्विप्र : श्वपाकमिव दूरत: ॥ १५ ॥**

. Sri Satguru Jagjit Singh Ji eLibrary NamdhariElibrary@gmail.com .

द्विजशुश्रूषणरतान्मच मांसविवर्जितान् ॥
स्वकर्मनिरतान्नित्यं ताञ्छूद्रान्न त्यजे द्विजः ॥ १६ ॥
पाराशर स्मृतिः । एकादशोऽध्याय ॥ ११ ॥

**ਭਾਵਾਰਥ** :—ਜੋ ਸੂਦ੍ਰ ਸ਼ਰਾਬ, ਮਾਸ ਖਾਂਦਾ ਹੋਵੇ ਤੇ ਨੀਚ ਕਰਮ ਕਰਦਾ ਹੋਵੇ ਉਸ ਸੂਦ੍ਰ ਨੂੰ ਸ਼ਵਪਾਕ (ਚੰਡਾਲ) ਦੀ ਤਰ੍ਹਾਂ ਦੂਰ ਤੋਂ ਹੀ ਤਿਆਗ ਦੇਵੇ ॥ ੧੫ ॥ ਪਰ ਜੋ ਸੂਦ੍ਰ ਬ੍ਰਾਹਮਣਾਂ ਦੀ ਸੇਵਾ ਕਰਦਾ ਹੋਵੇ ਤੇ ਸ਼ਰਾਬ, ਮਾਸ ਨ ਖਾਂਦਾ ਹੋਵੈ ਅਤੇ ਆਪਣੇ ਕਰਮ ਧਰਮ ਵਿਚ ਪੱਕਾ ਹੋਵੇ ਉਸ ਸੂਦ੍ਰ ਦਾ ਬ੍ਰਾਹਮਣਾਂ ਨੂੰ ਤਿਆਗ ਕਰਨਾ ਯੋਗ ਨਹੀਂ ॥ ੧੬ ॥

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜਦ ਕਿ ਮਹਾਂਰਿਸ਼ੀ ਪਾਰਾਸ਼ਰ ਜੀ ! ਸ਼ਰਾਬ, ਮਾਸ ਖਾਣ ਵਾਲੇ ਸੂਦ੍ਰਾਂ ਦਾ ਭੀ ਤਿਆਗ ਕਰਨ ਦੀ ਆਗਿਆ ਕਰ ਰਹੇ ਹਨ। ਫਿਰ ਦ੍ਵਿਜ (ਬ੍ਰਾਹਮਣ, ਖੱਤਰੀ ਤੇ ਵੈਸ਼) ਨੂੰ ਮਾਸ ਖਾਣ ਦੀ ਆਗਿਆ ਕਰ ਹੀ ਕਿਵੇਂ ਸਕਦੇ ਹਨ। **ਭਾਵ ਕਲਜੁਗ ਵਿਚ ਸ਼ਰਾਬ ਤੇ ਮਾਸ ਵਰਤਣਾ ਹੀ ਨਸ਼ੇਧ ਹੈ।**

ਜੇਕਰ ਫਿਰ ਭੀ ਗਿਆਨੀ ਜੀ ਦਾ ਇਸ ਵਿਚ ਕੋਈ ਹਠ ਹੀ ਹੋਵੇ ਕਿ :—ਜੇਕਰ 'ਮਨੂੰ ਸਿਮਰਤੀ' ਕਲਜੁਗ ਵਿਚ ਅਪ੍ਰਮਾਣੀਕ ਗਰੰਥ ਹੈ ਤਾਂ ਫਿਰ ਅੱਜ ਕਲ੍ਹ ਇਸ ਗਰੰਥ ਦਾ ਹਿੰਦੂ ਧਰਮ ਵਿਚ ਇਤਨਾ ਸਤਕਾਰ ਕਿਉਂ ?

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜੇਕਰ ਆਪ ਦੇ ਕਥਨ ਅਨੁਸਾਰ ਇਸ ਮਨੂੰ ਸਿਮਰਤੀ ਦੇ ਹਵਾਲਿਆਂ ਤੇ ਵਿਚਾਰ ਭੀ ਕੀਤੀ ਜਾਏ ਤਾਂ ਭੀ ਦੈਵੀ ਸੰਪਦਾ (ਗੁਰਮੁਖਾਂ ਦੀ ਸ਼੍ਰੇਣੀ) ਦੇ ਮਨੁੱਖਾਂ ਲਈ ਮਾਸ ਖਾਣਾ ਕਦੇ ਭੀ ਸਿੱਧ ਨਹੀਂ ਹੁੰਦਾ। ਬਲਕਿ ਮਾਸ ਖਾਣਾ 'ਅਸੁਰੀ ਸੰਪਦਾ' (ਮਨਮੁਖਾਂ ਦੀ ਸ਼੍ਰੇਣੀ) ਦੇ ਮਨੁੱਖਾਂ ਲਈ ਸਿੱਧ ਜ਼ਰੂਰ ਹੋ ਸਕਦਾ ਹੈ। ਜਿਸ ਦਾ ਸਪਸ਼ਟੀਕਰਨ ਹੇਠ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਕਿ :—

(੧)

ਸ੍ਰੀਮਾਨ ਜੀ ! 'ਮਨੂੰ ਸਿਮਰਤੀ' ਵਿਚ ਜਿੰਨੇ ਭੀ ਸਲੋਕ ਮਾਸ ਖਾਣ ਦੇ ਸੰਬੰਧ ਵਿਚ ਲਿਖੇ ਹੋਏ ਸਾਨੂੰ ਮਿਲਦੇ ਹਨ। ਇਨ੍ਹਾਂ ਸ਼ਲੋਕਾਂ ਦੇ ਸੰਬੰਧ ਵਿਚ

. Sri Satguru Jagjit Singh Ji eLibrary NamdhariElibrary@gmail.com .

ਹਿੰਦੂ ਧਰਮ ਦੇ ਕੁਝ ਵਿਦਵਾਨ ਪੰਡਤ ਜਨ ਇੰਜ ਉੱਤਰ ਦਿੱਤਾ ਕਰਦੇ ਹਨ। ਕਿ :—

ਅੱਜ ਕੱਲ੍ਹ ਦੀਆਂ 'ਮਨੂੰ ਸਿਮਰਤੀਆਂ ਵਿਚ ਜਿੰਨੇ ਭੀ ਮਾਂਸ ਖਾਣ ਦੇ ਸੰਬੰਧ ਵਿਚ ਸ਼ਲੋਕ ਲਿਖੇ ਹੋਏ ਸਾਨੂੰ ਮਿਲਦੇ ਹਨ, ਇਹ ਮਨੂੰ ਜੀ ਦੇ ਆਪਣੇ ਕ੍ਰਿਤ ਨਹੀਂ ਬਲਕਿ ਮਨੂੰ ਜੀ ਦੇ ਮਗਰੋਂ ਵਾਮ ਮਾਰਗੀਆਂ ਨੇ ਲਿਖ ਕੇ 'ਮਨੂੰ ਸਿਮਰਤੀ ਵਿਚ ਪਾ ਦਿੱਤੇ ਹਨ। ਇਸ ਕਰ ਕੇ ਇਹ ਸ਼ਲੋਕ ਅਪ੍ਰਮਾਣੀਕ ਹਨ। ਪਰ ਦਾਸ ਦਾ ਵਿਚਾਰ ਇਸ ਉਪ੍ਰੋਕਤ ਵਿਚਾਰ ਤੋਂ ਭਿੰਨ ਹੈ। ਜਿਵੇਂ ਕਿ :—

**ਸਮਾਧਾਨ** :—ਸ਼੍ਰੀਮਾਨ ਗਿਆਨੀ ਜੀ ਮਹਾਰਾਜ! ਆਪ ਨੂੰ ਇਹ ਗੱਲ ਚੰਗੀ ਤਰ੍ਹਾਂ ਨਾਲ ਚੇਤੇ ਰੱਖ ਲੈਣੀ ਚਾਹੀਦੀ ਹੈ ਕਿ :—'ਮਨੂੰ ਸਿਮਰਤੀ' ਵੇਦਾਂ ਦਾ ਕਰਮ ਕਾਂਡੀ ਇਕ ਪ੍ਰਸਿੱਧ ਤੇ ਪ੍ਰਮਾਣੀਕ ਗਰੰਥ ਮੰਨਿਆ ਜਾਂਦਾ ਹੈ। ਇਸ ਕਰ ਕੇ ਸਾਨੂੰ ਸਭ ਤੋਂ ਪਹਿਲੇ ਵੇਦਾਂ ਦੇ ਸੰਬੰਧ ਵਿਚ ਗੁਰੂ ਸਾਹਿਬਾਂ ਦਾ ਆਪਣਾ ਕੀ ਵਿਚਾਰ ਹੈ। ਜਿਸ ਨੂੰ ਇਥੇ ਲਿਖ ਕੇ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ ਕਿ :—

(੧) **ਵੇਦੁ ਪੁਕਾਰੈ ਤ੍ਰਿਬਿਧਿ ਮਾਇਆ** ॥ ਮਨਮੁਖ ਨਾ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ, ਬਿਨੁ ਬੂਝੇ ਦੁਖੁ ਪਾਵਣਿਆ ॥
੭ ॥ ੮ ॥ ੩੦ ॥ ੩੧ ॥ ਮਾਝ ਮਹਲਾ ੩ ॥ ੧੨੮ ॥

(੨) ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥
**ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ**, ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥
੧੫ ॥ ੧੬ ॥ ੬ ॥ ਮਾਰੂ ਸੋਲਹਾ ਮਹਲਾ ੩ ॥ ੧੦੫੦ ॥

(੩) **ਹਰਿ ਆਗਿਆ ਹੋਏ, ਬੇਦ ਪਾਪੁ ਪੁੰਨ ਵੀਚਾਰਿਆ** ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥
ਪਾਉੜੀ ੧ ॥ ਮਾਰੂ ਵਾਰ ਮਹਲਾ ੫ ਡਖਣੇ ਮ: ੫ ॥ ਪੰਨਾ ੧੦੯੩ ॥

(੪) ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥
**ਬੇਦੁ ਪੁਕਾਰੈ ਭਗਤਿ ਸਰੋਤਿ** ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥
੬ ॥ ੮ ॥ ੧ ॥ ਬਿਲਾਵਲੁ ਮਹਲਾ ੧ ॥ ੮੩੧ ॥

. Sri Satguru Jagjit Singh Ji eLibrary NamdhariElibrary@gmail.com .

(੫) **ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ ਪਾਰਬ੍ਰਹਮ ਕਾ ਕਰਹਿ ਵਖਿਆਣ ॥**
ਜੋਗੀ ਜਤੀ ਬੈਸਨੌ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥
੨ ॥ ੪ ॥ ੧੫ ॥ ੧੭ ॥ ਗੋਂਡ ਮਹਲਾ ੫ ॥ ਪੰਨਾ ੮੬੭ ॥

ਸ੍ਰੀਮਾਨ ਗਿਆਨੀ ਜੀ ! ਗੁਰਬਾਣੀ ਦੇ ਉਪ੍ਰੋਕਤ ਪ੍ਰਮਾਣਾਂ ਤੋਂ ਇਹ ਸਪਸ਼ਟ ਹੈ ਕਿ ਵੇਦ ਤਿੰਨ ਤਰ੍ਹਾਂ ਦਾ ਉਪਦੇਸ਼ ਕਰਦੇ ਹਨ । ਜਿਵੇਂ ਕਿ :— (੧) ਕਰਮ ਕਾਂਡ । (੨) ਉਪਾਸ਼ਨਾ ਕਾਂਡ । (੩) ਗਿਆਨ ਕਾਂਡ । ਪਰ ਸਾਨੂੰ ਇਥੇ ਕੇਵਲ ਕਰਮ ਕਾਂਡ ਦੇ ਸੰਬੰਧ ਵਿਚ ਹੀ ਵਿਚਾਰ ਕਰਨਾ ਹੈ ।

(੧) ਗੁਰਬਾਣੀ ਦੇ ਪਹਿਲੇ ਪ੍ਰਮਾਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਵੇਦ ਤ੍ਰੈ ਗੁਣੀ ਮਾਇਆ (ਤਮਗੁਣ, ਰਜਗੁਣ, ਸਤਗੁਣ) ਦਾ ਵਿਸਥਾਰ ਹੀ ਕਰਦਾ ਹੈ ।

(੨) ਗੁਰੂਬਾਣੀ ਦੇ ਦੂਜੇ ਪ੍ਰਮਾਣ ਤੋਂ ਇਹ ਸਿੱਧ ਹੁੰਦਾ ਹੈ ਕਿ ਸੰਸਾਰ ਵਿਚ ਜਿਨ੍ਹਾਂ ਭੀ ਪਾਪ ਪੁੰਨ ਦਾ ਪਸਾਰਾ ਦਿਸ ਰਿਹਾ ਹੈ, ਇਹ ਸਾਰਾ ਵੇਦਾਂ ਦਾ ਹੀ ਦ੍ਰਿੜ (ਪੱਕਾ) ਕਰਾਇਆ ਹੋਇਆ ਉਪਦੇਸ਼ ਹੈ ।

(੩) ਗੁਰੂ ਬਾਣੀ ਦੇ ਤੀਜੇ ਪ੍ਰਮਾਣ ਤੋਂ ਇਹ ਭੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਜਿਨ੍ਹਾਂ ਭੀ ਵੇਦਾਂ ਨੇ ਪਾਪ ਪੁੰਨ ਦਾ ਵੀਚਾਰ ਕੀਤਾ ਹੈ, ਇਹ ਸਾਰੇ ਦਾ ਸਾਰਾ ਹਰੀ ਦੀ ਆਗਿਆਂ ਦੁਆਰਾ ਹੀ ਕੀਤਾ ਹੈ ।

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਵੇਦਾਂ ਦੇ ਆਦੇਸ਼ ਅਨੁਸਾਰ ਜੋ ਭੀ ਸੰਸਾਰ ਵਿਚ ਪਾਪ ਪੁੰਨ ਦਾ ਵਿਸਥਾਰ ਹੋਇਆ ਹੈ, ਓਹ ਸਿਮਰਤੀਆਂ ਦੁਆਰਾ ਹੀ ਹੋਇਆ ਹੈ । ਸੋ ਇਸੇ ਕਰ ਕੇ ਹੀ ਮਨੂੰ ਜੀ ਨੇ ਆਪਣੇ 'ਮਨੂਸਿਮਰਤੀ' ਗਰੰਥ ਵਿਚ 'ਤਮੋ ਗੁਣੀ ਤੇ ਰਜੋਗੁਣੀ' 'ਅਸੁਰੀ ਸੰਪਦਾ' ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਸਮੇਂ ਉਨ੍ਹਾਂ ਲੋਕਾਂ ਨੂੰ ਸਰਾਧਾਂ ਵਿਚ ਮਾਸ ਦੇ ਖਾਣ ਦਾ ਉਪਦੇਸ ਕੀਤਾ ਹੈ । ਪਰ ਦੂਜੇ ਪਾਸੇ ਉਸੀ ਮਨੂੰਸਿਮਰਤੀ ਵਿਚ, ਜਦੋਂ ਸੱਤਗੁਣੀ ਭਾਵ 'ਦੈਵੀ ਸੰਪਦਾ' ਦੇ ਲੋਕਾਂ ਨੂੰ ਉਪਦੇਸ਼ ਦਿੰਦੇ ਹਨ । ਉਸ ਸਮੇਂ ਮਨੂੰ ਜੀ ਨੇ ਮਾਸਾਹਾਰ ਨਹੀਂ ਬਲਕਿ ਵੈਸ਼ਨੂੰ ਭੋਜਨ ਦਾ ਆਹਾਰ ਕਰਨ ਦੀ ਆਗਿਆ ਕੀਤੀ ਹੈ ! ਜੇਕਰ ਇੰਜ

. Sri Satguru Jagjit Singh Ji eLibrary NamdhariElibrary@gmail.com .

ਨਹੀਂ ਤਾਂ ਫਿਰ ਹੇਠ ਲਿਖੇ ਮਨੂੰਸਿਮਰਤੀ ਦੇ ਸ਼ਲੋਕਾਂ ਦਾ ਆਪ ਪਾਸ ਕੀ ਉੱਤਰ ਹੈ। ਜਿਵੇਂ ਕਿ :—

(१) **नाकृत्वा प्राणिनां हिंसां मांसमुत्पद्य ते क्वचित् ।**
**न च प्राणिवधः स्वर्ग्यस्त स्मान्मांसं विवर्जयेत् ॥ ४८ ॥**

**मनु स्मृतिः । अध्याय ५ । श्लो-४८ ॥**

**ਭਾਵਾਰਥ** :—ਜੀਵਾਂ ਦੇ ਦੁੱਖ ਦਿੱਤੇ ਬਿਨਾ ਕਿਧਰੋਂ ਭੀ ਮਾਸ ਨਹੀਂ ਉਤਪਨ ਹੋ ਸਕਦਾ ਹੈ ਅਤੇ ਜੀਵਾਂ ਨੂੰ ਦੁਖ ਦੇਣਾ ਸੁਰਗ-ਸਾਧਨ ਨਹੀਂ ਹੈ, ਇਸ ਲਈ ਮਾਸ ਨੂੰ ਛੱਡ ਦੇਣਾ (ਨਹੀਂ ਖਾਣਾ) ਚਾਹੀਦਾ ॥ ੪੮ ॥

(२) **समुत्पत्ति च मांसस्य वधबन्धौ च देहिनाम् ।**
**प्रसमीक्ष्य निवर्तेत सर्वं मांसस्य भक्षणात् ॥ ४९ ॥**

**मनु स्मृतिः । अध्याय ५ । श्लो० ४९ ॥**

**ਭਾਵਾਰਥ** :—ਮਾਸ ਦੀ ਉਤਪਤੀ ਤੇ ਜੀਵਾਂ ਦੇ ਮਾਰਨ ਤਥਾ ਬੰਧਨ ਨੂੰ ਸਮਝ ਕੇ ਹਰ ਤਰ੍ਹਾਂ ਨਾਲ ਮਾਸ ਖਾਣ ਤੋਂ ਨਿਵਿਰਤ ਹੋਣਾ ਚਾਹੀਦਾ ਹੈ ॥ ੪੯ ॥

(३) **अनुमन्ता विशसिता निहन्ता क्रयविक्रयी ।**
**संस्कर्ता चोपहर्ता च खादकश्चेति घातकाः ॥**

**मनु स्मृतिः । अध्याय ५ । श्लोक ५१ ॥**

**ਭਾਵਾਰਥ** :—(੧) ਸਲਾਹ ਦੇਣ ਵਾਲਾ । (੨) ਹਥਿਆਰ ਨਾਲ ਮਰੇ ਹੋਏ ਜੀਵ ਦੇ ਅੰਗਾਂ ਨੂੰ ਟੁਕੜੇ ਟੁਕੜੇ ਕਰਨੇ ਵਾਲਾ । (੩) ਮਾਰਨੇ ਵਾਲਾ। (੪) ਖ਼ਰੀਦਣੇ ਵਾਲਾ । (੫) ਬੇਚਨੇ ਵਾਲਾ । (੬) ਪਕਾਨੇ ਵਾਲਾ । (੭) ਪਰੋਸਨੇ ਵਾਲਾ ਯਾ ਲਾਨੇ ਵਾਲਾ । (੮) ਖਾਨੇ ਵਾਲਾ (ਜੀਵ ਮਾਰਨੇ ਵਿਚ) ਇਹ ਸਭ ਘਾਤਕ (ਹਿੰਸਕ) ਹੁੰਦੇ ਹਨ ॥ ੫੧ ॥

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜੇਕਰ ਆਪ ਜੀ ਦੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੬੪ ਅਨੁਸਾਰ ਮਨੂੰ ਜੀ ਮਹਾਰਾਜ ਦਾ ਆਪ ਦੇ ਪਖ ਅਨੁਸਾਰ ਮਾਸ ਖਾਣ ਦੇ ਸਿਧਾਂਤ ਨੂੰ ਚੰਗਾ ਕੰਮ ਸਮਝਦੇ ਹੁੰਦੇ ਤਾਂ ਫਿਰ ਇਹ ਉਪ੍ਰੋਕਤ ਲਿਖਤ ਸ਼ਲੋਕ ਮਨੂੰ ਜੀ ਮਹਾਰਾਜ ਨੇ ਆਪਣੀ ਮਨੂੰ ਸਿਮਰਤੀ ਵਿਚ ਕਿਉਂ

. Sri Satguru Jagjit Singh Ji eLibrary NamdhariElibrary@gmail.com .

ਲਿਖੇ, ਇਸ ਦਾ ਉੱਤਰ ਆਪ ਜੀ ਪਾਸ ਕੀ ਹੈ ?

ਪਿਆਰੇ ਪਾਠਕ ਜੀਉ ! ਜੇਕਰ ਇਥੇ ਗਿਆਨੀ ਜੀ ਇਹ ਇਤਰਾਜ਼ ਕਰਨ ਕਿ ਫਿਰ ਉਪ੍ਰੋਕਤ ਮਨੂੰ ਸਿਮਰਤੀ ਪ੍ਰਮਾਣਿਕ ਗ੍ਰੰਥ ਕੀ ਹੋਇਆ ਕਿਉਂਕਿ ਉਪ੍ਰੋਕਤ ਪਰਸਪਰ ਵਿਰੋਧ ਸਿੱਧ ਹੋ ਰਿਹਾ ਹੈ । ਤਾਂ ਇੰਜ ਸ੍ਰੀ ਮਾਨ ਜੀ ਗੁਰੂਬਾਣੀ ਵਿਚ ਵੀ ਪਰਸਪਰ ਵਿਰੋਧ ਪ੍ਰਤੀਤ ਹੁੰਦਾ ਹੈ ਤਾਂ ਫਿਰ ਅਸੀਂ ਗੁਰੂਬਾਣੀ ਨੂੰ ਪ੍ਰਮਾਣਿਕ ਕਿਵੇਂ ਮੰਨ ਸਕਾਂਗੇ । ਜਿਸ ਤਰ੍ਹਾਂ ਕਿ :—

(੧) ਜਨਮਿ ਮਰੈ ਤ੍ਰੈਗੁਣ ਹਿਤਕਾਰੁ ॥ **ਚਾਰੇ ਬੇਦ ਕਥਹਿ ਆਕਾਰੁ** ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥
੧ ॥ ੪ ॥ ੧੨ ॥ ਗਉੜੀ ਮਹਲਾ ੧॥ ਪੰਨਾ ੧੫੪ ॥

ਪਰ ਦੂਜੇ ਪਾਸੇ ਇੰਜ ਭੀ ਲਿਖਿਆ ਹੈ ।

ਸਿਮ੍ਰਿਤਿ ਸਾਸਤ੍ਰ ਬੇਦ ਪੁਰਾਣ ॥ **ਪਾਰਬ੍ਰਹਮ ਕਾ ਕਰਹਿ ਵਖਿਆਣ** ॥
ਜੋਗੀ ਜਤੀ ਬੈਸਨੋ ਰਾਮਦਾਸ ॥ ਮਿਤਿ ਨਾਹੀ ਬ੍ਰਹਮ ਅਬਿਨਾਸ ॥
੨ ॥ ੪ ॥ ੧੫ ॥ ੧੭ ॥ ਗੋਂਡ ਮਹਲਾ ੫ ॥ ੮੬੭ ॥

(੨) **ਜਿਨ੍ਹਾਂ ਸਤਿਗੁਰ ਪੁਰਖੁ ਨ ਸੇਵਿਓ**, ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰੁ ॥
੪੭ ॥ ੬੭ ॥ ਸਲੋਕ ਮਹਲਾ ੩ ॥ ਪੰਨਾ ੧੪੧੮ ॥

ਪਰ ਦੂਜੇ ਪਾਸੇ ਇੰਜ ਭੀ ਲਿਖਿਆ ਹੈ ।

ਨਾਮੁ ਹਮਾਰੈ ਬੇਦ ਅਰੁ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥ **ਨਾਮੁ ਹਮਾਰੈ ਗੁਰ ਕੀ ਸੇਵ** ॥
੧ ॥ ੪ ॥ ੨੨ ॥ ੩੫ ॥ ਭੈਰਉ ਮਹਲਾ ੫ ॥ ਪੰਨਾ ੧੧੪੫ ॥

(੩) **ਬਾਣੀ ਗੁਰੂ ਗੁਰੂ ਹੈ ਬਾਣੀ**, ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥
੮ ॥ ੪ ॥ ਨਟ ਮਹਲਾ ੪ ॥ ਪੰਨਾ ੯੮੨ ॥

. Sri Satguru Jagjit Singh Ji eLibrary NamdhariElibrary@gmail.com .

ਪਰ ਦੂਜੇ ਪਾਸੇ ਇੰਜ ਭੀ ਲਿਖਿਆ ਹੈ ।

**ਗੁਰ ਕੀ ਮੂਰਤਿ ਮਨ ਮਹਿ ਧਿਆਨੁ॥ਗੁਰ ਕੈ ਸਬਦਿ ਮੰਤ੍ਰੁ ਮਨੁਮਾਨ॥**
ਗੁਰ ਕੇ ਚਰਨ ਰਿਦੈ ਲੈ ਧਾਰਉ ॥ ਗੁਰ ਪਾਰਬ੍ਰਹਮੁ ਸਦਾ ਨਮਸਕਾਰਉ ॥
੧ ॥ ੪ ॥ ੫ ॥ ੭ ॥ ਗੋਂਡ ਮਹਲਾ ੫ ॥ ੮੬੪ ॥

(੪) **ਜੋ ਮਾਗਹਿ ਠਾਕੁਰ ਅਪਨੇ ਤੇ,** ਸੋਈ ਸੋਈ ਦੇਵੈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥
੨ ॥ ੧੪ ॥ ੪੫ ॥ ਧਨਾਸਰੀ ਮਹਲਾ ੫ ॥ ਪੰਨਾ ੬੮੧ ॥

ਪਰ ਦੂਜੇ ਪਾਸੇ ਇੰਜ ਭੀ ਲਿਖਿਆ ਹੈ ।

**ਮਮਾ ਮਾਗਨ ਹਾਰ ਇਆਨਾ ॥** ਦੇਨ ਹਾਰ ਦੇ ਰਹਿਓ ਸੁਜਾਨਾ ॥
ਜੋ ਦੀਨੋ ਸੋ ਏਕਹਿ ਬਾਰ ॥ ਮਨ ਮੂਰਖ ਕਹ ਕਰਹਿ ਪੁਕਾਰ ॥
ਪਉੜੀ ੪੧ ॥ ਗਉੜੀ ਬਾਵਨ ਅਖਰੀ ਮਹਲਾ ੫ ॥ ਪੰਨਾ ੨੫੮ ॥

(੫) **ਰਾਜ ਨਾ ਚਾਹਉ, ਮੁਕਤਿ ਨ ਚਾਹਉ,** ਮਨਿ ਪ੍ਰੀਤਿ ਚਰਨ ਕਮਲਾਰੇ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰ ਮੋਹਿ ਠਾਕੁਰ ਹੀ ਦਰਸਾਰੇ ॥
੧ ॥ ੨ ॥ ੩ ॥ ੨੯ ॥......ਦੇਵ ਗੰਧਾਰੀ ਮਹਲਾ ੫ ॥ ਪੰਨਾ ੫੩੪ ॥

ਪਰ ਦੂਜੇ ਪਾਸੇ ਇੰਜ ਭੀ ਲਿਖਿਆ ਹੈ ।

ਮਾਨਸ ਦੇਹ ਬਹੁਰਿ ਨ ਪਾਵੈ, **ਕਛੂ ਉਪਾਉ ਮੁਕਤਿ ਕਾ ਕਰੁ ਰੇ ॥**
ਨਾਨਕ ਕਹਤ ਗਾਇ ਕਰੁਨਾ ਮੈ ਭਾਵਸਾਗਰ ਕੈ ਪਾਰਿ ਉਤਰੁ ਰੇ ॥
੨ ॥ ੯ ॥ ੨੫੧ ॥ ਗਉੜੀ ਮਹਲਾ ੯ ॥ ਪੰਨਾ ੨੨੦ ॥

. Sri Satguru Jagjit Singh Ji eLibrary NamdhariElibrary@gmail.com .

# ਕੀ ਗੁਰਬਾਣੀ ਦੁਆਰਾ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
੧ ॥ ਰਹਾਉ ॥ ੪ ॥ ੭ ॥ ਸਿਰੀ ਰਾਗ ਮਹਲਾ ੧ ॥ ਪੰਨਾ ੧੬ ॥

ਪਿਆਰੇ ਪਾਠਕ ਜੀਉ ! ਕਈ ਮਾਸਾਹਾਰੀ ਵੀਰ ਉਪ੍ਰੋਕਤ ਗੁਰੂ ਪ੍ਰਮਾਣ ਦਾ ਹਵਾਲਾ ਦੇ ਕੇ ਆਪਣੇ ਮਾਸ ਖਾਣ ਦੇ ਪੱਖ ਨੂੰ ਸਿੱਧ ਕਰਨ ਦਾ ਪਰਯਤਨ ਕਰਦੇ ਹੋਏ ਆਖਦੇ ਹਨ ਕਿ ਜਿਸ ਪਦਾਰਥ ਦੇ ਖਾਣ ਨਾਲ ਸਰੀਰ ਵਿਚ ਕਿਸੇ ਤਰ੍ਹਾਂ ਦਾ ਭੀ ਵਿਕਾਰ ਉਤਪਨ ਹੋਵੈ ਉਹ ਪਦਾਰਥ ਨ ਖਾਇਆ ਜਾਏ । ਜਿਵੇਂ ਕਿ ਦੁਧ ਤੇ ਘੀਉ ਆਦਿਕ ਪਦਾਰਥ ਮਨੁਖ ਲਈ ਅੰਮ੍ਰਿਤ ਹਨ, ਪਰ ਇਸ ਦੇ ਖਾਣ ਨਾਲ ਸਰੀਰ ਵਿਚ ਵਿਕਾਰ ਉਤਪਨ ਹੁੰਦਾ ਹੋਵੇ ਭਾਵ ਸਰੀਰ ਦੇ ਅਨੁਕੂਲ ਨ ਹੋਵੈ ਤਾਂ ਦੁਧ ਘੀਉ ਭੀ ਨ ਖਾਵੇ । ਇਸੇ ਤਰ੍ਹਾਂ ਨਾਲ ਜੇ ਕਰ ਲੋੜ ਅਨੁਸਾਰ ਮਾਸ ਖਾਣ ਨਾਲ ਸਰੀਰ ਵਿਚ ਕਿਸੇ ਤਰ੍ਹਾਂ ਦਾ ਭੀ ਵਿਕਾਰ ਉਤਪਨ ਨ ਹੋਵੈ ਤਾਂ ਮਾਸ ਖਾਣ ਵਿਚ ਭੀ ਕਿਸੇ ਨੂੰ ਇਤਰਾਜ ਨਹੀਂ ਕਰਨਾ ਚਾਹੀਦਾ ਬਲਕਿ ਸਰੀਰ ਨੂੰ ਪੁਸ਼ਟ ਕਰਨ ਲਈ ਮਾਸ ਖਾਇਆ ਜਾ ਸਕਦਾ ਹੈ । ਸੋ ਇਸੇ ਤਰ੍ਹਾਂ ਹੀ 'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੨੦੧ ਤੇ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਭੀ ਲਿਖਦੇ ਹਨ ਕਿ :—

"ਅਸਲੀ ਗਲ ਇਹ ਹੈ ਕਿ ਹਰ ਇਕ ਚੀਜ਼ ਦੀ ਯੋਗ ਅਯੋਗ ਵਰਤੋਂ



. Sri Satguru Jagjit Singh Ji eLibrary NamdhariElibrary@gmail.com .

ਹੀ ਉਸ ਦੇ ਚੰਗੇ ਮੰਦੇ ਅਰ ਪਾਪ ਪੁੰਨ ਦਾ ਫਤਵਾ ਦੇਂਦੀ ਹੈ। ਜੈਸਾ ਕਿ :—

'ਬਾਬਾ ਹੋਰ ਖਾਣਾ ਖੁਸੀ ਖੁਆਰੁ ॥'

ਵਾਲੀ ਤੁਕ ਤੋਂ ਪ੍ਰਗਟ ਹੁੰਦਾ ਹੈ। ਅਗਰ ਕੋਈ ਆਦਮੀ ਦੁਧ ਘਿਉ ਮਾਸ ਤੇ ਹੋਰ ਅਨੇਕ ਪ੍ਰਕਾਰ ਦੇ ਪਦਾਰਥਾਂ ਨੂੰ ਵਿਸ਼ੇ ਵਿਕਾਰ ਦੀ ਬ੍ਰਿਧੀ ਪ੍ਰਯੋਗ ਕਰਦਾ ਹੈ ਤਾਂ ਉਸ ਦੇ ਲਈ ਇਹ ਸਾਰੇ ਪਦਾਰਥ ਅਪਵਿਤ੍ਰ ਭ੍ਰਿਸ਼ਟ ਅਰ 'ਬਿਖੂ ਸਮਾਨ' ਹਨ।"

('ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੨੦੧ ਵਿਚੋਂ)

**ਸਮਾਧਾਨ** :—ਪਿਆਰੇ ਪਾਠਕ ਜੀਉ ! ਇਸ ਲੇਖ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੇ ਕਰ ਕੋਈ ਮਨੁੱਖ ਦੁਧ, ਮਾਸ ਤੇ ਹੋਰ ਅਨੇਕ ਤਰ੍ਹਾਂ ਦੇ ਪਦਾਰਥਾਂ ਨੂੰ ਵਿਸ਼ੇ ਵਿਕਾਰ ਦੀ ਭਾਵਨਾ ਤੋਂ ਰਹਿਤ ਹੋ ਕੇ ਖਾਵੇ—ਪੀਵੇ ਤਾਂ ਉਸ ਦੇ ਲਈ ਇਹ ਸਾਰੇ ਪਦਾਰਥ ਪਵਿਤ੍ਰ ਤੇ ਅੰਮ੍ਰਿਤ ਦੇ ਤੁਲ ਹੀ ਸਮਝਣੇ ਚਾਹੀਦੇ ਹਨ। ਜੇ ਕਰ ਇੰਜ ਹੀ ਹੈ ਤਾਂ ਫਿਰ ਇਸ ਉਪ੍ਰੋਕਤ ਵਿਚਾਰ ਧਾਰਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਲੋੜ ਤੇ ਸਰੀਰ ਦੀ ਰਖਸ਼ਾ ਹਿਤ, ਸਰੀਰ ਸਹਿਨ ਸ਼ਕਤੀ ਦੇ ਅਨੁਸਾਰ ਹਰ ਤਰ੍ਹਾਂ ਦੇ ਨਸ਼ੇਦਾਰ ਪਦਾਰਥ ਭਾਵ (ਸ਼ਰਾਬ, ਅਫੀਮ, ਚਰਸ, ਗਾਂਜਾ, ਭੰਗ, ਤਮਾਕੂ, ਕੋਕੀਨ ਆਦਿਕ) ਭੀ ਵਰਤੇ ਜਾ ਸਕਦੇ ਹਨ ? ਤੇ ਇਨ੍ਹਾਂ ਨਸ਼ੇਦਾਰ ਪਦਾਰਥਾਂ ਨੂੰ ਵਰਤਨ ਵਾਲੇ ਮਨੁਖਾਂ ਨੂੰ ਬੁਰਾ ਭਲਾ ਨਹੀਂ ਕਹਿਆ ਜਾ ਸਕਦਾ।

ਪਿਆਰੇ ਪਾਠਕ ਜੀਉ ! ਗੁਰਬਾਣੀ ਦੀਆਂ ਇਨ੍ਹਾਂ ਦੋ ਤੁਕਾਂ ਦਾ ਵਾਸਤਵ ਵਿਚ ਭਾਵਾਰਥ ਗੁਰਮਤਿ ਦੇ ਸਿਧਾਤ ਅਨੁਸਾਰ ਇੰਜ ਹੈ। :—ਜਿਨ੍ਹਾਂ ਚੀਜ਼ਾਂ ਦੇ ਖਾਣ ਨਾਲ ਤਨ ਪੀੜੀਏ ਅਰਥਾਤ ਤਨ ਰੋਗ ਗ੍ਰਹਸਤ ਹੋ ਜਾਏ ਤੇ ਮਨ ਵਿਚ ਵਿਕਾਰ ਉਤਪਨ ਹੋਣ, ਉਨ੍ਹਾਂ ਪਦਾਰਥਾਂ ਤੋਂ ਬਚੋ। ਸੋ ਓਹ ਗੁਰਮਤਿ ਦੇ ਸਿਧਾਂਤ ਅਨੁਸਾਰ ਤਿਆਗਣ ਯੋਗ ਪਦਾਰਥ ਇਹ ਹਨ। ਸ਼ਿਕਾਰ (ਮਾਸ—ਰੋਟੀ) ਭੰਗ, ਮੱਛੀ ਸਰਾਬ ਆਦਿਕ। ਜਿਵੇਂ ਕਿ :—

ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ ॥
ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥
੧੮੮ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

. Sri Satguru Jagjit Singh Ji eLibrary NamdhariElibrary@gmail.com .

ਕਬੀਰ ਭਾਂਗ, ਮਾਛਲੀ, ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥
੨੩੩ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

---

# ਕੀ ਨਾਮ ਜਪਣ ਵਾਲੇ ਸਿੱਖਾਂ ਨੂੰ ਮਾਸ ਖਾਣਾ ਉਚਿਤ ਹੈ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਮਾਸ ਖਾਣ ਦੇ ਪਖ ਨੂੰ ਸਿੱਧ ਕਰਦੇ ਹੋਏ ਆਪਣੇ ਗਰੰਥ 'ਝਟਕਾ ਪ੍ਰਕਾਸ਼' ਦੇ ਪੰਨ ੨੨੩ ਤੇ ਲਿਖਦੇ ਹਨ :—

"ਹਰੀ ਨਾਮ ਦੇ ਸਿਮਰਨ ਤੋਂ ਬਿਨਾਂ ਤਾਂ ਹਰ ਇਕ ਪਦਾਰਥ ਦਾ ਖਾਣਾ ਪਾਪ ਹੈ। ਇਸ ਦੇ ਨਿਰਨੇ ਲਈ ਹੇਠ ਲਿਖੀਆਂ ਤੁਕਾਂ ਪੜ੍ਹੋ। ਯਥਾ—

ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜ ਮੀਠਾ **ਕਿਆ ਮੈਦਾ ਕਿਆ ਮਾਸੁ** ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜੇ ਭੋਗ ਬਿਲਾਸੁ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥

ਇਥੇ ਵੀ ਮੇਵਾ, ਘਿਉ, ਗੁੜ, ਮਿੱਠਾ ਮੈਦਾ, ਮਾਸ, ਕਪੜ, ਸੇਜਾ, ਇਸਤਰੀ ਭੋਗ ਆਦਿਕ ਨਾਮ ਤੋਂ ਬਿਨਾ ਨਾਸ ਦਾ ਕਾਰਨ ਕਹੇ ਹਨ ਤੇ ਨਾਮ ਸਿਮਰਨ ਨਾਲ ਹੀ ਜੀਵਨ ਰੂਪ ਕਹੇ ਜਾ ਸਕਦੇ ਹਨ। ਜੇ ਨਾਮ ਜਪ ਕੇ ਦੂਜੇ ਸਾਰੇ ਪਦਾਰਥ ਖਾਣੇ ਸਫਲ ਹਨ ਤਾਂ ਮਾਸ ਖਾਣਾ ਵੀ ਸਫਲ ਹੋ ਸਕਦਾ ਹੈ।

ਗਿਆਨੀ ਜੀ ਮਹਾਰਾਜ ! ਇਥੇ ਹੀ ਬਸ ਨਹੀਂ ਆਪ ਦੇ ਉਪ੍ਰੋਕਤ ਵਿਚਾਰਾ

. Sri Satguru Jagjit Singh Ji eLibrary NamdhariElibrary@gmail.com .

ਦੀ ਪੁਸ਼ਟੀ ਕਰਨ ਖਾਤਰ ਗੁਰੂ ਸਾਹਿਬਾਂ ਨੇ ਇੰਜ ਭੀ ਇਕ ਥਾਂ ਸਪੱਸ਼ਟ ਵਰਨਣ ਕਰ ਦਿੱਤਾ ਹੈ। ਜਿਸ ਤਰ੍ਹਾਂ ਕਿ :—

ਤਿਨ ਕਾ ਖਾਧਾ, ਪੈਧਾ ਮਾਇਆ
ਸਭੁ ਪਵਿਤੁ ਹੈ, ਜੋ ਨਾਮਿ ਹਰਿ ਰਾਤੇ ॥ ੧੬ ॥
ਪਉੜੀ ੧੬ ॥......ਸੋਰਠਿ ਕੀ ਵਾਰ ਮਹਲਾ ੪ ॥ ਪੰਨਾ ੬੪੮ ॥

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਇਸ ਉਪ੍ਰੋਕਤ ਗੁਰਵਾਕ ਦੀ ਪਹਿਲੀ ਤੁਕ ਵਿਚ ਹੀ ਗੁਰੂ ਸਾਹਿਬਾਂ ਨੇ ਇਹ ਸਪਸ਼ਟ ਵਰਨਣ ਕਰ ਦਿੱਤਾ ਹੈ ਕਿ :— ਉਨ੍ਹਾਂ ਗੁਰਮੁਖਾਂ ਦਾ ਖਾਣਾ ਪੈਨਣਾ ਸਭ ਪਵਿਤ੍ਰ ਹੈ, ਜੋ ਹਰੀ ਦੇ ਨਾਮ ਵਿਚ ਰਤੇ ਹੋਏ ਹਨ। ਆਪ ਦੇ ਉਪ੍ਰੋਕਤ ਵਿਚਾਰ ਅਨੁਸਾਰ ਹਰੀ ਦੇ ਨਾਮ ਵਿਚ ਰਤਾ ਹੋਇਆ ਮਾਸਾਹਾਰੀ ਮਨੁਖ ਭੀ ਪਵਿਤ੍ਰ ਹੋ ਸਕਦਾ ਹੈ। ਜੇ ਕਰ ਇੰਜ ਹੀ ਹੈ ਤਾਂ ਫਿਰ ਹਰੀ ਦੇ ਨਾਮ ਸਿਮਰਨ ਕਰਨ ਵਾਲਾ ' ਸ਼ਰਾਬੀ ਮਨੁੱਖ ਭੀ ਪਵਿਤ੍ਰ ਕਿਉਂ ਨਹੀਂ ਮੰਨਿਆ ਜਾ ਸਕੇਗਾ ? ਪਰ ਇੰਜ ਨਹੀਂ ਕਿਉਂ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਤਾਂ ਇਨ੍ਹਾਂ ਦੋਹਾਂ ਪਦਾਰਥਾਂ ਦਾ ਹੀ ਵਿਰੋਧ ਕਰਦਾ ਹੈ। ਜਿਸ ਤਰ੍ਹਾਂ ਕਿ :—

**ਕਬੀਰ ਭਾਂਗ, ਮਾਛੁਲੀ, ਸੁਰਾਪਾਨਿ,** ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ, ਸਭੈ ਰਸਾਤਲ ਜਾਂਹਿ ॥
੨੩੩ ॥......ਸ਼ਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

ਜੇਕਰ ਫਿਰ ਭੀ ਇਥੇ ਗਿਆਨੀ ਜੀ ਦਾ ਇਹ ਹਠ ਹੀ ਹੋਵੇ ਕਿ :—ਮੇਵਾ, ਘਿਉ, ਗੁੜ ਮਿਠਾ, ਮੈਦਾ, ਮਾਸ, ਕਪੜਾ, ਸੇਜਾ, ਇਸਤਰੀ ਭੋਗ ਆਦਿਕ ਨਾਮ ਸਿਮਰਨ ਤੋਂ ਬਿਨਾਂ ਨਾਸ ਦਾ ਕਾਰਨ ਕਹੇ ਹਨ ਤੇ ਨਾਮ ਸਿਮਰਨ ਨਾਲ ਹੀ ਜੀਵਨ ਰੂਪ ਕਹੇ ਜਾ ਸਕਦੇ ਹਨ। ਜੇ ਨਾਮ ਜਪਕੇ ਦੂਜੇ ਸਾਰੇ ਪਦਾਰਥ ਖਾਣੇ ਸਫਲ ਹਨ ਤਾਂ ਮਾਸ ਖਾਣਾ ਵੀ ਸਫਲ ਹੋ ਸਕਦਾ ਹੈ।

**ਸਮਾਧਾਨ** :—ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਜਦ ਤਕ ਸੰਸਾਰ ਦੇ ਸਾਰੇ ਪਦਾਰਥਾਂ ਦਾ ਰਸ ਮਾਨੁੱਖ ਮਾਣਦਾ ਹੈ ਤਦ ਤਕ ਮਾਨੁੱਖ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੋ ਹੀ ਨਹੀਂ ਸਕਦਾ, ਜੇ ਕਰ ਹੋ ਸਕਦਾ ਹੁੰਦਾ ਤਾਂ ਫਿਰ ਸ੍ਰੀ

. Sri Satguru Jagjit Singh Ji eLibrary NamdhariElibrary@gmail.com .

ਗੁਰੂ ਨਾਨਕ ਦੇਵ ਜੀ ਮਹਾਰਾਜ ਇੰਜ ਨ ਕਥਨ ਕਰਦੇ। ਜਿਵੇਂ ਕਿ :—

ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ, ਰਸੁ ਸੇਜਾ ਮੰਦਰ, ਰਸੁਮੀਠਾ, **ਰਸੁ ਮਾਸੁ** ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥
੧ ॥ ੪ ॥ ੪ ॥ ਸਿਰੀ ਰਾਗੁ ਮਹਲਾ ੧ ॥ ਪੰਨਾ ੧੫ ॥

**ਭਾਵਾਰਥ** :—ਸੋਨਾ ਚਾਂਦੀ (ਇਕੱਠਾ ਕਰਨ) ਦਾ ਚਸਕਾ, ਇਸਤ੍ਰੀ (ਭਾਵ ਕਾਮ) ਦਾ ਚਸਕਾ, ਸੁਗੰਧੀਆਂ ਦੀ ਲਗਨ, ਘੋੜਿਆਂ (ਦੀ ਸਵਾਰੀ) ਦਾ ਸ਼ੌਕ, (ਨਰਮ ਨਰਮ) ਸੇਜਾ ਤੇ (ਸੋਹਣੇ) ਮਹਲ ਮਾੜੀਆਂ ਦੀ ਲਾਲਸਾ (ਸੁਆਦਲੇ) ਮਿਠੇ ਪਦਾਰਥ ਤੇ ਮਾਸ (ਖਾਣ) ਦਾ ਚਸਕਾ—ਜੇ ਮਨੁਖ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ, ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਕਿਸ ਹਿਰਦੇ ਵਿਚ ਹੋ ਸਕਦਾ ਹੈ ?

ਜਿਸ ਮਨੁੱਖ ਦੇ ਮਨ ਵਿਚ ਦੁਨੀਆਂ ਦੇ ਚਸਕਿਆਂ ਤੇ ਵਿਕਾਰਾਂ ਦਾ ਜ਼ੋਰ ਹੋਵੇ ਉਹ ਪਰਮਾਤਮਾ ਦੇ ਨਾਮ ਵਿਚ ਨਹੀਂ ਜੁੜ ਸਕਦਾ। ਚਸਕੇ—ਵਿਕਾਰ ਤੇ ਭਗਤੀ ਇਕੋ ਹਿਰਦੇ ਵਿਚ ਇਕੱਠੇ ਨਹੀਂ ਹੋ ਸਕਦੇ। ਅਜਿਹਾ ਮਨੁੱਖ ਭਾਵੇਂ ਕਿਤਨਾਂ ਹੀ ਮਹਾ ਗਿਆਨੀ ਮੰਨਿਆ—ਪ੍ਰਮੰਨਿਆ ਤੇ ਧਨੀ ਹੋਵੇ, ਉਸ ਦਾ ਜੀਵਨ ਖੇਹ—ਖੁਆਰੀ ਵਿਚ ਹੀ ਗੁਜਰਦਾ ਹੈ।

ਸੋਨਾ ਚਾਂਦੀ ਇਕੱਠਾ ਕਰਨ ਦਾ ਚਸਕਾ, ਕਾਮ ਦਾ ਚਸਕਾ, ਸੁਗੰਧੀਆਂ ਦੀ ਲੱਗਨ ਘੋੜਿਆਂ ਦੀ ਸਵਾਰੀ ਦਾ ਸ਼ੌਕ, ਨਰਮ ਨਰਮ ਸੇਜਾਂ ਤੇ ਸੋਹਣੇ ਮਹਲ-ਮਾੜੀਆਂ ਦੀ ਲਾਲਸਾ, ਸੁਆਦਲੇ ਮਿੱਠੇ ਪਦਾਰਥ ਤੇ ਮਾਸ ਖਾਣ ਦਾ ਚਸਕਾ—ਜੇ ਮਨੁੱਖਾਂ ਦੇ ਸਰੀਰ ਨੂੰ ਇਤਨੇ ਚਸਕੇ ਲੱਗੇ ਹੋਏ ਹੋਣ, ਤਾਂ ਪਰਮਾਤਮਾ ਦੇ ਨਾਮ ਦਾ ਟਿਕਾਣਾ ਉਸ ਵਿਚ ਨਹੀਂ ਹੋ ਸਕਦਾ। ਭਾਵ ਕਸਕਾ ਕੋਈ ਭੀ ਹੋਵੇ ਉਹ ਮਾੜਾ। ਜੇ ਮਾਸ ਭੀ ਜੀਭ ਦਾ ਚਸਕਾ ਬਣ ਗਿਆ ਹੈ ਤਾਂ ਇਹ ਚਸਕਾ ਭੀ ਮਾੜਾ ਹੀ ਹੈ।

ਪਿਆਰੇ ਪਾਠਕ ਜੀਉ !ਗਿਆਨੀ ਜੀ ਨੇ ਲਿਖਿਆ ਹੈ ਕਿ :—ਇਸ ਵੇਲੇ ਕਰੋੜਾਂ ਦੀ ਗਿਣਤੀ ਵਿਚ ਲੋਕ ਮਾਸ ਖਾਂਦੇ ਹਨ ਤੇ ਖਾਂਦੇ ਵੀ ਕੇਵਲ ਖੁਧਿਆ ਨਵਿਰਤੀ ਤੇ ਪ੍ਰਾਣ ਰਖਸ਼ਾ ਲਈ ਹੀ ਹਨ। ਉਹਨਾਂ ਦੇ ਇਸ ਮੰਤਕ ਅਨੁਸਾਰ ਤਾਂ ਉਹ ਪਾਪ ਦੇ ਭਾਗੀ ਨਹੀਂ ਬਣਦੇ, ਪਰ ਜਿਨ੍ਹਾਂ ਦਾ ਨਿਸ਼ਾਨਾ ਸਿਰਫ ਵਿਸ਼ੇ

. Sri Satguru Jagjit Singh Ji eLibrary NamdhariElibrary@gmail.com .

ਵਿਕਾਰ ਹੈ, ਉਹ ਭਾਵੇਂ ਦੁਧ ਪੀਣ ਘਿਉ ਖਾਣ ਤੇ ਭਾਵੇਂ ਮਾਸ, ਉਹਨਾਂ ਦੇ ਘੱਟ ਵਿਚ ਨਾਮ ਦਾ ਨਿਵਾਸ ਨਹੀਂ ਹੋ ਸਕਦਾ।

ਜਿਹੜਾ ਆਦਮੀ ਇਹਨਾਂ ਰਸਾਂ ਨੂੰ ਮੰਦੇ ਖਿਆਲ ਨਾਲ ਭੋਗਦਾ ਭੁੰਚਦਾ ਹੈ ਉਹ ਪਾਪ ਦਾ ਭਾਗੀ ਹੈ ਤੇ ਜਿਸ ਨੇ ਆਪਣੀ ਖੁਧਾ ਨਵਿਰਤੀ ਪ੍ਰਾਣ ਰਖਸ਼ਾ ਲਈ ਕੋਈ ਰਸ ਖਾਣਾ ਹੈ ਉਸ ਦੇ ਵਾਸਦੇ ਕੋਈ ਪਾਪ ਨਹੀਂ। ਇਥੇ ਮਾਸ ਤੇ ਆਟੇ ਵਿਚ ਕੋਈ ਵਡਾ ਛੋਟਾ ਦਰਜਾ ਮੁਕਰਰ ਨਹੀਂ, ਚਾਹੀਦਾ ਇਹ ਹੈ ਕਿ ਗੁਰੂ ਦਾ ਸਿੱਖ ਇਹਨਾਂ ਸਾਰੇ ਰਸਾਂ ਕਸਾਂ ਦੀ ਵਰਤੋਂ ਕਰਦਾ ਹੋਇਆ ਇਹਨਾਂ ਦੇ ਦੇਣ ਹਾਰ ਪ੍ਰਭੂ ਦਾ ਧੰਨਵਾਦ ਕਰੇ।" (ਝਟਕਾ ਪ੍ਰਕਾਸ਼ ਗਰੰਥ ਦੇ ਪੰਨੇ ੨੨੨)

## ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ॥

**ਸਮਾਧਾਨ** :—ਜੇ ਕਰ ਇੰਜ ਹੀ ਹੈ ਤਾਂ ਫਿਰ :—ਛਤੀ ਤਰ੍ਹਾਂ ਦੇ ਭੋਜਨਾਂ ਦੀ ਥਾਲੀ ਆਪ ਦੇ ਅਗੇ ਪਰੋਸੀ ਹੋਈ ਹੋਵੇ ਤੇ ਉਸ ਥਾਲੀ ਨੂੰ ਆਪ ਦੇ ਅਗੋ ਚੁਕ ਕੇ ਤੇ ਦਾਲ ਰੋਟੀ ਦੀ ਸਾਦੀ ਥਾਲੀ ਆਪ ਦੇ ਅਗੇ ਰੱਖ ਦਿੱਤੀ ਜਾਵੇ। ਤਾਂ ਉਸ ਵੇਲੇ ਆਪ ਦੇ ਸੁੰਦਰ ਸਰੂਪ ਮੁਖੜੇ ਦਾ ਰੂਪ ਰੰਗ ਦੇਖਿਆ ਜਾਵੇ। ਜੇਕਰ ਆਪਦੇ ਮੁਖੜੇ ਦਾ ਉਸ ਵੇਲੇ ਉਹ ਰੂਪ ਰੰਗ ਹੋਵੇ ਜੋ ਪਹਿਲੇ ਛਤੀ ਤਰ੍ਹਾਂ ਦੇ ਭੋਜਨ ਦੀ ਥਾਲੀ ਦੇ ਸਮੇਂ ਵਿਚ ਸੀ, ਤਾਂ ਫਿਰ ਆਪ ਦਾ ਉਪ੍ਰੋਕਤ ਕਥਨ ਬਿਲਕੁਲ ਸਤਯ ਹੈ ਕਿ ਕੇਵਲ ਖੁਧੀ ਨਵਿਰਤੀ ਲਈ ਹੀ ਮਾਸ ਖਾਦਾ ਜਾਂਦਾ ਹੈ। ਜੇ ਕਰ ਆਪ ਦੇ ਮੁਖ ਦਾ ਰੂਪ ਰੰਗ ਵਿਚ ਜ਼ਰਾ ਭੀ ਅੰਤਰ ਭੇਦ ਆ ਗਿਆ ਤਾਂ ਫਿਰ ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਪ ਕੇਵਲ ਮਾਸ ਦੀ ਚਸਕੀ ਹੀ ਹੋ ਤੇ ਕੇਵਲ ਦਲੀਲਬਾਜੀ ਹੀ ਦੇਣਾ ਜਾਣਦੇ ਹੋ। ਪਰ ਗੁਰੂ ਸਾਹਿਬਾਂ ਨੇ ਤਾਂ ਇਹ ਫੈਸਲਾ ਹੀ ਕਰ ਦਿੱਤਾ ਹੈ। ਕਿ :—

(੧) ਜਾ ਕਉ ਰਸ ਹਰਿਰਸੁ ਹੈ ਆਇਓ॥
ਸੋ ਅਨ ਰਸ ਨਾਹੀ ਲਪਟਾਇਓ॥
੨॥੪॥੩੩॥੧੦੨॥ ਗਉੜੀ ਮਹਲਾ ੫॥ ਪੰਨਾ ੧੮੬॥

(੨) ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਕਹੈ ਨਾਨਕ ਹੋਰਿ ਅਨਰਸ ਸਭਿ ਵੀਸਰੇ, ਜਾ ਹਰਿ ਵਸੈ ਮਨਿ ਆਇ॥
੩੨॥੪੦॥ ਰਾਮਕਲੀ ਮਹਲਾ ੩॥ ਪੰਨਾ ੯੨੧॥

Sri Satguru Jagjit Singh Ji eLibrary NamdhariElibrary@gmail.com

(੩) ਜਾ ਕਉ ਆਇਓ ਏਕੁ ਰਸਾ ॥
ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ ॥
ਰਹਾਉ ॥ ੪ ॥ ੭ ॥ ਧਨਾਸਰੀ ਮਹਲਾ ੫ ॥ ਪੰਨਾ ੬੭੨ ॥

ਪਿਆਰੇ ਪਾਠਕ ਜੀਉ ! ਗੁਰੂਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰ ਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਸ ਮਾਨੁੱਖ ਨੂੰ ਹਰੀ ਦੇ ਨਾਮ ਦਾ ਰਸ ਪ੍ਰਾਪਤ ਹੁੰਦਾ ਹੈ, ਉਹ ਫਿਰ ਸੰਸਾਰ ਦੇ ਦੂਜੇ ਰਸਾਂ ਕਸਾਂ ਵਿਚ ਲਿਪਤ ਨਹੀਂ ਹੁੰਦੇ ਬਲਕਿ ਉਨ੍ਹਾਂ ਨੂੰ ਸੰਸਾਰ ਭਰ ਦੇ ਸਾਰੇ ਰਸ ਫਿਕੇ ਲੱਗਣ ਲੱਗ ਪੈਂਦੇ ਹਨ। ਬਲਕਿ ਭੁਖ ਤੇ ਹੋਰ ਖਾਨ ਪਾਨ ਭੀ ਚਿਤ ਨਹੀਂ ਵਸਦੇ ਤਾਂ ਫਿਰ ਮਾਸਾਹਾਰੀ ਵੀਰਾਂ ਨੂੰ ਇਹ ਮਾਸ ਰਸ ਕਿਵੇਂ ਚੰਗਾ ਲੱਗ ਸਕਦਾ ਹੈ। ਬਾਕੀ ਗਿਆਨੀ ਜੀ ਨੇ ਇਹ ਵੀ ਬਹਾਨਾ ਹੀ ਕੀਤਾ ਹੈ ਕਿ ਕੇਵਲ ਖੁਧਿਆ ਨਿਵਿਰਤੀ ਤੇ ਪ੍ਰਾਣ ਰੱਖਿਆ ਲਈ ਹੀ ਲੋਕ ਮਾਸ ਖਾਂਦੇ ਹਨ ? ਸ੍ਰੀ ਮਾਨ ਜੀ ਪ੍ਰਾਣ ਰੱਖਿਆ ਲਈ ਮਾਸ ਖਾਂਦੇ ਤਾਂ ਮੰਨਿਆ ਜਾਵੇ ਜੇਕਰ ਉਨ੍ਹਾਂ ਵੀਰਾਂ ਨੂੰ ਅਨਾਜ ਨਾ ਮਿਲਦਾ ਹੋਵੇ, ਜਦ ਅਸੀਂ ਦੇਖਦੇ ਹਾਂ ਬੜੇ ਬੜੇ ਅਮੀਰ ਵੀ ਜਿਨ੍ਹਾਂ ਦੇ ਘਰਾਂ ਵਿਚ ਸੈਂਕੜੇ ਮਣ ਆਨਾਜ ਪਿਆ ਹੋਇਆ ਹੈ ਉਹ ਵੀ ਕਣਕ ਦੇ ਫੁਲਕੇ ਪਕਾ ਕੇ ਕਈ ਮਸਾਲੇ ਤੇ ਘਿਉ ਆਦਿ ਪਦਾਰਥ ਵੀ ਵਿਚ ਪਾ ਕੇ ਮਾਸ ਖਾਂਦੇ ਹਨ ਬਲਕਿ ਸ਼ਾਦੀਆਂ ਉਤੇ ਤਥਾ ਸ਼ੁਗਲ ਦੇ ਤੌਰ ਤੇ ਕਿ ਅੱਜ ਵਿਸਾਖੀ ਯਾ ਲੋਹੜੀ ਹੈ ਭਾਈ ਅੱਜ ਬੱਕਰਾ ਹੀ ਝਟਕਾ ਲਵੋ ਇਸ ਤਰ੍ਹਾਂ ਮਾਸ ਖਾਂਦੇ ਦੇਖੇ ਜਾਂਦੇ ਹਨ, ਇਹ ਸ੍ਰੀਮਾਨ ਜੀ ਨੇ ਕੋਰਾ ਹੀ ਝੂਠ ਲਿਖ ਮਾਰਿਆ ਹੈ ਕਿ ਖੁਦਿਆ ਨਿਵਿਰਤੀ ਲਈ ਹੀ ਲੋਕ ਮਾਸ ਖਾਂਦੇ ਹਨ। ਖੁਧਿਆ ਨਿਵਿਰਤੀ ਲਈ ਹਰ ਰੋਜ਼ ਜਿੱਥੇ ਰੋਟੀ ਬਣਦੀ ਹੈ ਕੀ ਉਸ ਦਿਨ ਰੋਟੀ ਬਣਾਉਣ ਵਿਚ ਕੋਈ ਵੱਖਰਾ ਕਸ਼ਟ ਹੋ ਜਾਂਦਾ ਹੈ ਜਿਸ ਦਿਨ ਮਾਸ ਉਚੇਚਾ ਬਣਾ ਕੇ ਖਾਂਦੇ ਹਨ। ਸ੍ਰੀਮਾਨ ਜੀ ਇਹ ਤਾਂ ਬਹਾਨੇ ਹਨ ਇਹ ਆਪ ਦਾ ਮਾਸ ਖਾਣਾ ਸਿੱਧ ਨਹੀਂ ਕਰਦੇ ਉਲਟਾ ਖੰਡਨ ਕਰਦੇ ਹਨ।

. Sri Satguru Jagjit Singh Ji eLibrary NamdhariElibrary@gmail.com .

# ਕੀ ਜੀਵ ਦਇਆ ਦਾ ਸਿਧਾਂਤ ਅਧੂਰਾ ਹੈ ?

ਪਿਆਰੇ ਪਾਠਕ ਜੀਉ ! ਜੀਵ ਦਇਆ ਦੇ ਸੰਬੰਧ ਵਿਚ ਗਿਆਨੀ 'ਸਰਲ' ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੩੯ ਤੇ ਲਿਖਿਆ ਹੈ। ਜਿਸ ਤਰ੍ਹਾਂ ਕਿ ਜਿਹੜੀ ਆਤਮਾ ਮਨੁੱਖ ਵਿਚ ਹੈ ਉਹੋ ਸਾਗ ਦੇ ਬੂਟੇ, ਕੱਦੂ ਦੀ ਵੱਲ ਅਤੇ ਦਰਖ਼ਤ ਵਿਚ ਭੀ ਆ ਸਕਦੀ ਹੈ। ਪੜ੍ਹੋ ਹੇਠ ਲਿਖਿਆ ਸ਼ਬਦ :—

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥
ਮਿਲ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥
ਕਈ ਜਨਮ ਸੈਲ ਗਿਰ ਕਰਿਆ ॥
ਕਈ ਜਨਮ ਗਰਭ ਹਿਰ ਖਰਿਆ ॥
ਕਈ ਜਨਮ ਸਾਖ ਕਰ ਉਪਾਇਆ ॥
ਲਖ ਚੋਰਾਸੀ ਜੋਨ ਭਰਮਾਇਆ ॥

ਇਹਨਾਂ ਤੁਕਾਂ ਤੋਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਮਨੁਖ ਦੀ ਆਤਮਾ ਖੇਤੀਬਾੜੀ ਤੇ ਸਾਗ ਪੱਤਰ ਵਿਚ ਭੀ ਆ ਸਕਦੀ ਹੈ। ਇਸੇ ਵਾਸਤੇ ਹੀ ਤਾਂ 'ਜੇਤੇ ਦਾਣੇ ਅੰਨ ਕੇ ਜੀਆਂ ਬਾਝ ਨ ਕੋਇ ॥' ਆਖਿਆ ਗਿਆ ਹੈ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਜੇ ਗਿਆਨੀ ਜੀ ਦਾ ਇਹ ਕਥਨ ਸਤਯ ਹੈ ਕਿ ਮਨੁੱਖ ਦੀ ਆਤਮਾ ਖੇਤੀਬਾੜੀ ਤੇ ਸਾਗ ਪੱਤਰ ਵਿਚ ਭੀ



. Sri Satguru Jagjit Singh Ji eLibrary NamdhariElibrary@gmail.com .

ਆ ਸਕਦੀ ਹੈ। ਤਾਂ ਫਿਰ ਇਹ ਭੀ ਸਾਨੂੰ ਮੰਨਣਾ ਪਵੇਗਾ ਕਿ ਓਸ ਪ੍ਰਮਾਤਮਾ ਨੇ ਚੌਰਾਸੀ ਲੱਖ ਜੋਨ ਦੀ ਸ੍ਰਿਸ਼ਟੀ ਨੂੰ ਦੋ ਭਾਗਾਂ ਵਿਚ ਉਤਪਨ ਕੀਤਾ ਹੈ। ਜਿਸ ਦਾ ਇਕ ਭਾਗ ਸਥਾਵਰ (ਅਸਥਵਾਰ) ਬਨਸਪਤਿ, ਪਰਬਤ ਆਦਿ ਸ਼੍ਰੇਣੀ ਤੇ ਦੂਜੀ ਜੰਗਮ=ਤੁਰਨ ਫਿਰਨ ਵਾਲੇ ਜੀਵ ਜੰਤੂਆਂ ਦੀ ਸ਼੍ਰੇਣੀ। ਇਨ੍ਹਾਂ ਦੋ ਤਰ੍ਹਾਂ ਦੀ ਸ੍ਰਿਸ਼ਟੀ ਦੇ ਜੀਵਾਂ ਵਿਚੋਂ ਜੰਗਮ=ਕੀੜੀ ਤੋਂ ਲੈ ਕੇ ਹਾਥੀ ਤਕ ਦੇ ਜੀਵ ਜੰਤੂਆਂ ਤੇ ਅਸਾਂ ਨੇ ਦਇਆ ਭਾਵ ਨਾਲ ਵਰਤਾਵ ਕਰਨਾਂ ਹੈ ਕਿਉਂਕਿ ਇਹ ਜੀਵ ਦੁਖ ਸੁਖ ਦਾ ਗਿਆਨ ਰੱਖਦੇ ਹਨ, ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਨ੍ਹਾਂ ਜੀਵਾਂ ਵਿਚ ਅੰਤਹਕਰਣ :—(ਮਨ, ਚਿਤ ਹੰਕਾਰ, ਬੁਧੀ।) ਹੈ। ਪਰ ਅਸਥਾਵਰ=ਬਿਰਛ ਖੇਤੀਬਾੜੀ, ਸਾਗ, ਪਰਬਤ (ਪਹਾੜ) ਆਦਿਕਾ ਵਿਚ ਜੋ ਜੀਵ ਹਨ ਇਨ੍ਹਾਂ ਨੂੰ ਦੁਖ ਸੁਖ ਦਾ ਗਿਆਨ ਨਹੀਂ ਹੈ ਕਿਉਂਕਿ ਇਨ੍ਹਾਂ ਜੀਵ ਜੰਤੂਆਂ ਨੂੰ ਪ੍ਰਭੂ ਨੇ ਸੁਸ਼ੁਪਿਤ (ਸੁਖੋਪਤਿ) ਅਵਸਥਾ ਵਿਚ ਇਨ੍ਹਾਂ ਦੀ ਰਚਨਾ ਕੀਤੀ ਹੈ। ਇਸ ਕਰ ਕੇ ਪ੍ਰਾਚੀਨ ਗ੍ਰੰਥਕਾਰਾਂ ਰਿਸ਼ੀਆਂ ਮੁਨੀਆਂ ਤੇ ਗੁਰੂ ਸਾਹਿਬਾਂ ਨੇ ਕੇਵਲ ਜੰਗਮ=ਸ਼੍ਰੇਣੀ ਦੀ ਸ੍ਰਿਸ਼ਟੀ ਤੇ ਹੀ ਦਇਆ ਭਾਵ ਰੱਖਣੇ ਲਈ ਉਪਦੇਸ ਕੀਤਾ ਹੈ। ਜਿਸ ਤਰ੍ਹਾਂ ਕਿ :—ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੋਇਆ ਸਾਨੂੰ ਮਿਲਦਾ ਹੈ :—

(੧) ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ,
ਤ ਮੁਸਲਮਾਣੁ ਕਹਾਵੈ ॥ ੧ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੮ ॥ ਸਲੋਕ ਮ: ੧ ॥ ਪੰਨਾ ੧੪੧ ॥

(੨) ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮੁ ॥
ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥
ਪਉੜੀ ੧੧ ॥ ਥਿਤੀ ਗਉੜੀ ਮਹਲਾ ੫ ॥ ਪੰਨਾ ੨੯੯ ॥

(੩) ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
**ਦੂਖੁ ਨ ਦੇਈ ਕਿਸੈ ਜੀਅ** ਪਤਿ ਸਿਉ ਘਰਿ ਜਾਵਉ ॥
ਪਉੜੀ ੧੭ ॥ ਗਉੜੀ ਕੀ ਵਾਰ ਮਹਲਾ ੫ ॥ ਪੰਨਾ ੩੨੨ ॥

. Sri Satguru Jagjit Singh Ji eLibrary NamdhariElibrary@gmail.com .

(੪) ਜੀਵਤ ਮਰੈ ਤਾ ਸਭੁ ਕਿਛੁ ਸੂਝੈ **ਅੰਤਰਿ ਜਾਣੈ ਸਰਬ ਦਇਆ**॥
ਨਾਨਕ ਤਾ ਕਉ ਮਿਲੈ ਵਡਾਈ,**ਆਪੁ ਪਛਾਣੈ ਸਰਬ ਜੀਆ**॥
੨੪ ॥ ੭੩ ॥ ਰਾਮਕਲੀ ਮਹਲਾ ੧ ॥ ਪੰਨਾ ੯੪੦ ॥

(੫) **ਦਯਾਲੰ ਸਰਬਤ੍ਰ ਜੀਆ**, ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ ॥
੪੦ ॥੬੭॥੪॥ ਸਲੋਕ ਸਹਸ ਕ੍ਰਿਤੀ ਮਹਲਾ ੫॥ਪੰਨਾ ੧੩੫੭ ॥

ਪਿਆਰੇ ਪਾਠਕ ਜੀਉ ! ਗੁਰੂਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੰਗਮ=ਸ਼੍ਰੇਣੀ ਦੀ ਸ੍ਰਿਸ਼ਟੀ ਦੇ ਸਾਰੇ ਜੀਵਾਂ ਤੇ ਦਇਆ ਭਾਵ ਦੁਆਰਾ ਵਰਤਾਉ ਕੀਤਾ ਜਾਏ। ਜੇ ਕਰ ਕੋਈ ਵੀਰ ਇਥੇ ਇਹ ਇਤਰਾਜ ਕਰੇ ਕਿ ਅਸਥਾਵਰ=ਜੀਵ ਰੂਪੀ ਸ੍ਰਿਸ਼ਟੀ ਨੂੰ ਮਹਾ ਪੁਰਸ਼ਾਂ ਨੇ 'ਸਖੋਪਤਿ' ਅਵਸਥਾ ਦਾ ਪਦ ਦਿੱਤਾ ਹੈ। ਜਿਸ ਦਾ ਕੋਈ ਸ਼ਾਸਤ੍ਰਕ ਹਵਾਲਾ ਦਸ ਕੇ ਆਪਣੇ ਪਖ ਨੂੰ ਸਿੱਧ ਕੀਤਾ ਜਾਏ।

**ਸਮਾਧਾਨ** :=ਸ੍ਰੀ ਮਾਨ ਜੀ ! ਦਾਸ :—ਉਸ ਮਹਾਂਪੁਰਸ਼ ਦੀ ਬਾਣੀ ਦਾ ਹਵਾਲਾ ਦਸ ਕੇ ਆਪਣੇ ਪਖ ਨੂੰ ਸਿੱਧ ਕਰਦਾ ਹੈ। ਜਿਸ ਨੂੰ ਗੁਰੂ ਸਾਹਿਬਾਂ ਨੇ ਭੀ ਆਪਣੀ ਬਾਣੀ ਵਿਚ ਉਸ ਮਹਾਪੁਰਸ਼ ਨੂੰ 'ਗੁਰਮੁਖਿ' ਦਾ ਪਦ ਪ੍ਰਦਾਨ ਕੀਤਾ ਹੋਇਆ ਹੈ। ਜਿਸ ਤਰ੍ਹਾਂ ਕਿ :—

ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ ॥
ਗੁਰਮੁਖਿ ਜਨਕਿ ਹਰਿਨਾਮਿ ਲਿਵ ਲਾਈ ॥
**ਗੁਰਮੁਖਿ 'ਬਸਿਸਟਿ' ਹਰਿ ਉਪਦੇਸੁ ਸੁਣਾਈ** ॥
ਬਿਨੁ ਗੁਰ ਹਰਿਨਾਮੁ ਨ ਕਿਨੈ ਪਾਇਆ ਮੇਰੇ ਭਾਈ ॥
ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ ॥
ਪਉੜੀ ੧੩ ॥ ਵਡਹੰਸ ਕੀਵਾਰ ਮਹਲਾ ੪ ॥ ਪੰਨਾ ੫੯੧ ॥

ਗੁਰਬਾਣੀ ਦੇ ਇਸ ਇਕੋ ਪ੍ਰਮਾਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ 'ਬਸ਼ਿਸ਼ਟ' ਮੁਨੀ ਜੀ ਮਹਾਰਾਜ ਨੂੰ ਆਪ ਗੁਰੂ ਸਾਹਿਬਾਂ ਨੇ 'ਗੁਰਮੁਖਿ' ਦਾ ਪਦ ਦਿੱਤਾ ਹੈ। ਸੋ ਇਸ ਗੁਰਮੁਖਿ ਦੇ 'ਯੋਗ ਵਸ਼ਿਸ਼ਠ' ਗਰੰਥ ਵਿਚ ਗੁਰਮੁਖਿ

. Sri Satguru Jagjit Singh Ji eLibrary NamdhariElibrary@gmail.com .

ਬਸ਼ਿਸ਼ਠ ਮੁਨੀ ਜੀ ਨੇ ਸ੍ਰੀ ਰਾਮ ਚੰਦਰ ਭਗਵਾਨ ਜੀ ਨੂੰ ਗਿਆਨ ਤੇ ਅਗਿਆਨ ਦੀਆਂ ਸਤ ਭੂਮਕਾ ਦਾ ਉਪਦੇਸ਼ ਦਿੰਦੇ ਹੋਏ, ਅਗਿਆਨ ਦੀ ਸਤਵੀ ਅੰਤਮ ਭੂਮਕਾ ਦਾ ਵਰਣਨ ਕਰਦੇ ਹਨ। ਜਿਸ ਤਰ੍ਹਾਂ ਕਿ :—

**भविष्यद्: खबोधाढ्या सौषु प्तीसोच्यते गति: ।**
**एते तस्यामवस्थायां तृण लोष्ट शिलादय: ॥ २३ ॥**
**पदार्था: संस्थिता: सर्वे परमाणु प्रमाणिन: ।**
**सप्तावस्थाइति प्रोक्तामया ऽज्ञान स्यराघव ॥ २४ ॥**
**योगवासिष्ठ उत्पति प्रकरण । सर्ग ११७ ॥**

**ਭਾਵਾਰਥ** :—ਉਹ ਭਵਿਸ਼ਯ ਦੁਖ-ਸੁਖ ਦੀ ਵਾਸਨਾ ਨੂੰ ਬੋਧ ਕਰਾਨੇ ਵਾਲੀ ਵਾਸਨਾ ਤੋਂ ਪੂਰਨ ਸੋਸ਼ਪਤੀ ਸਾਤਵੀਂ (ਸ਼ੁਸ਼ੁਪਿਤ) ਕਹਾਂਦੀ ਹੈ, ਇਸ ਅਵਸਥਾ ਵਿਚ ਤ੍ਰਿਣ (ਖੇਤੀ, ਬਾੜੀ, ਸਾਗ ਪੱਤਰ ਆਦਿਕ) ਲੋਸ਼ਟ (ਮਿਠੀ ਦੇ ਢੇਲੇ) ਸ਼ਿਲਾ (ਪਰਬਤ, ਪਹਾੜ) ਆਦਿ ਏ ਸੰਪੂਰਨ ॥ ੨੩ ॥ ਪਰਮਾਣੂ ਦੇ ਪ੍ਰਮਾਣ ਦੇ ਸਮਾਨ ਪਦਾਰਥ ਇਸਥਿਤ ਰਹਿੰਦੇ ਹਨ ਹੇ ਰਾਮ ਜੀ ! ਇਹ ਅਗਿਆਨ ਦੀਆਂ ਸਤ ਅਵਸਥਾ ਮੈਂ ਨੇ ਵਰਣਨ ਕੀਤੀਆਂ ਹਨ ॥ ੨੪ ॥

ਪਿਆਰੇ ਪਾਠਕ ਜੀਉ ! ਇਸ 'ਯੋਗ ਵਸ਼ਿਸ਼ਠ' ਗਰੰਥ ਦੇ ਇਕੋ ਪ੍ਰਮਾਣ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵ ਦੇ ਅਗਿਆਨ ਦੀਆਂ ਸਤ ਭੂਮਕਾਵਾਂ ਹੁੰਦੀਆਂ ਹਨ ਜਿਸ ਵਿਚ ਤ੍ਰਿਣ—ਘਾਸ (ਖੇਤੀ, ਬਾੜੀ, ਸਾਗ, ਪੱਤਰ ਬਿਰਖ ਆਦਿਕ) ਦੇ ਜੀਵ। ਇਥੇ ਹੀ ਬਸ ਨਹੀਂ ਮਿਟੀ ਦੇ ਢੇਲਿਆਂ ਤੇ ਪਰਬਤ (ਪਹਾੜ) ਦੀਆਂ ਚਟਾਨਾਂ ਵਿਚ ਭੀ ਜੀਵ ਹਨ ਜੋ ਕਿ ਸਭ ਅਗਿਆਨ ਦੀ ਸਤਵੀਂ 'ਸਖੋਪਤਿ' ਅਵਸਥਾ ਵਿਚ ਹਨ। ਇਨ੍ਹਾਂ ਜੀਵਾਂ ਨੂੰ ਦੁਖ ਸੁਖ ਦਾ ਗਿਆਨ ਨਹੀਂ ਹੁੰਦਾ। ਜਿਸ ਕਰ ਕੇ ਇਨ੍ਹਾਂ ਨੂੰ ਮਨੁੱਖ ਆਪਣੀ ਲੋੜ ਅਨੁਸਾਰ ਵਰਤ ਸਕਦਾ ਹੈ। ਤਾਂ ਤੇ ਉਪ੍ਰੋਕਤ ਪਦਾਰਥਾਂ ਨੂੰ ਵਰਤਣ ਵਿਚ ਕਿਸੀ ਤਰ੍ਹਾਂ ਦਾ ਕੋਈ ਪਾਪ ਨਹੀਂ।

ਪਿਆਰੇ ਪਾਠਕ ਜੀਉ ! ਪਰ ਗਿਆਨੀ ਜੀ ਨੇ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਦੇ ਹੋਏ ਜੋ ਉਪ੍ਰੋਕਤ ਗੁਰ ਪ੍ਰਮਾਣ ਦਾ ਹਵਾਲਾ ਦਿੱਤਾ ਹੈ। ਜਿਸ

. Sri Satguru Jagjit Singh Ji eLibrary NamdhariElibrary@gmail.com .

ਵਿਚ ਗਿਆਨੀ ਜੀ ਦੀ ਇਕ ਅਗਿਆਨਤਾਂ ਹੀ ਸਿੱਧ ਹੁੰਦੀ ਹੈ ਕਿਉਂਕਿ ਜਦ ਅਸੀਂ ਇਸ ਗੁਰਵਾਕ ਤੇ ਧਿਆਨ ਪੂਰਵਕ ਵਿਚਾਰ ਕਰਦੇ ਹਾਂ ਤਾਂ ਇਸ ਗੁਰਵਾਕ ਦੀ ਰਚਨਾ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਨ ਹਿਤ ਨਹੀਂ ਸੀ ਹੋਈ ਬਲਕਿ ਮਨੁੱਖ ਨੂੰ ਚੌਰਾਸੀ ਲਖ ਜੋਨ ਦੇ ਗੇੜ ਦਾ ਭੈ ਦਸ ਕੇ ਹਰੀ ਦੇ ਸਿਮਰਨ ਕਰਨ ਦਾ ਮਾਰਗ ਦਸਿਆ ਤੇ ਦ੍ਰਿੜ ਕਰਵਾਇਆ ਗਿਆ ਸੀ ।

ਜੇ ਕਰ ਫਿਰ ਭੀ ਇਸ ਵਿਚ ਗਿਆਨੀ ਜੀ ਦਾ ਇਹ ਹਠ ਹੀ ਹੋਵੇ ਕਿ ਇਹ ਉਪ੍ਰੋਕਤ ਸ਼ਬਦ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਹੀ ਕਰਦਾ ਹੈ । ਕਿਉਂਕਿ ਜੀਵ ਸਰਬ ਵਿਆਪਕ ਹੋਣ ਕਰ ਕੇ ਜੀਵ ਤੇ ਦਇਆ ਕਰਨ ਦਾ ਜੋ ਸਿਧਾਂਤ ਹੈ ਸੋ ਅਧੂਰਾ ਹੀ ਸਾਬਤ ਹੁੰਦਾ ਹੈ । ਇਸ ਕਰ ਕੇ ਜੀਵ ਤੇ ਦਇਆ ਪੂਰਨ ਤੌਰ ਤੇ ਹੋ ਹੀ ਨਹੀਂ ਸਕਦੀ ।

ਗਿਆਨੀ ਜੀ ਮਹਾਰਾਜ ! ਜੇ ਕਰ ਇੰਜ ਹੀ ਹੈ ਤਾਂ ਫਿਰ ਆਪ ਦੇ ਪੈਰੋਕਾਰਾਂ ਦੀ ਅਕਾਲ ਪੁਰਖ ਦੀ ਪੂਜਨ ਅਰਚਨ ਰੂਪੀ ਭਗਤੀ ਭੀ ਨਹੀਂ ਹੋ ਸਕਦੀ ਕਿਉਂਕਿ ਪਾਰਬ੍ਰਹਮ ਭੀ ਜੀਵਾਤਮਾ ਦੀ ਤਰ੍ਹਾਂ ਸਰਬ ਵਿਆਪਕ ਹੀ ਸਿਧ ਹੁੰਦਾ ਹੈ । ਜਿਵੇਂ ਕਿ :—

ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥
ਸਰਬ ਲੋਕ ਪੂਰਨ ਪ੍ਰਤਿਪਾਲ ॥
**ਬਨਿ, ਤਿਨਿ, ਪਰਬਤਿ, ਹੈ ਪਾਰਬ੍ਰਮ ॥**
ਜੈਸੀ ਆਗਿਆ ਤੈਸਾ ਕਰਮ ॥
ਪਉਣ ਪਾਣੀ ਬੈਸੰਤਰ ਮਾਹਿ ॥
ਚਾਰਿ ਕੁੰਟ ਦਹ ਦਿਸੇ ਸਮਾਹਿ ॥
ਤਿਸ ਤੇ ਭਿੰਨ ਨਹੀਂ ਕੋ ਠਾਉ ॥
ਗੁਰ ਪ੍ਰਸਾਦਿ ਨਾਨਕ ਸੁਖ ਪਾਉ ॥
੨ ॥ ੯ ॥ ੨੩ ॥ ੨੪ ਗਉੜੀ ਮਹਲਾ ੫ ॥ ਪੰਨਾ ੨੯੩ ॥

. Sri Satguru Jagjit Singh Ji eLibrary NamdhariElibrary@gmail.com .

**ਮਨ ਤੇ ਬਿਨਸੈ ਸਗਲਾ ਭਰਮੁ ॥**
**ਕਰਿ ਪੂਜੈ ਸਗਲ ਪਾਰਬ੍ਰਹਮੁ ॥**
੩ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੪ ॥

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਗੁਰਬਾਣੀ ਦੇ ਇਸ ਦੋ ਤੁਕਾਂ ਦੇ ਅਨੁਸਾਰ ਜੇਕਰ ਸਰਬ ਵਿਆਪਕ ਪਾਰਬ੍ਰਹਮ ਦੀ ਪੂਜਾ ਦਾ ਵਿਧਾਨ ਪੂਰਨ ਤੌਰ ਤੇ ਨਿਭ ਸਕਦਾ ਹੈ ਤਾਂ ਫਿਰ ਸਰਵ ਵਿਆਪਕ ਜੀਵਾਂ ਤੇ ਦਇਆ ਕਰਨ ਦਾ ਸਿਧਾਂਤ ਭੀ ਨਿਭ ਸਕਦਾ ਹੈ ਕਿਉਂਕਿ ਗੁਰੂ ਬਾਣੀ ਨੇ ਜੀਵ ਤੇ ਬ੍ਰਹਮ ਦੀ ਏਕਤਾ ਮੰਨੀ ਹੈ। ਜਿਸ ਤਰ੍ਹਾਂ ਕਿ :—

(੧) **ਸਭ ਮਹਿ ਜੋਤਿ ਜੋਤਿ ਹੈ ਸੋਇ॥** ਤਿਸ ਕੈ ਚਾਨਣਿ ਸਭ ਮਹਿ ਚਾਨਣਿ ਹੋਇ ॥
ਗੁਰਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥
੩ ॥ ੪ ॥ ੧ ॥ ੭ ॥ ੯ ॥ ਧਨਾਸਰੀ ਮਹਲਾ ੧ ॥ ਪੰਨਾ ੬੬੩ ॥

(੨) **ਸਾਗਰੁ ਮਹਿ ਬੂੰਦ ਬੂੰਦ ਮਹਿ ਸਾਗਰੁ,** ਕਵਣੁ ਬੁਝੈ ਬਿਧਿ ਜਾਣੈ ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ ॥
੧ ॥ ੪ ॥ ੯ ॥ ਰਾਮਕਲੀ ਮਹਲਾ ੧ ॥ ਪੰਨਾ ੮੭੮ ॥

(੩) **ਆਤਮ ਮਹਿ ਰਾਮੁ ਰਾਮ ਮਹਿ ਆਤਮੁ,** ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥
੧ ॥ ੯ ॥ ੧ ॥ ਭੈਰਉ ਮਹਲਾ ੧ ॥ ਪੰਨਾ ੧੧੫੩ ॥

(੪) ਤੁਧ ਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ ॥
ਤੂ ਦਾਤਾ, ਜੀਆ ਸਭਨਾ ਕਾ, **ਜੀਆਂ ਅੰਦਰਿ ਜੀਉ ਤੁਹੀ ॥**
੨ ॥ ੪ ॥ ੧ ॥ ਮਲਾਰ ਮਹਲਾ ੧ ॥ ੧੨੫੪ ॥

(੫) **ਸਭ ਮਹਿ ਜੀਉ ਜੀਉ ਹੈ ਸੋਈ,** ਘਟਿ ਘਟਿ ਰਹਿਆ ਸਮਾਈ ॥
ਗੁਰਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥
੭ ॥ ੮ ॥ ੧ ॥ ਮਲਾਰ ਮਹਲਾ ੧ ॥ ਪੰਨਾ ੧੨੭੩ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਸ ਪਾਰਬ੍ਰਹਮ ਦੀ ਅਸਾਂ ਨੇ ਪੂਜਾ ਕਰਨੀ ਹੈ ਓਹ ਹਰ ਇਕ ਜੀਵ ਦੇ ਨਾਲ ਅਭੇਦ ਹੈ ਭਾਵ ਜੀਵ ਵਿਚ ਪਾਰਬ੍ਰਹਮ ਤੇ ਪਾਰਬ੍ਰਹਮ ਵਿਚ

. Sri Satguru Jagjit Singh Ji eLibrary NamdhariElibrary@gmail.com .

ਜੀਵ । ਫਿਰ ਕਿਸੇ ਜੀਵ ਦੀ ਹੱਤਿਆ ਕਰਨੀ ਕੀ ਬ੍ਰਹਮ ਦੀ ਹੱਤਿਆ ਨਹੀਂ ?

ਪਿਆਰੇ ਪਾਠਕ ਜੀਉ ! ਗਿਆਨੀ ਜੀ ਵਾਲਾ ਉਪ੍ਰੋਕਤ ਸ਼ਬਦ ੧੮ ਤੁਕਾਂ ਦਾ ਹੈ । ਪਰ ਗਿਆਨੀ ਜੀ ਨੇ 'ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੪੦ ਤੇ ਕੇਵਲ ਇਸ ਸ਼ਬਦ ਦੀਆਂ ੧੦ ਤੁਕਾਂ ਹੀ ਲਿਖ ਕੇ ਦੱਸੀਆਂ ਹਨ ਬਾਕੀ ਦੀਆਂ ਅੱਠ ਤੁਕਾਂ ਨੂੰ ਅਲੋਪ ਕਰ ਗਏ ਹਨ । ਪਰ ਇਹੀ ਅੰਤ ਦੀਆਂ ਤੁਕਾਂ ਗਿਆਨੀ ਜੀ ਦੇ ਸਿਧਾਂਤ ਨੂੰ ਚਕਨਾਚੂਰ ਕਰਦੀਆਂ ਹਨ । ਇਸ ਕਰ ਕੇ ਇਸ ਦਸ ਤੁਕਾਂ ਵਾਲੇ ਉਪ੍ਰੋਕਤ ਸ਼ਬਦ ਨੂੰ ਇਥੇ ਪੂਰਾ ਲਿਖ ਕੇ ਪਾਠਕਾਂ ਪ੍ਰਤੀ ਦੱਸਿਆ ਜਾ ਰਿਹਾ ਹੈ । ਜਿਸ ਤਰ੍ਹਾਂ :—

(੧) ਕਈ ਜਨਮ ਭਏ ਕੀਟ ਪਤੰਗਾ ॥
(੨) ਕਈ ਜਨਮ ਗਜ ਮੀਨ ਕੁਰੰਗਾ ॥
(੩) ਕਈ ਜਨਮ ਪੰਖੀ ਸਰਪ ਹੋਇਓ ॥
(੪) ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
(੫) ਮਿਲੁ ਜਗਦੀਸ ਮਿਲਨ ਕੀ ਬਰੀਆ ॥
(੬) ਚਿਰੰਕਾਲ ਇਹ ਦੇਹ ਸੰਜੀਰਆ ॥ ੧ ॥ ਰਹਾਉ ॥
(੭) ਕਈ ਜਨਮ ਸੈਲ ਗਿਰਿ ਕਰਿਆ ॥
(੮) ਕਈ ਜਨਮ ਗਰਭ ਹਿਰਿ ਖਰਿਆ ॥
(੯) **ਕਈ ਜਨਮ 'ਸਾਖ' ਕਰਿ ਉਪਾਇਆ** ॥
(੧੦) ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥
(੧੧) ਸਾਧ ਸੰਗਿ ਭਇਓ ਜਨਮ ਪਰਾਪਤਿ ॥
(੧੨) ਕਰਿ ਸੇਵਾ ਭਜੁ 'ਹਰਿ ਹਰਿ' ਗੁਰਮਤਿ ॥
(੧੩) ਤਿਆਗਿ ਮਾਨੁ ਝੂਠੁ ਅਭਿਮਾਨੁ ॥
(੧੪) ਜੀਵਤ ਮਰਹਿ ਦਰਗਹ ਪਰਵਾਨ ॥ ੩ ॥
(੧੫) ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
(੧੬) ਅਵਰੁ ਨ ਦੂਜਾ ਕਰਣੈ ਜੋਗੁ ॥
(੧੭) ਤਾ ਮਿਲੀਐ ਜਾ ਲੈਹਿ ਮਿਲਾਇ ॥

. Sri Satguru Jagjit Singh Ji eLibrary NamdhariElibrary@gmail.com .

(੧੮) ਕਹੁ ਨਾਨਕ 'ਹਰ ਹਰਿ' ਗੁਣ ਗਾਇ ॥ ੪ ॥
੩ ॥ ੭੨ ॥ ਗਉੜੀ ਗੁਆਰੇਰੀ ਮਹਲਾ ੫ ॥ ਪੰਨਾ ੧੭੬ ॥

**ਨੋਟ** :—ਸ੍ਰੀਮਾਨ ਗਿਆਨੀ ਜੀ ਮਹਾਰਾਜ ! ਸਭ ਤੋਂ ਪਹਿਲੇ ਇਸ ਦਾ ਉੱਤਰ ਦੇਉ ਕਿ :—ਆਪ ਵਾਲੇ ਇਸ ਉਪ੍ਰੋਕਤ ਗੁਰਵਾਕ ਦੇ ਸ਼ਬਦ ਦੀ ਗਿਣਤੀ ਦਾ ਅਸਲ ਅੰਕ ੭੩ ਚਾਹੀਦਾ ਸੀ, ਪਰ ਇਸ ਸਮੇਂ ਆਮ ਪਰਚਲਿਤ ਬੀੜਾਂ ਵਿਚ ਅੰਕ ੭੩ ਦੀ ਥਾਂ ਤੇ ੭੨ ਕਿਉਂ ?

ਪਿਆਰੇ ਪਾਠਕ ਜੀਉ ! ਇਸ ਸ਼ਬਦ ਦੀ ਅਸਲੀਯਤ ਸਮਝਣ ਲ਼ਈ ਸਭ ਤੋਂ ਪਹਿਲੇ ਇਸ ਸ਼ਬਦ ਦੀਆਂ ਸਾਰੀਆਂ ਤੁਕਾਂ ਦਾ ਜੁਦਾ ਜੁਦਾ ਅਰਥ ਕਰ ਕੇ ਆਪ ਦੇ ਅੱਗੇ ਰੱਖਦਾ ਹਾਂ ਤੇ ਫਿਰ ਇਸ ਸ਼ਬਦ ਦੀ ਅਸਲੀਯਤ ਪ੍ਰਗਟ ਕੀਤੀ ਜਾਵੇਗੀ ।

(੧) **ਮਲ**=ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥

**ਭਾਵਾਰਥ** :—(ਹੇ ਭਾਈ) ਤੂੰ ਕਈ ਜਨਮਾਂ ਵਿਚ ਕੀੜੇ ਪਤੰਗੇ ਬਣਦਾ ਰਿਹਾਂ, (ਤੇ) ਕਈ ਜਨਮਾਂ ਵਿਚ ਹਾਥੀ, ਮੱਛ, ਹਿਰਨ ਬਣਦਾ ਰਿਹਾ ।

(੨) **ਮੂਲ**=ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥

**ਭਾਵਾਰਥ** :—ਕਈ ਜਨਮਾਂ ਵਿਚ ਤੂੰ ਪੰਛੀ ਤੇ ਸੱਪ ਬਣਿਆ, ਕਈ ਜਨਮਾਂ ਵਿਚ ਤੂੰ ਹੈਵਰ (ਘੋੜੇ) ਬ੍ਰਿਖ (ਬਲਦ) ਬਣ ਕੇ ਜੋਇਆ ਗਿਆ ॥ ੧ ॥

(੩) **ਮੂਲ** :—ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥

**ਭਾਵਾਰਥ** :—(ਹੇ ਭਾਈ) ਚਿਰ ਪਿਛੋਂ ਤੈਨੂੰ ਇਹ (ਮਨੁੱਖ) ਸਰੀਰ ਮਿਲਿਆ ਹੈ, ਜਗਤ ਦੇ ਮਾਲਕ ਹਰੀ ਨੂੰ (ਹੁਣ) ਮਿਲ, (ਇਹ ਮਨੁੱਖਾ ਜਨਮ ਪ੍ਰਭੂ ਨੂੰ) ਮਿਲਣ ਦਾ ਸਮਾਂ ਹੈ ॥ ੧ ॥ ਰਹਾਉ ॥

. Sri Satguru Jagjit Singh Ji eLibrary NamdhariElibrary@gmail.com .

(੪) **ਮੂਲ**=ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥

**ਭਾਵਾਰਥ** :—(ਹੇ ਭਾਈ) ਕਈ ਜਨਮਾਂ ਵਿਚ ਤੈਨੂੰ ਪੱਥਰ ਚਿਟਾਨਾਂ, ਬਣਾਇਆ ਗਿਆ, ਕਈ ਜਨਮਾਂ ਵਿਚ (ਤੇਰੀ ਮਾਂ ਦਾ) ਗਰਭ ਹੀ ਛਣਦਾ ਰਿਹਾ।

(੫) **ਮੂਲ**=ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥

**ਭਾਵਾਰਥ** :—ਕਈ ਜਨਮਾਂ ਵਿਚ ਤੈਨੂੰ (ਕਿਸਮ ਕਿਸਮ ਦਾ) ਰੁੱਖ ਬਣਾ ਕੇ ਪੈਦਾ ਕੀਤਾ ਗਿਆ, ਤੇ ਇਸ ਤਰ੍ਹਾਂ ਚੌਰਾਸੀ ਲੱਖ ਜੂਨਾਂ ਵਿਚ ਤੈਨੂੰ ਭਵਾਇਆ ਗਿਆ ॥ ੨ ॥

(੬) **ਮੂਲ**=ਸਾਧ ਸੰਗਿ, ਭਇਓ ਜਨਮੁ ਪਰਾਪਤਿ ॥
ਕਰਿ ਸੇਵਾ, ਭਜੁ 'ਹਰਿ ਹਰਿ' ਗੁਰਮਤਿ ॥

**ਭਾਵਾਰਥ** :—(ਹੇ ਭਾਈ ! ਹੁਣ ਤੈਨੂੰ) ਮਨੁੱਖਾਂ ਜਨਮ ਮਿਲਿਆ ਹੈ, ਸਾਧ ਸੰਗਤਿ ਵਿਟ (ਆ) ਸਾਧੂ ਸੰਤਾਂ ਦੀ ਮਤਿ ਲੈ ਕੇ (ਜੰਤਾ ਦੀ) ਸੇਵਾ ਕਰ ਕੇ ਸਾਧੂ ਰੂਪ ਗੁਰੂ ਪਾਸੋਂ ਹਰੀ ਦੇ ਨਾਮ ਦਾ ਉਪਦੇਸ ਲੈ ਕੇ (ਭਾਵ—ਗੁਰੂ ਪਾਸ ਹਰੀ ਦੇ ਨਾਮ ਦਾ ਗੁਰੂ ਮੰਤ੍ਰ ਲੈ ਕੇ) ਪਰਮਾਤਮਾ ਦਾ ਭਜਨ ਕਰ।

(੭) **ਮੂਲ**=ਤਿਆਗਿ ਮਾਨੁ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥

**ਭਾਵਾਰਥ** :—ਮਾਣ, ਝੂਠ ਤੇ ਅਹੰਕਾਰ ਛਡ ਦੇਹ। ਤੂੰ (ਪਰਮਾਤਮਾ ਦੀ) ਦਰਗਹ ਵਿਚ (ਤਦੋਂਹੀ) ਕਬੂਲ ਹੋਵੇਂਗਾ ਜੇ ਤੂੰ ਇਹ ਜੀਵਨ ਜੀਉਂਦਾ ਹੀ ਆਪਾ—ਭਾਵ ਵਲੋਂ ਮਰੇਂਗਾ ॥ ੩ ॥

(੮) **ਮੂਲ**=ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
ਅਵਰੁ ਨ ਦੂਜਾ ਕਰਣੈ ਜੋਗੁ ॥

. Sri Satguru Jagjit Singh Ji eLibrary NamdhariElibrary@gmail.com .

**ਭਾਵਾਰਥ** :—ਹੇ ਨਾਨਕ ! (ਹਰੀ ਅੱਗੇ ਅਰਦਾਸ ਕਰ ਤੇ) ਆਖ—(ਹੇ ਹਰੀ ! ਤੇਰਾ ਸਿਮਰਨ ਕਰਨ ਦੀ ਜੀਵ ਨੂੰ ਕੀਹ ਸਮਰੱਥ ਹੋ ਸਕਦੀ ਹੈ ?) ਜੋ ਕੁਝ (ਜਗਤ ਵਿਚ) ਹੁੰਦਾ ਹੈ ਉਹ ਤੇਰੇ ਹੁਕਮ ਤੋਂ ਹੀ ਹੁੰਦਾ ਹੈ । ਤੈਥੋਂ ਬਿਨਾਂ ਹੋਰ ਕੋਈ ਭੀ ਕੁਝ ਕਰਨ ਦੀ ਸਮਰੱਥਾ ਵਾਲਾ ਨਹੀਂ ਹੈ ।

(੯) **ਮੂਲ**=ਤਾ ਮਿਲੀਐ ਜਾ ਲੈਹਿ ਮਿਲਾਇ ॥

ਕਹੁ ਨਾਨਕ 'ਹਰਿ ਹਰਿ' ਗੁਣ ਗਾਇ ॥ ੪ ॥

**ਭਾਵਾਰਥ** :—ਹੇ ਹਰੀ ! ਤੈਨੂੰ ਤਦੋਂ ਹੀ ਮਿਲਿਆ ਜਾ ਸਕਦਾ ਹੈ ਜੇ ਤੂੰ ਆਪ ਜੀਵ ਨੂੰ (ਆਪਣੇ ਚਰਨਾਂ ਵਿਚ) ਮਿਲਾ ਲਏ, ਤਦੋਂ ਹੀ ਜੀਵ ਹਰਿ ਗੁਣ ਗਾ ਸਕਦਾ ਹੈ ॥ ੪ ॥

ਪਿਆਰੇ ਪਾਠਕ ਜੀਉ ! ਹੁਣ ਆਓ ਇਨ੍ਹਾਂ ਤੁਕਾਂ ਵਲ ਧਿਆਨ ਦੇਉ ਜਿਨ੍ਹਾਂ ਤੁਕਾਂ ਨੂੰ ਗਿਆਨੀ ਜੀ ਮਹਾਰਾਜ ਨੇ ਆਪਣੇ ਪਾਠਕਾਂ ਦੀਆਂ ਅੱਖਾਂ ਤੋਂ ਉਲਿਆਂ ਕਰ ਦਿੱਤਾ ਸੀ । ਪਰ ਹੁਣ ਇਨ੍ਹਾਂ ਹੀ ਤੁਕਾਂ ਨੂੰ ਦਾਸ ਇਥੇ ਦੁਬਾਰਾ ਹੇਠ ਲਿਖਕੇ ਦਸਦਾ ਹੈ, ਤੇ ਫਿਰ ਇਨ੍ਹਾਂ ਤੁਕਾਂ ਵਿਚ ਕੁਝ ਤੁਕਾਂ ਲੈ ਕੇ ਤੇ ਇਨ੍ਹਾਂ ਤੁਕਾਂ ਤੇ ਵਿਸਥਾਰ ਪੂਰਵਕ ਵਿਚਾਰ ਕਰੇਗਾ ।

ਸਾਧ ਸੰਗਿ ਭਇਓ ਜਨਮੁ ਪਰਾਪਤਿ ॥
ਕਰਿ ਹੇਵਾ, ਭਜੁ 'ਹਰਿ ਹਰਿ' ਗੁਰਮਤਿ ॥
ਤਿਆਗਿ ਮਾਨ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥
ਕਹੁ ਨਾਨਕ 'ਹਰਿ ਹਰਿ' ਗੁਣ ਗਾਇ ॥ ੪ ॥
੩ ॥ ੭੨ ॥ ਗਉੜੀ ਗੁਆਰੇਰੀ ਮਹਲਾ ੫ ॥ ਪੰਨਾ ੧੭੬ ॥

. Sri Satguru Jagjit Singh Ji eLibrary NamdhariElibrary@gmail.com .

## "ਵਿਸਥਾਰ ਪੂਰਵਕ ਵਿਆਖਿਆ"

### (੧੧) ਸਾਧ ਸੰਗਿ, ਭਇਓ ਜਨਮੁ ਪਰਾਪਤਿ ॥

**ਪ੍ਰਸ਼ਨ** :—ਜਿਸ ਸਾਧੂ ਦਾ ਅਸਾਂ ਨੇ ਸੰਗ ਕਰਣਾ ਹੈ, ਉਹ ਸਾਧੂ ਕਿਸ ਤਰ੍ਹਾਂ ਦਾ ਹੋਵੇ ?

**ਉੱਤਰ** :—ਜਿਸ ਦਾ ਉੱਤਰ :—ਆਪ ਹੀ ਗੁਰੂ ਸਾਹਿਬਾਂ ਨੇ ਦੇ ਦਿੱਤਾ ਹੈ । ਜਿਸ ਤਰ੍ਹਾਂ ਕਿ :—

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ, ਜੁਗਤਿ ਨਿਰਮਲ ਨਿਰਵੈਰਣਹ ॥
**ਦਯਾਲੰ ਸਰਬਤ੍ਰ ਜੀਆ**, ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ, ਅਲਪ ਮਾਯਾ ਜਲ ਕਮਲ ਰਹਤਹ ॥
ਉਪਦੇਸੰ ਸਮਮਿਤ੍ਰ ਸਤ੍ਰਹ, ਭਗਵੰਤ ਭਗਤਿ ਭਾਵਨੀ ॥
ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ, ਆਪੁ ਤ੍ਯਾਗਿ ਸਗਲ ਰੇਣੁਕਹ ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ ॥
੪੦ ॥ ੬੭ ॥ ਸਲੋਕ ਸਹਸ ਕ੍ਰਿਤੀ ਮਹਲਾ ੫ ॥ ਪੰਨਾ ੧੩੫੭ ॥

### (੨) ਕਰਿ ਸੇਵਾ, ਭਜੁ 'ਹਰਿ ਹਰਿ' ਗੁਰਮਤਿ ॥

**ਪ੍ਰਸ਼ਨ** :—ਸੇਵਾ ਕਿਸ ਦੀ ਕੀਤੀ ਜਾਵੇ ?

**ਉੱਤਰ** :—ਜਿਸ ਦਾ ਉੱਤਰ ਗੁਰੂ ਸਾਹਿਬਾਂ ਨੇ ਆਪ ਹੀ ਦੇ ਦਿੱਤਾ ਹੈ । ਜਿਵੇਂ ਕਿ :—

(੧) ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥
ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥ ੧ ॥
ਗੂਜਰੀ ਕੀ ਵਾਰ ਮਹਲਾ ੩ ॥ ਸਲੋਕ ਮ: ੩ ॥ ਪੰਨਾ ੫੦੯ ॥

(੨) ਹਰਿ ਕੀ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ ॥
ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ,

. Sri Satguru Jagjit Singh Ji eLibrary NamdhariElibrary@gmail.com .

ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥
੧ ॥ ੪ ॥ ੨ ॥ ੪ ॥ ਗੂਜਰੀ ਮਹਲਾ ੩ ॥ ਪੰਨਾ ੪੯੦ ॥

(੩) ਨਾਮੁ ਹਮਾਰੈ ਬੇਦ ਅਰੁ ਨਾਦ ॥
ਨਾਮੁ ਹਮਾਰੈ ਪੂਰੇ ਕਾਜ ॥
ਨਾਮੁ ਹਮਾਰੈ ਪੂਜਾ ਦੇਵ ॥
**ਨਾਮੁ ਹਮਾਰੈ ਗੁਰ ਕੀ ਸੇਵ ॥**
੧ ॥ ੪ ॥ ੨੨ ॥ ੩੫ ॥ ਭੈਰਉ ਮਹਲਾ ੫ ॥ ਪੰਨਾ ੧੧੪੫ ॥

(੧੨) **ਕਰਿ ਸੇਵਾ, ਭਜੁ 'ਹਰਿ ਹਰਿ' ਗੁਰਮਤਿ ॥**

**ਪ੍ਰਸ਼ਨ** :—ਗੁਰਮਤਿ ਦੇ ਸਿਧਾਂਤ ਅਨੁਸਾਰ ਓਹ ਨਾਮ ਕਿਹੜਾ ਹੈ, ਜਿਸ ਨੂੰ ਗੁਰੂ ਦੇ ਸਿੱਖ ਜਪ ਕੇ ਆਪਣਾ ਕਲਿਆਣ ਕਰ ਸਕਣ ?

**ਉੱਤਰ** :—ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਖਾਂ ਲਈ ਇਕ ਹਰੀ ਨਾਮ ਹੀ **ਜ**ਪਣ ਯੋਗ ਨਾਮ ਹੈ । ਜਿਵੇਂ ਕਿ :—

(੧) ਰਾਮ ਨਾਮੁ ਰਸੁ ਰਾਮ ਰਸਾਇਣ, ਹਰਿ ਸੇਵਹੁ ਸੰਤ ਜਨਹੁ ॥
ਚਾਰਿ ਪਦਾਰਥ ਚਾਰੇ ਪਾਏ **ਗੁਰਮਤਿ ਨਾਨਕ ਹਰਿ ਭਜਹੁ** ॥
੪ ॥ ੪ ॥ ਬਿਲਾਵਲੁ ਮਹਲਾ ੪ ॥ ਪੰਨਾ ੮੦੦ ॥

(੨) **ਗੁਰਮਤਿ ਹਰਿ ਰਸੁ ਹਰਿ ਫਲੁ ਪਾਇਆ**, ਹਰਿ ਹਰਿ ਨਾਮੁ ਉਰਧਾਰਿ ਜੀਉ ॥
ਜਿਨੁ ਇਕ ਮਨਿਧਿਆਇਆ ਤਿਨੁ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥
੨ ॥ ੪ ॥ ੧ ॥ ੪ ॥ ਆਸਾ ਛੰਤ ਮਹਲਾ ੧ ॥ ਪੰਨਾ ੪੩੮ ॥

(੩) ਹਰਿ ਮੀਠਾ ਲਾਇਆ ਪਰਮ ਸੁਖ ਪਾਇਆ, ਮੁਖਿ ਭਾਗਾ ਰਤੀ ਚਾਰੇ ॥
**ਗੁਰਮਤਿ ਹਰਿ ਗਾਇਆ**, ਹਰਿ ਹਾਰੁ ਉਰਿ ਪਾਇਆ ਹਰਿ ਨਾਮਾ ਕੰਠਿ ਧਾਰੇ ॥
੨ ॥ ੪ ॥ ੫ ॥ ੧੨ ॥ ਆਸਾ ਛੰਤ ਮਹਲਾ ੪ ॥ ਪੰਨਾ ੪੪੬ ॥

(੪) **ਗੁਰਮਤਿ ਹਰਿ ਹਰਿ ਮੀਠਾ ਲਾਗਾ**, ਗੁਰੁ ਮੀਠੇ ਬਚਨ ਕਢਾਵੈ ਗੋ ॥
ਸਤਿਗੁਰ ਬਾਣੀ ਪੁਰਖ ਪਰਖੋਤਮ ਬਾਣੀ ਸਿਉਚਿਤੁ ਲਾਵੈ ਗੋ ॥
੨ ॥ ੮ ॥ ੧ ॥ ਕਾਨੜਾ ਮਹਲਾ ੪ ॥ ਪੰਨਾ ੧੩੦੮ ॥

. Sri Satguru Jagjit Singh Ji eLibrary NamdhariElibrary@gmail.com .

(੫) ਹਰਿ ਹਰਿ ਹਰਿ ਹਰਿ ਹਰਿ ਸਰੁ ਸੇਵਹਿ ਤਿਨ ਦਰਗਹ ਮਾਨੁ ਦਵਾਵੈਗੋ ॥
**ਗੁਰਮਤਿ ਗੁਰਮਤਿ ਗੁਰਮਤਿ ਧਿਆਵਹਿ ਹਰਿ**, ਗਲਿ ਮਿਲਿ ਮੇਲਿ ਮਿਲਾਵੈਗੋ ॥
੫ ॥ ੮ ॥ ੬ ॥ ਕਾਨੜਾ ਮਹਲਾ ੪ ॥ ਪੰਨਾ ੧੩੧੧ ॥

ਪਿਆਰੇ ਪਾਠਕ ਜੀਉ ! ਗੁਰੂਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰ ਪ੍ਰਮਾਣਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਖ ਧਰਮ ਦਾ ਗੁਰਮਤ੍ਰ 'ਹਰਿ ਨਾਮ' ਹੀ ਹੈ। ਜਿਸ ਨੂੰ ਦਾਸ ਨੇ ਵਿਸਥਾਰ ਪੂਰਵਕ ਆਪਣੇ 'ਗੁਰਮੰਤ੍ਰ ਨਿਰਣਯ' ਨਾਮਕ ਗਰੰਥ ਵਿਚ ਵਰਨਣ ਕਰ ਦਿੱਤਾ ਹੈ। ਸੋ ਕਿਸੇ ਪਾਠਕ ਵੀਰ ਨੂੰ ਕਿਸੇ ਤਰ੍ਹਾਂ ਦਾ ਸ਼ੰਕਾ ਹੋਵੇ ਓਹ ਵੀਰ ਦਾਸ ਦੇ ਕ੍ਰਿਤ :—'ਗੁਰਮੰਤ੍ਰ ਨਿਰਣਯ' ਨਾਮਕ ਗਰੰਥ ਨੂੰ ਪੜ੍ਹਕੇ ਆਪਣੇ ਮਨ ਦਾ ਭ੍ਰਮ ਨਿਵਿਰਤ ਕਰ ਲੈਣ।

**(੧੪) ਜੀਵਤ ਮਰਹਿ, ਦਰਗਹ ਪਰਵਾਨ ॥**

**ਪ੍ਰਸ਼ਨ** :—ਗੁਰੂ ਘਰ ਵਿਚ :—ਜੀਵਤ ਮਰਨਾ ਕਿਸ ਨੂੰ ਮੰਨਿਆ ਹੈ ?

**ਉੱਤਰ** :—ਗੁਰੂ ਸਾਹਿਬਾਂ ਨੇ ਜੀਵਤ ਮਰਣ ਦੇ ਸੰਬੰਧ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਥਾਂ ਪਰ ਥਾਂ ਵਰਨਣ ਕਰ ਦਿੱਤਾ ਹੈ। ਜਿਵੇਂ ਕਿ :—

(੧) ਦਇਆ ਦਿਗੰਬਰ ਦੇਹ ਬੀਚਾਰੀ ॥
**ਆਪਿ ਮਰੈ ਅਵਰਾ ਨਹ ਮਾਰੀ ॥**
੩ ॥ ੪ ॥ ੨੫ ॥ ਆਸਾ ਮਹਲਾ ੧ ॥ ਪੰਨਾ ੩੫੬ ॥

(੨) ਸੋ ਜਾਗੈ ਜੋ ਤਤੁ ਬੀਚਾਰੈ ॥
**ਆਪਿ ਮਰੈ ਅਵਰਾ ਨਹ ਮਾਰੈ** ॥
੩ ॥ ੬ ॥ ੨ ॥ ਭੈਰਉ ਮਹਲਾ ੩ ॥ ਪੰਨਾ ੧੧੨੮ ॥

(੩) ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥
ਆਪਿ ਤਿਆਗਿ ਹੋਈਐ ਸਭ ਰੇਣਾ, ਜੀਵਤਿਆ ਇਉ ਮਰੀਐ ॥
੨ ॥ ੪ ॥ ੧੧ ॥ ੫੮ ॥ ਸੂਹੀ ਮਹਲਾ ੫॥ਪੰਨਾ ੭੫੦ ॥

. Sri Satguru Jagjit Singh Ji eLibrary NamdhariElibrary@gmail.com .

(੪) ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥ ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
**ਜੋ ਇਸੁ ਮਾਰੇ ਸੋਈ ਸੁਗਿਆਨੀ** ॥ ਜੋ ਇਸੁ ਮਾਰੇ ਸੁ ਸਹਜ ਧਿਆਨੀ ॥
੫ ॥ ੮ ॥ ੫ ॥ ਗਉੜੀ ਮਹਲਾ ੫ ॥ ਪੰਨਾ ੨੩੭ ॥

(੫) **ਪਹਿਲਾ ਮਰਣ ਕਬੂਲਿ,** ਜੀਵਣ ਕੀ ਛਡਿ ਆਸੁ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ ੧ ॥
ਮਾਰੂਵਾਰਮਹਲਾ ੫ ਡਖਣੇ ਮਃ ੫ ।ਪਉੜੀ੨੩। ਸਲੋਕ ਮ: ੫ ਪੰਨਾ੧੧੦੨॥

ਨੋਟ :—ਸ੍ਰੀ ਮਾਨ ਗਿਆਨੀ ਜੀ ! ਜਦ ਕਿ ਗੁਰੂ ਦਾ ਸਿੱਖ ਆਪ ਹੀ ਮਰ ਚੁਕਾ ਹੈ, ਓਹ ਕਿਵੇਂ ਕਿਸੇ ਜੀਵਾਂ (ਕੁੱਕੜ, ਬੱਕਰੇ ਤੇ ਹਿਰਣ ਆਦਿਕਾਂ) ਨੂੰ ਮਾਰ ਕੇ ਤੇ ਉਨ੍ਹਾਂ ਜੀਵਾਂ ਦਾ ਮਾਸ ਛਕ ਸਕਦਾ ਹੈ ।

(੧੫) ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
(੧੬) ਅਵਰੁ ਨ ਦੂਜਾ ਕਰਣੈ ਜੋਗੁ ॥

ਭਾਵਾਰਥ :—ਜੋ ਕੁਛ ਹੋਇਆ ਹੈ ਸੋ ਤੈਥੋਂ (ਹੋਇਆ ਹੈ, ਜੋ ਹੋਵੇਗਾ ਸੋ ਭੀ ਤੈਥੋਂ ਹੀ) ਹੋਵੇਗਾ । ਹੋਰ ਦੂਸਰਾ ਕੋਈ ਕੁਛ ਕਰਨੇ ਦੇ ਲਾਇਕ ਨਹੀਂ ਹੈ ॥ ੪ ॥ **(ਭਾਈ ਵੀਰ ਸਿੰਘ ਜੀ ਵਲੋਂ**

ਭਾਵਾਰਥ :—ਜੋ ਕੁਝ (ਜਗਤ ਵਿਚ) ਹੁੰਦਾਂ ਹੈ ਉਹ ਤੇਰੇ (ਹੁਕਮ) ਤੋਂ ਹੀ ਹੁੰਦਾ ਹੈ । ਤੈਥੋਂ ਬਿਨਾਂ ਹੋਰ ਕੋਈ ਭੀ ਕੁਝ ਕਰਨ ਦੀ ਸਮਰੱਥਾ ਵਾਲਾ ਨਹੀਂ ਹੈ । **(ਪ੍ਰੋਫੈਸਰ ਸਾਹਿਬ ਸਿੰਘ ਜੀ)**

**ਸਮਾਧਾਨ** :—ਸ੍ਰੀ ਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਮਹਾਰਾਜ ! ਜੇ ਕਰ ਆਪ ਹੀ ਅਕਾਲ ਪੁਰਖ ਸਭ ਕੁਝ ਕਰਣ ਹਾਰ ਹੈ, ਇਹ ਉਪ੍ਰੋਕਤ ਅਰਥ ਠੀਕ ਹੈ, ਤਾਂ ਫਿਰ ਦਾਸ ਆਪ ਜੀ ਪਾਸੋਂ ਇਹ ਪੁਛਦਾ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ "ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ" ਨਾਮਕ ਗਰੰਥ ਦਾ ਕਰਤਾ ਕਉਣ ?

---

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥

. Sri Satguru Jagjit Singh Ji eLibrary NamdhariElibrary@gmail.com .

ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥

ਮਿਲ ਜਗਦੀਪ ਮਿਲਨ ਕੀ ਬਰੀਆ ॥
ਚਿਰੰਕਾਲ ਇਹਦੇਹਸੰਜਰੀਆ ॥੧॥ਰਹਾਉ ॥

ਕਈ ਜਨਮ ਸੈਲ ਗਿਰਿ ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
**ਕਈ ਜਨਮ 'ਸਾਖ' ਕਰ ਉਪਾਇਆ ॥**
**ਲਖ ਚਉਰਾਸੀਹ ਜੋਨਿ ਭਰਮਾਇਆ** ॥ ੨ ॥
੪ ॥ ੩ ॥ ੭੨ ॥ਗਉੜੀ ਗੁਆਰੇਰੀ ਮਹਲਾ ੫॥ਪੰਨਾ ੧੭੬ ॥

ਪਿਆਰੇ ਪਾਠਕ ਜੀਉ ! ਜੇ ਕਰ ਇਸ ਉਪ੍ਰੋਕਤ ਗੁਰਬਾਣੀ ਦੇ ਪ੍ਰਮਾਣ ਤੇ ਗਿਆਨੀ ਜੀ ਦਾ ਕਿਸੀ ਤਰ੍ਹਾਂ ਦਾ ਭੀ ਇਹ ਹਠ ਹੀ ਹੋਵੇ ਕਿ ਇਨ੍ਹਾਂ ਤੁਕਾਂ ਤੋਂ ਇਹ ਗੱਲ ਸਾਬਤ ਹੋ ਜਾਂਦੀ ਹੈ ਕਿ ਮਨੁੱਖਾਂ ਦੀ ਆਤਮਾ ਖੇਤੀ ਬਾੜੀ ਤੇ ਸਾਗ ਪੱਤਰ ਵਿਚ ਭੀ ਆ ਸਕਦੀ ਹੈ । ਇਹ ਗਿਆਨੀ ਜੀ ਦਾ ਇਕ ਭਰਮ ਮਾਤ੍ਰ ਹੀ ਹੈ ਕਿਉਂਕਿ ਇਹ ਗੁਰਬਾਣੀ "ਭਯਾਣਕ" ਵਾਚਕ ਹੀ ਵਾਕ ਹਨ ਯਥਾਰਥ ਨਹੀਂ ਜੇ ਕਰ ਹਿੰਜ ਨਹੀਂ ਤਾਂ ਫਿਰ ਹੇਠ ਲਿਖੇ ਗੁਰੂਬਾਣੀ ਦੇ ਗੁਰਪ੍ਰਮਾਣ ਦਾ ਭਾਵਾਰਥ ਕੀ ਹੋਵੇਗਾ ?

ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥
ਮਾਟੀ ਮਾਟੀ ਹੋਈ ਏਕ ॥ ਰੋਵਨ ਹਾਰੇ ਕੀ ਕਵਨ ਟੇਕ ॥ ੧ ॥

ਕਉਨੁ ਮੂਆ ਰੇ ਕਉਨੁ ਮੂਆ ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁਤਉ ਚਲਤ ਭਇਆ॥੧॥ ਰਹਾਉ॥

ਅਗਲੀ ਕਿਛੁ ਖਬਰਿ ਨ ਪਾਈ ॥ ਰੋਵਨ ਹਾਰੁ ਭਿ ਊਠਿ ਸਿਧਾਈ ॥
ਭਰਮ ਮੋਹ ਕੇ ਬਾਂਧੇ ਬੰਧ ॥ ਸੁਪਨੁ ਭਇਆ ਭਖ ਲਾਏ ਅੰਧ ॥ ੨ ॥

ਇਹੁ ਤਉ ਰਚਨੁ ਰਚਿਆ ਕਰਤਾਰਿ ॥ ਆਵਤ ਜਾਵਤ ਹੁਕਮਿ ਅਪਾਰਿ ॥
ਨਹ ਕੋ ਮੂਆ ਨ ਮਰਣੈ ਜੋਗੁ ॥ ਨਹ ਬਿਨਸੈ ਅਬਿਨਾਸੀ ਹੋਗੁ ॥ ੩ ॥

. Sri Satguru Jagjit Singh Ji eLibrary NamdhariElibrary@gmail.com .

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ ਜਾਨਣ ਹਾਰੇ ਕਉ ਬਲਿ ਜਾਉ ॥
ਕਹੁ ਨਾਨਕਗੁਰਿ ਭਰਮ ਚੁਕਾਇਆ॥ਨ ਕੋਈ ਮਰੈ ਨ ਆਵੈ ਜਾਇਆ ॥੪॥੧੦॥
ਰਾਮਕਲੀ ਮਹਲਾ ੫॥ ਪੰਨਾ ੮੮੫ ॥

ਸ੍ਰੀ ਮਾਨ ਗਿਆਨੀ 'ਸਰਲ' ਜੀ ! ਇਸ ਉਪ੍ਰੋਕਤ ਗੁਰਪ੍ਰਮਾਣ ਵਿਚ ਨਾ ਕੋਈ ਮਰਦਾ ਤੇ ਨਾ ਆਉਂਦਾ ਤੇ ਨਾ ਕੋਈ ਜਾਂਨਾ ਹੀ ਸਿੱਧ ਹੁੰਦਾ ਹੈ। ਤਾਂ ਫਿਰ ਆਪ ਮਰਨਾ ਜਮਣਾ ਕਿਉਂ ਮੰਨੀ ਬੈਠੇ ਹੋ। ਜਿਸ ਤੋਂ ਛੁਟਕਾਰਾ ਪਉਣ ਲਈ ਨਾਮ ਜਪਣਾ ਤੇ ਰਹਿਤਾਂ ਰੱਖਣੀਆਂ ਬਲਕਿ ਮਰਨੇ ਪਰ ਅਖੰਡ ਪਾਠ ਆਦੀ ਰਖਉਣੇ ਫਿਰ ਕੀ ਅਰਥ ਰਖਦੇ ਹਨ। ਜੇ ਕਰ ਕਿਹਾ ਜਾਵੇ ਕਿ ਇਹ ਉਚੀ ਅਵਸਥਾ ਗਿਆਨ ਦੀ ਹੈ। ਤਾਂ ਫਿਰ ਆਪ ਜੀ ਨੇ ਜੋ ਪ੍ਰਮਾਣ ਦਿੱਤੇ ਹਨ ਉਨ੍ਹਾਂ ਵਿਚ ਵੀ ਅਵਸਥਾ ਭੇਦ ਦਾ ਕਥਨ ਹੈ, ਉਥੇ ਵੀ ਮਾਸ ਖਾਣਾ ਅਰਥ ਨਹੀਂ। ਗਿਆਨੀ ਜੀ ਮਹਾਰਾਜ ਧੰਨ ਹੋ।

————

# ਅਵਰ ਜੋਨਿ ਤੇਰੀ ਪਨਿਹਾਰੀ॥
# ਇਸ ਧਰਤੀ ਮਹਿ ਤੇਰੀ ਸਿਕਦਾਰੀ॥

ਪਿਆਰੇ ਪਾਠਕ ਜੀਉ ! ਗਿਆਨੀ 'ਸਰਲ ਜੀ ! ਆਪਣੇ 'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੩੯ ਤੇ ਜੀਵ ਦਇਆ ਦੇ ਸੰਬੰਧ ਵਿਚ ਲਿਖਦੇ ਹਨ ਕਿ :—

"ਮਨੁਖ ਚੋਰਾਸੀ ਲਖ ਜੂਨ ਦਾ ਬਾਦਸ਼ਾਹ ਹੈ। ਮੁਸਲਮਾਨ ਇਸ ਨੂੰ 'ਅਸ਼ਰਫੁਲ ਮਖਲੂਕਾਤ' ਕਹਿੰਦੇ ਹਨ। ਬਾਣੀ ਵਿਚ—

ਚੋਰਾਸੀ ਲਖ ਜੋਨ ਉਪਾਈ ॥
ਮਾਨੁਖ ਕਉ ਪ੍ਰਭਿ ਦੀਈ ਵਡਿਆਈ ॥
ਇਸ ਧਰਤੀ ਮਹਿ ਤੇਰੀ ਸਿਕਦਾਰੀ ॥
ਅਵਰ ਜੋਨ ਤੇਰੀ ਪਨਿਹਾਰੀ ॥

ਆਦਿਕ ਸ਼ਬਦ ਕਥਨ ਕੀਤੇ ਗਏ ਹਨ।

ਜਿਸ ਤਰ੍ਹਾਂ ਬਾਦਸ਼ਾਹ ਆਪਣੀ ਮਨੁਖੀ ਜਨਤਾ ਨੂੰ ਅਪਣੇ ਹੁਕਮ ਨਾਲ

. Sri Satguru Jagjit Singh Ji eLibrary NamdhariElibrary@gmail.com .

ਚਲਾਉਂਦਾ ਹੈ, ਇਸ ਤਰ੍ਹਾਂ ਇਸ ਚੌਰਾਸੀ ਲਖ ਜੂਨ ਦੇ ਜੀਵਾਂ ਨੂੰ ਆਪਣੇ ਮਤਲਬ ਲਈ ਵਰਤਦਾ ਹੈ। ਕਿਉਂਕਿ ਇਹ ਸਾਰੀ ਜੀਵ ਰਚਨਾ (ਅੰਡਜ਼ ਜੇਰਜ, ਸੇਤਜ ਉਤਭੁਜ ਆਦਿਕ ਖਾਣੀਆਂ ਦੇ ਜੀਵ) ਮਨੁਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਕੁਦਰਤ ਨੇ ਪੈਦਾ ਕੀਤੀ ਹੈ ।

ਇਸ ਨੂੰ ਸੋਚਣਾ ਪੈਂਦਾ ਹੈ ਕਿ ਕਿਸ ਜੀਵ ਕੋਲੋਂ ਕਿਹੜਾ ਕੰਮ ਲੈਣਾ ਹੈ, ਕਿਸ ਨੂੰ ਵੱਢ ਕੇ ਖਾਂਣਾ ਹੈ, ਕੀਹਨਾਂ ਜੀਵਾਂ ਨੂੰ ਮਨੁਖੀ ਜੀਵਨ ਲਈ ਖਤਰਨਾਕ ਸਮਝ ਕੇ ਮਾਰਨਾ ਹੈ। ਜੇ ਇਨਸਾਨ ਇਸ ਅਸੂਲ ਤੇ ਨਾਂ ਚਲੇ ਤਾਂ ਜੀਉਂਦਾ ਨਹੀਂ ਰਹਿ ਸਕਦਾ।''

**ਸਮਾਧਾਨ** :—ਪਿਆਰੇ ਪਾਠਕ ਜੀਉ ! ਸਭ ਤੋਂ ਪਹਿਲੇ ਗਿਆਨੀ ਜੀ ਨੇ ਇਹ ਉਪ੍ਰੋਕਤ ਲਿਖਤ ਗੁਰ ਪ੍ਰਮਾਣ ਹੀ ਅਸ਼ੁਧ ਲਿਖ ਕੇ ਦਸੇ ਹਨ । ਜਿਸ ਤੋਂ ਗਿਆਨੀ ਜੀ ਦੀ ਵਿਦਿਆ ਦਾ ਨਮੂਨਾ ਮਿਲਦਾ ਹੈ ਕਿ ਗਿਆਨੀ ਜੀ ਗੁਰਬਾਣੀ ਦੇ ਕਿਤਨੇ ਕੁ ਵਿਦਵਾਨ ਹਨ। ਜਿਵੇਂ ਕਿ :—

(੧) ਚੌਰਾਸੀ ਲਖ ਜੋਨ ਉਪਾਈ ॥
ਮਾਨੁਖ ਕਉ ਪ੍ਰਭਿ ਦੀਈ ਵਡਿਆਈ ॥

(੨) ਇਸ ਧਰਤੀ ਮਹਿ ਤੇਰੀ ਸਿਕਦਾਰੀ ॥
ਅਵਰ ਜੋਨ ਪਰੀ ਪਨਿਹਾਂਰੀ ॥

ਪਰ ਸ਼ੁਧ ਪਾਠ ਇੰਜ ਹੈ ।

(੧) ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
੨ ॥ ੧੬ ॥ ੧ ॥ ੫ ॥ ਮਾਰੂ ਸੋਲਹਾ ਮਹਲਾ ੫ ॥ ਪੰਨਾ ੧੦੭੫ ॥

(੨) ਅਵਰ ਜੋਨਿ ਤੇਰੀ ਪਨਿਹਾਰੀ ॥
ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥੪॥
ਆਸਾ ਮਹਲਾ ੫ ॥ ਪੰਨਾ ੩੭੪ ॥

ਪਿਆਰੇ ਪਾਠਕ ਜੀਉ ! ਦਾਸ, ਇਸ ਉਪ੍ਰੋਕਤ ਦਲੀਲ ਬਾਜੀ ਦੇ ਸੰਬੰਧ

. Sri Satguru Jagjit Singh Ji eLibrary NamdhariElibrary@gmail.com .

ਵਿਚ ਗਿਆਨੀ 'ਸਰਲ' ਜੀ ਦੇ ਅੱਗੇ ਕੁਝ ਪ੍ਰਸ਼ਨ ਕਰਦਾ ਹੈ। ਜਿਸ ਦਾ ਉੱਤਰ ਗਿਆਨੀ ਜੀ ਦੇਣ ?

(੧) ਕੀ ਰਾਜਾ ਆਪਣੀ ਪ੍ਰਜਾ ਵਿਚੋਂ ਕਿਸੇ ਮਨੁੱਖ ਤੇ ਕਿਸੇ ਤਰ੍ਹਾਂ ਦਾ ਅਯੋਗ ਦਬਾਵ ਪਾ ਸਕਦਾ ਹੈ ?

(੨) ਕੀ ਰਾਜਾ ਆਪਣੀ ਪ੍ਰਜਾ ਵਿਚੋਂ ਕਿਸੇ ਮਾਨੁਖ ਦਾ ਧਨ ਸੰਪਤੀ ਨੂੰ ਹੜਪ ਕਰ ਸਕਦਾ ਹੈ ?

(੩) ਕੀ ਰਾਜਾ ਆਪਣੀ ਪ੍ਰਜਾ ਵਿਚੋਂ ਕਿਸੈ ਮਾਨੁਖ ਦੀ ਸੁੰਦਰ ਮਹਿਲ-ਮਾੜੀ-ਮਕਾਨ ਆਦਿਕ ਨੂੰ ਆਪਣੇ ਕਬਜ਼ੇ ਵਿਚ ਕਰ ਸਕਦਾ ਹੈ ?

(੪) ਕੀ ਰਾਜਾ ਆਪਣੀ ਪ੍ਰਜਾ ਵਿਚੋਂ ਕਿਸੇ ਮਨੁੱਖ ਦੀ ਸੁੰਦਰ ਨਾਰੀ, ਧੀ, ਭੈਣ ਨੂੰ ਆਪਣੇ ਮਹਿਲ ਵਿਚ ਰੱਖ ਸਕਦਾ ਹੈ ?

(੫) ਕੀ ਰਾਜਾ ਆਪਣੀ ਪ੍ਰਜਾ ਵਿਚੋਂ ਕਿਸੇ ਮਨੁੱਖ ਨੂੰ ਬੇਕਸੂਰ ਹੋਣ ਦੇ ਬਾਬਜੂਦ ਭੀ ਉਸ ਨੂੰ ਜਾਨੋਂ ਮਾਰ ਯਾ ਮਰਵਾ ਸਕਦਾ ਹੈ ? ਜੇ ਕਰ ਨਹੀਂ।

**ਸਮਾਧਾਨ**—ਤਾਂ ਫਿਰ ਚੌਰਾਸੀ ਲਖ ਜੋਨ ਵਿਚੋਂ ਮਨੁੱਖ ਕਿਸੇ ਬੇਗੁਨਾਹ ਜੀਵ ਤੇ ਮਨ ਮਾਨਾ ਹੱਤਿਆਚਾਰ ਕਿਵੇਂ ਕਰ ਸਕਦਾ ਹੈ, ਤੇ ਕਿਸੇ ਜੀਵ ਨੂੰ ਮਾਰ ਕੇ ਕਿਵੇਂ ਖਾ ਸਕਦਾ ਹੈ।

ਜੇ ਕਰ ਫਿਰ ਭੀ ਇਸ ਵਿਚ ਗਿਆਨੀ 'ਸਰਲ' ਜੀ ਦਾ ਕੋਈ ਹਠ ਹੀ ਹੋਵੇ ਤਾਂ ਫਿਰ ਹੇਠ ਲਿਖੇ ਗੁਰ ਪ੍ਰਮਾਣਾ ਦਾ ਸ੍ਰੀ ਮਾਨ ਗਿਆਨੀ 'ਸਰਲ' ਜੀ ਪਾਸ ਕੀ ਉੱਤਰ ਹੈ ?।

(੧) ਕਾਲ ਕਾਤੀ **ਰਾਜੇ ਕਾਸਾਈ,** ਧਰਮ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥ ੧ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੧੬ ॥ ਸਲੋਕ ਮ: ੧ ॥ ਪੰਨਾ ੧੪੫ ॥

(੨) ਬ੍ਰਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨ ॥
**ਰਾਜੇ ਚੁਲੇ ਨਿਆਵ ਕੀ,** ਪੜਿਆ ਸਚੁ ਧਿਆਨੁ ॥ ੨ ॥
ਸਾਰੰਗ ਕੀ ਵਾਰ ਮਹਲਾ ੪ ॥ ਪਉੜੀ ੭ ॥ ਮ: ੧ ॥ ਪੰਨਾ ੧੨੪੦ ॥

. Sri Satguru Jagjit Singh Ji eLibrary NamdhariElibrary@gmail.com .

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾਂ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਜਿਸ ਤਰ੍ਹਾ ਰਾਜੇ ਦਾ ਧਰਮ ਆਪਣੀ ਪ੍ਰਜਾ ਨਾਲ ਅਨਿਆਏ ਪੂਰਵਕ ਵਰਤਾਵ ਕਰਣਾ ਆਯੋਗ ਹੈ। ਬਿਲਕੁਲ ਇਸੀ ਤਰ੍ਹਾਂ ਹੀ ਮਨੁੱਖ ਨੂੰ ਭੀ ਹਰ ਤਰ੍ਹਾਂ ਦੇ ਜੀਆਂ ਤੇ ਅਨਿਆਏ ਪੂਰਵਕ ਕਿਸੇ ਨੂੰ ਮਾਰਣਾ ਤੇ ਮਾਰ ਕੇ ਖਾਣਾ ਭੀ ਆਯੋਗ ਕਮ ਹੈ।

**ਨੋਟ** :—ਇਹ ਜ਼ਰੂਰ ਹੋ ਸਕਦਾ ਹੈ ਕਿ ਰਾਜਾ ਆਪਣੀ ਪ੍ਰਜਾ ਵਿਚੋਂ ਸ਼ਾਂਤੀ ਨੂੰ ਭੰਗ ਕਰਨ ਵਾਲੇ ਜੀਵਾਂ ਨੂੰ ਦੰਡ ਦੇ ਸਕਦਾ ਹੈ ਤੇ ਮਾਰ ਭੀ ਸਕਦਾ ਹੈ, ਪਰ ਨਿਰਦੋਸ਼ੀ ਕਿਸੇ ਜੀਵ ਨੂੰ ਨਹੀਂ।

## "ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥"

ਪਿਆਰੇ ਪਾਠਕ ਜੀਉ ! ਸ੍ਰੀ ਮਾਨ ਗਿਆਨੀ 'ਸਰਲ' ਜੀ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਦੇ ਹੋਏ ਆਪਣੇ ਰਚਿਤ :—'ਝਟਕਾ ਪ੍ਰਕਾਸ਼' ਗਰੰਥ ਦੇ ਪਨੇ ੧੪੭ ਤੇ ਲਿਖਦੇ ਹਨ :—

"ਜਿਥੋਂ ਤਕ ਜੀਵ ਹਤਿਆ ਦਾ ਸਵਾਲ ਹੈ
ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ ॥"
ਤੇ
"ਜੇਤੇ ਦਾਣੇ ਅੰਨ ਕੇ ਜੀਆਂ ਬਾਝ ਨ ਕੋਇ ॥'
ਕਹਿ ਕੇ ਬੁਰੇ ਦੇ ਘਰ ਤਕ ਪਹੁੰਚ ਗਏ ਹਨ।"

ਪਿਆਰੇ ਪਾਠਕ ਜੀਉ ! ਜਦ ਭੀ ਮਾਸਹਾਰੀ ਵੀਰਾਂ ਨਾਲ ਮਾਸ ਸੰਬੰਧੀ ਵਿਚਾਰ ਕੀਤਾ ਜਾਂਦਾ ਹੈ ਕਿ 'ਮਾਸ ਖਾਣਾ' ਗੁਰਮਤਿ ਦੇ ਸਿਧਾਂਤ ਅਨੁਸਾਰ ਹੈ ਕਿ ਨਹੀਂ ? ਜਿਸ ਦਾ ਉੱਤਰ ਕੁਝ 'ਮਾਸਹਾਰੀ' ਵੀਰ ਗਜ ਵਜ ਕੇ ਇਹ ਦਿਤਾ ਕਰਦੇ ਹਨ ਕਿ :—ਜੇਕਰ ਸਾਗਾਹਾਰੀ ਵੀਰ 'ਮਾਸ ਖਾਣਾ' ਇਸ ਕਰਕੇ ਪਾਪ ਸਮਝਦੇ ਹੋਣ ਕਿ 'ਮਾਸ' ਦੀ ਪ੍ਰਾਪਤੀ ਕਰਨ ਲਈ ਜੀਵ ਹਤਿਆ ਕਰਨੀ

. Sri Satguru Jagjit Singh Ji eLibrary NamdhariElibrary@gmail.com .

ਪੈਂਦੀ ਹੈ, ਇਸ ਕਰ ਕੇ ਮਾਸ ਨਹੀਂ ਖਾਣਾ ਚਾਹੀਦਾ ਇਹ ਉਨ੍ਹਾਂ ਵੀਰਾਂ ਦੀ ਇਕ ਵੱਡੀ ਭੁਲ ਹੈ ਕਿਉਂਕਿ ਗੁਰੂਬਾਣੀ ਸਾਨੂੰ ਇਹ ਦੱਸਦੀ ਹੈ ਕਿ ਜੋ ਭੀ ਅਸੀਂ ਅੰਨ ਤੇ ਪਾਣੀ ਖਾਂਦੇ ਤੇ ਪੀਂਦੇ ਹਾਂ ਜਿਨ੍ਹਾਂ ਵਿਚ ਹਜ਼ਾਰਾਂ ਹੀ ਜੀਵ ਹੋਣ ਕਰਕੇ ਅਸੀਂ ਇਨ੍ਹਾਂ ਜੀਵਾਂ ਦੀ ਹੱਤਿਆ ਹੀ ਕਰਦੇ ਹਾਂ। ਜਿਸ ਤਰ੍ਹਾਂ ਕਿ :—

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ।'**
**ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥**

**ਸਮਾਧਾਨ** :—ਪਿਆਰੇ ਪਾਠਕ ਜੀਉ ! ਮਾਸਾਹਾਰੀ ਵੀਰਾਂ ਨੇ 'ਮਾਸ ਖਾਣ' ਦੇ ਮੰਡਨ ਹਿਤ ਜੋ ਉਪ੍ਰੋਕਤ ਗੁਰੂਵਾਕ ਦੀਆਂ ਦੋ ਤੁਕਾਂ ਦਾ ਹਵਾਲਾ ਦਿੱਤਾ ਹੈ ; ਜਿਸ ਦਾ ਭਾਵ ਇਹ ਨਹੀਂ ਨਿਕਲਦਾ ਜੋ ਮਾਸਹਾਰੀ ਵੀਰਾਂ ਨੇ ਸਮਝ ਰਖਿਆ ਹੈ, ਕਿਉਂਕਿ ਗੁਰੂ ਸਾਹਿਬਾਂ ਨੇ ਇਸ ਗੁਰੂ ਵਾਕ ਨੂੰ ਨ ਮਾਸ ਖਾਣ ਦੀ ਸਿੱਧੀ ਕਰਣ ਹਿਤ ਤੇ ਨ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਨ ਲਈ ਹੀ, ਇਸ ਦੀ ਰਚਨਾ ਕੀਤੀ ਬਲਕਿ ਇਹ ਉਪਦੇਸ਼ ਗੁਰੂ ਸਾਹਿਬਾਂ ਨੇ 'ਸੂਤਕ-ਪਾਤਕ ਦੇ ਮੰਨਣ ਵਾਲਿਆਂ ਲਈ ਹੀ ਉਚਾਰਣ ਕੀਤਾ ਹੋਇਆ ਸਿੱਧ ਹੁੰਦਾ ਹੈ।' ਜਿਸ ਤਰ੍ਹਾਂ ਕਿ :—ਪੜ੍ਹੋ ਸਾਰਾ ਸ਼ਲੋਕ :—

(੧) ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥
(੨) **ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**
(੩) **ਜੇਤੇ ਦਾਣੇ ਅੰਨ ਕੇ, ਜੀਆ ਬਾਝੁ ਨਾ ਕੋਇ ॥**
(੪) **ਪਹਿਲਾ ਪਾਣੀ ਜੀਉ ਹੈ, ਜਿਤੁ ਹਰਿਆ ਸਭੁ ਕੋਇ ॥**
(੫) ਸੂਤਕੁ ਕਿਉ ਕਰਿ ਰਖੀਐ, ਸੂਤਕੁ ਪਵੈ ਰਸੋਇ ॥
(੬) ਨਾਨਕ ਸੂਤਕੁ ਏਵ ਨ ਉਤਰੈ, **ਗਿਆਨੁ ਉਤਾਰੇ ਧੋਇ ॥ ੧ ॥**

ਆਸਾ ਕੀ ਵਾਰ ਮਹਲਾ ੧ ॥ ਪਉੜੀ ੧੮ ॥ ਸਲੋਕ ਮ: ੧ ॥ ਪੰਨਾ ੪੭੧ ॥

ਪਿਆਰੇ ਪਾਠਕ ਜੀਉ ! ਇਸ ਗੁਰ ਵਾਕ ਦੀ ਛੇਵੀਂ ਤੁਕ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਂ ਨੇ ਇਥੇ 'ਸੂਤਕ-ਪਾਤਕ' ਦੇ ਭਰਮ ਜਾਲ ਦੇ ਅੰਧੇਰੇ ਵਿਚੋਂ ਕੱਢ ਕੇ ਤੇ ਗਿਆਨ ਰੂਪੀ ਪ੍ਰਕਾਸ਼ ਵਿਚ ਜਾਣ ਲਈ ਪ੍ਰੇਰਣਾ ਕਰ ਰਹੇ ਹਨ, ਨਾ ਕਿ ਜੀਵ ਹੱਤਿਆ ਦੇ ਸਿਧਾਂਤ ਨੂੰ ਖੰਡਨ ਤੇ ਮਾਸ ਖਾਣ ਦੇ

. Sri Satguru Jagjit Singh Ji eLibrary NamdhariElibrary@gmail.com .

ਮੰਡਨ ਹਿਤ ਉਪਦੇਸ਼ ਕੀਤਾ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਕਥਨ ਕਰਦੇ ਹਨ ਕਿ ਹੇ ਸੱਜਣੋ :—ਜੇਕਰ ਤੁਸੀਂ ਸੂਤਕ-ਪਾਤਕ ਨੂੰ ਆਪਣੇ ਤੋਂ ਉਤਾਰਣਾ ਚਾਹੁੰਦੇ ਹੋ ਤਾਂ ਫਿਰ ਤੁਸੀਂ ਗਿਆਨ ਭਾਵ ਤਤ੍ਵ ਗਿਆਨ ਨੂੰ ਆਪਣੇ ਹਿਰਦੇ ਵਿਚ ਧਾਰਨ ਕਰੋ । ਜਿਸ ਕਰ ਕੇ ਗਿਆਨ ਆਪ ਦੇ ਸ਼ਰੀਰ ਤੋਂ ਸੂਤਕ-ਪਾਤਕ ਦੀ ਅਪਵਿਤ੍ਰਤਾ ਨੂੰ ਧੋ ਕੇ ਬਾਹਰ ਕੱਢ ਦੇਵੇਗਾ । ਜਿਸ ਦਾ ਭਾਵ ਇਹ ਹੈ ਕਿ ਜਦ ਤਕ ਆਪ ਤਤ ਗਿਆਨ ਭਾਵ (ਆਤਮ-ਗਿਆਨ) ਦੀ ਪ੍ਰਾਪਤੀ ਨਹੀਂ ਕਰਦੇ, ਤਦ ਤਕ ਆਪ ਦੇ ਸਰੀਰ ਤੋਂ ਸੂਤਕ ਪਾਤਕ ਦੀ ਅਪਵਿਤ੍ਰਤਾ ਨਹੀਂ ਉੱਤਰ ਸਕਦੀ, ਭਾਵੇਂ ਆਪ ਲੱਖ ਪਏ ਯਤਨ ਕਰੋ । ਤਾਂ ਤੇ ਆਪ ਦੇ ਸੂਤਕ-ਪਾਤਕ ਦੇ ਅਪਵਿਤ੍ਰਤਾ ਨੂੰ ਗਿਆਨ ਹੀ ਧੋ ਸਕਦਾ ਹੈ, ਪਾਣੀ ਨਹੀਂ । ਜਿਸ ਤਰ੍ਹਾਂ ਕਿ :—

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
**ਗਿਆਨਿ ਮਹਾਰਸਿ ਨਾਈਐ ਭਾਈ**, ਮਨੁ ਤਨੁ ਨਿਰਮਲੁ ਹੋਇ ॥
੫ ॥ ੧੦ ॥ ੪ ॥ ਸੋਰਠਿ ਮਹਲਾ ੧ ॥ ਪੰਨਾ ੬੩੭ ॥

**ਪ੍ਰਸ਼ਨ** :—ਗਿਆਨ ਦੇ ਪ੍ਰਾਪਤ ਕਰਨ ਦਾ ਸਾਧਨ ਕੀ ਹੈ ?

**ਉੱਤਰ** :—ਗੁਰਮਤਿ ਦੇ ਸਿਧਾਂਤ ਅਨੁਸਾਰ ਦੁਬਿਧਾ (ਦ੍ਵੈਤ-ਭਾਵ) ਨੂੰ ਮਾਰਨਾ ਹੀ ਆਤਮਗਿਆਨ ਦੇ ਹੋਣ ਦਾ ਮੁੱਖ ਸਾਧਨ ਮੰਨਿਆ ਗਿਆ ਹੈ । ਜਿਵੇਂ ਕਿ :—

ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ ॥
**ਜੋ ਇਸੁ ਮਾਰੇ ਸੋਈ ਸੁਗਿਆਨੀ ॥**
ਜੋ ਇਸੁ ਮਾਰੇ ਸੁਸਹਜ ਧਿਆਨੀ ॥
੫ ॥ ੮ ॥ ੫ ॥ ਗਉੜੀ ਮਹਲਾ ੫ ॥ ਪੰਨਾ ੨੩੮ ॥

**ਪ੍ਰਸ਼ਨ** :—ਕੀ ਦੁਬਿਧਾ (ਦ੍ਵੈਤਵਾਦ) ਦੇ ਮਾਰੇ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ ?

. Sri Satguru Jagjit Singh Ji eLibrary NamdhariElibrary@gmail.com .

**ਉੱਤਰ** :—ਸ੍ਰੀਮਾਨ ਜੀ ! ਗੁਰੂ ਸਾਹਿਬਾਂ ਦਾ ਇਹ ਅਟਲ ਨਿਰਣਯ ਹੈ ਕਿ :—ਦੁਬਿਧਾ ਦੇ ਮਾਰੇ ਬਿਨਾਂ ਆਤਮ ਗਿਆਨ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ । ਜਿਵੇਂ ਕਿ :—

**ਇਸੁ ਮਾਰੀ ਬਿਨੁ ਗਿਆਨੁ ਨ ਹੋਈ ॥**
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭ ਕਿਛੁ ਮੈਲਾ ॥
ਇਸੁ ਮਾਰੀ ਬਿਨ ਸਭ ਕਿਛੁ ਜਉਲਾ ॥
੭ ॥ ੮ ॥ ੫ ॥ ਗਉੜੀ ਮਹਲਾ ੫ ॥ ਪੰਨਾ ੨੩੮ ॥

**ਪ੍ਰਸ਼ਨ** :—ਜਿਸ ਮਨੁੱਖ ਨੂੰ ਸੁਗਿਆਨ ਭਾਵ (ਆਤਮ ਗਿਆਨ) ਦੀ ਪ੍ਰਾਪਤੀ ਹੋ ਜਾਂਦੀ ਹੈ ਉਸ ਦੀ ਰਹਿਣੀ ਵਹਿਣੀ ਕਿਸ ਤਰ੍ਹਾਂ ਦੀ ਹੁੰਦੀ ਹੈ ?

**ਉੱਤਰ** :—**ਸੱਚਾ ਗਿਆਨੀ**—ਅਦ੍ਵੈਤਵਾਦ ਭਾਵ ਭੇਦ ਭਾਵ ਨੂੰ ਸਮਾਪਤ ਕਰ ਕੇ ਤੇ ਸਮਦ੍ਰਿਸ਼ਟੀ ਭਾਵ (ਸਮਵਿਰਤੀ) ਬਣ ਜਾਂਦਾ ਹੈ । ਜਿਸ ਤਰ੍ਹਾਂ ਕਿ :—

(੧) ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨ ਤੈਸੀ ਉਸ ਮਾਟੀ ॥
**ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹ ਪੁਰਖ ਕਹੀਐ ਜੀਵਨ ਮੁਕਤਿ ॥
੭ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੫ ॥

(੨) ਕਹਨ ਕਹਾਵਨ ਕਉ ਕਈ ਕੇਤੈ ॥
ਐਸੋ ਜਨੁ ਬਿਰਲੋ ਹੈ ਸੇਵਕ ਜੋ ਤਤ ਜੋਗ ਕਉ ਬੇਤੈ ॥ ੧ ॥ ਰਹਾਉ ॥

. Sri Satguru Jagjit Singh Ji eLibrary NamdhariElibrary@gmail.com .

ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ, ਏਕੈ ਏਕੀ ਨੇਤੈ ॥
ਬੁਰਾ ਨਾਹੀ ਸਭੁ ਭਲਾ ਹੀ ਹੈ ਰੇ, ਹਾਰ ਨਹੀ ਸਭ ਜੇਤੈ ॥ ੧ ॥
ਸੋਗੁ ਨਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ ॥
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ ॥ ੨ ॥
੩ ॥ ੨੨ ॥ ਕਾਨੜਾ ਮਹਲਾ ੫ ॥ ਪੰਨਾ ੧੩੦੨ ॥

(੩) ਸਾਧੋ ਰਾਮ ਸਰਨਿ ਬਿਸਰਾਮਾ ॥
ਬੇਦ ਪੁਰਾਨ ਪੜੇ ਕੋ ਇਹੁ ਗੁਨ, ਸਿਮਰੇ ਹਰਿ ਕੋ ਨਾਮਾ ॥ ੧ ॥ ਰਹਾਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਅਨ ਕੀ ਸੇਵਾ ॥
ਹਰਖ ਸੋਗ, ਪਰਸੈ ਜਿਹ ਨਾਹਨਿ, ਸੋ ਮੂਰਤਿ ਹੈ ਦੇਵਾ ॥ ੧ ॥
ਸੁਰਗ ਨਰਕ ਅੰਮ੍ਰਿਤੁ ਬਿਖੁ ਏ ਸਭੁ ਤਿਉ ਕੰਚਨ ਅਰੁ ਪੈਸਾ ॥
ਉਸਤਤਿ ਨਿੰਦਾ ਏ ਸਮ ਜਾ ਕੈ, ਲੋਭੁ ਮੋਹੁ ਫੁਨਿ ਤੈਸਾ ॥ ੨ ॥
**ਦੁਖੁ ਸੁਖੁ ਏ ਬਾਧੇ ਜਿਹ ਨਾਹਨਿ, ਤਿਹ ਤੁਮ ਜਾਨਹੁ ਗਿਆਨੀ ॥**
ਨਾਨਕ ਮੁਕਤਿ ਤਾਹਿ ਤੁਮ ਮਾਨਉ, ਇਹ ਬਿਧਿ ਕੋ ਜੋ ਪ੍ਰਾਨੀ ॥ ੩ ॥ ੭ ॥
ਗਉੜੀ ਮਹਲਾ ੯ ॥ ਪੰਨਾ ੨੨੦ ॥

ਪਿਆਰੇ ਪਾਠਕ ਜੀਉ ! ਜਿਸ ਸਮੇਂ ਮਨੁੱਖ ਉਪ੍ਰੋਕਤ ਸ਼ਬਦਾਂ ਦੇ ਆਸ਼ੇ ਅਨੁਸਾਰ ਆਪਣਾ ਜੀਵਨ ਢਾਲ ਲੈਂਦਾ ਹੈ, ਉਸ ਵੇਲੇ ਹੀ ਸੂਤਕ-ਪਾਤਕ ਦੇ ਭਰਮ ਜਾਲ ਵਿਚੋਂ ਨਿਕਲ ਸਕਦਾ ਹੈ, ਪਹਿਲੇ ਨਹੀਂ। ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੂਤਕ-ਪਾਤਕ ਭਾਵ (ਅਪਵਿਤ੍ਰਤਾ) ਨੂੰ ਸਭ ਮਾਨੁੱਖ ਪ੍ਰਾਪਤ ਹੁੰਦੇ ਹਨ। ਭਾਵੇਂ ਕੋਈ ਮੰਨੇ ਕਿ ਨ ਮੰਨੇ।

ਤਾਂ ਤੇ ਇਹ ਆਸਾ ਦੀ ਵਾਰ ਵਾਲਾ ਸ਼ਲੋਕ ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਨਹੀਂ ਕਰਦਾ ਬਲਕਿ ਸੂਤਕ-ਪਾਤਕ ਦੇ ਮੰਨਣ ਵਾਲਿਆਂ ਮਨੁੱਖਾਂ ਦੇ ਸਿਧਾਂਤ ਨੂੰ ਖੰਡਨ ਕਰਦਾ ਹੈ।

**ਸ਼ੰਕਾ** :—ਪਿਆਰੇ ਪਾਠਕ ਜੀਉ ! ਜੇਕਰ ਇਥੇ ਗਿਆਨੀ 'ਸਰਲ' ਜੀ ! ਇਹ ਇਤਰਾਜ ਕਰਨ ਕਿ ਇਸ ਸ਼ਬਦ ਦੀਆਂ ਸਾਰੀਆਂ ਤੁਕਾਂ ਤੇ ਸਾਨੂੰ ਇਥੇ ਵਿਚਾਰ ਕਰਨ ਦੀ ਕੋਈ ਵਿਸ਼ੇਸ਼ ਲੋੜ ਨਹੀਂ ਬਲਕਿ ਅਸਾਂ ਨੇ ਇਹ ਸਿੱਧ

. Sri Satguru Jagjit Singh Ji eLibrary NamdhariElibrary@gmail.com .

ਕਰਨਾ ਹੈ ਕਿ ਜਿਤਨੇ ਭੀ ਦਾਣੇ ਅੰਨ ਦੇ ਹਨ ਇਨ੍ਹਾਂ ਵਿਚ ਜੀਵ ਹਨ ਕਿ ਨਹੀਂ ? ਸਾਡਾ ਮੁੱਖ ਲਖ੍ਯ ਹੇਠ ਲਿਖੀ ਗੁਰੂ ਬਾਣੀ ਦੀ ਇਕੋ ਤਕ ਵੱਲ ਹੀ ਹੈ। ਜਿਵੇਂ ਕਿ :—

**"ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**

**ਸਮਾਧਾਨ** :—ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜੇਕਰ ਇੰਜ ਹੀ ਹੈ ਤਾਂ ਫਿਰ ਆਪ ਜੀ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਰਚਿਤ— 'ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ' ਨਾਮਕ ਗ੍ਰੰਥ ਦੇ ਪੰਨੇ ਪ੭ ਤੇ ਹੇਠ ਲਿਖਤ ਤੁਕ ਤੇ ਆਪ ਜੀ ਨੇ ਇਹ ਇਤਰਾਜ ਕਿਉਂ ਕੀਤਾ। ਜਿਸ ਤਰ੍ਹਾਂ ਕਿ :—

'ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥'

ਇਸ ਉਪ੍ਰੋਕਤ ਤੁਕ ਤੇ ਆਪ ਜੀ ਨੇ ਆਪਣੇ ਕ੍ਰਿਤ :—'ਝਟਕ ਪ੍ਰਕਾਸ਼' ਨਾਮਕ ਗ੍ਰੰਥ ਦੇ ਪੰਨੇ ੨੦੯ ਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਉਪ੍ਰੋਕਤ ਗੁਰਬਾਣੀ ਵਾਲੀ ਤੁਕ ਦਾ ਉੱਤਰ ਦਿੰਦੇ ਹੋਏ ਇੰਜ ਕਿਉਂ ਲਿਖਿਆ ਹੈ। ਜਿਵੇਂ ਕਿ :—

(੨) **ਦੂਖੁ ਨ ਦੇਈ ਕਿਸੈ ਜੀਅ. ਪਤਿ ਸਿਉ ਘਰਿ ਜਾਵਉ ॥**
ਪੜ੍ਹੋ ਸਾਰੀ ਪਉੜੀ।
ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ ॥
ਨੇੜੈ ਦੇਖਉ ਪਾਰਬ੍ਰਹਮੁ ਇਕੁ ਨਾਮੁ ਧਿਆਵਉ ॥
ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ ॥
ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ ॥

ਇਸ ਦਾ ਅਰਥ—

ਜਿਸ ਸਚ ਤੋਂ ਸਭ ਸੁਖ ਦੇਣ ਵਾਲੇ ਅੰਮ੍ਰਿਤ ਫਲ ਲਭੀਦੇ ਹਨ, ਉਸ ਸਚ ਦੀ ਕਮਾਈ ਕਰੋ। ਵਾਹਿਗੁਰੂ ਨੂੰ ਹਮੇਸ਼ਾ ਹਾਜ਼ਰ ਨਾਜ਼ਰ ਸਮਝੋ ਤੇ ਉਸ ਦੇ ਇਕ ਨਾਮ ਦਾ ਸਿਮਰਨ ਕਰੋ। ਸਾਰਿਆਂ (ਮਨੁੱਖਾਂ) ਦੇ ਚਰਨਾਂ ਦੀ ਧੂੜ ਬਣ ਕੇ

. Sri Satguru Jagjit Singh Ji eLibrary NamdhariElibrary@gmail.com .

ਵਾਹਿਗੁਰੂ ਵਿਚ ਸਮਾ ਜਾਵੇ। ਕਿਸੈ ਜੀਅ (ਮਨੁੱਖ) ਨੂੰ ਦੁਖ ਨਾਂ ਦਿਓ ਤੇ ਇਜਤ ਨਾਲ ਆਪਣੇ ਘਰ (ਵਾਹਿਗੁਰੂ ਦੇ ਦਰਬਾਰ) ਵਿਚ ਚਲੇ ਜਾਵੋ। ਓਹ ਸ੍ਰਿਸ਼ਟੀ ਦਾ ਰਚਨ ਹਾਰ ਵਾਹਿਗੂਰੂ ਪਤਿਤਾਂ ਨੂੰ ਪਵਿਤ੍ਰ ਕਰਨ ਵਾਲਾ ਹੈ, ਨਾਨਕ ਤੁਹਾਨੂੰ ਇਹ ਗੱਲ ਸੁਣਾਉਂਦਾ ਹੈ।

ਇਸ ਸ਼ਬਦ ਵਿਚ 'ਸਗਲ ਕੀ ਰੇਣਕਾ ਤੇ 'ਕਿਸੇ ਜੀਅ' ਵਲ ਧਿਆਨ ਦੇਣ ਦੀ ਲੋੜ ਹੈ। ਜੇ 'ਕਿਸੇ ਜੀਅ ਦਾ' ਅਰਥ ਚਿਕੜ ਚਮਜੂੰਆ ਤੇ ਜੂਆਂ—ਲੀਖਾਂ ਤਕ ਪਹੁੰਚਾਉਣਾ ਹੈ ਤਾਂ ਸਗਲ ਕੀ ਰੇਣਕਾ ਭੀ ਇਸ ਦੇ ਪਿਛੇ ਪਿਛੇ ਚਲੇਗੀ ਤੇ ਕੁਤਿਆਂ, ਬਿਲਿਆਂ, ਖੋਤੇ, ਖਚਰਾਂ, ਡੰਗਰ. ਵਛੇ ਤੇ ਭੇਡਾਂ ਬਕਰੀਆਂ ਦੀ ਰੇਣਕਾ ਤਕ ਪਹੁੰਚੇਗੀ।

(੧) ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥

(੨) ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥

**ਸਮਾਧਾਨ** :—ਸ੍ਰੀ ਮਾਨ ਗਿਆਨੀ 'ਸਰਲ' ਜੀ ਨੇ ਉਪ੍ਰੋਕਤ ਨੰਬਰ ਇਕ ਤੁਕ ਦੀ ਤਰ੍ਹਾਂ, ਦੂਜੀ ਇਕੋ ਤੁਕ ਦਾ ਅਰਥ ਕਿਉਂ ਨਹੀਂ ਕੀਤਾ? ਵਾਹ ਗਿਆਨੀ ਜੀ ਵਾਹ ਧਨ ਹੋ ਤੇ ਧਨ ਹੈ ਆਪ ਜੀ ਦੀ ਵਿਦ੍ਵਤਾ ਜਿਸ ਨੇ ਨਯਾਯ (ਨਿਆਉ) ਦੀਆਂ ਜੜ੍ਹਾਂ ਨੂੰ ਵੱਢਿਆ ਹੈ। ਦੇਖੋ ਤਾਂ ਸਹੀ :—ਨਿਰਦੋਸ਼ ਬੱਕਰਿਆਂ ਕੁੱਕੜਾਂ ਤੇ ਹਿਰਨਾ ਦੇ ਗਲਿਆਂ ਤੇ ਖਾਲਸਿਆਂ ਦੀਆਂ ਕ੍ਰਿਪਾਨਾਂ ਚਲਣ, ਪਰ ਦੇਸ਼ ਦਰੋਹੀ, ਛਲੀ, ਕਪਟੀ, ਚੋਰ, ਜੁਆਰ, ਬਦਮਾਸ਼, ਦੁਸ਼ਟ, ਮਹਾ ਪਾਪੀ (ਮਹਾ ਹੱਤਿਆਰਾ) ਤੇ ਮਨਮੁਖ ਆਦੀ ਮਨੁੱਖਾਂ ਤੇ ਦਇਆ ਭਾਵ ਦੁਆਰਾ ਵਰਤਾਵ ਕੀਤਾ ਜਾਵੇ, ਕੀ ਇਹ ਆਪ ਦੀ ਪਉੜੀ ਦਾ ਅਰਥ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਹੈ?

ਬਾਕੀ, ਸ੍ਰੀ ਮਾਨ ਜੀ ਨੇ, ਦੂਖ ਨ ਦੇਈ ਕਿਸੈ ਜੀਅ, ਦਾ ਅਰਥ ਕਿਸੇ ਮਨੁੱਖ ਨੂੰ ਦੁਖ ਨ ਦਿਉ ਕੀਤਾ ਹੈ, ਇਹ ਗੁਰੂ ਬਾਣੀ ਦੇ ਅਨੁਕੂਲ ਨਹੀਂ ਕਿਉਂਕਿ ਗੁਰੂ ਜੀ ਨੇ ਲਿਖਿਆ ਹੈ।

ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ॥
੩॥ ੫॥ ੩੯॥ ਆਸਾ ਮਹਲਾ ੧॥ ਪੰਨਾ ੩੬੦॥

. Sri Satguru Jagjit Singh Ji eLibrary NamdhariElibrary@gmail.com .

ਭਾਵ ਜੇ ਕੋਈ ਅਪਣਾ ਵੱਡਾ ਨਾਮ ਵੀ ਕਰ ਲਵੇ ਅਤੇ ਜੀਆਂ ਨੂੰ ਮਾਰ ਕੇ ਉਨ੍ਹਾਂ ਦੇ ਕਬਾਬ ਆਦੀ ਬਣਾ ਕੇ ਸਵਾਦ ਮਨ ਭਾਉ ਦੇ ਕਰੇ, ਤਾਂ ਉਨ੍ਹਾਂ ਜੀਆਂ ਦੇ (ਖਸਮ) ਮਾਲਕ ਦੀ ਨਜ਼ਰ ਵਿਚ ਬੱਕਰੇ ਕੁੱਕੜੀਆਂ ਆਦਿਕ ਜੀਵ ਛੱਡ ਕੇ ਜਿਤਨੇ ਦਾਣੇ ਚੁਗਨੇ ਵਾਲੇ ਛੋਟੇ ਜੀਵ ਕੀੜੇ ਹਨ ਉਹ ਵੀ ਹਨ ਉਨ੍ਹਾਂ ਨਾਲ ਅਨਯਾਯ ਮਾਲਕ ਨਹੀਂ ਹੋਣ ਦੇਵੇਗਾ, ਕਿਤੂੰ ਗਿਆਨੀ ਜੀ ਉਪ੍ਰੋਕਤ ਅਰਥ ਕੇਵਲ ਮਨੁੱਖ ਜੀਵਾਂ ਨੂੰ ਦੁਖ ਨਾ ਦੇਣਾ ਹੀ ਕਰ ਰਹੇ ਹਨ। ਤਥਾ :—

ਹਰਿ ਕੈ ਭਜਨਿ ਕਉਨ ਕਉਨ ਨ ਤਾਰੇ ॥
**ਖਗਤਨ, ਮੀਨਤਨ, ਮ੍ਰਿਗਤਨ, ਬਰਾਹਤਨ ਸਾਧੂ ਸੰਗਿ ਉਧਾਰੇ ॥**
੧ ॥ ਰਹਾਉ ॥

ਦੇਵ ਕੁਲ, ਦੈਤ ਕੁਲ, ਜਖ੍ਹ, ਕਿੰਨਰ ਨਰ ਸਾਗਰ ਉਤਰੇ ਪਾਰੇ ॥
ਜੋ ਜੋ ਭਜਨੁ ਕਰੈ ਸਾਧੂ ਸੰਗਿ ਤਾਕੇ ਦੂਖ ਬਿਦਾਰੇ ॥ ੧ ॥
ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ ॥
ਦੀਨ ਦਇਆਲ ਜਪਹਿ ਕਰੁਣਾ ਮੈ ਨਾਨਕ ਸਦ ਬਲਿਹਾਰੇ ॥
੨ ॥ ੯ ॥ ੧੩ ॥ ਮਲਾਰ ਮਹਲਾ ੫ ॥ ਪੰਨਾ ੧੨੬੯ ॥

ਭਾਵ, ਪੰਛੀ. ਮਛੀ, ਮ੍ਰਿਗ, ਵਰਾਹ ਆਦੀ ਸ਼ਰੀਰ-ਧਾਰੀ ਜੀਵ ਵੀ ਸਾਧੂ ਦੀ ਸੰਗਤ ਕਰਕੇ ਤਰੇ ਹਨ। ਬਾਕੀ ਦੇਵਤੇ, ਰਾਖਸ਼ ਕੁਲ ਵਾਲੇ ਤਥਾ ਜਖ ਕਿੰਨਰ ਆਦੀ ਵੀ ਇਸ ਸੰਸਾਰ ਸਾਗਰ ਤੋਂ ਪਾਰ ਉਤਰੇ ਹਨ ਜੋ ਜੋ ਵੀ ਸਾਧੂ ਦੀ ਸੰਗਤ ਕਰ ਕੇ ਭਜਨ ਈਸ਼ਵਰ ਦਾ ਕਰੇ ਉਨ੍ਹਾਂ ਦੇ ਦੁਖ ਦੂਰ ਹੁੰਦੇ ਹਨ, ਕਾਮ ਕਰੋਧ ਆਦੀ ਮਹਾਂ ਵਿਸ਼ਿਆਂ ਦੇ ਰਸਾਂ ਤੋਂ ਨਿਆਰੇ ਹੋਇ, ਦੀਨ ਦਿਆਲੂ ਕਿਰਪਾ ਰੂਪ ਨੂੰ ਜਪੰ ਗੁਰੂ ਜੀ ਸਦਾ ਬਲਿਹਾਰੀ ਹੈ। ਇਸ ਵਿਚ ਪੰਛੀ, ਮ੍ਰਿਗ, ਮੱਛੀਆਂ ਦੇ ਸ਼ਰੀਰ ਵਾਲੇ ਜੀਵ ਭੀ ਸਾਧੂ ਦੀ ਸੰਗਤ ਕਰਕੇ ਤਰੇ ਲਿਖੇ ਹਨ, ਜੇਕਰ ਸਾਧੂ ਮਨੁੱਖ ਜੀਵਾਂ ਤੋਂ ਬਿਨਾਂ ਕਿਸੇ ਪਸ਼ੂ ਪੰਖੀ ਆਦੀ ਸ਼ਰੀਰ ਧਾਰੀ ਜੀਵਾਂ ਤੇ ਦਇਆ ਹੀ ਨਹੀਂ ਕਰਦੇ ਤਾਂ ਉਹ ਤਰ ਕਿਵੇਂ ਸਕਦੇ ਸਨ। ਗੁਰੂ ਜੀ ਤਾਂ ਪਸ਼ੂ ਪੰਖੀ ਆਦੀ ਜੀਵਾਂ ਦਾ ਉਧਾਰ ਕਰਨ ਦੇ ਚਾਹਵਾਨ ਹਨ, ਜੋ ਦਇਆ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਪਰ ਉਨ੍ਹਾਂ ਦੇ ਸੇਵਕ ਉਨ੍ਹਾਂ ਤੇ ਦਇਆ ਹੀ ਨਹੀਂ ਕਰਨੀ

. Sri Satguru Jagjit Singh Ji eLibrary NamdhariElibrary@gmail.com .

ਕਿਤੂੰ ਉਨ੍ਹਾਂ ਦੇ ਗਲ ਵੱਢ ਕੇ ਉਨ੍ਹਾਂ ਦਾ ਮਾਸ ਖਾਣਾ ਗੁਰੂਬਾਣੀ ਦਾ ਆਸ਼ਾ ਪ੍ਰਗਟ ਕਰ ਰਹੇ ਹਨ।

ਤਾਂ ਤੇ ਉਪ੍ਰੋਕਤ ਅਰਥ ਗਿਆਨੀ ਜੀ ਦਾ ਗੁਰੂਬਾਣੀ ਦੇ ਅਨੁਕੂਲ ਨ ਹੋਣ ਕਰ ਕੇ ਸਰਵਥਾ ਤਿਆਗਣੇ ਯੋਗ ਹੀ ਹੈ ਕਿ ਗੁਰੂਬਾਣੀ ਦਾ ਆਸ਼ਾ ਕੇਵਲ ਮਨੁੱਖ ਜੀਵ ਤੇ ਦਇਆ ਕਰਨ ਦਾ ਹੀ ਹੈ ਕਿਸੇ ਪਸ਼ੂ ਪੰਛੀ ਆਦੀ ਜੀਵਾਂ ਤੇ ਦਇਆ ਕਰਨ ਦਾ ਭਾਵ ਨਹੀਂ।

ਪਿਆਰੇ ਪਾਠਕ ਜੀਉ ! ਗੁਰੂਬਾਣੀ ਵਿਚ ਜਿਥੇ ਜਿਥੇ ਵੀ ਸਰਬਜੀਆਂ ਤੇ ਦਇਆ ਕਰਨੀ ਲਿਖੀ ਤੇ ਉਥੇ ਸਰਬਜੀਆਂ ਵਿਚ ਪਸ਼ੂ ਪੰਖੀ ਆਦੀ ਜੀਵ ਵੀ ਸਮਿਲਤ ਹਨ, ਕੇਵਲ ਮਨੁੱਖ ਅਰਥ ਹੀ ਨਹੀਂ, ਬਾਕੀ ਰਿਹਾ ਸਗਲ ਕੀ ਰੇਣਕਾ, ਇਥੇ ਇਹ ਸ਼ਬਦ ਨਿਮ੍ਰਤਾਭਾਵ ਵਾਸਤੇ ਕਥਨ ਕੀਤਾ ਹੈ, ਹੋਰ ਮਨੁੱਖ ਸ਼ਰੀਰਾਂ ਦੇ ਚਰਨਾਂ ਦੀ ਵੀ ਧੂੜ ਮਿੱਟੀ ਨਹੀਂ ਬਣ ਜਾਣਾ ਕਿਉਂਕਿ ਮਨੁੱਖ ਦਾ ਜੀਵ ਚੇਤਨ ਹੈ, ਜੜ ਮਿੱਟੀ ਨਹੀਂ, ਹੋ ਸਕਦਾ, ਐਵੇਂ ਗਿਆਨੀ ਜੀ ਚਮਜੂਆਂ ਆਦੀ ਜੀਵਾਂ ਦੇ ਵਲ ਧਿਆਨ ਕਰਵਾਕੇ ਆਪਨਾ ਪੱਖ ਸਿੱਧ ਕਰਨ ਦੀ ਹੁਸ਼ਿਆਰੀ ਵਰਤ ਰਹੇ ਹਨ।

ਗਿਆਨੀ 'ਸਰਲ' ਜੀ ਮਹਾਰਾਜ ! ਆਪ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਪਰਮਾਤਮਾ ਨੇ ਸੰਸਾਰ ਵਿਚ ਦੋ ਤਰ੍ਹਾਂ ਦੇ ਜੀਵਾਂ ਦੀ ਸ੍ਰਿਸ਼ਟੀ ਪੈਦਾ ਕੀਤੀ ਹੈ। ਜਿਸ ਵਿਚੋਂ ਇਕ ਓਹ ਜੀਵ ਸ੍ਰਿਸ਼ਟੀ ਜਿਸ ਨੂੰ ਸਥਾਵਰ (ਅਸਥਾਵਰ) ਕਹਿਆ ਜਾਂਦਾ ਹੈ, ਜਿਸ ਵਿਚ ਬਿਰਛ, ਪਰਬਤ, ਸਾਗ, ਸਬਜੀ ਤੇ ਅਨਾਜ ਆਦੀ ਦੀ ਸ੍ਰਿਸ਼ਟੀ ਆ ਜਾਂਦੀ ਹੈ ਤੇ ਦੂਜੇ ਜੀਵ ਸ੍ਰਿਸ਼ਟੀ ਜਿਸ ਨੂੰ ਜੰਗਮ ਜੀਵ ਸ੍ਰਿਸ਼ਟੀ ਵਰਣਨ ਕੀਤਾ ਜਾਂਦਾ ਹੈ, ਜਿਸ ਵਿਚ ਕੀੜੀ ਤੋਂ ਲੈ ਕੇ ਹਾਥੀ ਤਕ ਦੇ ਤੁਰਨ ਫਿਰਨ ਵਾਲੇ ਜੀਵ ਜੰਤੂ ਮੰਨੇ ਜਾਂਦੇ ਹਨ ਭਾਵ (ਇੰਜ ਸਮਝ ਲੋ ਕਿ ਇਕ ਜੜ ਜੀਵ ਤੇ ਦੂਜੀ ਚੇਤਨ ਜੀਵ ਦੀ ਸ੍ਰਿਸ਼ਟੀ)। ਸਥਾਵਰ ਜੀਵ ਸ੍ਰਿਸ਼ਟੀ ਅੰਤਹਕਰਣ ਤੋਂ ਬਿਨਾਂ ਹੁੰਦੀ ਹੈ ਤੇ ਜੰਗਮ-ਜੀਵ ਸ੍ਰਿਸ਼ਟੀ ਅੰਤਹਕਰਣ ਵਾਲੀ ਮੰਨੀ ਜਾਂਦੀ ਹੈ। ਅਸਥਾਵਰਜੀਵ ਸ੍ਰਿਸ਼ਟੀ ਦਾ ਅਤਹਕਰਣ ਨ ਹੋਣ ਕਰਕੇ ਇਨ੍ਹਾਂ ਜੀਵਾਂ ਨੂੰ ਦੁਖ ਸੁਖ ਦਾ ਗਿਆਨ ਨਹੀਂ ਹੁੰਦਾ ਤੇ ਜੰਗਮ-ਜੀਵ ਸ੍ਰਿਸ਼ਟੀ ਦਾ ਅੰਤਹਕਰਣ

. Sri Satguru Jagjit Singh Ji eLibrary NamdhariElibrary@gmail.com .

ਹੋਣ ਕਰਕੇ ਇਨ੍ਹਾਂ ਜੀਵਾਂ ਨੂੰ ਦੁਖ-ਸੁਖ ਦਾ ਗਿਆਨ ਹੁੰਦਾਂ ਹੈ। ਸੋ ਕਿਸੇ ਜੀਵ ਨੂੰ ਦੁਖ ਦੇਣੇ ਨੂੰ ਹੀ ਸ਼ਾਸਤਰਕਾਰਾਂ ਨੇ ਪਾਪ ਮੰਨਿਆ ਹੈ।

ਇਸੀ ਕਰ ਕੇ ਹੀ ਮਹਾਂਪੁਰਸ਼ਾ ਤੇ ਧਰਮ ਸ਼ਾਸਤਰਕਾਰਾਂ ਨੇ ਜੰਗਮ ਜੀਵ ਸ੍ਰਿਸ਼ਟੀ ਦੇ ਜੀਵਾਂ ਨੂੰ ਦੁਖ ਦੇਣ ਨੂੰ ਪਾਪ ਸਮਝ ਕੇ ਤੇ ਇਸ ਦਾ ਤਿਆਗਣ ਕਰਵਾਇਆ ਤੇ ਇਨ੍ਹਾਂ ਸਾਰੇ ਜੀਵਾਂ ਤੇ ਦਇਆ ਕਰਣ ਦਾ ਉਪਦੇਸ਼ ਦਿੱਤਾ। ਜਿਸ ਪ੍ਰਾਚੀਨ ਵਿਧਾਨ ਨੂੰ ਸਾਡੇ ਸਤਿਗੁਰੂ ਸਾਹਿਬਾਂ ਨੇ ਭੀ ਅਪਨਾਇਆ ਹੈ। ਜਿਸ ਤਰ੍ਹਾਂ ਕਿ :—

(੧) ਤਉ ਨਾਨਕ ਸਰਬਜੀਆ ਮਿਹਰੰਮਤਿ ਹੋਇ
ਤ ਮੁਸਲਮਾਣੁ ਕਹਾਵੈ ॥ ੧ ॥
ਮਾਝਕੀ ਵਾਰ ਮਹਲਾ ੧ ॥ ਪਉੜੀ ੮ ॥ ਸਲੋਕ ਮ: ੧ ॥ ਪੰਨਾ ੧੪੧ ॥

(੨) ਜੀਵਤ ਮਰੈ ਤਾ ਸਭੁ ਕਿਛੁ ਸੂਝੈ, ਅੰਤਰਿ ਜਾਣੈ ਸਰਬ ਦਇਆ ॥
ਨਾਨਕ ਤਾ ਕਉ ਮਿਲੈ ਵਡਾਈ, ਆਪੁ ਪਛਾਣੈ ਸਰਬ ਜੀਆ ॥
੨੪ ॥ ੭੩ ॥ ਰਾਮਕਲੀ ਮਹਲਾ ੧ ॥ ਪੰਨਾ ੯੪੦ ॥

(੩) ਏਕਾਦਸੀ ਨਿਕਟਿ ਪੇਖਹੁ ਹਰਿਰਾਮ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮੁ ॥
ਮਨਿ ਸੰਤੋਖ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥
ਪਉੜੀ ੧੧ ॥ ਥਿਤੀ ਗਉੜੀ ਮਹਲਾ ੫ ॥ ਪੰਨਾ ੨੯੯ ॥

(੪) ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
ਦੂਖੁ ਨ ਦੇਈ ਕਿਸੈ ਜੀਅ, ਪਤਿ ਸਿਉ ਘਰਿ ਜਾਵਉ ॥
ਪਉੜੀ ੧੭ ॥ ਗਉੜੀ ਕੀ ਵਾਰ ਮਹਲਾ ੫ ॥ ਪੰਨਾ ੩੨੨ ॥

(੫) ਦਯਾਲੰ ਸਰਬਤ੍ਰ ਜੀਆ, ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲਕਮਲ ਰਹਤਹ ॥
੪੦ ॥ ੬੭ ॥ ੫ ॥ ਸਲੋਕ ਸਹਸ ਕ੍ਰਿਤੀ ਮਹਲਾ ੫ ॥ ਪੰਨਾ ੧੩੫੭ ॥

ਪਿਆਰੇ ਪਾਠਕ ਜੀਓ ! ਗੁਰਬਾਣੀ ਦੇ ਉਪ੍ਰੋਕਤ ਪੰਜੇ ਗੁਰ ਪ੍ਰਮਾਣਾ ਦਾ ਇਹ ਭਾਵ ਨਹੀਂ ਕਿ ਕੇਵਲ ਦਇਆ ਮਨੁੱਖਾਂ ਤੇ ਹੀ ਕੀਤੀ ਜਾਵੇ ਅਤੇ ਕੀੜੀ

. Sri Satguru Jagjit Singh Ji eLibrary NamdhariElibrary@gmail.com .

ਤੋਂ ਲੈ ਕੇ ਹਾਥੀ ਤਕ ਦੇ ਜੀਵਾਂ ਤੇ ਦਇਆ ਨ ਕੀਤੀ ਜਾਵੇ । ਤਾਂਤੇ—ਕੀੜੀ ਤੋਂ ਲੈ ਕੇ ਹਾਥੀ ਤਕ ਦੇ ਜੀਵਾਂ ਤੇ ਦਇਆ ਭਾਵ ਦੁਆਰਾ ਵਰਤਾਵ ਕਰਨਾ ਹੀ ਗੁਰਮਤਿ ਦੇ ਸਿਧਾਂਤ ਅਨੁਸਾਰ, ਦਇਆ ਧਰਮ ਹੈ ।

**ਸ਼ੰਕਾ**—ਜੇਕਰ ਗਿਆਨੀ ਜੀ ! ਇਥੇ ਇਹ ਇਤਰਾਜ਼ ਕਰਨ ਕਿ 'ਅਸਥਾਵਰ' ਤੇ ਜੰਗਮ ਸ੍ਰਿਸ਼ਟੀ ਦੇ ਜੀਵਾਂ ਦਾ ਅੰਤਹਕਰਣ ਹੈ ਕਿ ਨਹੀਂ, ਅਸਾਂ ਨੇ ਇਨ੍ਹਾਂ ਝਮੇਲਿਆਂ ਤੇ ਝਗੜਿਆਂ ਵਿਚ ਨਹੀਂ ਪੈਣਾ ਤੇ ਨ ਸਾਨੂੰ ਇਸ ਵਲ ਧਿਆਨ ਦੇਣ ਦੀ ਕੋਈ ਲੋੜ ਹੈ । ਅਸਾਂ ਨੇ ਤਾਂ ਸਾਗਾਹਾਰੀ ਵੀਰਾਂ ਨੂੰ ਇਹ ਸਿੱਧ ਕਰਕੇ ਦੱਸਣਾਂ ਹੈ ਕਿ ਅੰਨ ਤੇ ਪਾਣੀ ਦੇ ਖਾਣ ਪੀਣ ਨਾਲ ਜੀਵ ਮਰਦੇ ਹਨ ਕਿ ਨਹੀਂ ਇਸ ਦਾ ਉੱਤਰ ਅਸੀਂ ਮੰਗਦੇ ਹਾਂ ।

**ਸਮਾਧਾਨ** :—ਗਿਆਨੀ ਜੀ ਮਹਾਰਾਜ ! ਆਪ ਆਪਣੇ ਆਪ ਨੂੰ ਗਿਆਨੀ ਤਾਂ ਕਹਿਲਾਂਦੇ ਹੋ ਕੀ ਆਪ ਨੂੰ ਏਨਾ ਭੀ ਗਿਆਨ ਨਹੀਂ, ਕਿ ਜੀਵ ਭੀ ਕਦੀ ਮਰਦੇ ਹਨ ? ਭਾਵ ਜੀਵ ਕਦੇ ਭੀ ਨਹੀਂ ਮਰਦੇ, ਜਿਸ ਦਾ ਨਿਰਣਯ ਗੁਰੂ ਸਾਹਿਬਾਂ ਨੇ ਹੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਰਣਨ ਕਰ ਦਿੱਤਾ ਹੈ । ਜਿਵੇਂ ਕਿ :—

(੧) **ਨਾ ਜੀਉ ਮਰੈ ਨ ਡੂਬੈ ਤਰੈ** ॥ ਜਿਨਿ ਕਿਛੁ ਕੀਆ ਸੋ ਕਿਛੁ ਕਰੈ ॥ ਹੁਕਮੇ ਆਵੈ ਹੁਕਮੇ ਜਾਇ ॥ ਆਗੈ ਪਾਛੈ ਹੁਕਮਿ ਸਮਾਇ ॥ ੨ ॥ ੪ ॥ ੨ ॥ ਗਉੜੀ ਮਹਲਾ ੧ ॥ ਪੰਨਾ ੧੫੧ ॥

(੨) ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਮੂਈ ਸੁਰਤਿ ਬਾਦੁ ਅਹੰਕਾਰੁ ॥ **ਓਹ ਨ ਮੂਆ ਜੋ ਦੇਖਣ ਹਾਰੁ** ॥ ੨ ॥ ੪ ॥ ੪ ॥ ਗਉੜੀ ਮਹਲਾ ੧ ॥ ਪੰਨਾ ੧੫੨ ॥

(੩) ਦੇਹੀ ਅੰਦਰਿ ਨਾਮੁ ਨਿਵਾਸੀ ॥ ਆਪੇ ਕਰਤਾ ਹੈ ਅਬਿਨਾਸੀ ॥ **ਨਾ ਜੀਉ ਮਰੈ ਨ ਮਾਰਿਆ ਜਾਈ**, ਕਰਿ ਦੇਖੈ ਸਬਦਿ ਰਜਾਈ ਹੇ ॥ ੧੩ ॥ ੧੬ ॥ ੬ ॥ ਮਾਰੂ ਸੋਲਹਾ ਮਹਲਾ ੧ ॥ ਪੰਨਾ ੧੦੨੬ ॥

(੪) ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥ ੨ ॥

Sri Satguru Jagjit Singh Ji eLibrary NamdhariElibrary@gmail.com

ਮੇਰਾ ਮੇਰਾ ਕਰਿ ਬਿਲ ਲਾਹੀ॥ **ਮਰਣਹਾਰੁ ਇਹੁ ਜੀਅਰਾ ਨਾਹੀ॥**
੩॥੪॥੪੩॥੧੧੨॥ ਗਉੜੀ ਮਹਲਾ ੫॥ ਪੰਨਾ ੧੮੮॥

(੫) ਜੋ ਇਹੁ ਜਾਣਹੁ ਸੋ ਇਹੁ ਨਾਹਿ॥ ਜਾਨਣ ਹਾਰੇ ਕਉ ਬਲਿ ਜਾਉ॥
ਕਹੁ ਨਾਨਕ ਗੁਰਿ ਭਰਮੁ ਚੁਕਾਇਆ॥ **ਨਾ ਕੋਈ ਮਰੈ ਨ ਆਵੈ ਜਾਇਆ॥**
੪॥੧੦॥ ਰਾਮਕਲੀ ਮਹਲਾ ੫॥ ੮੮੫॥

ਪਿਆਰੇ ਪਾਠਕ ਜੀਉ! ਜੇਕਰ ਗਿਆਨੀ 'ਸਰਲ' ਜੀ! ਜੀਵ ਦਇਆ ਦੇ ਸਿਧਾਂਤ ਨੂੰ ਖੰਡਨ ਕਰਦੇ ਹੋਏ ਇਹ ਆਪਣੇ ਵਿਚਾਰ ਪ੍ਰਗਟ ਕਰਨ ਕਿ:—

"ਪਹਿਲੀ ਗੱਲ ਤਾਂ ਇਹ ਹੈ ਇਹ ਅਸੂਲ ਕਾਬਲੇ ਅਮਲ (ਨਿਭਣ ਵਾਲਾ) ਨਹੀਂ, ਇਸ ਵਿਚ ਤਾਂ "ਚੀਟੀ ਤੇ ਕੁੰਚਰ ਅਸਥੂਲਾ" ਤਕ ਨਿੱਕੇ ਵੱਡੇ ਸਾਰੇ ਜੀਵ ਆ ਜਾਂਦੇ ਹਨ। ਜੇ ਮਨੁੱਖ ਇਹਨਾਂ ਸਾਰਿਆਂ ਦਾ ਰਖਵਾਲਾ ਬਣਨਾ ਚਾਹੇ ਤਾਂ ਇਹ ਹੋ ਹੀ ਨਹੀਂ ਸਕਦਾ।" ('ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੩੯ ਵਿਚੋਂ)

**ਸਮਾਧਾਨ**:—ਗਿਆਨੀ 'ਸਰਲ' ਜੀ ਮਹਾਰਾਜ! ਜੇਕਰ ਆਪ ਜੀ ਦੀ ਤਰ੍ਹਾਂ ਦਾਸ ਭੀ ਇਥੇ ਹਠ ਨੂੰ ਧਾਰਣ ਕਰ ਲਵੇਂ ਕਿ:—ਸਾਰਿਆਂ ਜੀਵਾਂ ਦਾ ਜੇਕਰ ਕੋਈ ਰੱਖਵਾਲਾ ਬਣਨਾ ਚਾਹੇ ਤਾਂ ਇਹ ਹੋ ਹੀ ਨਹੀਂ ਸਕਦਾ। ਤਾਂ ਫਿਰ ਆਪ ਜੀ ਨੂੰ ਭੀ ਦਾਸ ਇਹ ਚੈਲੰਜ ਦਿੰਦਾ ਹੈ ਕਿ ਆਪ ਭੀ ਆਪਣੇ ਗੁਰੂ ਸਾਹਿਬਾਂ ਦੀ ਬਾਣੀ ਦੇ ਸਿਧਾਂਤ ਅਨੁਸਾਰ ਆਪਣੇ ਜੀਵਣ ਨੂੰ ਭੀ ਨਹੀਂ ਢਾਲ ਸਕਦੇ ਕਿਉਂਕਿ ਗੁਰੂ ਸਾਹਿਬਾਂ ਨੇ ਜੀਵ ਤੇ ਬ੍ਰਹਮ ਨੂੰ ਇਕ ਰੂਪ ਮੰਨਿਆ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਿਸੇ ਜੀਵ ਦੀ ਹੱਤਿਆ ਕਰਨੀ ਬ੍ਰਹਮ ਹੱਤਿਆ ਹੀ ਹੈ। ਜਿਵੇਂ ਕਿ:—

(੧) **ਸਭ ਮਹਿ ਜੋਤਿ ਜੋਤਿ ਹੈ ਸੋਇ॥** ਤਿਸਕੈ ਚਾਨਣਿ ਸਭ ਮਹਿ ਚਾਨਣਿ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥ ਜੋ ਤਿਸੁ ਭਾਵੈ ਸੁ ਆਰਤੀ ਹੋਇ॥
੩॥੪॥੧॥੭॥੯॥ ਧਨਾਸਰੀ ਮਹਲਾ ੧॥ ਪੰਨਾ ੬੬੩॥

(੨) **ਸਾਗਰੁ ਮਹਿ ਬੂੰਦ ਬੂੰਦ ਮਹਿ ਸਾਗਰੁ,** ਕਵਣੁ ਬੁਝੈ ਬਿਧਿ ਜਾਣੈ॥
ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ॥
੧॥੪॥੯॥ ਰਾਮਕਲੀ ਮਹਲਾ ੧॥ ਪੰਨਾ ੮੭੮॥

. Sri Satguru Jagjit Singh Ji eLibrary NamdhariElibrary@gmail.com .

(੩) **ਆਤਮ ਮਹਿ ਰਾਮੁ ਰਾਮ ਮਹਿ ਆਤਮੁ,** ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ, ਦੁਖ ਕਾਟੈ ਹਉ ਮਾਰਾ ॥
॥ ੧ ॥ ੯ ॥ ੧ ॥ ਭੈਰਉ ਮਹਲਾ ੧ ॥ ਪੰਨਾ ੧੧੫੩ ॥

(੪) ਤੁਧ ਨੋ ਸੇਵਹਿ ਤੁਝੁ ਕਿਆ ਦੇਵਹਿ, ਮਾਂਗਹਿ ਲੇਵਹਿ ਰਹਹਿ ਨਹੀ ॥
ਤੂ ਦਾਤਾ, ਜੀਆ ਸਭਨਾ ਕਾ, **ਜੀਅ ਅੰਦਰਿ, ਜੀਉ ਤੁਹੀ ॥**
੨ ॥ ੪ ॥ ੧ ॥ ਮਲਾਰ ਮਹਲਾ ੧ ॥ ਪਨਾ ੧੨੫੪ ॥

(੫) **ਸਭ ਮਹਿ ਜੀਉ ਜੀਉ ਹੈ ਸੋਈ,** ਘਟਿ ਘਟਿ ਰਹਿਆ ਸਮਾਈ ॥
ਗੁਰਪਰਸਾਦਿ ਘਰ ਹੀ ਪਰਗਾਸਿਆ ਸਹਜੇ ਸਹਜਿ ਸਮਾਈ ॥
੭ ॥ ੮ ॥ ੧ ॥ ਮਲਾਰ ਮਹਲਾ ੧ ॥ ਪੰਨਾ ੧੨੭੩ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵ ਤੇ ਬ੍ਰਹਮ ਇਕ ਰੂਪ ਹਨ । ਜੇਕਰ ਅਸੀਂ ਜੀਵ ਤੋਂ ਬ੍ਰਹਮ ਨੂੰ ਭਿੰਨ ਕਰਨਾ ਚਾਹੀਏ ਤਾਂ ਅਸੀਂ ਕਿਸੇ ਭੀ ਤਰ੍ਹਾਂ ਬ੍ਰਹਮ ਤੋਂ ਜੀਵ ਯਾ ਜੀਵ ਤੋਂ ਬ੍ਰਹਮ ਨੂੰ ਭਿੰਨ (ਜੁਦਾ) ਨਹੀਂ ਕਰ ਸਕਦੇ । ਜਿਸ ਤਰ੍ਹਾਂ ਪਾਣੀ ਤੋਂ ਉਤਪਨ ਹੋਈ ਤਰੰਗ ਪਾਣੀ ਤੋਂ ਜੁਦਾ ਨਹੀਂ ਕੀਤੀ ਜਾ ਸਕਦੀ । ਸੋ ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੀਵ ਦੀ ਹੱਤਿਆ ਕਰਨੀ ਬ੍ਰਹਮ ਦੀ ਹੱਤਿਆ ਹੀ ਹੈ ।

**ਪ੍ਰਸ਼ਨ** :—ਓਹ ਬ੍ਰਹਮ ਰਹਿੰਦਾ ਕਿੱਥੇ ਹੈ ?

**ਉੱਤਰ** :—ਇਸ ਸੰਸਾਰ (ਜਗਤ) ਵਿਚ ਕੋਈ ਐਸਾ ਥਾਂ ਨਹੀਂ ਹੈ ਜੋ ਬਰਮ ਤੋਂ ਖ਼ਾਲੀ ਹੋਵੇ । ਜਿਵੇਂ ਕਿ :—

(੧) ਸੋ ਅੰਤਰਿ ਸੋ ਬਾਹਰਿ ਅਨੰਤ ॥
ਘਟਿ ਘਟਿ ਬਿਆਪਿ ਰਹਿਆ ਭਗਵੰਤ ॥
ਧਰਨਿ ਮਾਹਿ ਆਕਾਸ ਪਇਆਲ ॥
ਸਰਬ ਲੋਕ ਪੂਰਨ ਪ੍ਰਤਿਪਾਲ ॥
ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥
ਜੈਸੀ ਆਗਿਆ ਤੈਸਾ ਕਰਮੁ ॥

. Sri Satguru Jagjit Singh Ji eLibrary NamdhariElibrary@gmail.com .

ਪਉਣ ਪਾਣੀ ਬੈਸੰਤਰ ਮਾਹਿ ॥
ਚਾਰਿ ਕੁੰਟ ਦਹ ਦਿਸੇ ਸਮਾਇ ॥
ਤਿਸ ਤੇ ਭਿੰਨ ਨਹੀ ਕੋ ਠਾਉ ॥
ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥
੨ ॥ ੮ ॥ ੨੩ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੯੩ ॥

(੨) ਗੁਣ ਗੋਪਾਲ ਗਾਵਹੁ ਨਿਤ ਸਖੀਹੋ ਸਗਲ ਮਨੋਰਥ ਪਾਏ ਰਾਮ ॥
ਸਫਲ ਜਨਮੁ ਹੋਆ ਮਿਲਿ ਸਾਧੂ ਏਕੰਕਾਰੁ ਧਿਆਏ ਰਾਮ ॥
ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲਿ ਛਾਇਆ ॥
**ਬ੍ਰਹਮੋ ਪਸਾਰਾ, ਬ੍ਰਹਮੁ ਪਸਰਿਆ, ਸਭੁ ਬ੍ਰਹਮੁ ਦ੍ਰਿਸਟੀ ਆਇਆ ॥**
ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ ॥
ਪੇਖਿ ਦਰਸਨੁ ਨਾਨਕ ਬਿਗਸੇ ਆਪਿ ਲਏ ਮਿਲਾਏ ॥
੪ ॥ ੫ ॥ ੮ ॥ ਸੂਹੀ ਛੰਤ ਮਹਲਾ ੫ ॥ ਪੰਨਾ ੭੮੨ ॥

(੩) ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥
**ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ** ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ, ਜਿਨ੍ਹੀ ਹਰਿ ਰਸੁ ਪੀਆ ॥ ੪ ॥ ੨ ॥
ਬਿਲਾਵਲੁ ਛੰਤ ਮਹਲਾ ੫ ॥ ਪੰਨਾ ੮੪੬ ॥

ਪਿਆਰੇ ਪਾਠਕ ਜੀਓ ! ਗੁਰੂ ਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰ ਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰ ਤੋਂ ਬ੍ਰਹਮ ਭਿੰਨ (ਜੁਦਾ) ਨਹੀਂ, ਫਿਰ ਕਿਸੇ ਭੀ ਪ੍ਰਾਣੀ ਮਾਤ੍ਰ ਜੀਵ ਅਥਵਾ ਕਿਸੇ ਭੀ ਪਦਾਰਥ ਦੀ ਤੋੜ ਫੋੜ ਕਰਨੀ ਕੀ ਇਹ ਜੀਵ ਤੇ ਬ੍ਰਹਮ ਦੀ ਹੱਤਿਆ ਨਹੀਂ ? ਬਲਕਿ ਗੁਰੂ ਸਾਹਿਬਾਂ ਨੇ ਤਾਂ ਸਾਰੇ ਸੰਸਾਰ (ਜਗਤ) ਨੂੰ ਪਾਰਬ੍ਰਹਮ ਦਾ ਸਰੂਪ ਜਾਣ ਕੇ ਤੇ ਇਸ ਦੀ

. Sri Satguru Jagjit Singh Ji eLibrary NamdhariElibrary@gmail.com .

ਪੂਜਾ ਕਰਨੀ ਦੱਸੀ ਹੈ । ਜਿਸ ਤਰ੍ਹਾਂ ਕਿ :—

**ਮਨ ਤੇ ਬਿਨਸੈ ਸਗਲਾ ਭਰਮੁ ॥**
**ਕਰਿ ਪੂਜੈ ਸਗਲ ਪਾਰਬ੍ਰਹਮੁ ॥**

੩ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੪ ॥

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜੋ ਸਿੱਖ ਗੁਰੂ ਸਾਹਿਬਾਂ ਦੀ ਆਗਿਆ ਅਨੁਸਾਰ ਸਾਰੇ ਸੰਸਾਰ ਨੂੰ ਬ੍ਰਹਮ ਰੂਪ ਜਾਣ ਕੇ ਪੂਜਦਾ ਹੈ, ਓਹ ਮਨੁੱਖ ਕਿਸੇ ਜੀਵ ਨੂੰ ਕਿਵੇਂ ਮਾਰ ਕੇ ਤੇ ਉਸ ਨੂੰ ਖਾ ਸਕਦਾ ਹੈ ?

---

# ਜੀਆ ਕਾ ਆਹਾਰ
# ਜੀਅ ਖਾਣਾ, ਏਹੁ ਕਰੇਇ ॥

॥ ਜੀਆ ਕਾ ਆਹਾਰ ਜੀਅ ਖਾਣਾ, ਏਹੁ ਕਰੇਇ ॥

ਪਿਆਰੇ ਪਾਠਕ ਜੀਉ ! ਜੇ ਕਰ ਕੋਈ ਮਾਸਾਹਾਰੀ ਵੀਰ ਇਸ ਉਪ੍ਰੋਕਤ ਗੁਰੂਬਾਣੀ ਦੀ ਤੁਕ ਦਾ ਆਧਾਰ ਲੈ ਕੇ ਸਿੱਖਾਂ ਨੂੰ ਮਾਸ ਖਾਣਾ ਸਿੱਧ ਕਰਦਾ ਹੈ, ਇਹ ਭੀ ਉਸ ਦੀ ਇਕ ਅਗਿਆਨਤਾ ਹੀ ਸਿੱਧ ਹੁੰਦੀ ਹੈ ਕਿਉਂਕਿ ਜਦ ਅਸੀਂ ਇਸ ਗੁਰਬਾਣੀਦੀ ਤੁਕ ਦੇ ਪੂਰੇ ਸ਼ਬਦ ਤੇ ਨਿਰਪੱਖ ਹੋ ਕੇ ਤੇ ਇਸ ਤੇ ਵਿਚਾਰ ਕਰਦੇ ਹਾਂ ਤਾਂ ਇਸ ਤੁਕ ਦਾ ਭਾਵ ਇਹ ਨਹੀਂ ਨਿਕਲਦਾ ਜੋ ਮਾਸਾਹਾਰੀ ਵੀਰਾਂ ਨੇ ਸਮਝ ਰੱਖਿਆ ਹੈ । ਸੋ ਇਸ ਸ਼ਬਦ ਦੀ ਅਸਲੀਯਤ ਨੂੰ ਸਮਝਣ ਲਈ ਸਾਨੂੰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਸ ਸ਼ਬਦ ਦੀਆਂ ਸਤਾਂ ਤੁਕਾਂ ਤੇ ਜੁਦਾ ਜੁਦਾ ਵਿਚਾਰ ਕਰੀਏ । ਸੋ ਸਭ ਤੋਂ ਪਹਿਲੇ ਇਸ ਸ਼ਬਦ ਨੂੰ ਇਥੇ ਪੂਰਾ ਲਿਖਿਆ ਜਾਂਦਾ ਹੈ । ਜਿਸ ਤਰ੍ਹਾਂ ਕਿ :—

ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥
ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ ॥

. Sri Satguru Jagjit Singh Ji eLibrary NamdhariElibrary@gmail.com .

ਓਥੈ ਹਟੁ ਨ ਚਲਈ ਨ ਕੋ ਕਿਰਸ ਕਰੇਇ ॥
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥
**ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥**
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥
ਰਾਮਕਲੀ ਕੀ ਵਾਰਮਹਲਾ ੩॥ ਪਉੜੀ ੧੯॥ਸਲੋਕ ਮ:੨॥ਪੰਨਾ ੯੫੫ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਸ ਉਪ੍ਰੋਕਤ ਗੁਰਪ੍ਰਮਾਣ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਂ ਨੇ ਹਰ ਪ੍ਰਾਣੀ ਮਾਤ੍ਰ ਨੂੰ ਇਹ ਉਪਦੇਸ਼ ਦਿੱਤਾ ਹੈ ਕਿ ਹੇ ਸਜਣੋ ! ਤੁਸੀਂ ਕਿਸੇ ਤਰ੍ਹਾਂ ਦੀ ਭੀ ਚਿੰਤਾ ਨ ਕਰੋ ਦੇਖੋ ਤਾਂ ਸਹੀ ਪਾਣੀ ਵਿਚ ਰਹਿਣ ਵਾਲਿਆਂ ਜੀਵਾਂ ਨੂੰ ਭੀ ਪ੍ਰਭੂ ਆਹਾਰ ਪਹੁੰਚਾਉਦਾ ਹੈ, ਕੀ ਤੁਹਾਡੀ ਪ੍ਰਤਿਪਾਲ ਹਰੀ ਨਹੀਂ ਕਰੇਗਾ ਜ਼ਰੂਰ ਕਰੇਗਾ । ਤਾਂ ਤੇ ਤੁਸੀਂ ਚਿੰਤਾ ਕਰਣੀ ਛਡ ਦਿਓ । ਪਰ ਹੁਣ ਆਓ ਆਪਾਂ ਮਿਲ ਕੇ ਇਸ ਉਪ੍ਰੋਕਤ ਸ਼ਬਦ ਦੀਆਂ ਵੱਖ ਵੱਖ ਤੁਕਾਂ ਤੇ ਵਿਚਾਰ ਕਰੀਏ ਕਿ ਇਸ ਸ਼ਬਦ ਤੋਂ ਸਿਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ਕਿ ਨਹੀਂ ਜਿਸ ਤਰ੍ਹਾਂ ਕਿ :—

(੧) ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ ॥

**ਭਾਵਾਰਥ** :—ਗੁਰੂ ਜੀ ਕਥਨ ਕਰਦੇ ਹਨ ਕਿ ਹੇ ਵੀਰੋ ! ਕਿਸੇ ਤਰ੍ਹਾਂ ਦੀ ਭੀ ਚਿੰਤਾ ਫਿਕਰ ਨਹੀਂ ਕਰਨੀ ਚਾਹੀਦੀ ਹੈ (ਕਿਉਂਕਿ)

(੨) ਜਲ ਮਹਿ ਜੰਤ ਉਪਾਇਅਨਿ ਤਿਨਾ ਭੀ ਰੋਜੀ ਦੇਇ ॥

**ਭਾਵਾਰਥ** :—(ਜਿਸ ਨੇ) ਪਾਣੀ ਵਿਚ ਜੀਵ ਪੈਦਾ ਕੀਤੇ ਹਨ । ਉਨ੍ਹਾਂ ਨੂੰ ਭੀ ਰੋਜੀ ਦੇਂਦਾ ਹੈ ।

(੩) ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ ॥

**ਭਾਵਾਰਥ** :—ਉਥੈ (ਕੋਈ) ਦੁਕਾਨ ਨਹੀਂ ਤੁਰਦੀ ਤੇ ਨ ਕੋਈ ਕਿਰਸ (ਖੇਤੀ) ਕਰਦਾ ਹੈ ।

(੪) ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ ॥

. Sri Satguru Jagjit Singh Ji eLibrary NamdhariElibrary@gmail.com .

**ਭਾਵਾਰਥ** :—ਕਦੇ (ਕੋਈ ਉਥੇ) ਸਉਦਾ ਵਪਾਰ ਭੀ ਨਹੀਂ ਹੁੰਦਾ ਤੇ ਨਾ ਕੋਈ ਉਧਾਰ ਲੈਂਦਾ ਤੇ ਨਾ ਕੋਈ ਦੇਂਦਾ ਹੈ।

(੫) ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ ॥

**ਭਾਵਾਰਥ** :—(ਜਲ ਵਿਚ ਰਹਿਣ ਵਾਲੇ) ਜੀਵਾਂ ਦੀ ਖੁਰਾਕ ਜੀਵ ਹੀ ਹਨ, ਏਹੋ (ਹੀ ਜਲਚਰ ਜੀਵ ਜੰਤੂ) ਖਾਣ ਕਰਦੇ ਸਨ।

(੬) ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ ॥

**ਭਾਵਾਰਥ** :—(ਜੋ) ਸਾਇਰਾ (ਸੁਮੰਦ੍ਰਾਂ) ਵਿਚ ਜੀਵ ਪੈਦਾ ਕੀਤੇ ਹਨ, ਉਨ੍ਹਾਂ ਦੀ ਸਾਰ ਭੀ (ਓਹੀ) ਕਰਦਾ ਹੈ।

(੭) ਨਾਨਕ ਚਿਤਾ ਮਤ ਕਰਹੁ ਚਿੰਤਾ ਤਿਸ ਹੀ ਹੇਇ ॥ ੧ ॥

**ਭਾਵਾਰਥ** :—ਨਾਨਕ (ਗੁਰੂ ਜੀ ਕਥਨ ਕਰਦੇ ਹਨ ਕਿ) ਹੇ ਭਾਈ! ਤੋਂ ਚਿੰਤਾ ਫਿਕਰ ਨ ਕਰ ਕਿਉਂਕਿ ਉਸ ਹਰੀ ਪ੍ਰਭੂ ਨੂੰ ਹੀ ਤੇਰੀ ਰੋਜ਼ੀ ਦੀ ਚਿੰਤਾ ਹੈ ॥ ੧ ॥

ਪਿਆਰੇ ਪਾਠਕ ਜੀਉ! ਜਿਸ ਸ਼ਬਦ ਤੇ ਅਸੀਂ ਵਿਚਾਰ ਕਰ ਰਹੇ ਹਾਂ ਇਸ ਦਾ ਪ੍ਰਕਰਣ ਆਹਾਰ (ਰੋਜ਼ੀ) ਦੀ ਚਿੰਤਾ ਫਿਕਰ ਨੂੰ ਦੂਰ ਕਰਨ ਦਾ ਹੈ। ਇਸ ਸ਼ਬਦ ਵਿਚ ਗੁਰੂ ਜੀ ਕਥਨ ਕਰਦੇ ਹਨ ਕਿ ਇਹ ਜੀਵ ਤੂੰ ਆਪਣੀ ਰੋਜ਼ੀ ਦੀ ਚਿੰਤਾ ਕਿਉਂ ਕਰਦਾ ਹੈ ਦੇਖੋ ਤਾਂ ਸਹੀ ਪਾਣੀ ਦੇ ਅੰਦਰ ਰਹਿਣ ਵਾਲੇ ਜੀਵ ਜੰਤੂਆਂ ਦੀ ਭੀ ਰੋਜ਼ੀ ਹਰੀ ਪ੍ਰਭੂ ਆਪ ਦੇਂਦਾ ਹੈ। ਪਰ ਤੂੰ ਤਾਂ ਪ੍ਰਿਥਵੀ ਉਤੇ ਰਹਿੰਦਾ ਹੈ। ਜਿਥੇ ਛੱਤੀ ਤਰ੍ਹਾਂ ਦੇ ਅੰਮ੍ਰਿਤ ਰੂਪੀ ਪਦਾਰਥ ਪ੍ਰਾਪਤ ਹੋ ਸਕਦੇ ਹਨ। ਫਿਰ ਭੀ ਤੋਂ ਚਿੰਤਾ ਕਰਦਾ ਹੈ। ਸੋ ਤੈਨੂੰ ਚਿੰਤਾ ਫਿਕਰ ਨਹੀਂ ਕਰਨਾ ਚਾਹੀਦੀ। ਤਾਂਤੇ ਇਸ ਉਪ੍ਰੋਕਤ ਗੁਰਬਾਣੀ ਦੇ ਗੁਰਪ੍ਰਮਾਣ ਤੋਂ ਭੀ ਸਿੱਖਾਂ ਦਾ ਮਾਸ ਖਾਣਾ ਸਿੱਧ ਨਹੀਂ ਹੁੰਦਾ।

. Sri Satguru Jagjit Singh Ji eLibrary NamdhariElibrary@gmail.com .

# "ਸਿੰਘ ਰੁਚੈ ਸਦ ਭੋਜਨ ਮਾਸ"

**ਸਿੰਘ ਰੁਚੈ ਸਦ ਭੋਜਨ ਮਾਸ ॥**

ਪਿਆਰੇ ਪਾਠਕ ਜੀਉ ! ਜੇ ਕਰ ਕੋਈ ਸਿੱਖ ਵੀਰ ਇਸ ਉਪ੍ਰੋਕਤ ਗੁਰਬਾਣੀ ਦੀ ਤੁਕ ਦਾ ਹਵਾਲਾ ਦੇ ਕੇ ਸਿੱਖ ਧਰਮ ਦਾ ਮਾਸ ਖਾਣਾ ਸਿੱਧ ਕਰਦਾ ਹੈ। ਇਹ ਭੀ ਉਸ ਦੀ ਇਕ ਆਗਿਆਨਤਾ ਹੀ ਸਿੱਧ ਹੁੰਦੀ ਹੈ ਕਿਉਂਕਿ ਇਹ ਉਪ੍ਰੋਕਤ ਗੁਰਬਾਣੀ ਦੀ ਤੁਕ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਉਚਾਰਣ ਕੀਤੀ ਹੋਈ ਹੈ ਤੇ ਇਸ ਤੁਕ ਦਾ ਭਾਵ ਸਿੱਖਾਂ ਦਾ ਮਾਸ ਖਾਣਾ ਸਿੱਧ ਨਹੀਂ ਕਰਦੀ ਬਲਕਿ ਮਾਸ ਖਾਣ ਦਾ ਵਿਰੋਧ ਹੀ ਕਰਦੀ ਹੈ । ਜਿਸ ਦਾ ਸਪਸ਼ਟੀ ਕਰਣ ਇਸ ਹੇਠ ਲਿਖੇ ਗੁਰ ਪ੍ਰਮਾਣ ਤੋਂ ਹੀ ਹੋ ਜਾਂਦਾ ਹੈ। ਜਿਸ ਤਰ੍ਹਾਂ ਕਿ :—

(੧) **ਸਿੰਘ ਰੁਚੈ ਸਦ ਭੋਜਨ ਮਾਸ ॥**
ਰਣੁ ਦੇਖਿ ਸੂਰੇ ਚਿਤ ਉਲਾਸ ॥
ਕਿਰਪਨ ਕਉ ਅਤਿ ਧਨ ਪਿਆਰ ॥
'ਹਰਿਜਨ' ਕਉ 'ਹਰਿ ਹਰਿ' ਅਧਾਰ ॥
੩ ॥ ੪ ॥ ੨ ॥ ਬਸੰਤ ਮਹਲਾ ੫ ॥ ਪੰਨਾ ੧੧੮੦ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਸ ਉਪ੍ਰੋਕਤ ਗੁਰ ਪ੍ਰਮਾਣ ਦੀ ਪਹਿਲੀ ਤੁਕ ਵਿਚ ਗੁਰੂ ਸਾਹਿਬਾਂ ਨੇ ਇਹ ਕਥਨ ਕੀਤਾ ਹੈ ਕਿ :—ਜਿਸ ਤਰ੍ਹਾਂ ਜੰਗਲ ਦੇ ਬਾਦਸ਼ਾਹ ਸਿੰਘ (ਸ਼ੇਰ) । ਦੀ ਰੁਚੀ ਮਾਸ ਖਾਣ ਵਲ ਹੁੰਦੀ ਹੈ । ਇਸੀ ਤਰ੍ਹਾਂ ਹੀ ਚਉਥੀ ਤੁਕ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਹਰਿਜਨ (ਗੁਰਮੁਖਿ)ਦੀ ਰੁਚੀ 'ਹਰਿਨਾਮ' ਦੇ ਨਾਲ ਹੁੰਦੀ ਹੈ । ਸੋ ਇਨ੍ਹਾਂ ਗੁਰਬਾਣੀ ਦੀਆਂ ਚਾਰੇ ਤੁਕਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਾਸ ਖਾਣਾ ਸਿੱਖਾਂ ਦੀ ਖੁਰਾਕ ਨਹੀਂ ਬਲਕਿ ਸਿੰਘ—ਸ਼ੇਰ ਚੀਤਾ ਆਦਿਕ ਜੰਗਲੀ ਜਾਨਵਰਾਂ ਦੀ ਖੁਰਾਕ ਹੈ ।

. Sri Satguru Jagjit Singh Ji eLibrary NamdhariElibrary@gmail.com .

# ਕੀ ਕੁਰੁਕਸ਼ੇਤਰ ਦੇ ਪ੍ਰਸੰਗ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨੇ ਆਪਣੇ 'ਝਟਕਾ ਪ੍ਰਕਾਸ਼' ਨਾਮਕ ਗਰੰਥ ਦੇ ਪੰਨੇ ੧੪੨ ਤੋਂ ਲੈ ਕੇ ੧੭੬ ਤਕ ਅੱਡੀ ਤੋਂ ਲੈ ਕੇ ਚੋਟੀ ਤਕ ਆਪਣੀ ਬੁਧੀ ਬਲ ਦੁਆਰਾ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ, ਕਿ ਸਿੱਖ ਧਰਮ ਵਿਚ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਧ ਹੋ ਸਕੇ । **ਪਰ ਅਫ਼ਸੋਸ ਹੈ ਕਿ ਗਿਆਨੀ ਜੀ ਦਾ ਇਤਨਾ ਯਤਨ ਕਰਣ ਦੇ ਬਾਵਜੂਦ ਭੀ ਆਪਣੇ ਪਰਯਤਨ ਵਿਚ ਅਸਫਲ ਹੀ ਰਹੇ ।** ਜਿਸ ਦਾ ਸਪਸ਼ਟੀ ਕਰਣ ਗਿਆਨੀ ਜੀ ਦੇ ਇਸੇ ਲੇਖ ਦੇ ਅੰਤਮ ਲਿਖਤ ਵਿਚਾਰ ਤੋਂ ਹੀ ਪ੍ਰਗਟ ਹੋ ਜਾਂਦਾ ਹੈ । ਜਿਸ ਤਰ੍ਹਾਂ ਕਿ :—

ਗਿਆਨੀ ਜੀ ! ਆਪਣੇ 'ਝਟਕਾ ਪ੍ਰਕਾਸ਼' ਨਾਮਕ ਗਰੰਥ ਦੇ ਪੰਨੇ ੧੭੫ ਤੇ ਲਿਖਦੇ ਹਨ ਕਿ :—ਹੋਰ ਮ੍ਹਾਸ ਦੀ ਖੀਰ ਬਣ ਜਾਣਦਾ ਇਹ ਮਤਲਬ ਭੀ ਨਹੀਂ ਕਿ ਗੁਰੂ ਜੀ ਨੇ ਆਪਣਾ (ਮ੍ਹਾਸ ਖਾਣ ਦਾ) ਸਿਧਾਂਤ ਬਦਲ ਲਿਆ ਸੀ । ਗੁਰੂ ਜੀ ਦਾ ਇਸੇ ਹੀ ਇਤਿਹਾਸ (**ਨਾਨਕ ਪ੍ਰਕਾਸ਼**) **ਵਿਚ ਪਰਤਖ ਮਾਸ ਖਾਣ ਦਾ ਸਬੂਤ ਭੀ ਮੌਜੂਦ ਹੈ, ਜਿਥੇ ਉਹਨਾਂ ਦਾ ਮਾਸ ਖਾਣਾ ਸਿੱਧ ਹੈ, ਉਥੇ ਮਾਸ ਦੀ ਖੀਰ ਨਹੀਂ ਬਣੀ**, ਵੇਖੋ ਇਸੇ ਪੁਸਤਕ ਦੀਆਂ ਇਤਿਹਾਸਕ ਸਾਖੀਆਂ (ਸਿੱਖ ਇਤਿਹਾਸ ਤੇ ਮਾਸ) ਵਿਚੋਂ ਸਾਖੀ ਨੰਬਰ ੩ ।''

ਪਿਆਰੇ ਪਾਠਕ ਜੀਉ ! ਗਿਆਨੀ 'ਸਰਲ' ਜੀ ਦੇ ਉਪ੍ਰੋਕਤ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗਿਆਨੀ ਜੀ ਮਹਾਰਾਜ ਇਹ ਸਵੀਕਾਰ ਕਰ ਰਹੇ ਹਨ ਕਿ ਇਸ ਕੁਰਖੇਤਰ ਵਾਲੇ ਪ੍ਰਸੰਗ ਤੋਂ ਸ੍ਰੀ ਗੁਰੂ ਨਾਟਕ ਦੇਵ ਜੀ ਦਾ ਮਾਸ ਖਾਣਾ ਸਿੱਧ ਨਹੀਂ ਹੁੰਦਾ । ਪਰ ਗਿਆਨੀ ਜੀ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਗਰੰਥ ਦੇ ਦੂਜੇ ਪ੍ਰਸੰਗ ਦਾ ਆਧਾਰ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਸ ਖਾਣਾ ਸਿੱਧ ਕਰ ਰਹੇ ਹਨ । ਜਿਸ ਤਰ੍ਹਾਂ ਕਿ :—'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੭੦ ਤੇ ਲਿਖਿਆ ਹੈ ।

. Sri Satguru Jagjit Singh Ji eLibrary NamdhariElibrary@gmail.com .

(੩) ਨਾਨਕ ਪ੍ਰਕਾਸ਼—

ਇਕ ਵਾਰ ਕਿਸੇ ਵੈਸ਼ਨੋ ਪੰਡਤ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮਾਸ ਖਾਂਦਿਆਂ ਵੇਖ ਕੇ ਇਹ ਸ਼ੰਕਾ ਕੀਤੀ । ਯਥਾ :—

**ਚੌਪਈ**

ਬੋਲਿਓ ਬਹੁਰੰ ਬਚਨ ਦੁਰਾਸਾ ॥
ਸੰਤ ਹੋਇ ਕਿਉ ਖਾਵਤ ਮਾਸਾ ॥
ਕਿਉਂ ਤਨ ਉਪਹ ਚਰਮੰ ਲੀਨਾ ॥
ਇਹ ਤੁਮ ਕਰਮ ਵਿਪਰਜੇ ਕੀਨਾ ॥

ਇਸ ਦੇ ਉੱਤਰ ਵਿਚ ਗੁਰੂ ਜੀ ਨੇ 'ਪੜਿ ਪੜਿ ਗੱਡੀ ਲਦੀਐ' ਵਾਲਾ ਸ਼ਬਦ ਉਚਾਰਨ ਕੀਤਾ ਤੇ ਭਾਵ ਇਹ ਪਰਗਟ ਕੀਤਾ ਕਿ ਹੇ ਪੰਡਤ ਜੀ ! ਤੁਸੀਂ ਪੜ੍ਹੇ ਹੋਏ ਤਾਂ ਬੜੇ ਹੋ ਤੇ ਗੱਡਿਆ ਦੇ ਗੱਡੇ ਗਰੰਥ ਦੇ ਲੱਦੀ ਫਿਰਦੇ ਹੋ ਪਰ ਤੁਹਾਨੂੰ ਅਜੇ ਗੁਰੂ ਦੀ ਪਰਾਪਤੀ ਨਹੀਂ ਹੋਈ, ਜਿਸ ਕਰਕੇ ਤੁਸੀਂ ਗ੍ਰਿਹਣ ਤਿਆਗਣ ਦਾ ਸਿਧਾਂਤ ਨਹੀਂ ਸਮਝ ਸਕੇ । ਜਿਹਾ ਕਿ :—

ਪੂਰਨ ਪੁੰਨ ਪੁੰਜ ਜਬ ਹੋਇ ॥
ਮਿਲਹਿਂ ਗੁਰੂ ਉਪਦੇਸਹਿਂ ਸੋਇ ॥
ਸਾਰ ਅਸਾਰ ਲਖਾਵੈ ਜਬੈ ॥
ਗ੍ਰਿਹਨ ਤਿਯਾਗਨੋ ਜਾਨੈ ਤਬੈ ॥

(ਸ੍ਰੀ ਨਾਨਕ ਪ੍ਰਕਾਸ਼ ਉਤਰਾਧ ਅਧਿਆਇ ੧੪)

ਸੋ ਗੁਰੂ ਜੀ ਦਾ ਇਹਨਾਂ ਸ਼ਬਦਾਂ ਦੇ ਕਹਿਣ ਤੋਂ ਇਹੋ ਭਾਵ ਨਿਕਲਦਾ ਹੈ ਕਿ ਹੇ ਪੰਡਤ ਜੀ ! ਤੁਸੀਂ ਮਾਸ ਦਾ ਤਿਆਗ ਕਰੀ ਫਿਰਦੇ ਹੋ ਇਹ ਤੁਹਾਡੀ ਅਗਿਆਨਤਾ ਹੈ । ਤੁਹਾਨੂੰ ਸਾਰ ਅਸਾਰ ਦੀ ਕੋਈ ਸਮਝ ਨਹੀਂ, ਕਿਉਂਕਿ ਤੁਹਾਨੂੰ ਸਮਝਾਉਣ ਵਾਲਾ ਪੂਰਾ ਗੁਰੂ ਅਜੇ ਨਹੀਂ ਮਿਲਿਆ । ਇਸ ਦਾ ਸਿਧਾਂਤ ਵੀ ਅਭੱਖ ਭਖਹਿ ਤਜ ਛੋਡਹਿਂ ਅੰਧ ਗੁਰੂ ਜਿਨ ਕੇਰਾ ਨਾਲ ਹੂਬਹੂ ਮਿਲਦਾ ਹੈ ।

ਪਰ ਇਥੇ ਇਹ ਗੱਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ ਇਥੇ ਕੁਰਖੇਤਰ

Sri Satguru Jagjit Singh Ji eLibrary NamdhariElibrary@gmail.com

ਦੀ ਤਰ੍ਹਾਂ ਮਾਸ ਦੀ ਖੀਰ ਕੋਈ ਨਹੀਂ ਬਣੀ।"

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ ਜੀ ਦੇ ਇਸ ਉਪ੍ਰੋਕਤ ਇਤਿਹਾਸਕ ਪ੍ਰਸੰਗ ਤੋਂ ਭੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਸ ਖਾਣਾ ਸਿਧ ਨਹੀਂ ਹੁੰਦਾ ਕਿਉਂਕਿ ਇਹ ਪ੍ਰਸੰਗ ਭੀ ਕਿਸੇ ਚਤੁਰ ਮਾਸਾਹਾਰੀ ਮਨੁੱਖ ਦੀ ਰਚਨਾ ਹੈ। ਜੇਕਰ ਇੰਜ ਨਹੀਂ ਤਾਂ ਫਿਰ ਹੇਠ ਲਿਖਤ ਇਤਿਹਾਸਕ ਗਰੰਥ (ਸ੍ਰੀ ਗੁਰੂ ਨਾਨਕ ਪ੍ਰਕਾਸ਼) ਦੇ ਹਵਾਲੇ ਦਾ ਉੱਤਰ ਸ੍ਰੀ ਮਾਨ ਗਿਆਨੀ 'ਸਰਲ' ਜੀ ਤੇ ਹੋਰ ਮਾਸਾਹਾਰੀ ਵੀਰਾਂ ਪਾਸ ਕੀ ਹੈ ? ਜਿਵੇਂ ਕਿ :—ਸ੍ਰੀ ਬਾਲਾ ਸੰਧੁਰ ਵਾਚ :—

### ਚੌਪਈ

ਸੁਨਹੁ ਗੁਰੂ ਅਗੰਦ ਗਤਿ ਦਾਨੀ। ਕਥਾ ਰਸਾਲ ਬਿਸਾਲ ਸੁਹਾਨੀ।
'ਦੇਵ ਲੂਤ' ਨਿਜ ਭ੍ਰਿੱਤ ਬਲਾਏ । ਤੂਰਨ ਰਾਖਸ਼ ਸਪਤ ਪਠਾਏ ॥ ੨ ॥
ਤਿਨ ਤੇ ਫਲ ਮਧੁਰੇ ਮੰਗਵਾਏ। ਉੱਤਮ ਔਰ ਅੰਨ ਅਨਿਵਾਏ।
ਕਰੁਨਾ ਨਿਧਿ ਕੇ ਧਰੇ ਅਗਾਰੀ। ਹਾਥ ਜੋਰ ਕਰ ਗਿਰਾ ਉਚਾਰੀ ॥ ੩ ॥

### ਦੋਹਰਾ

ਕਰਹੁ ਰਸੋਈ ਸੰਤ ਜੀ ਭੋਜਨ ਅਚਹੁ ਬਨਾਇ ॥
ਸਰਧਾ ਪੂਰਨ ਕੀਜਿਯੇ, ਸੁਨ ਸ੍ਰੀ ਗੁਰੂ ਅਲਾਇ ॥ ੪ ॥

ਸੁਭ ਉਪਦੇਸ ਜਿ ਲੇਹੁ ਹਮਾਰਾ। ਅਸਨ ਕਰੈਂ ਤਬ ਅੰਗੀਕਾਰਾ ॥
**ਜੋ ਨਹਿੰ ਤੁਮਰੋ ਖਾਇ ਕਦਾਪੀ। ਹੋ ਸਬ ਜੀਵਨ ਕੇ ਸੰਤਾਪੀ ॥ ੫ ॥**
'ਦੇਵ ਲੂਤ' ਕਹਿ ਜਿਹ ਬਿਧਿ ਕਹਿਹੋ। ਸ੍ਰੀ ਪ੍ਰਭ ਜੀ ! ਤਿਸ ਬਿਧ ਮੈਂ ਰਹਿਹੋ ॥
ਕਰਹ ਆਪ ਉਪਦੇਹਿ ਜੋਈ। ਸੁਨਿ ਕਰਿ ਕਰੋ ਕ੍ਰਿਤਿ ਮੈਂ ਸੋਈ ॥ ੬ ॥
**ਭਾ ਅਨੁਸਾਰਿ ਪਿਖਯੋ ਗੁਨਖਾਨੀ। ਕੁਮਤਿ ਕਦਨ ਕੋ ਬੋਲੇ ਬਾਨੀ ॥**
**ਪ੍ਰਿਥਮ ਤਜਹੁ ਆਮਿਖ ਕੇ ਖਾਨਾ। ਕਰਹੁ ਜਾਸ ਹਿਤ ਜੀਵਨ ਹਾਨਾ ॥ ੭ ॥**
ਸਿਮਰਹੁ ਬਰਹੁ ਨਾਮ ਸੁਖ ਪਾਈ। ਦ੍ਵੈ ਲੋਕਨ ਜੋ ਹੋਤ ਸਹਾਈ ॥
ਚਿਰੰਕਾਲ ਭਾ ਤੁਮ ਕੁਲ ਮਾਹੀ। ਭਯੋ ਪ੍ਰਹਲਾਦ ਜਪਯੋ ਮੁਖ ਤਾਂਹੀ ॥ ੮ ॥

. Sri Satguru Jagjit Singh Ji eLibrary NamdhariElibrary@gmail.com .

ਕਿਹ ਅਘ ਤੇ ਰਾਖਸ਼ ਤਨ ਪਾਏ । ਅਬ ਕੁਕਰਮ ਜੋ ਲੇਹੁ ਕੁਮਾਏ ॥
ਪਾਵਹੁ ਨਰਕ ਜਾਇ ਦੁਖ ਭਾਰੀ । ਤਿਹ ਤੇ ਕੋਇ ਨ ਸਕਹਿ ਉਬਾਰੀ ॥ ੧੨ ॥

ਕੇਤਿਕ ਦਿਨ ਤਹ ਰਹੇ ਗੁਸਾਂਈ । ਗੁਰੁ ਸਿੱਖੀ ਕੀ ਰੀਤਿ ਚਲਾਈ ॥
**ਸਭਿ ਰਾਖਸ਼ ਕੋ ਨਾਮ ਜਪਾਯੋ । ਆਮਿਖ ਖਾਨ ਤਿਨਹਿ ਤਜਵਾਯੋ** ॥ ੧੮ ॥

ਜੀਅ ਘਾਤ ਕੀ ਬਾਨ ਬਿਸਾਰੀ । ਸਤਿ ਸੰਗਤਿ ਕਰਹੀ ਸੁਖ ਬਾਰੀ ॥
ਭੇ ਤਯਾਰ ਜਬ ਚਲਿਨੇ ਹੇਤਾ । ਭਨਤਿ ਭਏ ਬੇਦੀ ਕੁਲ ਕੇਤਾ ॥ ੧੯ ॥

ਸੁਧਰ ਸੈਨ ਜੋ ਭੂਪ ਮਹਾਨਾ । 'ਦੇਵ ਲੂਤ' ਮਾਨਹੁ ਤਿਹ ਆਨਾ ॥
**ਹਿੰਸਾ ਨਹੀ ਜੀਵ ਕੀ ਕੀਜੈ** । ਸਤਿਗੁਰ ਜਾਪ ਜਪਹੁ ਦੁਖ ਛੀਜੈ ॥
੨੦ ॥ ੭੯ ॥

'ਸ੍ਰੀ ਗੁਰੂ ਨਾਨਕ ਪ੍ਰਕਾਸ਼' ਗ੍ਰੰਥ । ਪੂਰਬਾਰਧ । ਅਧਿਆਇ ੫੫ ॥

ਪਿਆਰੇ ਪਾਠਕ ਜੀਉ ! ਗਿਆਨੀ ਜੀ ਨੇ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ 'ਸਿੱਖ ਇਤਿਹਾਸ ਤੇ ਮਾਸ' ਵਾਲੇ ਪ੍ਰਕਰਣ ਦੇ ਪੰਨੇ ੭੦ ਤੇ ਪ੍ਰਮਾਣ ਨੰਬਰ ੩ ਵਿਚ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਗਰੰਥ ਦੇ ਪ੍ਰਸੰਗ ਦਾ ਹਵਾਲਾ ਦਸ ਕੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਸ ਖਾਣਾ ਸਿੱਧ ਕੀਤਾ ਹੈ । ਪਰ ਇਸੀ ਸਿੱਖ ਇਤਿਹਾਸਕ ਗਰੰਥ (ਸ੍ਰੀ ਗੁਰੂ ਨਾਨਕ ਪ੍ਰਕਾਸ਼) ਵਿਚ ਇਹ ਉਪ੍ਰੋਕਤ ਲਿਖਤ ਰਾਖਸ਼ ਰਾਜ 'ਦੇਵਲੂਤ' ਵਾਲਾ ਪ੍ਰਸੰਗ ਭੀ ਲਿਖਿਆ ਹੋਇਆ ਹੈ । ਜਿਸ ਵਿਚ ਰਾਖਸ਼ ਰਾਜ 'ਦੇਵਲੂਤ' ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਾਸ ਨਾ ਖਾਣ ਦਾ ਉਪਦੇਸ਼ ਦਿੱਤਾ ਹੈ, ਇਥੇ ਹੀ ਬਸ ਨਹੀਂ ਬਲਕਿ ਮਾਸ ਖਾਣਾ ਛੁਡਾਇਆ ਭੀ ਹੈ । **ਜੇ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਮਾਸ ਖਾਂਦੇ ਹੁੰਦੇ ਤਾਂ ਫਿਰ ਦੂਜੇ ਪਾਸੇ ਰਾਖਸ਼ ਰਾਜ 'ਦੇਵਲੂਤ' ਨੂੰ ਮਾਸ ਨਾ ਖਾਣ ਦਾ ਉਪਦੇਸ਼ ਕਿਉਂ ਦਿੱਤਾ ? ਬਲਕਿ ਆਪ ਭੀ 'ਦੇਵਲੂਤ' ਰਾਖਸ਼ ਰਾਜ ਦੇ ਨਾਲ ਰਲ ਮਿਲ ਕੇ ਮਾਸ ਛਕਦੇ । ਪਰ ਗੁਰੂ ਸਾਹਿਬਾਂ ਨੇ ਮਾਸ ਨਹੀਂ ਛਕਿਆ ਬਲਕਿ 'ਦੇਵਲੂਤ' ਦਾ ਮਾਸ ਖਾਣਾ ਛੁਡਾਇਆ ।**

ਪਿਆਰੇ ਪਾਠਕ ਜੀਉ ! ਇਸ ਉਪ੍ਰੋਕਤ ਰਾਖਸ਼ ਰਾਜ 'ਦੇਵਲੂਤ' ਦੇ ਪ੍ਰਸੰਗ ਨੂੰ ਅਸੀਂ ਆਪਣੀਆਂ ਅੱਖਾਂ ਤੋਂ ਉਲੇ ਨਹੀਂ ਕਰ ਸਕਦੇ । ਤਾਂ ਤੇ ਮਾਸਾ-

. Sri Satguru Jagjit Singh Ji eLibrary NamdhariElibrary@gmail.com .

ਹਾਰੀ ਵੀਰੋ ਇਸ ਉਪ੍ਰੋਕਤ ਪ੍ਰਸੰਗ ਤੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਸ ਖਾਣਾ ਸਿੱਧ ਨਹੀਂ ਹੁੰਦਾ ।

## (੨)

# ਕੀ ਸਾਰੀ ਦੁਨੀਆਂ ਮਾਸ ਹੀ ਖਾ ਰਹੀ ਹੈ?

ਪਿਆਰੇ ਪਾਠਕ ਜੀਉ ! ਗਿਆਨੀ ਜੀ ਆਪਣੇ ਮਾਸ ਖਾਣ ਦੇ ਪੱਖ ਨੂੰ ਸਿੱਧ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੪੬ ਤੇ ਲਿਖਦੇ ਹਨ । ਜਿਵੇਂ ਕਿ :—

"ਉਪਰੰਤ ਮਹਾਰਾਜ ਮਲਾਰ ਦੀ ਵਾਰ ਦੇ ਸ਼ਲੋਕ ਉਚਾਰਨ ਕਰ ਕੇ ਇਸ ਸਿਧਾਂਤ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਦੇ ਹਨ ਕਿ ਪੰਡਤ ਜੀ ਮਹਾਰਾਜ ! ਸਾਰੀ ਦੁਨੀਆਂ ਮਾਸ ਹੀ ਖਾ ਰਹੀ ਹੈ ਤੁਸੀਂ ਆਪ ਭੀ ਖਾ ਰਹੇ ਹੋ ।

ਜਿਸ ਜਿਸ ਤਰ੍ਹਾਂ ਜਿਹੜਾ ਜਿਹੜਾ ਮਾਸ ਖਾਧਾ ਜਾਂਦਾ ਹੈ ਤੇ ਖਾਣਾ ਯੋਗ ਹੈ, ਸਭ ਦਾ ਜ਼ਿਕਰ ਕਰ ਦਿੱਤਾ ਹੈ । ਕਈ ਲੋਕ ਤਾਂ ਅਪਵਿੱਤ੍ਰ ਸਮਝ ਕੇ ਮਾਸ ਨੂੰ ਮੂੰਹ ਨਹੀਂ ਲਾਉਂਦੇ, ਤੇ ਕਈ ਜੀਵ ਹਤਿਆ ਦੇ ਖਿਆਲ ਤੋਂ ਨਫਰਤ ਕਰਦੇ ਹਨ । ਜੋ ਚੀਜ਼ ਅਪਵਿਤਰ ਸਮਝੀ ਜਾਂਦੀ ਹੈ ਉਸ ਨੂੰ ਕੋਈ ਮੂੰਹ ਲਾਉਣਾ ਹੀ ਭ੍ਰਿਸ਼ਟ ਹੋਣਾ ਸਮਝਿਆ ਜਾਂਦਾ ਹੈ । ਵਿਸ਼ਟਾ ਅਪਵਿਤਰ ਹੈ ਉਸ ਨੂੰ ਕੋਈ ਮੂੰਹ ਨਹੀਂ ਲਾਉਂਦਾ । ਮੁਸਲਮਾਨ ਸੂਰ ਅਤੇ ਹਿੰਦੂ ਗਊ ਮਾਸ ਨੂੰ ਅਪਵਿਤਰ ਅਰ ਧਰਮ ਵਿਰੁਧ ਸਮਝਦੇ ਹਨ । ਮੂੰਹ ਤਾਂ ਕਿਤੇ ਰਿਹਾ ਉਹ ਇਹਨਾਂ ਨੂੰ ਹੱਥ ਲਾਉਣਾ ਵੀ ਅਪਵਿਤਰਤਾ ਕਾਰਨ ਸਮਝਦੇ ਹਨ । ਇਹੋ ਖਿਆਲ ਸਿੱਖਾਂ ਦਾ ਤੰਬਾਕੂ ਦੇ ਸੰਬੰਧ ਵਿਚ ਹੈ ।

ਜਿਥੋਂ ਤਕ ਮਾਸ ਨੂੰ ਮੂੰਹ ਲਾਉਣ ਦਾ ਸਬੰਧ ਹੈ, ਇਸਤਰੀ ਸੰਗਤ ਵੇਲੇ ਉਹਨਾਂ ਦਾ ਚੁੰਮਣਾ ਚੱਟਣਾ ਇਸ ਗੱਲ ਨੂੰ ਸਾਫ ਕਰ ਦੇਂਦਾ ਹੈ । ਜਿਥੋਂ ਤਕ ਜੀਵ ਹਤਿਆ ਦਾ ਸਵਾਲ ਹੈ 'ਪਹਿਲਾ ਪ੍ਰਾਣੀ ਜੀਉ ਹੈ ਜਿਤ ਹਰਿਆ ਸਭ ਕੋਇ ॥' ਤੇ 'ਜੇਤੇ ਦਾਣੇ ਅੰਨ ਕੇ ਜੀਆਂ ਬਾਝੁ ਨ ਕੋਇ ॥' ਕਹਿ ਕੇ ਬੁਰੇ ਦੇ

. Sri Satguru Jagjit Singh Ji eLibrary NamdhariElibrary@gmail.com .

ਘਰ ਤਕ ਪਹੁੰਚ ਗਏ ਹਨ। ਮਾਸ ਦੇ ਸਬੰਧ ਵਿਚ ਸਾਰੀਆਂ ਤੁਕਾਂ ਮੁਕਾ ਕੇ ਇਹ ਸਿਧਾਂਤ ਚੰਗੀ ਤਰ੍ਹਾਂ, ਨਿਰਨੇ ਕਰ ਦਿੱਤਾ ਹੈ ਕਿ ਜਦ ਤਕ ਆਦਮੀ ਪਾਣੀ ਭੀ ਪੀਂਦਾ ਹੈ ਮਾਸ ਹੀ ਖਾਂਦਾ ਹੈ, ਤੇ ਪਾਣੀ ਤੋਂ ਪੈਦਾ ਹੋਣ ਵਾਲੀ ਹਰ ਇਕ ਜਿਨਸ ਅੰਨ, ਕਮਾਦ, ਕਪਾਹ ਦੀ ਵਰਤੋਂ ਭੀ ਮਾਸ ਖਾਣ ਦੇ ਬਰਾਬਰ ਹੈ। ਇਸ ਲਈ ਪਾਣੀ ਤੋਂ ਪੈਦਾ ਹੋਣ ਵਾਲੇ ਸਾਰੇ ਰਸ ਭੀ ਮਾਸ ਹੀ ਹਨ। ਜਦ ਤਕ ਇਹਨਾਂ ਰਸਾਂ ਦਾ ਤਿਆਗ ਨਹੀਂ ਹੋ ਸਕਦਾ ਉਤਨਾਂ ਚਿਰ ਆਪਣੇ ਆਪ ਨੂੰ ਸੰਨਿਆਸੀ ਸਾਬਤ ਨਹੀਂ ਕੀਤਾ ਜਾ ਸਕਦਾ।"

**ਸਮਾਧਾਨ** :—ਪਿਆਰੇ ਪਾਠਕ ਜੀਉ! ਇਸ ਉਪ੍ਰੋਕਤ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗਿਆਨੀ ਜੀ ਨੂੰ ਸਾਰਾ ਸੰਸਾਰ ਮਾਸਾਹਾਰੀ ਹੀ ਦਿਸਣ ਲਗ ਪਿਆ ਹੈ। ਜਿਵੇਂ ਕਿ ਕਿਸੇ ਮਨੁੱਖ ਨੂੰ ਪੀਲੀਆਂ-ਪਾਂਡੋ ਰੋਗ (ਯਰਕਾਨ) ਹੋ ਗਿਆ ਹੋਵੇ, ਉਸ ਸਮੇਂ ਉਸ ਮਨੁੱਖ ਨੂੰ ਸਾਰੇ ਪਦਾਰਥ ਹੀ ਪੀਲੇ ਭਾਸਨ ਲਗ ਪੈਂਦੇ ਹਨ। ਇਹੀ ਗੱਲ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨਾਲ ਵਰਤਨ ਲੱਗ ਪਈ ਹੈ ਗਿਆਨੀ ਜੀ ਨੂੰ ਤਾਂ ਇਹ ਵੀ ਪਤਾ ਨਹੀਂ ਹੈ ਕਿ ਮਾਸ ਦੀ ਉਤਪਤੀ ਕਿਥੋਂ ਹੁੰਦੀ ਹੈ। ਜੇ ਕਰ ਪਤਾ ਹੁੰਦਾ ਤਾਂ ਇੰਜ ਨਾ ਲਿਖਦੇ ਜਿਵੇਂ ਕਿ ਉਪਰ ਦੇ ਲੇਖ ਤੋਂ ਸਪਸ਼ਟ ਹੁੰਦਾ ਹੈ ਕਿ ਸਾਰੀ ਦੁਨੀਆਂ ਹੀ ਮਾਸ ਖਾ ਰਹੀ ਹੈ ਤੇ ਤੁਸੀਂ ਆਪ ਭੀ ਖਾ ਰਹੇ ਹੋ। ਪਰ ਮਾਸ ਦੀ ਉਤਪਤੀ ਅਪਵਿਤਰ ਪਦਾਰਥ ਰਕਤ (ਲਹੂ) ਤੋਂ ਹੀ ਹੁੰਦੀ ਹੈ, ਬਲਕਿ ਰਕਤ ਰੂਪ ਹੀ ਮਾਸ ਹੈ। ਜਿਸ ਤਰ੍ਹਾਂ ਕਿ :—

(੧) ਸਾਕਤ ਨਿਰਗੁਣਿਆਰਿਆ ਆਪਣਾ ਮੂਲ ਪਛਾਣੁ ॥
**ਰਕਤੁ ਬਿੰਦੁ ਕਾ ਇਹੁ ਤਨੋ**, ਅਗਨੀ ਪਾਸਿ ਪਿਰਾਣੁ ॥
੧ ॥ ੮ ॥ ੧੫ ॥ ਸਿਰੀ ਰਾਗ ਮਹਲਾ ੧ ॥ ਪੰਨਾ ੬੩ ॥

(੨) ਮਾਤਾ ਪਿਤਾ ਸੰਜੋਗਿ ਉਪਾਏ **ਰਕਤੁ ਬਿੰਦੁ ਮਿਲਿ ਪਿੰਡੁ ਕਰੇ** ॥
ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ ॥
੫ ॥ ੧੨ ॥ ੮ ॥ ਮਾਰੂ ਮਹਲਾ ੧ ॥ ਪੰਨਾ ੧੦੧੩ ॥

. Sri Satguru Jagjit Singh Ji eLibrary NamdhariElibrary@gmail.com .

(੩) **ਮਾ ਕੀ ਰਕਤੁ ਪਿਤਾ ਬਿੰਦੁ ਧਾਰਾ॥** ਮੂਰਤਿ ਸੂਰਤਿ ਕਰਿ ਆਪਾਰਾ ॥
ਜੋਤਿ ਦਾਤਿ ਜੇਤੀ ਸਭ ਤੇਰੀ ਤੂ ਕਰਤਾ ਸਭ ਠਾਈ ਹ ॥
੪ ॥ ੧੬ ॥ ੩॥ ਮਾਰੂ ਸੋਲਹਾ ਮਹਲਾ ੧ ॥ ਪੰਨਾ ੧੦੨੨ ॥

(੪) **ਬਿੰਦੁ ਰਕਤੁ ਮਿਲਿ ਪਿੰਡੁ ਸਰੀਆ** । ਪਉਣੁ ਪਾਣੀ ਅਗਨੀ ਮਿਲਿ ਜੀਆ ॥
ਆਪੇ ਚੋਜ ਕਰੇ ਰੰਗ ਮਹਲੀ ਹੋਰ ਮਾਇਆ ਮੋਹ ਪਸਾਰਾ ਹੇ ॥
੪ ॥ ੧੬ ॥ ੧ ॥ ੭ ॥ ਮਾਰੂ ਸੋਲਹਾ ਮਹਲਾ ੧ ॥ ਪੰਨਾ ੧੦੨੬ ॥

(੫) **ਇਹੁ ਤਨੁ ਸਭੋ ਰਤੁ ਹੈ, ਰਤੁ ਬਿਨੁ ਤੰਨੁ ਨ ਹੋਇ ॥**
ਜੋ ਸਹਿ ਰਤੇ ਆਪਣੇ ਤਿਨ ਤਨਿ ਲੋਭ ਰਤੁ ਨ ਹੋਇ ॥ ੧ ॥
ਰਾਮਕਲੀ ਕੀ ਵਾਰ ਮਹਲਾ ੩ ॥ ਪਉੜੀ ੮ । ਸਲੋਕ ਮਃ ੩ ॥ ਪੰਨਾ ੯੪੯ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਪ੍ਰਮਾਣਾਂਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਾਸ ਇਕ ਅਪਵਿਤਰ ਪਦਾਰਥ ਰਕਤ (ਲਹੂ) ਤੇ ਵੀਰਜ ਤੋਂ ਉਤਪਨ ਹੁੰਦਾ ਹੈ। ਫਿਰ ਮਾਸਾਹਾਰੀ ਵੀਰ ਇਹ ਦਾਵਾ ਕਿਵੇਂ ਕਰ ਸਕਦੇ ਹਨ ਕਿ ਮਾਸਾਹਾਰ ਇਕ ਪਵਿਤਰ ਪਦਾਰਥ ਹੈ । ਪਰ ਸਾਗ, ਸਬਜ਼ੀ ਆਦਿਕ ਪਦਾਰਥ ਪਾਣੀ ਤੇ ਬੀਜ ਤੋਂ ਉਤਪਨ ਹੁੰਦੀ ਹੈ। ਸੰਸਾਰ ਵਿਚੋਂ ਕਿਸੇ ਮਨੁੱਖ ਨੇ ਪਾਣੀ ਤੇ ਬੀਜ ਨੂੰ ਰਕਤ ਤੇ ਬਿੰਦ ਨਹੀਂ ਕਹਿਆ ਤੇ ਨ ਕਿਸੇ ਨੇ ਮੰਨਿਆ। ਜੋ ਸਦਾ ਪਵਿਤਰ ਪਦਾਰਥ ਹੈ।

ਪਿਆਰੇ ਪਾਠਕ ਜੀਉ ! ਮਾਸ ਤੇ ਸਾਗ ਇਹ ਦੋ ਜੁਦਾ ਜੁਦਾ ਪਦਾਰਥ ਹਨ। ਜਿਸ ਦਾ ਨਿਰਣਾ ਆਪ ਹੀ ਗੁਰੂ ਸਾਹਿਬਾਂ ਨੇ ਕਰ ਦਿੱਤਾ ਹੈ। ਜਿਸ ਤਰ੍ਹਾਂ ਕਿ :—

(੧) **ਇਕ ਮਾਸਾਹਾਰੀ** ਇਕਿ ਤ੍ਰਿਣੁ ਖਾਹਿ ॥
ਇਕਨਾ ਛਤੀਹ ਅੰਮ੍ਰਿਤ ਪਾਹਿ ॥ ੨ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੧੪ ॥ ਮ: ੧ ॥ ਪੰਨਾ ੧੪੪ ॥

(੨) ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥
**ਘਾਹੁ ਖਾਨਿ ਤਿਨਾ ਮਾਸੁ ਖਵਾਲੇ** ਏਹਿ ਚਲਾਏ ਰਾਹ ॥ ੧ ॥
ਮਾਝ ਕੀਵਾਰ ਮਹਲਾ ੧ ॥ ਪਉੜੀ ੧੪ ॥ ਸਲੋਕਮ: ੧ ॥ ਪੰਨਾ ੧੪੪ ॥

. Sri Satguru Jagjit Singh Ji eLibrary NamdhariElibrary@gmail.com .

(੩) ਕਿਆ ਮੇਵਾ ਕਿਆ ਘਿਉ ਗੁੜ ਮੀਠਾ, **ਕਿਆ ਮੈਦਾ ਕਿਆ ਮਾਸੁ** ॥
ਕਿਆ ਕਪੜ, ਕਿਆ ਸੇਜ ਸੁਖਾਲੀ, ਕੀਜੇ ਭੋਗ ਬਿਲਾਸ ॥ ੨ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੧੦ ॥ ਮਃ ੧ ॥ ਪੰਨਾ ੧੪੨ ॥

(੪) ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ **ਰਸੁ ਮਾਸੁ** ॥
ਏਤੇ ਰਸ ਸਰੀਰ ਕੇ ਕੈ ਘਟਿ ਨਾਮੁ ਨਿਵਾਸੁ ॥
੪ ॥ ੪ ॥ ਸਿਰੀ ਰਾਗ ਮਹਲਾ ੧ ॥ ਪੰਨਾ ੧੫ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਉਪ੍ਰੋਕਤ ਗੁਰਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਂ ਨੇ ਸਾਰੇ ਸੰਸਾਰਦੇ ਜੀਵ ਜੰਤੂਆਂ ਦਾ ਆਹਾਰ ਮਾਸ ਨਹੀਂ ਮੰਨਿਆਂ ਫਿਰ ਅਸੀਂ ਕੇਵਲ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਦੇ ਕਥਨ ਨੂੰ ਗੁਰਮਤਿ ਦੇ ਸਿਧਾਂਤ ਅਨੁਸਾਰ ਕਿਵੇਂ ਮਨ ਲਈਏ। ਤਾਂ ਤੇ ਇਹ ਸਾਨੂੰ ਮੰਨਣਾ ਪਵੇਗਾ ਕਿ ਸੰਸਾਰ ਵਿਚ ਅਨੇਕਾਂ ਹੀ ਐਸੇ ਜੀਵ ਹਨ ਜੋ ਮਾਸਾਹਾਰੀ ਨਹੀਂ ਅੰਨ, ਘਾਹ, ਮਿਟੀ ਤੇ ਪਵਨ ਆਹਾਰ ਕਰਨ ਵਾਲੇ ਹੀ ਅਨੇਕਾਂ ਜੀਵ ਹਨ। ਜੋ ਕਿ ਉਪ੍ਰੋਕਤ ਗੁਰਬਾਣੀ ਦੇ ਪ੍ਰਮਾਣਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅੰਨ, ਘਾਹ ਆਦੀ ਪਦਾਰਥਾਂ ਨੂੰ ਗੁਰੂ ਸਾਹਿਬਾਂ ਨੇ ਮਾਸ ਤੋਂ ਭਿੰਨ ਗਿਣਨਾ ਕੀਤੀ ਹੈ। ਜਿਸ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਸਾਰਾ ਸੰਸਾਰ ਮਾਸਾਹਾਰੀ ਨਹੀਂ ਤੇ ਗਿਆਨੀ ਜੀ ਨੇ ਇਹ ਏਵੇਂ ਹੀ ਝੂਠ ਲਿਖ ਮਾਰਿਆ ਹੈ ਕਿ ਸਾਰਾ ਸੰਸਾਰ ਹੀ ਮਾਸਾਹਾਰੀ ਹੈ।

ਜੇ ਕਰ ਫਿਰ ਵੀ ਹਠ ਹੀ ਹੈ ਤਾਂ ਫਿਰ ਸਿੱਧ ਇਹ ਹੋਇਆ ਕਿ ਪੰਡਤ ਨੇ ਕਿਹਾ ਕਿ ਮਾਸ ਖਾਣਾ ਮਨੁਸ਼ ਦਾ ਧਰਮ ਨਹੀਂ, ਤਾਂ ਅਗੋਂ ਗੁਰੂ ਜੀ ਨੇ ਕਿਹਾ ਕਿ ਸਾਰੇ ਸੰਸਾਰ ਦੇ ਪਦਾਰਥ ਹੀ ਮਾਸ ਹਨ ਤਾਂ ਤੇ ਮਾਸ ਖਾਣ ਤੋਂ ਕੋਈ ਮਨੁਸ਼ ਬਚ ਹੀ ਨਹੀਂ ਸਕਦਾ।

ਇਹ ਤਾਂ ਇੰਜ ਉੱਤਰ ਹੋਇਆ ਜਿਵੇਂ ਕਿਸੇ ਸਮਝਦਾਰ ਨੇ ਕਿਹਾ ਕਿ ਭਾਈ ਮਿੱਟੀ ਨ ਖਾਇਆ ਕਰ ਮਿੱਟੀ ਖਾਣਾ ਮਨੁਖ ਦਾ ਭੋਜਨ ਨਹੀਂ। ਤਾਂ ਅਗੋਂ ਉਹ ਭਾਈ ਕਹੇ ਕਿ ਸਾਰੇ ਸੰਸਾਰ ਦੇ ਪਦਾਰਥ ਹੀ ਮਿੱਟੀ ਤੋਂ ਪੈਦਾ ਹੋਇ ਹੋਇ

. Sri Satguru Jagjit Singh Ji eLibrary NamdhariElibrary@gmail.com .

ਹਨ ਇਸ ਲਈ ਮਿੱਟੀ ਖਾਣ ਤੋਂ ਕੌਣ ਬਚ ਸਕਦਾ ਹੈ। ਤਾਂ ਕੀ ਇਹ ਠੀਕ ਉੱਤਰ ਸਮਝਿਆ ਜਾਵੇਗਾ ? ਤਾਂ ਤੇ ਉਪ੍ਰੋਕਤ ਸ਼ਬਦ ਵਿਚ ਆਪ ਦਾ ਸਮਝਿਆ ਹੋਇਆ ਤਿਵੇਂ ਹੀ ਅਰਥ ਹੈ, ਜੋ ਨਹੀਂ ਹੈ। ਬਾਕੀ ਰਿਹਾ ਕਿ ਇਸ ਲਈ ਪਾਣੀ ਤੋਂ ਪੈਦਾ ਹੋਣ ਵਾਲੇ ਸਾਰੇ ਰਸ ਭੀ ਮਾਸ ਹੀ ਹਨ ਜਦ ਤਕ ਇਹਨਾਂ ਰਸਾਂ ਦਾ ਤਿਆਗ ਨਹੀਂ ਹੋ ਸਕਦਾ ਉਤਨਾ ਚਿਰ ਆਪਣੇ ਆਪ ਨੂੰ ਸੰਨਿਆਸੀ ਸਾਬਤ ਨਹੀਂ ਕੀਤਾ ਜਾ ਸਕਦਾ। ਤਾਂ ਫਿਰ ਇਜ ਭੀ ਗੁਰੂਬਾਣੀ ਵਿਚ ਲਿਖਿਆ ਹੋਇਆ ਸਾਨੂੰ ਮਿਲਦਾ ਹੈ। ਜਿਵੇਂ ਕਿ :—

(੧) 'ਗੁਰ ਦੀਖਿਆ ਲੇ ਜਪੁ ਤਪੁ ਕਮਾਹਿ ॥'

**ਨਾ ਮੋਹੁ ਤੂਟੈ ਨਾ ਥਾਇ ਪਾਹਿ ॥**

੫ ॥ ੬ ॥ ੨੩ ॥ ਆਸਾ ਮਹਲਾ ੧ ॥ ਪੰਨਾ ੩੫੬ ॥

(੨) ਸਤਿਗੁਰ ਮਿਲੀਐ ਸਦਾ ਮੁਕਤੁ ਹੈ, **ਜਿਨਿ ਵਿਚਹੁ ਮੋਹੁ ਚੁਕਾਇਆ ॥**
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਪਉੜੀ ੬ ॥ ਆਸਾ ਕੀ ਵਾਰ ਮਹਲਾ ੧ ॥ ਪੰਨਾ ੪੬੬ ॥

(੩) ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ ॥
ਕਹੈ ਨਾਨਕ ਗੁਰ ਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥ ੨੯ ॥ ੪੦ ॥ ਰਾਮਕਲੀ ਮਹਲਾ ੩ ॥ ਪਨਾ ੯੨੧ ॥

(੪) ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ, ਜਾਂ ਛੋਡੈ ਅਹੰਕਾਰੁ ॥
ਆਸਾ ਮਨਸਾ ਮਾਰੇ ਨਿਰਾਸੁ ਹੋਇ, ਗੁਰ ਸਬਦੀ ਵੀਚਾਰੁ ॥ ੨ ॥
ਬਿਲਾਵਲ ਕੀਵਾਰ ਮਹਲਾਂ ੪ ॥ ਪਉੜੀ ੫ ॥ ਮ: ੩ ॥ ਪੰਨਾ ੮੫੧ ॥

(੫) ਪਰ ਹਰਿ ਕਾਮ ਕ੍ਰੋਧ ਝੂਠੁ ਨਿੰਦਾ ਤਜਿ ਮਾਇਆ ਅਹੰਚਾਰ ਚਕਾਵੈ ॥
**ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾਂ ਅੰਜਨ ਮਾਹਿ ਨਿਰੰਜਨ ਪਾਵੈ** ॥੨॥
ਮਾਝ ਕੀ ਵਾਰ ਮਹਲਾ ੧॥ ਪਉੜੀ ੮ ॥ ਮਹਲਾ ੪ ॥ ਪੰਨਾ ੧੪੧ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਉਪ੍ਰੋਕਤ ਗੁਰਪ੍ਰਮਾਣਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਨਾਂ ਚਿਰ ਇਸਤ੍ਰੀ ਆਦੀ ਦਾ ਮੋਹ ਨਹੀਂ ਟੁਟਦਾ ਅਤੇ ਕਾਮ ਕਰੋਧ ਨਿੰਦਾ ਆਦੀ ਨਹੀਂ ਤਿਆਗੀ ਜਾਂਦੀ ਤਦ ਤਕ ਪ੍ਰਮਾਤਮਾ ਨੂੰ ਪ੍ਰਾਪਤ

. Sri Satguru Jagjit Singh Ji eLibrary NamdhariElibrary@gmail.com .

ਨਹੀਂ ਕੀਤਾ ਜਾ ਸਕਦਾ ਤਾਂ ਤੇ ਗ੍ਰਿਹਸਤ ਵਿਚ ਮੋਹ ਤੋਂ ਰਹਿਤ ਹੋਇਆ ਹੀ ਨਹੀਂ ਜਾਂਦਾ ਅਤੇ ਨ ਹੀ ਕਾਮ ਅਤੇ ਕਾਮਨੀ=ਇਸਤ੍ਰੀ ਦਾ ਮੋਹ ਤਿਆਗ ਹੀ ਹੁੰਦਾ ਹੈ ਤਥਾ ਨਾ ਹੀ ਨਿੰਦਿਆ ਛੁਟਦੀ ਹੈ ਤੇ ਨਾਹੀ ਝੂਠ ਤੇ ਅਹੰਕਾਰ ਹੀ ਛੁਟਦਾ ਹੈ, ਤਾਂ ਫਿਰ ਗ੍ਰਿਹਸਤ ਵਿਚ ਗੁਰਮੁਖਿ ਕੌਣ ਹੋ ਸਕਦਾ ਹੈ। ਜੇ ਕਿਹਾ ਜਾਵੇ ਕਿ :—

ਕੋਟਨ ਮੈ ਨਾਨਕ ਕੋਊ ਨਾਰਾਇਨ ਜਿਹ ਚੀਤਿ ॥ ੨੪ ॥

ਆਦੀ ਆਦੀ ਕਰੋੜਾਂ ਵਿਚੋਂ ਕੋਈ ਹੁੰਦਾ ਹੈ ਤਾਂ ਫਿਰ ਇਸ ਤਰ੍ਹਾਂ ਸੰਨਿਆਸੀ ਭੀ ਵਿਰਲੇ ਹੋ ਸਕਦੇ ਹਨ । ਤਾਂ ਆਪਦਾ ਪੱਖ ਗਾਡੀ ਰਾਹ ਕਿਵੇਂ ਸਿੱਧ ਹੋ ਸਕਦਾ ਹੈ।

# (੩)

**ਸ਼ੰਕਾ** :—ਗੁਰਮਤਿ ਦੇ ਸਿਧਾਂਤ ਅਨੁਸਾਰ ਸਿੱਖਾਂ ਨੂੰ ਮਾਸ ਖਾਣ ਦਾ ਵਿਧਾਨ ਹੈ ਕਿ ਨਹੀਂ ?

**ਸਮਾਧਾਨ** :—ਪਿਆਰੇ ਧਾਠਕ ਜੀਉ ! ਮਾਸ ਖਾਣ ਯਾ ਨਾ ਖਾਣ ਦਾ ਵਿਧਾਨ ਪਹਿਲੇ ਬਹੁਤ ਚਿਰ ਤੋਂ ਹੀ ਚਲਿਆ ਆਉਂਦਾ ਹੈ। ਜਿਸ ਦਾ ਸਪਸ਼ਟੀ-ਕਰਨ ਸਿੰਮ੍ਰਿਤੀਆਂ ਤੇ ਪੁਰਾਣਾ ਵਿਚ ਭੀ ਸਾਨੂੰ ਲਿਖਿਆ ਹੋਇਆ ਮਿਲਦਾ ਹੈ। ਜਿਸ ਤੋਂ ਅਸੀਂ ਮੁਕਰ ਨਹੀਂ ਸਕਦੇ। ਜੇ ਕਰ ਕੋਈ ਸਜਨ ਇਹ ਕਹੈ ਕਿ ਇਸ ਤਰ੍ਹਾਂ ਦੇ ਪਰਸ ਪਰ ਵਿਰੋਧੀ ਵਿਧਾਨ ਕਿਉਂ ? ਇਸ ਦਾ ਉੱਤਰ 'ਮਨੂੰ ਸਿੰਮ੍ਰਿਤੀ ਤੇ ਮਾਸ' ਦੇ ਪ੍ਰਕਰਣ ਵਿਚ ਪਿਛੇ ਦਿੱਤਾ ਜਾ ਚੁਕਾ ਹੈ। ਦੇਖੋ ਪੰਨਾ ੭੮ ਤੋਂ ੮੬ ਤਕ।

ਪਰ ਗੁਰੂ ਸਾਹਿਬਾਂ ਨੇ ਆਪਣੇ ਸਿੱਖਾ ਨੂੰ ਇਸ ਤਰ੍ਹਾਂ ਦਾ ਉਪਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਧਰੇ ਭੀ ਨਹੀਂ ਕੀਤਾ ਕਿ ਗੁਰੂ ਦੇ ਸਿੱਖ ਮਾਸ ਖਾਇਆ ਕਰਣ।

**ਸ਼ੰਕਾ** :—ਆਪ ਕਿਵੇਂ ਕਹਿੰਦੇ ਹੋ ਕਿ ਸਿੱਖਾਂ ਨੂੰ ਮਾਸਾਹਾਰ ਕਰਨਾ ਗੁਰਮਤਿ ਦੇ ਸਿਧਾਂਤ ਅਨੁਸਾਰ ਨਹੀਂ। ਦੇਖੋ :—ਮਲਾਰ ਦੀ ਵਾਰ ਦੇ ਦੋ ਸਲੋਕਾਂ ਨੂੰ ਧਿਆਨ ਪੂਰਵਕ ਪੜਣ ਨਾਲ ਪਤਾ ਲਗ ਜਾਂਦਾ ਹੈ ਕਿ ਗੁਰੂ ਸਾਹਿਬਾਂ ਨੇ

. Sri Satguru Jagjit Singh Ji eLibrary NamdhariElibrary@gmail.com .

ਭੀ ਸਿਮਰਤੀਆਂ ਦੀ ਤਰ੍ਹਾਂ ਆਪਣੇ ਸਿੱਖਾਂ ਨੂੰ ਮਾਸ ਖਾਣ ਦੀ ਆਗਿਆ ਕੀਤੀ ਹੈ ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਮਲਾਰ ਦੀ ਵਾਰ ਦੇ ਦੋ ਸ਼ਲੋਕਾਂ ਦਾ ਜੋ ਮਾਸਾਹਾਰੀ ਵੀਰਾਂ ਨੇ ਭਾਵਾਰਥ ਸਮਝ ਰੱਖਿਆ ਹੈ, ਇਹ ਉਨ੍ਹਾਂ ਵੀਰਾਂ ਦੀ ਇਕ ਅਗਿਆਨਤਾ ਹੀ ਹੈ ਕਿਉਂਕਿ ਇਨ੍ਹਾਂ ਦੋ ਸ਼ਲੋਕਾਂ ਦੀਆਂ ਕੁਲ ੨੯ ਤੁਕਾਂ ਹਨ । ਜੇ ਕਰ ਇਨ੍ਹਾਂ ਤੁਕਾਂ ਨੂੰ ਇਕ ਇਕ ਕਰ ਕੇ ਕੋਈ ਵੀਰ ਧਿਆਨ ਪੂਰਵਕ ਤੇ ਨਿਰਪਖ ਹੋ ਕੇ ਵਿਚਾਰ ਭੀ ਕਰੇ । ਫਿਰ ਭੀ ਇਨ੍ਹਾਂ ੨੯ ਤੁਕਾਂ ਵਿਚ ਕਿਸੇ ਭੀ ਤੁਕ ਤੋਂ ਕੋਈ ਭੀ ਮਾਸਾਹਾਰੀ ਵੀਰ ਇਹ ਸਿੱਧ ਨਹੀਂ ਕਰ ਸਕਦਾ ਕਿ ਗੁਰੂ ਸਾਹਿਬਾਂ ਨੇ ਕਿਸੇ ਮਨੁਖ ਨੂੰ ਮਾਸ ਖਾਣ ਦਾ ਉਪਦੇਸ਼ ਦਿੱਤਾ ਹੋਵੇ । ਤੇ ਨਾ ਮਾਸਾ-ਹਾਰੀ ਵੀਰ ਇਹ ਸਿੱਧ ਕਰ ਸਕਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਮਾਸਾਹਾਰੀ ਸਨ ।

**ਸ਼ੰਕਾ** :—ਆਪ ਕਿਵੇਂ ਕਹਿੰਦੇ ਹੋ ਕਿ ਸਿੱਖਾਂ ਨੂੰ ਮਾਸ ਖਾਣਾ ਮਨਾ ਹੈ । **ਦੇਖੋ** :—ਸ੍ਰੀ ਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਸਿੱਖਾਂ ਨੂੰ ਮਾਸ ਖਾਣਾ ਸਿੱਧ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪਨੇ ੧੬੦ ਤੇ ਲਿਖਦੇ ਹਨ । ਜਿਵੇਂ ਕਿ :—

(੧) **"ਮਾਸੁ ਮਾਸੁ ਕਰਿ ਮੂਰਖੁ ਝਗੜੇ,**
**ਗਿਆਨੁ ਧਿਆਨੁ ਨਹੀ ਜਾਣੇ ॥**
(੨) **ਕਉਣੁ ਮਾਸ ਕਉਣੁ ਸਾਗ ਕਹਾਵੈ,**
**ਕਿਸ ਮਹਿ ਪਾਪ ਸਮਾਣੇ ॥**

'ਭਾਈ ਸਾਹਿਬ ਕਹਿੰਦੇ ਹਨ ਕਿ ਇਸ ਤੁਕ ਵਿਚ ਭੀ ਮਾਸ ਖਾਣ ਦੀ ਆਗਿਆ ਨਹੀਂ ਉਪਦੇਸੀ ਗਈ ।'

ਕਿਸੇ ਨੇ ਠੀਕ ਆਖਿਆ ਹੈ ਕਿ ਮਰ ਗਏ ਤੇ ਮੁਕਰ ਗਏ ਦਾ ਕੋਈ ਦਾਰੂ ਨਹੀਂ । ਇਹੋ ਦੋ ਤੁਕਾਂ ਹਨ ਜੇਹੜੀਆਂ ਕਿ ਮਾਸ ਵਿਰੋਧੀਆਂ ਦੇ ਸਿਧਾਂਤ ਨੂੰ ਚਕਨਾਚੂਰ ਕਰ ਦੇਂਦੀਆਂ ਹਨ । ਇਹਨਾਂ ਵਿਚ ਮਾਸ ਤੇ ਸਾਗ ਨੂੰ ਇਕੋ ਪੱਧਰ ਤੇ ਲੈ ਆਂਦਾ ਹੈ । ਇਹ ਸਵਾਲ ਕੀਤਾ ਗਿਆ ਹੈ ਕਿ ਪੰਡਤ ਜੀ । ਦਸੋ ਮਾਸ ਕੀ ਹੈ ਤੇ ਸਾਗ ਕੀ ਹੈ ਤੇ ਪਾਪ ਕੇਹੜੀ ਚੀਜ਼ ਵਿਚ ਵੜਿਆ ਹੋਇਆ ਹੈ । ਸਾਨੂੰ

Sri Satguru Jagjit Singh Ji eLibrary NamdhariElibrary@gmail.com

ਤਾਂ ਦੋਵੇਂ ਚੀਜ਼ਾਂ ਸਾਗ ਤੇ ਮਾਸ ਇਕ ਸਮਾਨ ਹੀ ਦਿਸਦੀਆਂ ਹਨ। ਤੇ ਕਿਸੇ ਚੀਜ਼ ਦੇ ਖਾਣ ਵਿਚ ਪਾਪ ਸਮਾਇਆ ਨਹੀਂ ਦਿਸਦਾ । ਇਥੇ ਜੇਹੜੇ ਪੰਡਤ ਲੋਕ ਮਾਸ ਖਾਣ ਨੂੰ ਧਰਮ ਵਿਰੁਧ ਸਾਬਤ ਕਰ ਰਹੇ ਹਨ। ਉਨ੍ਹਾਂ ਨੂੰ ਹੀ ਮੂਰਖ ਸਿੱਧ ਕਰ ਰਹੇ ਹਨ। ਮੂਰਖ ਪੁਣੇ ਦਾ ਦਿਖਾਵਾ ਉਹਨਾਂ ਸੰਨਿਆਸੀ ਪੰਡਤਾ ਹੀ ਕੀਤਾ ਸੀ ਇਸੇ ਵਾਸਤੇ ਉਹ ਮਾਸ ਨਹੀਂ ਖਾਣਾ ਚਾਹੀਦਾ ਕਹਿ ਕੇ ਮੂਰਖਾਂ ਵਾਂਗੂ ਝਗੜ ਰਹੇ ਹਨ।"

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ ਜੀ ਨੇ ਇਨ੍ਹਾਂ ਉਪ੍ਰੋਕਤ ਦੋਵੇਂ ਤੁਕਾਂ ਦਾ ਜੋ ਅਰਥ ਕੀਤਾ ਹੈ, ਇਹ ਸਾਰੇ ਦਾ ਸਾਰਾ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਹੀ ਕੀਤਾ ਹੈ । ਵਾਸਤਵ ਇਨ੍ਹਾਂ ਉਪ੍ਰੋਕਤ ਦੋਹਾਂ ਤੁਕਾਂ ਵਿਚ ਕੇਵਲ ਗਿਆਨ ਧਿਆਨ ਦੀ ਵਿਸ਼ੇਸ਼ਤਾ ਹੀ ਦਰਸਾਈ ਗਈ ਹੈ।

**ਭਾਵਾਰਥ** :—ਗੁਰੂ ਜੀ ਕਥਨ ਕਰਦੇ ਹਨ ਕਿ ਹੇ ਪੰਡਤ ਜੀ ! ਤੁਹਾਨੂੰ ਇਹ ਤਾਂ ਪਤਾ ਹੀ ਨਹੀਂ ਹੈ ਕਿ ਮਾਸ ਤੇ ਸਾਗ ਕਿਸ ਨੂੰ ਕਹੀਦਾ ਹੈ ਤੇ ਪਾਪ ਕਿਸ ਵਿਚ ਸਮਾਇਆ ਹੋਇਆ ਹੈ। ਕੇਵਲ ਮੂਰਖਾਂ ਦੀ ਤਰ੍ਹਾਂ ਝਗੜਾ ਲਾਈ ਬੈਠੇ ਹੋ।

ਪਿਆਰੇ ਪਾਠਕ ਜੀਉ ! ਇਸੇ ਸ਼ਬਦ ਦੀਆਂ ਹੇਠਲੀਆਂ ਹੋਰ ਤੁਕਾਂ ਤੋਂ ਭੀ ਕੇਵਲ ਗਿਆਨ ਧਿਆਨ ਦੀ ਹੀ ਵਿਸ਼ੇਸ਼ਤ ਪ੍ਰਗਟ ਹੁੰਦੀ ਹੈ। ਜਿਸ ਤਰ੍ਹਾਂ ਕਿ :—

(੧) ਫੜੁ ਕਰਿ ਲੋਕਾਂ ਨੋ ਦਿਖਲਾਵਹਿ, **ਗਿਆਨ ਧਿਆਨ ਨਹੀਂ ਸੂਝੈ** ॥੫॥
(੨) **ਨਾਨਕ ਅੰਧੇ ਸਿਉ ਕਿਆ ਕਹੀਐ,** ਕਹੈ ਨ ਕਹਿਆ ਬੂਝੈ ॥ ੬ ॥
(੩) ਅੰਧਾ ਸੋਇ ਜਿ ਅੰਧੁ ਕਮਾਵੈ **ਤਿਸੁ ਰਿਦੈ ਸਿ ਲੋਚਨ ਨਾਹੀ** ॥ ੭ ॥
(੪) **ਗਿਆਨੁ ਧਿਆਨੁ ਕਛੁ ਸੂਝੈ ਨਾਹੀ,** ਚਤੁਰੁ ਕਹਾਵੈ ਪਾਂਡੇ ॥ ੧੧ ॥
(੫) ਅਭਖੁ ਭਖਹਿ ਭਖੁ ਤਜਿ ਛੋਡਹਿ **ਅੰਧੁ ਗੁਰੂ ਜਿਨ ਕੇਰਾ** ॥ ੧੪ ॥
(੬) **ਗਿਆਨੁ ਧਿਆਨੁ ਕਛੁ ਸੁਝੈ ਨਾਹੀ,** ਚਤੁਰ ਕਹਾਵੈ ਪਾਂਡੇ ॥ ੧੬ ॥
(੭) **ਆਪਿ ਨ ਬੂਝੈ ਲੋਕ ਬੁਝਾਏ,** ਪਾਂਡੇ ਖਰਾ ਸਿਆਣਾ ॥ ੨੨ ॥
(੮) **ਏਤੇ ਰਸ ਛੋਡਿ ਹੋਵੈ ਸੰਨਿਆਸੀ, ਨਾਨਕ ਕਹੈ ਵਿਚਾਰਾ** ॥ ੨੬ ॥

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਮਾਨ ਗਿਆਨੀ ਜੀ ! ਗੁਰਬਾਣੀ ਦੀਆਂ ਉਪ੍ਰੋਕਤ ਤੁਕਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ! ਪੰਡਤਾਂ ਨੂੰ ਸੱਚਾ ਗਿਆਨੀ ਬਣਨ ਲਈ ਪ੍ਰੇਰਨਾ ਕਰ ਰਹੇ ਹਨ । ਨਾ ਕਿ ਮਾਸ ਖਾਣ ਦਾ ਉਪਦੇਸ਼ । ਹੁਣ ਅਸਾਂ ਨੇ ਇਸ ਤੇ ਇਹ ਵਿਚਾਰ ਕਰਨਾ ਹੈ ਕਿ ਅਸੀਂ ਸੱਚੇ ਗਿਆਨੀ ਕਿਵੇਂ ਬਣੀਏ । ਜਿਸ ਦਾ ਨਿਰਣਯ ਪੂਰਵਕ ਉੱਤਰ :—ਗੁਰੂ ਸਾਹਿਬਾਂ ਨੇ ਆਪ ਹੀ ਦੇ ਦਿੱਤਾ ਹੈ । ਜਿਵੇਂ ਕਿ :—

(੧) ਜੋ ਇਸੁ ਮਾਰੇ ਸੁ ਜੀਵਨ ਮੁਕਤਾ ॥
ਜੋ ਇਸ ਮਾਰੇ ਤਿਸ ਕੀ ਨਿਰਮਲ ਜੁਗਤਾ ॥
**ਜੋ ਇਸੁ ਮਾਰੇ ਸੋਈ ਸੁਗਿਆਨੀ** ॥
ਜੋ ਇਸੁ ਮਾਰੇ ਸੁ ਸਹਜ ਧਿਆਨੀ ॥ ੫ ॥ ੮ ॥ ੫ ॥
ਗਉੜੀ ਮਹਲਾ ੫ ॥ ਪਨਾ ੨੩੭ ॥

ਸ੍ਰੀ ਮਾਨ ਜੀ ! ਗੁਰੂ ਸਾਹਿਬਾਂ ਨੇ ਇਸ ਉਪ੍ਰੋਕਤ ਗੁਰ ਵਾਕ ਵਿਚ ਇਹ ਫੈਸਲਾ ਹੀ ਕਰ ਦਿੱਤਾ ਹੈ ਕਿ ਜੋ ਮਨੁੱਖ ਦੁਬਿਧਾ (ਦ੍ਵੈਤਵਾਦ) ਨੂੰ ਮਾਰੇਗਾ ਓਹੀ ਹੀ **ਸੱਚਾ ਗਿਆਨੀ** ਬਣ ਸਕਦਾ ਹੈ । ਦੂਜਾ ਨਹੀਂ ! ਜਿਸ ਦਾ ਨਿਰਣਯ ਅਗਲੇ ਗੁਰ ਪ੍ਰਮਾਣ ਤੋਂ ਸਪਸ਼ਟ ਹੋ ਜਾਂਦਾ ਹੈ । ਜਿਵੇਂ ਕਿ :—

(੨) **ਇਸੁ ਮਾਰੀ ਬਿਨੁ ਗਿਆਨ ਨ ਹੋਈ** ॥
ਇਸੁ ਮਾਰੀ ਬਿਨੁ ਜੂਠਿ ਨ ਧੋਈ ॥
ਇਸੁ ਮਾਰੀ ਬਿਨੁ ਸਭੁ ਕਿਛੁ ਮੈਲਾ ॥
ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ ॥ ੭ ॥ ੮ ॥ ੫ ॥
ਗਉੜੀ ਮਹਲਾ ੫ ॥ ਪੰਨਾ ੨੩੭ ॥

ਪਿਆਰੇ ਪਾਠਕ ਜੀਉ ! ਇਸ ਉਪ੍ਰੋਕਤ ਗੁਰਵਾਕ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੁਬਿਧਾ (ਭੇਦ-ਭਾਵ) ਨੂੰ ਮਾਰੇ ਬਿਨਾਂ ਗਿਆਨ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ ਇਹ ਗੁਰੂ ਸਾਹਿਬਾਂ ਦਾ ਅਟਲ ਫੈਸਲਾ ਹੈ । **ਕੀ ਅੱਜ ਕੱਲ੍ਹ ਦੇ ਗਿਆਨੀ 'ਸੱਚੇ ਗਿਆਨੀ' ਹਨ** ?

**ਪ੍ਰਸ਼ਨ** :—ਦੁਬਿਧਾ (ਦ੍ਵੈਤ-ਵਾਦ) ਨੂੰ ਕਿਵੇਂ ਮਾਰਿਆ ਜਾਏ ?

. Sri Satguru Jagjit Singh Ji eLibrary NamdhariElibrary@gmail.com .

**ਉੱਤਰ** :—ਜਿਸ ਦਾ ਉੱਤਰ :—ਗੁਰੂ ਸਾਹਿਬਾਂ ਨੇ ਹੀ ਆਪਣੀ ਬਾਣੀ ਦੁਆਰਾ ਹੀ ਦੇ ਦਿੱਤਾ ਹੈ। ਜਿਸ ਤਰ੍ਹਾਂ ਕਿ :—

**'ਆਤਮਾ' 'ਪਰਮਾਤਮਾ' ਏਕੋ ਕਰੈ ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ ॥**
੧ ॥ ੫ ॥ ੨ ॥ ੪ ॥ ਧਨਾਸਰੀ ਮਹਲਾ ੧ ॥ ਪੰਨਾ ੬੬੧ ॥

ਪਿਆਰੇ ਪਾਠਕ ਜੀਉ ! ਜਦ ਮਨੁੱਖ ਆਤਮ-ਰੂਪੀ ਜੀਵ ਤੇ ਪਰਮਾਤਮਾ-ਰੂਪੀ ਬ੍ਰਹਮ ਇਨ੍ਹਾਂ ਦੋਹਾਂ ਨੂੰ ਅਭਿਆਸ ਦੁਆਰਾ ਇਕ ਕਰ ਲੈਂਦਾ ਹੈ। ਉਸ ਸਮੇਂ ਉਸ ਮਨੁੱਖ ਦੀ ਤ੍ਰੈਗੁਣੀ ਭੇਦ-ਭਾਵ ਵਾਲੀ ਬ੍ਰਿਤੀ ਸਮਾਪਤ ਹੋ ਜਾਂਦੀ ਹੈ। ਤੇ ਉਹ ਤੁਰੀਆ ਗੁਣ (ਚਉਥੇ ਪਦ) ਵਿਚ ਰਮਣ ਕਰਨ ਲੱਗ ਪੈਂਦਾ ਹੈ। ਜਿਸ ਦਾ ਸਪਸ਼ਟੀਕਰਨ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਹੀ ਦੱਸਿਆ ਜਾਂਦਾ ਹੈ। ਜਿਸ ਤਰ੍ਹਾਂ ਕਿ :—

(੧) ਜਨਮਿ ਮਰੈ ਤ੍ਰੈ ਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥ **ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ ॥** ੧ ॥ ੪ ॥ ੧੨ ॥ ਗਉੜੀ ਮਹਲਾ ੧ ॥ ਪੰਨਾ ੧੫੪ ॥

(੨) ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ ॥ **ਤੁਰੀਆਵਸਥਾ ਗੁਰਮੁਖਿ ਪਾਈਐ**, ਸੰਤ ਸਭਾ ਕੀ ਓਟ ਲਹੀ ॥ ੪ ॥ ੫ ॥ ੨੨ ॥ ਆਸਾ ਮਹਲਾ ੧ ॥ ਪੰਨਾ ੩੫੬ ॥

(੩) ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ ॥ **ਤੁਰੀਆਗੁਣ ਸਤਸੰਗਤਿ ਪਾਈਐ**, ਨਾਦਰੀ ਪਾਰਿ ਉਤਾਰੀ ॥ ੨ ॥ ੪ ॥ ੯ ॥ ਮਲਾਰ ਮਹਲਾ ੩ ॥ ਪੰਨਾ ੧੨੬੦ ॥

(੪) ਤ੍ਰੈ ਗੁਣ ਮਾਇਆ ਮੋਹਿ ਵਿਆਪੇ, **ਤੁਰੀਆ ਗੁਣੁ ਹੈ ਗੁਰਮੁਖਿ ਲਹਿਆ ॥** ਏਕ ਦ੍ਰਿਸਟਿ ਸਭ ਸਮ ਕਰ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥ ੭ ॥ ੮ ॥ ੧ ॥ ਬਿਲਾਵਲੁ ਮਹਲਾ ੪ ॥ ਪੰਨਾ ੮੩੩ ॥

(੫) ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥ **ਤ੍ਰੈਗੁਣ ਤਿਆਗਿ ਦੁਰਜਨ ਮੀਤ ਸਮਾਨੇ ॥ ਤੁਰੀਆ ਗੁਣੁ ਮਿਲਿ ਸਾਧ ਪਛਾਨੇ ॥** ੨ ॥ ੪ ॥ ੨ ॥ ਆਸਾ ਮਹਲਾ ੫ ॥ ਪੰਨਾ ੩੭੦ ॥

. Sri Satguru Jagjit Singh Ji eLibrary NamdhariElibrary@gmail.com .

ਪਿਆਰ ਪਾਠਕ ਜੀਉ ! ਜਦ ਮਨੁੱਖ ਉਪ੍ਰੋਕਤ ਗੁਰ ਪ੍ਰਮਾਣਾਂ ਅਨੁਸਾਰ ਤੁਰੀਆਵਸਥਾ (ਚਉਥੇ ਪਦ) ਵਿਚ ਪੁੱਜਦਾ ਹੈ, ਉਸ ਸਮੇਂ ਉਸ ਮਨੁੱਖ ਦੀ ਹਰ ਤਰ੍ਹਾਂ ਨਾਲ ਸਮਤਾ ਹੁੰਦੀ ਹੈ ਭਾਵ ਸਮਵਿਰਤੀ ਧਾਰਣ ਕਰਦਾ ਹੈ। ਭਾਵ ਉਸ ਨੂੰ ਕੋਈ ਪਾਪ ਪੁੰਨ ਹੀ ਨਹੀਂ ਦਿਸਦਾ। ਭਾਵ ਉਸ ਸਮੇਂ ਉਸ ਨੂੰ ਮਾਸ ਤੇ ਸਾਗ ਵਿਚ ਕੋਈ ਅੰਤਰ ਭੇਦ ਨਜ਼ਰ ਨਹੀਂ ਆਉਂਦਾ ਇਥੇ ਤੀਕ ਕਿ ਉਸ ਮਨੁੱਖ ਨੂੰ ਅੰਮ੍ਰਿਤ ਤੇ ਬਿਖ (ਜ਼ਹਰ) ਭੀ ਇਕੋ ਜਿਹਾ ਨਜ਼ਰ ਆਉਂਦਾ ਹੈ ਤੇ ਉਸ ਨੂੰ ਵਰਤਣ ਭੀ ਲੱਗ ਪੈਂਦਾ ਹੈ। ਜਿਵੇਂ ਕਿ ਮੀਰਾਂਬਾਈ ਆਦੀ। ਤੇ ਗੁਰੂ ਸਾਹਿਬਾਂ ਦੀ ਆਗਿਆ ਭੀ ਹੈ। ਜਿਸ ਤਰ੍ਹਾਂ ਕਿ :—

(੧) ਤਾਕਾ ਕਹਿਆ ਦਰ ਪਰਵਾਣ ॥
**ਬਿਖੁ ਅੰਮ੍ਰਿਤ ਦੁਇ ਸਮ ਕਰਿ ਜਾਣ ॥**
੧ ॥ ੪ ॥ ੫ ॥ ਪ੍ਰਭਾਤੀ ਮਹਲਾ ੧ ॥ ਪੰਨਾ ੧੩੨੮ ॥

(੨) ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ ॥
**ਬਿਖਿਆ ਅੰਮ੍ਰਿਤੁ ਏਕੁ ਹੈ,** ਬੂਝੈ ਪੁਰਖੁ ਸੁਜਾਣੁ ॥
੪੮ ॥ ੫੪ ॥ ੧ ॥ ਰਾਮਕਲੀ ਮਹਲਾ ੧ ॥ ਪੰਨਾ ੯੩੭ ॥

(੩) ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ, ਹਰਖ ਸੋਗ ਤੇ ਬਿਰਕਤੁ ਭਇਆ ॥
ਆਪੁ ਮਾਰੁ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥
੧੨ ॥ ੭ ॥ ਰਾਮਕਲੀ ਮਹਲਾ ੧ ॥ ਪੰਨਾ ੯੦੭ ॥

(੪) ਦੁਖੁ ਸੁਖੁ ਏ ਬਾਧੇ ਜਿਹ ਨਾਹਨਿ, **ਤਿਹ ਤੁਮ ਜਾਨਹੁ ਗਿਆਨੀ ॥**
ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥
੩ ॥ ੭ ॥ ਗਉੜੀ ਮਹਲਾ ੯ ॥ ਪੰਨਾ ੨੨੦ ॥

(੫) ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗ ॥

ਸਦਾ ਅਨੰਦ ਤਹ ਨਹੀ ਬਿਓਗ ॥
ਤੈਸਾ ਸੁਵਰਨ ਤੈਸੀ ਉਸ ਮਾਟੀ ॥

. Sri Satguru Jagjit Singh Ji eLibrary NamdhariElibrary@gmail.com .

**ਤੈਸਾ ਅੰਮ੍ਰਿਤ ਤੈਸੀ ਬਿਖ ਖਾਟੀ ॥**
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
ਨਾਨਕ ਓਹ ਪੁਰਖੁ ਕਹੀਐ ਜੀਵਨ ਮੁਕਤਿ ॥
੭ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੫ ॥

ਪਿਆਰੇ ਪਾਠਕ ਜੀਓ ! ਜਦ ਮਨੁੱਖ ਵਿਚੋਂ ਹਰ ਤਰ੍ਹਾਂ ਦਾ ਭੇਦ-ਭਾਵ ਚਾਲੇ ਪੈ ਜਾਂਦਾ ਹੈ। ਉਸ ਸਮੇਂ ਓਹ ਪੁਰਖ ਅੰਮ੍ਰਿਤ ਤੇ ਬਿਖ ਨੂੰ ਇਕ ਕਰ ਕੇ ਮੰਨਦਾ ਹੈ ਭਾਵ ਉਸ ਨੂੰ ਅੰਮ੍ਰਿਤ ਦਾ ਤੇ, ਬਿਖ ਭਰਿਆ ਦੁੱਧ ਦਾ ਕਟੋਰਾ ਇਹ ਦੋਨੋਂ ਹੀ ਇਕੋ ਰੂਪ ਹੀ ਦਿਸਦੇ ਤੇ ਵਰਤਨ ਵਿਚ ਆਉਂਦੇ ਹਨ। ਉਸ ਸਮੇਂ ਉਸ ਮਾਨੁੱਖ ਲਈ ਮਾਸ ਤੇ ਸਾਂਗ ਵਿਚ ਜਰਾ ਭੀ ਭੇਦ-ਭਾਵ ਨਹੀਂ ਰਹਿੰਦਾ।

ਸ੍ਰੀਮਾਨ ਗਿਆਨੀ ਜੀ ਮਹਾਰਾਜ ! ਜਦ ਤਕ ਸਾਨੂੰ ਅੰਮ੍ਰਿਤ ਤੇ ਬਿਖ ਦੋ ਪਦਾਰਥ ਭਿੰਨ ਭਿੰਨ ਦੇਖਣ ਤੇ ਵਰਤਣ ਵਿਚ ਆਉਂਦੇ ਹਨ, ਤਦ ਤਕ ਸਾਨੂੰ ਮਾਸ ਤੇ ਸਾਗ ਵਿਚ ਭੇਦ ਭਾਵ ਦੀ ਦ੍ਰਿਸ਼ਟੀ ਰੱਖਣੀ ਅਤੀ ਜ਼ਰੂਰੀ ਹੈ :—

**ਕਉਣ ਮਾਸ ਕਉਣੁ ਸਾਗ ਕਹਾਵੈ, ਕਿਸ ਮਹਿ ਪਾਪ ਸਮਾਣੇ ॥**
**ਬਿਖਿਆ ਅੰਮ੍ਰਿਤ ਏਕ ਹੈ, ਬੂਝੈ ਪੁਰਖੁ ਸੁਜਾਣੁ ॥**

. Sri Satguru Jagjit Singh Ji eLibrary NamdhariElibrary@gmail.com .

# (੪)

ਪਿਆਰੇ ਪਾਠਕ ਜੀਉ ! ਜੇਕਰ ਕੋਈ ਮਾਸਾਹਾਰੀ ਵੀਰ ਇਹ ਕਹੈਕਿ ਕੀ ਹੋਇਆ ਕਿ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੬੦ ਦੀਆਂ ਲਿਖਤ ਦੋ ਤੁਕਾਂ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਨ ਹੋਇਆ। ਦੇਖੋ :—ਇਸੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੭੩ ਤੇ ਗਿਆਨੀ ਜੀ ਦੇ ਇਸ ਲੇਖ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖਾਂ ਨੂੰ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਹੈ। ਜਿਸ ਤਰ੍ਹਾਂ ਕਿ :—

**ਤੋਆ ਆਖੈ ਹਉ ਬਹੁਬਿਧਿ ਹੱਛਾ ਤਐ ਬਹੁਤ ਬਿਕਾਰਾ ॥**
**ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ ॥**

ਪਿਆਰੇ ਪਾਠ ਜੀਉ ! ਗੁਰਬਾਣੀ ਦੀਆਂ ਇਨ੍ਹਾਂ ਉਪ੍ਰੋਕਤ ਦੋ ਤੁਕਾਂ ਦਾ ਅਰਥ ਕਰਦਿਆਂ ਗਿਆਨੀ ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੭੩ ਤੇ ਲਿਖਦੇ ਹਨ। ਜਿਵੇਂ ਕਿ :—

"ਅਖ਼ੀਰੀ ਦੋਹਾਂ ਤੁਕਾਂ ਦਾ ਭਾਵ ਮਾਸ ਤਿਆਗੀ ਪੰਡਤਾਂ ਨੂੰ ਉੱਕਾ ਹੀ ਹਿੱਲਣ ਜੋਗਾ ਨਹੀਂ ਛਡਦਾ। ਇਥੇ ਆਪ ਪੰਡਤ ਜੀ ਨੂੰ ਸੰਬੋਧਨ ਕਰਦੇ ਹਨ ਕਿ ਹੇ ਪੰਡਤ ! ਤੈਨੂੰ ਇਸ ਗੱਲ ਦੀ ਉੱਕੀ ਹੀ ਸਮਝ ਨਹੀਂ ਪਈ ਕਿ ਮਾਸ ਦੀ ਉਤਪਤੀ ਕਿੱਥੋਂ ਹੋਈ ਹੈ। ਲੈ ਤੈਨੂੰ ਅਸੀਂ ਦੱਸਦੇ ਹਾਂ—ਤੋਇਓ (ਪਾਣੀ) ਤੋਂ ਅੰਨ, ਕਮਾਦ ਤੇ ਕਪਾਹ ਆਦਿਕ ਸਾਰੀ ਬਨਾਸਪਤੀ ਪੈਦਾ ਹੋਈ ਹੈ ਤੇ ਤਿੰਨਾਂ ਭਵਨਾਂ ਵਾਲਾ ਬ੍ਰਹਿਮੰਡ ਭੀ ਪਾਣੀ ਤੋਂ ਪੈਦਾ ਹੋਇਆ ਹੈ ਤੇ ਇਹ (ਘਾਸ ਤੇ ਮਾਸ ਆਦਿਕ) ਬਹੁਤ ਬਿਕਾਂਰਾ (ਅਦਲਾ ਬਦਲੀਆਂ) ਪਾਣੀ ਤੋਂ ਹੀ ਹੋਈਆਂ ਹਨ। ਸਾਰੇ ਰਸਾਂ ਕਸਾਂ ਅਰ ਜ਼ਿੰਦਗੀ ਦਾ ਆਧਾਰ ਪਾਣੀ ਹੈ।

ਇਸ ਲਈ ਜਦ ਤਕ ਤੂੰ ਇਸ ਪਾਣੀ ਅਰ ਪਾਣੀ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ ਵਸਤਾਂ ਨੂੰ ਨਹੀਂ ਛੱਡਦਾ ਉਤਨਾ ਚਿਰ ਸੰਨਿਆਸੀ (ਮਾਸ ਤਿਆਗੀ) ਹੋਣ ਦਾ ਦਾਹਵਾ ਨਹੀਂ ਕਰ ਸਕਦਾ। ਪਰ ਇਹਨਾਂ ਚੀਜ਼ਾਂ ਨੂੰ ਛੱਡ ਕੋਈ ਨਹੀਂ ਸਕਦਾ, ਜੇ ਛੱਡੇ ਤਾਂ ਜਿਊਂਦਾ ਨਹੀਂ ਰਹਿ ਸਕਦਾ, ਇਸ ਲਈ

. Sri Satguru Jagjit Singh Ji eLibrary NamdhariElibrary@gmail.com .

ਨਾ ਕੋਈ ਇਹਨਾਂ ਨੂੰ ਛੱਡ ਸਕੇ ਤੇ ਨ ਆਪਣੇ ਆਪ ਨੂੰ ਸੰਨਿਆਸੀ ਸਾਬਤ ਕਰ ਸਕੇ।"

**ਸਮਾਧਾਨ** :—ਪਿਆਰੇ ਪਾਠਕ ਜੀਉ ! ਜਿਸ ਤਰ੍ਹਾਂ ਗਿਆਨੀ ਜੀ ਨੇ ਉਪ੍ਰੋਕਤ ਮਲਾਰ ਦੀ ਵਾਰ ਦੇ ਦੂਜੇ ਸ਼ਲੋਕ ਦੀਆਂ ਪਹਿਲੀਆਂ ਦੋ ਤੁਕਾਂ ਦਾ ਅਰਥ ਅਗਿਆਨਤਾ ਦੇ ਕਾਰਨ ਗਲਤ ਕਰ ਮਾਰਿਆ ਸੀ। ਇਸੀ ਤਰ੍ਹਾਂ ਹੀ ਇਸ ਉਪ੍ਰੋਕਤ ਸਲੋਕ ਦੀਆਂ ਅੰਤਮ ਦੋ ਤੁਕਾਂ ਦਾ ਭੀ ਅਰਥ ਗਿਆਨੀ ਜੀ ਨੇ ਗ਼ਲਤ (ਗੁਰਮਿਤ ਦੇ ਵਿਰੁੱਧ) ਕੀਤਾ ਹੈ। ਜਿਸ ਦਾ ਸਪਸ਼ਟੀ-ਕਰਣ ਹੇਠ ਲਿਖ ਕੇ ਦੱਸਿਆ ਜਾਂਦਾ ਹੈ। ਜਿਸ ਤਰ੍ਹਾਂ ਕਿ :—

ਤੋਆ ਆਖੈ ਹਉ ਬਹੁ ਬਿਧਿ ਹਛਾ, ਤੋਐ ਬਹੁਤ ਬਿਕਾਰਾ ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕ ਕਹੈ ਵਿਚਾਰਾ ॥
ਮਲਾਰ ਕੀ ਵਾਰ ਮਹਲਾ ੧ ॥ ਪਉੜੀ ੨੫ ॥ ਮ: ੧ ॥ ਪੰਨਾ ੧੨੯੦ ॥

**ਭਾਵਾਰਥ** :—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਥਨ ਕਰਦੇ ਹਨ ਕਿ ਹੇ ਪੰਡਤ ਜੀ ! ਪਾਣੀ ਕਹਿੰਦਾ ਹੈ ਕਿ ਮੈਂ ਹਰ ਤਰ੍ਹਾਂ ਨਾਲ ਚੰਗਾ ਹਾਂ। ਪਰ ਉਪ੍ਰੋਕਤ ਵਿਚਾਰ ਅਨੁਸਾਰ ਪਾਣੀ ਵਿਚ ਵੀ ਅਨੇਕਾਂ ਹੀ ਵਿਕਾਰ ਹਨ। ਪਰ ਜੋ ਉਪ੍ਰੋਕਤ ਕਥਨ ਕੀਤੇ ਗਏ ਰਸਾਂ ਨੂੰ ਛੱਡੇਗਾ ਉਹੀ ਹੀ ਸੱਚਾ ਸੰਨਿਆਸੀ ਭਾਵ (ਤਿਆਗੀ) ਕਹਿਲਾਣ ਦਾ ਅਧਕਾਰੀ ਹੈ। ਦੂਜਾ ਨਹੀਂ। ਇਹ ਸਾਡਾ **ਵਿਚਾਰ ਹੈ।**

**ਸਮਾਧਾਨ** :—ਪਰ ਗਿਆਨੀ ਜੀ ਦੇ ਉਪ੍ਰੋਕਤ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰ ਦੇ ਰਸਾਂ ਕਸਾਂ ਨੂੰ ਕੋਈ ਛੱਡ ਹੀ ਨਹੀਂ ਸਕਦਾ ਤੇ ਨਾ ਕੋਈ ਸੰਨਿਆਸੀ ਹੀ ਬਣ ਸਕਦਾ। ਪਰ ਗਿਆਨੀ ਜੀ ਦਾ ਇਹ ਉਪ੍ਰੋਕਤ ਲੇਖ ਗੁਰਮਤਿ ਦੇ ਸਿਧਾਂਤ ਅਨੁਸਾਰ ਨਹੀਂ ਹੈ ਬਲਕਿ ਵਿਰੁੱਧ ਹੈ। ਜੇਕਰ ਇੰਜ ਨਹੀਂ ਤਾਂ ਫਿਰ ਹੇਠ ਲਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਸਾਰ ਦੇ ਰਸਾਂ ਕਸਾਂ ਨੂੰ ਛੱਡਣ ਲਈ ਗੁਰੂ ਸਾਹਿਬਾਂ ਨੇ ਆਗਿਆ ਕਿਉਂ ਕੀਤੀ ?

(੧) ਇਹ ਰਸ ਛਾਡੇ, ਉਹ ਰਸੁ ਆਵਾ ॥
ਉਹ ਰਸੁ ਪੀਆ, ਇਹ ਰਸੁ ਨਹੀ ਭਾਵਾ ॥ ੩ ॥ ੪੫ ॥
ਗਉੜੀ ਸ੍ਰੀ ਕਬੀਰ ਜੀਉ ॥ ਪੰਨਾ ੩੪੨ ॥

. Sri Satguru Jagjit Singh Ji eLibrary NamdhariElibrary@gmail.com .

(੨) **ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥**
ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿ ਆਇਓ ਪਸੂਆ ॥
੧ ॥ ਰਹਾਉ ॥ ੪ ॥ ੬ ॥ ੧੨੭ ॥ ਗਉੜੀ ਮਹਲਾ ੫ ॥ ਪੰਨਾ ੨੦੬ ॥

(੩) **ਬਿਖੈ ਬਨੁ ਫੀਕਾ, ਤਿਆਗਿ ਰੀ ਸਖੀਏ,** ਨਾਮੁ ਮਹਾ ਰਸੁ ਪੀਓ ॥
ਬਿਨੁ ਰਸ ਚਾਖੇ ਬੁਡਿ ਗਈ ਸਗਲੀ, ਸੁਖੀ ਨ ਹੋਵਤ ਜੀਓ ॥
੧ ॥ ੪ ॥ ੨ ॥ ੫ ॥ ਬਿਲਾਵਲੁ ਮਹਲਾ ੫ ॥ ਪੰਨਾ ੮੦੨ ॥

(੪) ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥
**ਏਤੇ ਰਸ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥**
੪ ॥ ੪ ॥ ਸਿਰੀ ਰਾਗ ਮਹਲਾ ੧ ॥ ਪੰਨਾ ੧੫ ॥

(੫) ਜਾ ਕਉ ਰਸ ਹਰਿ ਰਸੁ ਹੈ ਆਇਓ ॥
**ਸੋ ਅਨ ਰਸ ਨਾਹੀ ਲਪਟਾਇਓ ॥**
੨ ॥ ੪ ॥ ੩੩ ॥ ੧੦੨ ॥ ਗਉੜੀ ਮਹਲਾ ੫ ॥ ਪੰਨਾ ੧੯੬ ॥

ਪਿਆਰੇ ਪਾਠਕ ਜੀਉ ! ਜੇਕਰ ਗਿਆਨੀ ਜੀ ਦੇ ਉਪ੍ਰੋਕਤ ਲੇਖ ਅਨੁਸਾਰ ਰਸਾਂ ਕਸਾਂ ਨੂੰ ਛੱਡਿਆ ਨਹੀਂ ਜਾ ਸਕਦਾ। ਤਾਂ ਫਿਰ ਇਨ੍ਹਾਂ ਉਪ੍ਰੋਕਤ ਲਿਖੇ ਗੁਰੂ ਬਾਣੀ ਦੇ ਗੁਰ ਪ੍ਰਮਾਣਾਂ ਦਾ ਸ੍ਰੀਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਮਹਾਰਾਜ ਪਾਸ ਕੀ ਉੱਤਰ ਹੈ ?

ਪਿਆਰੇ ਪਾਠਕ ਜੀਉ ! ਜੇ ਕਰ ਗਿਆਨੀ ਜੀ ਦੇ ਕਥਨ ਅਨੁਸਾਰ ਸੰਨਿਆਸੀ ਬਣ ਹੀ ਨਹੀਂ ਸਕਦਾ। ਤਾਂ ਫਿਰ ਹੇਠ ਲਿਖੇ ਗੁਰਪ੍ਰਮਾਣਾ ਦਾ ਕੀ ਅਰਥ ਕਰੋਗੇ ? ਜਿਵੇਂ ਕਿ :—

(੧) ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ, **ਨਾਹੀ ਤ ਕਰੁ ਬੈਰਾਗੁ ॥**
ਬੈਰਾਗੀ ਬੰਧਨੁ ਕਰੈ, ਤਾ ਕੋ ਬਡੋ ਅਭਾਗੁ ॥
੨੪੩ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

. Sri Satguru Jagjit Singh Ji eLibrary NamdhariElibrary@gmail.com .

(੨) ਕਬੀਰ **ਭਲੀ ਮਧੂਕਰੀ** ਨਾਨਾ ਬਿਧਿ ਕੋ ਨਾਜੁ ॥
ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ ॥
੧੬੮ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੩ ॥

(੩) ਅਲਗਉ **ਜੋਇ ਮਧੂਕੜਉ** ਸਾਰੰਗ ਪਾਣਿ ਸਬਾਇ ॥
ਹੀਰੈ .ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥ ੨ ॥
ਮਾਰੂ ਕੀ ਵਾਰ ਮਹਲਾ ੩ ॥ ਪਉੜੀ ੧੨ ॥ ਮ: ੧ ॥ ਪੰਨਾ ੧੦੯੦ ॥

(੪) ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
**ਛਾਦਨ, ਭੋਜਨ, ਕੀ ਆਸ ਨ ਕਰਈ, ਅਚਿੰਤੁ ਮਿਲੈ ਸੋ ਪਾਏ ॥**
**ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ,** ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ, ਸੰਨਿਆਸੀ, ਜੋਗੀ, ਜਿ ਹਰਿ ਚਰਣੀ ਚਿਤੁ ਲਾਏ ॥
੭ ॥ ੮ ॥ ੯ ॥ ੭ ॥ ਮਾਰੂ ਮਹਲਾ ੧ ॥ ਪੰਨਾ ੧੦੧੩ ॥

(੫) **ਮਾਤਰ ਪਿਤਰ ਤਿਆਗ ਕੈ,** ਮਨੁ ਸੰਤਨ ਪਾਹਿ ਬੇਚਾਇਓ ॥
ਜਾਤਿ ਜਨਮ ਕੁਲ ਖੋਈਐ, ਹਉ ਗਾਵਉ ਹਰਿ ਹਰੀ ॥ ੧ ॥
**ਲੋਕ ਕੁਟੰਬ ਤੇ ਟੂਟੀਐ,** ਪ੍ਰਭ ਕਿਰਤਿ ਕਿਰਤਿ ਕਰੀ ॥
ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥
੨ ॥ ੮ ॥ ੧੩੭ ॥ ਸਾਰੰਗ ਮਹਲਾ ੫ ॥ ਪੰਨਾ ੧੨੩੦ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਘਰ ਵਿਚ ਸੰਨਿਆਸ (ਗ੍ਰਿਹਸਤ ਦਾ ਤਿਆਗ) ਧਾਰਣ ਕਰਣੇ ਦੀ ਭੀ ਗੁਰੂ ਆਗਿਆ ਹੈ । ਜੇਕਰ ਇੰਜ ਨਹੀਂ ਤਾਂ ਫਿਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਅਨੰਦ ਸਿੰਘ ਨੂੰ ਇਕ ਮਹਾ ਤਿਆਗੀ ਮਹਾਤਮਾ ਦਾ ਤੇ ਦੂਜਾ 'ਕਪੋਤ ਕਪੋਤਨੀ' ਦਾ ਪ੍ਰਸੰਗ ਸੁਣਾ ਕੇ ਇਹ ਕਿਉਂ ਸਮਝਾਇਆ ਕਿ, ਜੇ ਕਰ ਤੂੰ ਤਿਆਗੀ ਬਣਨਾ ਹੈ ਤਾਂ ਇਸ ਤਰ੍ਹਾਂ ਦਾ ਤਿਆਗੀ ਬਣ ਤੇ ਗ੍ਰਿਹਸਤੀ ਬਣਨਾ ਹੈ ਤਾਂ 'ਕਪੋਤ ਕਪੋਤਨੀ' ਦੀ ਤਰ੍ਹਾਂ ਬਣ । ਸੋ ਸਿੱਖ ਇਤਿਹਾਸ ਦੇ ਇਸ ਪ੍ਰਸੰਗ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਘਰ ਵਿਚ ਸੰਨਿਆਸੀ ਬਣਨ ਲਈ ਭੀ ਆਗਿਆ ਹੈ । ਇਹ ਪ੍ਰਸੰਗ ਦੇਖੋ 'ਸ੍ਰੀ ਗੁਰ ਪ੍ਰਤਾਪ

. Sri Satguru Jagjit Singh Ji eLibrary NamdhariElibrary@gmail.com .

ਸੂਰਜ ਗ੍ਰੰਥ ਦੇ ਰੁਤ ੩। ਅੰਸੂ ੪੭ ਤੋਂ ੪੮ ਤਕ। ਜਿਸ ਤਰ੍ਹਾਂ ਕਿ :—

## [ਭਾਈ ਅਨੰਦ ਸਿੰਘ ਜੀ ਦਾ ਪ੍ਰਸੰਗ]

### ਦੋਹਰਾ

ਮੇਲ ਮੇਖ ਸੰਕ੍ਰਾਤ ਕੋ ਚਹੁੰ ਦਿਸ਼ਿ ਤੇ ਸਮੁਦਾਇ।
ਆਨਿ ਅਨੰਦ ਪੁਰਿ ਕੇ ਬਿਖੈ ਦਰਸ ਅਨੰਦ ਕੋ ਪਾਇ ॥ ੧ ॥

### ਚੌਪਈ

ਸਤਿਗੁਰ ਬਸਤ੍ਰ ਸ਼ਸਤ੍ਰ ਕੋ ਪਹਿਰੇ। ਆਨਿ ਸਿੰਘਾਸਨ ਪਰ ਤਬਿ ਠਹਿਰੇ।
ਸੁਭਟ ਸਭਾ ਸਦ ਸਭਾ ਮਝਾਰੀ। ਥਿਰੇ ਨਮੋ ਕਰਿ ਦਰਸ ਨਿਹਾਰੀ ॥ ੨ ॥

ਸੰਗਤਿ ਆਵਹਿ ਅਰਪ ਅਕੋਰਹਿ। ਪਗ ਪੰਗਜ ਬੰਦਹਿ ਕਰ ਜੋਰਹਿ।
ਕੋ ਬੈਠਹਿ ਕੋ ਖਰੇ ਨਿਹਾਰਹਿ। ਤ੍ਰਿਪਤੈ ਨਹੀਂ ਹਰਖ ਉਰ ਧਾਰਹਿ ॥ ੩ ॥

ਧਨੁਖ ਬਾਨ ਧ੍ਰਿਤਿ ਜਨੁ ਰਘੁਨਾਥਾ। ਲੰਕ ਔਧ ਕੇ ਟੇਕਹਿ ਮਾਥਾ।
ਮਨਹੁੰ ਦ੍ਵਾਰਕਾ ਮਹਿ ਘਨ ਸ਼ਜਾਮੁ। ਜਾਦਵ ਦੇਖਹਿ ਦੁਤਿ ਅਭਿਰਾਮੂ ॥ ੪ ॥

ਬਦਨ ਚੰਦ ਕੋ ਮਨਹੁੰ ਚਕੋਰੇ। ਇਕ ਟਕ ਨੇਤ੍ਰ ਲਗੇ ਗੁਰ ਓਰੇ।
ਰਿਦੈ ਬਿਲੰਦ ਅਨੰਦਹਿ ਸੰਗਤਿ। ਚਹੁੰ ਦਿਸ਼ਿ ਪਿਖਹਿੰ ਬ੍ਰਿੰਦ ਕਰਿ ਪੰਗਤਿ ॥ ੫ ॥

ਇਕ ਸਿਖ ਆਇ ਸਿੱਖਣੀ ਸਹਿਤ। ਬੰਦਨ ਕਰੀ ਭਾਉ ਮਨ ਮਹਤ।
ਹਾਥ ਜੋਰਿ ਕਰਿ ਬਿਨੈ ਬਖਾਨੀ। 'ਸਚੇ ਪਾਤਿਸ਼ਾਹੁ ਸੁਖਦਾਨੀ ॥ ੬ ॥

ਇਕ ਸੁਤ ਹਮਰੇ ਦਯੋ ਸੁਰਾਵਰਿ। ਤਜਿ ਘਰਨੀ ਥਿਰਿਯੋ ਜਨੁ ਬਾਵਰ।
ਭਲੇ ਸਿੱਖ ਕੀ ਤਨੁਜਾ ਬਜਾਹੀ। ਹੈ ਅਬੋਲ ਸੰਗ ਬੋਲਤਿ ਨਾਂਹੀ ॥ ੭ ॥

ਹਮਹਿੰ ਦੀਹ ਦੁਖ, ਬਹੁ ਸਮੁਝਾਵਹਿੰ। ਨਿਰਮੋਹੀ ਬਚ ਤਿਹ ਸੁਨ ਪਾਵਹਿੰ।
ਤਜੋਂ ਦੇਸ਼ ਮੈਂ ਜਾਉ ਬਿਦੇਸ਼। ਧਰੌਂ ਫਕੀਰੀ ਤਯਾਗਿ ਅਸ਼ੇਸ਼–' ॥ ੮ ॥

ਸ੍ਰੀ ਮੁਖ ਕਹਯੋ 'ਅਬੈ ਸਿਖ ਜਾਵੋ। ਸੁਤ ਹਕਾਰ ਕਰਿ ਹਮ ਢਿਗ ਲਜ਼ਾਵੋ।
ਸੁਨਿ ਆਇਸ ਆਨਯੋ ਤਤ ਕਾਲਾ। ਕਰ ਜੋਰੇ ਥਿਰਿ ਅੱਗ੍ਰ ਕ੍ਰਿਪਾਲਾ ॥ ੯ ॥

ਪਿਖਿ ਸਿਖ ਸੁਤ ਕੋ ਕਹਯੋ ਗੁਸਾਈਂ। 'ਤੋਹਿ ਮਾਤ ਪਿਤ ਕਹਾਂ ਅਲਾਈ?
ਹਮਰੇ ਸੁਤ ਜਗ ਤੇ ਹੁਇ ਨਜਾਰੋ। ਭਯੋ ਉਦਾਸ, ਦੇਖਿ ਦੁਖ ਭਾਰੋ ॥ ੧੦ ॥

. Sri Satguru Jagjit Singh Ji eLibrary NamdhariElibrary@gmail.com .

ਯਾਂ ਤੇ ਹਮ ਤੁਹਿ ਬੂਝਨ ਕਰਹਿਂ । ਕਯੋਂ ਕਰਿ ਭਾ ਵਿਰਾਗ ਉਰ ਧਰਹਿਂ ।
ਨਾਮ ਕੌਨ ਅਰੁ ਸਿਖ ਕਿਸ ਕੇਰਾ । ਪਰਚਾ ਕਿਸ ਪ੍ਰਕਾਰ ਕੋ ਤੇਰਾ ॥ ੧੧ ॥
ਬੈਸ ਅਸ਼ਟ ਦਸ਼ ਸੰਮਤ ਤੇਰੀ । ਲਖੀਅਤਿ, ਕਹੁ ਸਭਿ ਸਚ ਇਸ ਬੇਰੀ ।
ਭੋਗੇ ਭੋਗ ਜਿਨਹੁੰ ਬ੍ਰਿੱਧ ਹੋਏ । ਤਿਨਹੁੰ ਵਿਰਾਗ ਨ ਉਪਜਹਿ ਕੋਏ ॥ ੧੨ ॥
ਭਾਗ ਪ੍ਰਥਮ ਕੋ ਬਡ ਲਖਿ ਪਾਯੋ । ਤੁਵ ਦਰਸ਼ਨ ਹਮ ਚਹਿ ਬੁਲਵਾਯੋ ।
ਸੁਨਿ ਸਿਖ ਸੁਤ ਕਰ ਜੋਰਤਿ ਪ੍ਰਾਹੂ । ਕਯੋਂ ਮੁਝ ਹਸਹੁ ਸਾਂਚਿ ਪਤਿਸ਼ਾਹੂ ॥ ੧੩ ॥
ਭਵਜਲ ਜੀਵ ਸੁ ਬਹੇ ਮਝਾਰੀ । ਤੁਮ ਦਰਸ਼ਨ ਕਰਿ ਉਤਰਹਿਂ ਪਾਰੀ ।
ਅਨ ਜਾਨ ਨ, ਸਭਿ ਕੋ ਤੁਮ ਜਾਨੋ । ਜਾਂਨਿ ਬੁਝ ਕਿਮ ਬੂਝਨਿ ਠਾਨੋ ॥ ੧੪ ॥
ਨਾਮ ਅਨੰਦ ਸਿੰਘ ਹੇ ਮੇਰਾ । ਸ੍ਰੀ ਸਤਿਗੁਰ ਕੋ ਸਿਖ ਰਿਤ ਚੇਰਾ ।
ਭਯੋ ਬਿਰਾਗ ਪਠਤਿ ਗੁਰਬਾਨੀ' । ਇਮ ਕਹਿ ਗਾਥਾ ਬਹੁਰ ਬਖਾਨੀ ॥ ੧੫ ॥

## ਸੋਰਠਾ

ਕਯਾ ਬੂਢਾ ਕਯਾ ਬਾਲ ਜਾਂ ਗੁਰ ਸ਼ਰਣੀ ਜਾਇਗਾ ।
ਮੁਕਤਿ ਹੋਇ ਤਤ ਕਾਲ ਨਾਉ ਚਵਣ ਕੀ ਰੀਤਿ ਜਯੋਂ ॥ ੧੬ ॥

## ਚੌਪਈ

ਸੁਨੀਐ ਪਾਤਿਸ਼ਾਹ ਸੁਖ ਦਾਯਹੁ ! ਮਾਤ ਪਿਤਾ ਮੁਹਿ ਪਢਨਿ ਪਠਾਯਹੁ ।
ਗੁਰਬਾਣੀ ਪਢਿ ਪ੍ਰੇਮ ਸੁ ਜਾਗਾ । ਭਯੋ ਪ੍ਰੇਮ ਕੰਠ ਕਰਿਬੇ ਲਾਗਾ ।' ੧੭ ॥
ਤੁਕ ਅਨੰਦ ਕੀ ਰਿਦੈ ਬਿਚਾਰੀ । ਕਹੀ ਸੀਖ ਸੋ ਉਰ ਮਹਿਂ ਧਾਰੀ ।
ਰਾਤ ਦਿਵਸ ਚਿਤ ਰਾਖਿ ਘਨੇਰਾ । ਤਿਸ ਤੇ ਭਾ ਉਦਾਸ ਮਨ ਮੇਰਾ ॥ ੧੮ ॥
ਤੁਕ :—

ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥
ਇਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥
ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ ॥

## ਚੌਪਈ

ਅਰਥ ਬਸਯੋ ਉਰ ਭਯੋ ਵੈਰਾਗਾ । ਜਗ ਸਭਿ ਤੁੱਛ ਦੀਸਨੇ ਲਾਗਾ ।
ਜਥਾ ਧੂੰਪ ਬਾਦਰ ਦਿਸ਼ਟਾਯਾ । ਸੁਪਨਾ ਜਿਮ ਬਾਜ਼ੀਗਰ ਮਾਯਾ ॥ ੧੯ ॥

. Sri Satguru Jagjit Singh Ji eLibrary NamdhariElibrary@gmail.com .

ਜੋ ਸ਼ਰੀਰ ਅਬਿ ਦਿਖਯਤਿ ਸਾਰੇ । ਨਹੀਂ ਆਦਿ ਮੈਂ ਕਿਨਹੁੰ ਨਿਹਾਰੇ ।
ਅੰਤ ਸਮੈਂ ਬਿਨਸੈ ਇਹੁ ਸਬੈ । ਬਹੁਰੋ ਨਹਿਂ ਲਖੀਯਤਿ ਕਿਸ ਕਦੈ ॥ ੨੦ ॥

ਕੋ ਇਸ ਦਿਨ ਕੋ ਧੰਧ ਪਸਾਰਾ । ਆਦਿ ਨ ਅੰਤ ਸੁ ਕੁਤੋ ਮਝਾਰਾ ।
ਨਿਸਾ ਬਾਸ ਪਾਹੁਨ ਸਮ ਆਏ । ਮੇਲ ਨਦੀ ਨੌਕਾ ਸਮੁਦਾਏ ॥ ੨੧ ॥

ਜਿਮ ਜਲ ਬਹੈਂ ਮਿਲੇ ਤ੍ਰਿਣ ਬ੍ਰਿੰਦਾ । ਬਿਛੁਰੇ ਮੇਲ ਨ-ਬਹੁਰ ਬਨੰਦਾ ।
ਨਿਕਸਹਿ ਦੁਗਧ ਨ ਅਸਥਨ ਆਵੈ । ਝਰਹਿ ਪੱਤ੍ਰ ਕੋ ਸ਼ਾਖ ਲਗਾਵੈ ॥ ੨੨ ॥

ਤਿਮ ਸੰਬੰਧੀ ਬਹੁਰ ਨ ਮੇਲਾ । ਪਰਾਰਬਧ ਕਰਿ ਭਏ ਸਕੇਲਾ ।
ਕਯੋਂ ਚਿਤ ਲਾਇਸੁ ਜਨਮ ਗਵਾਈਜੇ । ਜਿਸਕੋ ਮਿਲਿਬੋ ਬਹੁਰ ਨ ਪਾਈਜੇ॥੨੩॥

ਜਯੋਂ ਤਰੁ ਪਰ ਨਿਸ ਪੰਛੀ ਬਾਸੇ । ਉਡਹਿਂ ਦਿਸ਼ਾਚਹੁੰ ਮੇਂ ਰਵਿ ਭਾਸੇ ।
ਇੱਤਯਾਦਿਕ ਮੈਂ ਤਰਕ ਵਿਚਾਰੋਂ । ਸੱਤਾ ਸੱਤ ਭਲੇ ਨਿਰਧਾਰੋਂ ॥ ੨੪ ॥

ਬੋਲਣ ਹਸਣਾ ਖਾਣਾ ਪੀਣਾ । ਬਿਸਰ ਗਏ ਉਰ ਭਾ ਸੁਧ ਹੀਣਾ ।
ਜਗਤ ਮਨੋਰਥ ਫੁਰਹਿ ਨ ਕੋਈ ! ਲੋਕਨ ਲਖਯੋ-ਕਸਰ ਕੁਛ ਹੋਈ ॥ ੨੫ ॥

ਅਬਿ ਮੈਂ ਸ਼ਰਣਿ ਆਪ ਕੀ ਪਰਯੋ । ਸ਼ਬਦ ਤੁਮਾਰੇ ਇਹ ਗੁਣ ਕਰਯੋ' ।
ਸੁਨਿ ਕਰਿ ਸ਼੍ਰੀ ਮੁਖ ਤੇ ਗੁਰ ਬੋਲੇ । 'ਸੁਤ ਪਰਭਰਮ ਕਰਯੋ ਕਯੋਂ ਡੋਲੇ ॥੨੬॥

ਤਜਹੁ ਭਰਮਨਾ ਜੋ ਉਰ ਹੋਈ । ਭੂਤ ਪ੍ਰੇਤ ਇਸ ਰੋਗ ਨ ਕੋਈ ।
ਜਾਗੇ ਪ੍ਰਥਮ ਭਾਗ ਇਸ ਕੇਰੇ । ਮਿਲਿ ਤੁਮ ਗੈਲ ਨ ਪਰਹੁ ਬਡੇਰੇ ॥ ੨੭ ॥

ਤੁਮ ਕੋ ਸੁਤ ਬਖਸ਼ਯੋ ਗੁਰ ਔਰ । ਬੈਠਹੁ ਨਿਸ਼ਚੈ ਕਰਿ ਨਿਜ ਠੌਰ ।
ਇਸ ਕੋ ਆਪੇ ਹਮ ਸਮੁਝਾਵੈ । ਚਲਹਿ ਪੰਥ ਜੋ ਤਿਸਹਿ ਚਲਾਵੈਂ ॥ ੨੮ ॥

ਇਸ ਤਜਿ ਜਾਹੁ ਅਪਨਿ ਘਰ ਪਾਛੇ । ਸਿਖਣੀ ਭੀ ਇਸ ਕੀ ਰਹਿ ਆਛੇ ।
ਆਪੇ ਹੋਇ ਕੁਟੰਬੀ ਰਹਿ ਹੇ । ਭਲੋ ਬੁਰੋ ਜਬਿ ਭੇਵ ਕੁਲਹਿ ਹੈ' ॥ ੨੯ ॥

ਸਿੱਖ ਸਿੱਖਣੀ ਸੁਨਿ ਗੁਰ ਬੈਨ । ਹਰਖਹਿਂ ਬੰਦੇ ਗਮਨੇ ਐਨ ।
ਰਹਯ ਅਨੰਦ ਸਿੰਘ ਢਿਗ ਨਾਥ । ਬੈਠਹਿ ਨਿਕਟ ਜੋਰਿ ਜੁਗ ਹਾਥ ॥ ੩੦ ॥

ਇਕ ਦਿਨ ਅਪਨੇ ਨਿਕਟਿ ਹਕਾਰਾ । ਸ੍ਰੀ ਮੁਖ ਤੇ ਗੁਰ ਮ੍ਰਿਦੁਲ ਉਚਾਰਾ ।
'ਸੁਨਹੁ ਨੀਂਗਰਾ ਦੇ ਹਮ ਭੇਟ । ਇਤ ਰੁਖ ਕਰਿ ਇੰਦ੍ਰੇਨ ਸਮੇਟ ॥ ੩੧ ॥

. Sri Satguru Jagjit Singh Ji eLibrary NamdhariElibrary@gmail.com .

ਬਹੁਰ ਕਰਹੁ ਜਿਮ ਉਰ ਅਭਿਲਾਖੀ। ਪ੍ਰਥਮ ਭਨਹਿਂ ਨ੍ਰਿਬ੍ਰਿਤ ਕੀ ਸਾਖੀ।
ਬਨ ਮਹਿਂ ਤਪਸੀਇਕ ਤਪ ਕਰਤਿ। ਰਿਦੈ ਸੰਤੋਖ ਪ੍ਰਾਣ ਕੋ ਧਰਤਿ॥ ੩੨॥

ਪੁਰਢਿਗ ਰਹੈ ਕੁਟੀ ਮਹਿਂ ਬੈਸਾ। ਦੇਤਿ ਨਾਰਿ ਨਰ ਅਚਵਹਿ ਤੈਸਾ।
ਅਲਪ ਬਹੁਤ ਕੈ ਸਾਦ ਕੁ-ਸ੍ਵਾਦ। ਚੁਨ ਸਾਗ ਦੁਧ ਕੈ ਦਧਿ ਆਦਿ॥ ੩੩॥

ਦਯੋ ਦਈ ਕੋ ਲਖਿ ਸੋ ਖਾਇ। ਪ੍ਰਾਨ ਅਪਾਨ ਸੋਂ ਜੋਗ ਕਮਾਇ।
ਦ੍ਵਾਦਸ਼ ਭੇਦ ਅਨਾਹਦਿ ਸੁਨਿ ਕੈ।ਸਮੁਚਿ ਸਕਲ ਇਕ ਚਿਤ ਭਾ ਗੁਨਿ ਕੈ॥੩੪॥

ਸਪਤ ਦਿਵਸ਼ ਬੀਤੇ ਇਕ ਬਾਰ। ਕਿਤ ਤੇ ਪਹੁੰਚਯੋ ਨਹੀਂ ਅਹਾਰ।
ਸੁਣਹੁ ਨੀਂਗਰਾ ! ਤਪੀ ਬਿਚਾਰਾ। ਮੁਝ ਪਰ ਕੋਪ ਭਯੋ ਕਰਤਾਰ॥ ੩੫॥

ਕਰ ਪਗ ਦਿਏ ਨ ਉੱਦਮ ਧਰੇ। ਉਦਰ ਭਰਣ ਲਗਿ ਚਹੀਐ ਕਰੇ।
ਪੁਰ ਮਹਿਂ ਫਿਰਿ ਭਿਛ ਕਰੀਅਹਿ ਕੋਇ। ਸੁਰ ਭੀ ਬੈਠ ਦੇਤਿ ਦੁਖਿ ਕੋਇ॥੩੬॥

ਖਿੰਥਾ ਛਰੀ ਕੁਸ਼ਾਸਨ ਮਾਲਾ। ਧਰੇ ਹਾਥ ਤੂੰਬਾ ਤਬਿ ਚਾਲਾ।
ਗ੍ਰਿਹਸਤੀ ਕੇ ਬਾਣੇ ਬਿਨ ਜਾਨਾ। ਨਹਿਂ ਸ਼ੁਭ ਜਿਸ ਤੇ ਜਾਇ ਨ ਜਾਨਾ॥ ੩੭॥

ਗ੍ਰਿਹਸਤੀ ਕਰਹਿ ਨਿਰਾਦਰ ਦੋਖ। ਲਗਹਿ ਸਾਧ ਕੋ ਪਾਪਹਿ ਪੋਖ।
ਭਿੱਛਿਆ ਕੋ ਦਇ ਸਮੈ ਨ ਜਾਨਾ। ਧਰਹਿ ਭੇਖ ਨਹਿਂ ਬਦਲਹਿ ਆਨਾ॥ ੩੮॥

ਜੈਸੀ ਜੈਸੀ ਜੋ ਕਿਮੁ ਦੇਇ। ਜਥਾ ਸ਼ਕਤਿ ਦੁਧ ਭਿੱਛਯ ਲੇਇ।
ਚਿਰ ਨਹਿਂ ਪਹਿਰਹਿ ਪਰਾ ਨ ਲੇਵੇ।ਤ੍ਰਿਯ ਜਿਸ ਕਰ ਛੁਵਨਿ ਨ ਕਰ ਦੇਵੇ॥੩੯॥

ਜਿਸ ਕਿਸ ਕੀ ਲੇ ਕਰਿ ਨਹਿਂ ਖਾਇ। ਸਿੱਖ ਸਾਧ ਕੋ ਨਹਿਂ ਬਨਿ ਆਇ।
ਭੋਜਨ ਪੱਕ ਖਾਇ ਸਭ ਕੇਰਾ। ਤਿਸ ਕੋ ਤੋਟਾ ਪਰਹਿ ਬਡੇਰਾ॥ ੪੦॥

## ਦੋਹਰਾ

ਜਾਂਕੀ ਰਹਤਿ ਨ ਜਾਣੀਐ ਗੁਰੂ ਮੰਤ੍ਰ ਨਹਿਂ ਰੀਤਿ।
ਤਾਂਕੋ ਭੋਜਨ ਖਾਇ ਕੈ ਬਿਛਰੈ ਹਰਿ ਕੀ ਪ੍ਰੀਤਿ।
ਇਹ ਸਭਿ ਰੀਤਿ ਬਿਚਾਰਿ ਕੈ ਤਪਸੀ ਗਯੋ ਬਜ਼ਾਰ।
ਨਗਰ ਬੀਚ ਇਕ ਸ਼ਾਹੁ ਘਰ ਬਡੋ ਜੱਗ ਕੋ ਸਾਰ॥ ੪੧॥

. Sri Satguru Jagjit Singh Ji eLibrary NamdhariElibrary@gmail.com .

## ਚੌਪਈ

ਬਡੀ ਭੀਰ ਭਰਿ ਰਹੀ ਨਿਕੇਤ । ਪਕਰਿ ਬਿਠਾਵੈ ਭੋਜਨ ਦੇਤਿ ।
ਤਹਾਂ ਜਾਇ ਤਪਸੀ ਥਿਰ ਰਹਯੋ । ਕਿਨੈ ਬਿਠਾਇ ਨਹੀਂ ਕੁਛ ਕਹਯੋ ॥੪੨॥

ਪੁਨ ਸੰਤੋਖ ਧਰਯੋ ਸੁ ਬਿਚਾਰੇ । ਖਰਯੋ ਰਹਯੋ ਹੁਇ ਏਕ ਕਿਨਾਰੇ ।
ਨਿਸ ਜਬਿ ਭੀ ਸਭਿ ਲੋਕ ਪਯਾਨੇ । ਪਿਖਿ ਤਪਸੀ ਨਿਜ ਆਇ ਟਿਕਾਨੇ ॥੪੩॥

ਆਧੀ ਰਾਤਿ ਭਈ ਜਿਸ ਕਾਲਾ । ਦੁਇ ਦੇਵਨ ਕੇ ਦੂਤ ਕਰਾਲਾ ।
ਜੂਲਤ ਮਸਾਲੈਂ ਹਾਥਨਿ ਲੀਨਿ । ਤਪਸੀ ਆਨਿ ਹਕਾਰਨਿ ਕੀਨ ॥ ੪੪ ॥

ਤੁਮ ਢਿਗ ਦੇਵਨਿ ਹਮਹੁੰ ਪਠਾਏ । ਮਹਾਰਾਜ ਕੀ ਆਗਿਯਾ ਲਯਾਏ ।
ਉਠਿ ਕਰਿ ਹਮਰੇ ਸੰਗਿ ਸਿਧਾਰਹੁ। ਪੁਰਿ ਮਹਿਂ ਸ਼ਾਹੁ ਤਿਸੀ ਘਰ ਜਾਰਹੁ ॥੪੫॥

ਜਿਸ ਘਰ ਸੰਤ ਛੁਧਤਿ ਹੀ ਆਯੋ । ਨਹਿਂ ਆਦਰ ਕੋ ਬਚ ਭੀ ਗਾਯੋ ।
ਸ਼ਾਹੁ ਤਿਸੀ ਨੇ ਪਾਪ ਕਮਾਏ । ਤੁਵ ਸਹਾਇ ਹਿਤ ਹਮ ਚਲਿ ਆਏ ॥ ੪੬ ॥

ਚਲਿ ਆਗੇ ਘਰ ਦੇਹੁ ਦੇਖਾਈ । ਸੁਨ ਕਰਿ ਤਪਸੀ ਭਯੋ ਅਗੁਵਾਈ ।
ਮੁਝ ਕੋ ਭੀ ਇਕ ਦੇਹੁ ਮਸਾਲ । ਦਈ ਤਿਨਹੂੰ ਗਹਿ ਕੈ ਕਰ ਨਾਲ ॥ ੪੭ ॥

ਦੂਤਨ ਕੋ ਤਬਿ ਲਗਯੋ ਜਲਾਵਨਿ । ਭਾਗੇ ਤਪਸੀ ਤੇ ਡਰਪਾਵਨ ।
ਲਗਯੋ ਸੁਨਾਵਨਿ ਤਿਨ ਬੱਖਯਾਤਾ । ਨੀਕੋ ਸ਼ਾਹੁ ਸਭਿਨਿ ਕੋ ਦਾਤਾ ॥ ੪੮ ॥

**ਬਿਸ਼ਨੁ** ਜਿ ਅੰਤਰ ਜਾਮੀ ਪ੍ਰੇਰਹਿ । ਤੌਂ ਦਾਤਾ ਦੇਤੋ ਬਿਨ ਦੇਰਹਿ ।
ਸਭਿ ਜਗ ਕਰਤਾ ਕਿਰਤ ਕਰਾਵਤਿ । ਕਹਾਂ ਸ਼ਾਹੁ ਵਸ ਜੇ ਪ੍ਰਭੁ ਦਯਾਵਤਿ ॥੪੯॥

ਹਰਿ ਸ੍ਵਾਮੀ ਕਰਤਾ ਨਿਤ ਦਾਯਾ । ਹਨ ਅਧੀਨਿ ਸਭਿ ਤਿਸ ਕੀ ਮਾਯਾ ।
ਤੁਮ ਕੋ ਚਰਨ ਬੰਦਨਾ ਬਰਨੀ । ਐਸੀ ਫੇਰ ਨਹੀਂ ਕਬਿ ਕਰਨੀ ॥ ੫੦ ॥

ਸੁਨਹੁ ਨੀਂਗਰਾ ! ਗੁਰ ਕਹਿਂ ਤੋਨਾ ।
'ਤਯਾਗੀ ਬਨਹਿਂ ਤਾਂ ਐਸਾ ਹੋਨਾ ।
ਪਰ ਅਵਗੁਣ ਚਿਤਵਹੁ ਨਹਿਂ ਕੋਈ ।
ਸੁਨਿ ਕਰਿ ਨਿੰਮ੍ਰ ਦੂਤ ਦ੍ਵੈ ਹੋਈ ॥ ੫੧ ॥

. Sri Satguru Jagjit Singh Ji eLibrary NamdhariElibrary@gmail.com .

ਬਿਦਾ ਹੋਇ ਪਹੁੰਚੇ ਦਰਬਾਰਾ । ਮਹਾਰਾਜ ਸੰਗ ਸਕਲ ਉਚਾਰਾ ।
ਪਰਚਯੋ ਸਚ ਪਰਚੇ ਵਿਚ ਸਾਚਾ । ਗਯੋ ਸੰਤੋਖ ਉਬਾਚ ਨ ਜਾਚਾ ॥ ੫੨ ॥
ਕਰਤਾ ਪੁਰਖ ਮਹਾਨ ਪ੍ਰਮੰਨੇ । ਗੁਣ ਸੰਤੋਖ ਆਦਿ ਮਨ ਮੰਨੇ ।
ਪਠਿ ਬਿਬਾਨ ਕੋ ਨਿਕਟ ਬੁਲਾਯੋ । ਅਪਨਿ ਲੋਕ ਮੈਂ ਭਲੇ ਬਸਾਯੋ ॥ ੫੩ ॥

ਸ੍ਰੀ ਗੁਰ ਪ੍ਰਤਾਪ ਸੂਰਜ ਗਰੰਥ । ਰੁਤ ੩ । ਅੰਸੂ ੪੭ ॥

੪੮ [ਭਾਈ ਅਨੰਦ ਸਿੰਘ]

**ਦੋਹਰਾ**

ਸ੍ਰੀ ਗੁਰ ਗੋਬਿੰਦ ਸਿੰਘ ਜੀ ਦੇਤਿ ਭਲੇ ਉਪਦੇਸ਼ ।
ਨੰਦ ਸਿਘ ਸੰਗ ਨੰਦ ! ਸੁਨਿ ਇਹ ਮਗ ਲਖਿ ਦਰਵੇਸ਼ ॥ ੧ ॥

**ਚੌਪਈ**

**ਬ੍ਰਿਕਤ ਹੋਨਿ ਕੀਚਿਤ ਮਹਿ ਤੋਰੇ । ਤੋ ਇਮ ਬਨਹੁ ਨ ਕੋਇ ਬਹੋਰੇ ।**
**ਗ੍ਰਿਹਸਤ ਪੰਥ ਦੂਸਰ ਲਖ ਲੀਜੈ । ਜੇ ਕਰਿਬੋ ਹੁਇ ਸਕਲ ਸੁਨੀਜੈ॥੨॥**

**। ਸ੍ਰੀ ਮੁਖ ਵਾਕ ।**

॥ ਮ: ੨ ॥ ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥
ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ੨ ॥ ਪੰਨਾ ੬੫੩ ॥

ਭਾਣਾ ਮੰਨੇ ਹੁਕਮ ਰਜਾਇ ।

ਆਪੇ ਪਟੀ ਕਲਮ ਆਪ ਲਿਖਣ ਹਾਰਾ ਆਪ ।

ਦੂਜਾ ਹੋਇ ਤ ਆਖੀਐ ਸਭਿ ਘਟਿ ਰਹਿਆ ਬਿਆਪ ।

**ਚੌਪਈ**

ਸੁਨਿ ਸਿਖ ਸੁਤ !' ਸਤਿਗੁਰ ਕਹਿੰ ਤੈਸੇ ।
ਗ੍ਰਿਹਸਤੀ ਹੋਨਿ ਤ ਹੋਈਐ ਐਸੇ ।
ਸਘਨ ਛਾਵ ਤਰੁ ਬਨ ਮਹਿੰ ਅਹਾ ।
ਰਹਿਤ ਕਪੋਤ ਕਪੋਤੀ ਤਹਾਂ ॥ ੩ ॥

. Sri Satguru Jagjit Singh Ji eLibrary NamdhariElibrary@gmail.com .

**ਕਥਾ ਅਰੰਭ**

ਬਧਿ'ਨਿਡੀਯ' ਉਸ ਬਸੈ ਸੁਖਾਰੇ । ਬਚੇ ਬਚੀ ਜਣ ਕਰਿ ਪ੍ਰਿਤਪਾਰੇ ।
ਬਰਖਤਿ ਝਰੀ ਲਗੀ ਇਕ ਬਾਰੀ । ਆਯੋ ਬਧਿਕ ਲਿਯੇ ਕਰ ਜਾਰੀ ॥ ੪ ॥

ਬਿਹੰਗ ਨ ਹਤਯੋ ਨਹਿੰ ਕਿਤ ਪਾਯੋ । ਭ੍ਰਮਤਿ ਭ੍ਰਮਤਿ ਛੂਡਾ ਤਹਿੰ ਆਯੋ ।
ਕੰਪਤਿ ਸ਼ੀਤ ਲਗੇ ਜਲ ਬਾਊ । ਤਿਸ ਤਰੁ ਤਰੇ ਰਹਿਯੋ ਠਹਿਰਾਊ ॥ ੫ ॥

ਰਾਤਿ ਭਈ ਪਰ ਭੂਲਯੋ ਰਾਹੂ । ਛੁਧਿਤਿ ਉਦਾਸ ਤ੍ਰਾਸ ਮਨ ਮਾਹੂ ।
ਠਰਯੋ ਸੁੰਨ ਹੁਇ ਬੈਠਯੋ ਮੋਨ । ਬੋਲ ਨ ਨਿਕਸਿ, ਬਿਲੋਕਯੋ ਤੌਨ ॥ ੬ ॥

ਹੁਤੋ ਕੁਟੰਬੀ ਕਹੈ ਕਪੋਤ । ਸੁਨਹੁ ਕਪੋਤੀ ! ਇਸ ਦੁਖ ਹੋਤਿ ।
ਖਗ ਗ੍ਰਿਹਸਤੀ ਹਮਰੇ, ਅਰਧੰਗੀ । ਆਯਹੁ ਅੱਭਯਾਗਤ ਨਰ ਅੰਗੀ ॥ ੭ ॥

ਬੈਠਯੋ ਆਇ ਨਿਕੇਤ ਹਮਾਰੇ । ਗ੍ਰਿਹਸਤੀ ਧਰਮ ਸੁ ਦੇਹਿ ਅਹਾਰ ।
ਖਾਨ ਪਾਨ ਬਿਸਰਾਮੈ ਦੈਬੋ । ਸੁਖ ਸਭਿ ਕਰਹਿ ਅਤਿਥ ਸੁਧ ਲੈਬੋ ॥ ੮ ॥

ਖਗ ਤਨ, ਹਾਥ ਨ ਦਏ ਬਿਧਾਤਾ । ਹੈ ਇਕ ਚੋਂਚ ਚੋਗ ਚੁਨਿ ਖਾਤਾ ।
ਸੁਨਿ ਸੁਖ ਦਾਇਨ ! ਸੁਧ ਇਸ ਕੇਰੀ । ਚਹੀਐ ਲਈ ਸਕਲ ਇਸ ਬੇਰੀ ॥੯॥

ਪਹਿਲੇ ਪਾਵਕ ਦੈ ਹੈਂ ਇਸੇ ।ਜਿਸ ਤੇ ਸੀਤ ਸਰੀਰਹਿ ਨਸੇ ।
ਉੱਦਮ ਤੇ ਲਛਮੀ ਹੀ ਹੁਇ ਭੌਨ । ਜਿਮ ਬਿਜਨੇ ਹਾਲੇ ਹੁਇ ਪੌਨ ॥ ੧੦ ॥

ਇਮ ਬੋਲਤਿ ਹੀ ਉਡ ਕਰਿ ਗਯੋ । ਗ੍ਰਾਮ ਅਗਨਿ ਧੁਖ ਦੇਖਤਿ ਭਯੋ ।
ਮੋਂਡਣ ਆਗ ਸੁਲਗਤੀ ਲੈ ਕੈ । ਲਯਾਇ ਬਧਿਕ ਕੇ ਆਗੇ ਦੈ ਕੈ ॥ ੧੧ ॥

ਸ਼ੁਸ਼ਕ ਆਲਣੇ ਤੇ ਤ੍ਰਿਣ ਗੇਰੇ । ਬਧਿਕ ਹੇਰਿ ਜਾਰੇ ਜਾਰੇ ਤਿਸ ਬੇਰੇ ।
ਈਂਧਨ ਅਧਿਕ ਪਰਯੋ ਚੁਨ ਲਯੋ । ਬਹੁਤ ਭੜਾਭ ਮਚਾਵਤਿ ਭਯੋ ॥ ੧੨ ॥

ਗਯ ਸੀਤ ਪਰ ਭੁਖਾ ਰਹਯੋ । ਦੇਖਿ ਕਪੋਤ ਬਾਤ ਤਬਿ ਕਹਯੋ ।
ਹੇ ਘਰ ਕੀ ਸਰਦਾਰਨਿ ਸੁਨੋ । ਬਾਲ ਬਚੇ ਪਾਲਹੁ ਸੁਖ ਸਨੋ ॥ ੧੩ ॥

ਇਸ ਮਾਣੂ ਹਿਤ ਅਲਪ ਅਹਾਰਾ । ਦੇਉਂ ਸਰੀਰ ਅਪਨਿ ਇਸ ਬਾਰਾ ।
ਕਹੈ ਕਪੋਤੀ ਧਰਮ ਸੁ ਮੇਰਾ । ਦੇਉਂ ਆਹਾਰ ਅਪਨਿ ਤਨ ਕੇਰਾ ॥ ੧੪ ॥

. Sri Satguru Jagjit Singh Ji eLibrary NamdhariElibrary@gmail.com .

## ਦੋਹਰਾ

ਨਾਰੀ ਨਰਕ ਸਰੀਰ ਹੈ ਬਿਨਾ ਪੁਰਖ ਕਿਹ ਕਾਮ।
ਸਤ ਗਤਿ ਦਾਤਾ ਪੁਰਖ ਹੈ, ਅਵਰ ਨ ਦਾਤਾ ਰਾਮ॥ ੧੫॥

ਪੁਰਖ ਕਹਯੋ-ਘਰ ਤ੍ਰਿਯ ਬਿਨ ਸੂਨਾ ਰਹੇ ਦੁਆਰ।
ਪੁਰਖ ਵਹਿਰ ਹੀ ਸੂਰਮਾ ਅੰਤਰ ਘਰ ਕੇ ਖ੍ਵਾਰ॥ ੧੬॥

## ਚੌਪਈ

ਸੁਨਹੁ ਨੀਂਗਰਾ ! ਪਤਿ ਬਚ ਹੋਤੀ। ਜੂਲਤਿ ਅਗਨਿ ਮਹਿਂ ਗਿਰੀ ਕਪੋਤੀ।
ਬਧਕ ਦੇਖਿ ਭੂਨੀ ਅਰੁ ਖਾਈ। ਤਬਹਿ ਕਪੋਤ ਬਿਚਾਰ ਉਠਾਈ॥ ੧੭॥
ਨਰ ਤਨ ਤੀਨ ਸੇਰ ਲੈ ਖਾਈ। ਅਰਧ ਛੁਧਿਤਿ ਰਹਿਗਾ ਅਰਗਾਈ।
**ਅਧ ਭੋਜਨ ਦੇ ਭੂਖਾ ਰਾਖੈ। ਨਰਕ ਪਰਹਿ ਦਾਤਾ, ਸ੍ਰੁਤਿ ਭਾਖੈ॥੧੮॥**
**ਤਬਿ ਤਜਿ ਮੋਹ ਅਗਨਿ ਮਹਿਂ ਗਿਰਯੋ। ਹੇਰਿ ਪਾਰਧੀ ਕਰੁਣਾ ਭਰਯੋ।**
**ਧੰਨਧੰਨ ਇਹ ਖਗ ਤਨ ਧਰੇ। ਮਮ ਅਹਾਰ ਹਿਤ ਦੋਨਹੁ ਮਰੇ॥ ੧੯॥**
**ਮੈਂ ਪਾਪੀ, ਬਡ ਹੋਯਹੁ ਪਾਪ। ਬਿਨਸੋ ਤਨ ਮੋਹ ਸੁ ਤਜਿ ਆਪ।**
**ਮੈਂ ਤਪ ਤਪੋਂਜਿ ਨਰ ਤਨ ਹੋਵਾ। ਇਮ ਕਹਿ ਪ੍ਰੇਮ ਉਮਕ ਬਹੁ ਰੋਵਾ॥੨੦॥**
ਮਹਾਰਾਜ ਤਬਿ ਹੁਕਮ ਬਖਾਨਾ। ਇਹ ਠਾਂ ਆਨਹੁ-ਪਠਯੋ ਬਿਮਾਨਾ।
ਸਹਿਤ ਕੁਟੰਬ ਕਬੂਤਰ ਚਢਯੋ। ਬਧਿਕ ਚਢਾਇ ਸੰਗ ਮੁਦ ਬਢਯੋ॥ ੨੧॥
ਸੁਖ ਸਭਿ ਬਿਧਿ ਕੋ ਜਹਾਂ ਉਦਾਰਾ। ਬਸ ਕਰਿ ਭੋਗੇ ਅਨਿਕ ਪ੍ਰਕਾਰਾ।
ਸੁਨਿ ਲਰਕੇ ! ਇਹ ਮਾਰਗ ਦੋਇ। ਤੋਹਿ ਸੰਗ ਹਮ ਬੂਝਿਤ ਜੋਇ॥ ੨੨॥
ਤੋਹਿ ਰਿਦੈ ਕਹੁ ਕੋਨ ਪਸੰਦ। ਜਿਸ ਤੇ ਚਾਹਤਿ ਸ੍ਰੇਯ ਬਿਲੰਦ।
ਨਤੁਰ ਖੁਆਰ ਹੋਨ ਕੇ ਜਾਨੋ। ਭੇਖ ਅਨੇਕ ਬਿਬੇਕਹਿ ਹਾਨੋ॥ ੨੩॥
**ਗ੍ਰਿਹਸਤੀ ਅਪਰ ਸਾਧ ਭੀ ਘਨੇ। ਕੋ ਪੂਰਾ ਉਤਰਹਿ ਹਿਤ ਸਨੇ।**
ਗੁਰ ਦਿਵਾਨ ਮਹਿਂ ਤੂੰ ਸਚ ਭਾਖਹੁ। ਕਯਾ ਮਾਨਹਿਗੇ ਕਰਨ ਭਿਲਾਖਹੁ॥੨੪॥
ਭਗਤਿ ਜਿ ਚਹੁਜੁਗ ਜਗਤ ਮਝਾਰਾ। ਸਭਿ ਕੋ ਕੈ ਕਬੀਰ ਸਰਦਾਰਾ।
ਸਿੱਧ ਗ੍ਰਿਹਸਥ ਤਿਨ ਕਰਿ ਦਿਖਰਾਯੋ। ਬੀਰ ਜੋਗ ਭੀ ਕਰਿ ਦਿਖਰਾਯੋ॥੨੫॥

. Sri Satguru Jagjit Singh Ji eLibrary NamdhariElibrary@gmail.com .

**ਸ੍ਰੀ ਮੁਖ ਵਾਕ :—**

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ ॥
ਹੀਰਾ ਕਿਸਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ ॥

## ਚੌਪਈ

ਸੁਨਿ ਕਰਿ ਨੰਦ ਸਿੰਘ ਕਰ ਜੋਰੇ । ਕਲਗੀਧਰ ਕੇ ਚਰਨ ਨਿਹੋਰੇ ।
ਦੀਨ ਹੋਇ ਅਨੁਸਾਰ ਬਖਾਨਯੋਂ । 'ਅਬਿ ਮੈਂ ਬਚਨ ਆਪ ਕੋ ਮਾਨਯੋਂ ॥੨੬॥

ਸਿੱਖਿ ਆਪ ਕੋ ਅਬਿ ਮਨੁ ਭਾਵੈ । ਮੁਹਿ ਢਿਗ ਗ੍ਰਿਹਸਤ ਹੋਨਿ ਬਨਿ ਆਵੇ ।
ਮਨ ਬਿਰਕਤ ਰਹਿ ਤਊ ਘਨੇਰਾ । ਸਿਥਲ ਅੰਗ ਆਲਸ ਬਹੁਤੇਰਾ ॥ ੨੭ ॥

ਬਨਿ ਆਵਹਿਗੀ ਮੁਝ ਤੇ ਜੇਤੀ । ਕਰੌਂ ਸੇਵ ਸਿੱਖਨ ਕੀ ਤੇਤੀ' ।
ਸੁਨਯੋਂ ਸੁਭਾਵ ਆਲਸੀ ਜਬੈ । ਬੋਲੇ ਦਯਾ ਸਿੰਧੁ ਹਸਿ ਤਬੈ ॥ ੨੮ ॥

'ਗੁਰਹਜੂਰ ਕੀ ਟਹਿਲ ਕਰਯਾ ਕਰਿ । ਜੇਤਿਕ ਭਾਰ ਪਰੈ ਹੁਇ ਤੁਵ ਸਿਰ ।
ਲੈ ਹੈਂ ਬਾਂਟ ਗੁਰੂ ਕੇ ਸੋਇ । ਕਾਰਜ ਘਰ ਕੋ ਥੁਰਹਿ ਨ ਕੋਇ ॥ ੨੯ ॥

ਜਨਮ ਪੂਰਬਲੇ ਹਮਰੇ ਜਬੈ । ਅਸੁ ਕੀ ਸੇਵ ਕਰਤਿ ਤੂੰ ਤਬੈ ।
ਮੰਝੂ ਨਾਮ ਤੋਹਿ ਤਿਸ ਕਾਲਾ । ਹਮ ਬੋਲੇ ਨਿਸ ਮਹਿਂ ਤੁਵ ਨਾਲਾ ॥ ੩੦ ॥

ਰਾਖ ਤੁਰੰਗਮ ਕੀ ਸੁਧ ਆਛੇ । ਦੀਜਹਿ ਸਕਲ ਜਥਾ ਚਿਤ ਬਾਂਛੇ ।
ਸੁਨਤਿ ਬਾਕ ਤੁਮ ਝੂਠ ਉਚਾਰਾ । ਦਾਨਾ ਘਾਸ ਬਹੁਤ ਮੈਂ ਡਾਰਾ ॥ ੩੧ ॥

ਆਗੇ ਧਰਯੋ ਸੁਧਾਰਿ ਘਨੇਰਾ । ਲਖਿ ਊਰੋ ਤੁਝ ਕੋ ਤਿਸ ਬੇਰਾ ।
ਹਮਰੋ ਬਚ ਨਿਕਸਯੋ ਇਮ ਤਬੈ । ਕਹੁ ਦਰਿੱਦ੍ਰੀਆ ਘਰ ਕਿਮ ਨਿਭੈ ॥ ੩੨ ॥

ਨਿਕਟ ਤੁਰੰਗ ਕੀ ਸੁਧਿ ਨਹਿਂ ਲਈ । ਪੁਨ ਦਰੋਗ ਹਮਸੋਂ ਕਹਿ ਦਈ ।
ਇਮ ਸੁਨਿ ਕਰਿ ਬੋਲਯੋ ਤੇ ਰੋਇ । ਕਰੀ ਪੁਕਾਰ ਦੀਨ ਸੁਰ ਹੋਇ ॥ ੩੩ ॥

ਬਿਰਦ ਗਰੀਬ ਨਿਵਾਜ ਤੁਮਾਰਾ । ਮੈਂ ਗਰੀਬ ਇਮ ਕਹਿ ਕਿਮ ਮਾਰਾ ।
ਪਰਯੋ ਰਹਯੋ ਰਾਵਰਿ ਕੀ ਸ਼ਰਨੀ । ਚਹੋਂ ਜਮਾਦਿਕ ਪੀਰਾ ਹਰਨੀ ॥ ੩੪ ॥

ਇਸ ਪ੍ਰਕਾਰ ਜਬਿ ਬਿਨੈ ਸੁਨਾਈ । ਹਮਰੇ ਰਿਦੇ ਦਯਾ ਤਬ ਆਈ ।
ਕਿਸੀ ਰੀਤਿ ਕੋ ਕਾਰਜ ਪਰੈ । ਹਮ ਸਹਾਇਤਾ ਤੇਰੀ ਕਰੈਂ ॥ ੩੫ ॥

. Sri Satguru Jagjit Singh Ji eLibrary NamdhariElibrary@gmail.com .

ਕਲਜੁਗ ਪ੍ਰਥਮ ਚੌਕਰੀ ਕੇਰਾ । ਬਰਤਯੋ ਭੀਖਨ ਪਾਪ ਬਡੇਰਾ ।
ਰਖਿਬੇ ਹੇਤੁ ਧਰਮ ਕੋ ਜਗ ਮੈਂ । ਨਰਨਿ ਚਲਾਵਨ ਕੋ ਸੁਭ ਮਗ ਮੈਂ ॥ ੩੬ ॥
ਗੁਰੂ ਰੂਪ ਧਾਰਯੋ ਅਵਤਾਰ । ਬਰਖ ਹਜ਼ਾਰਹੁੰ ਤਨ ਤਪੁ ਧਾਰਿ ।
ਸੋ ਮੰਡੂ ਤੈਂ ਇਹ ਤਨ ਪਾਯੋ । ਨਹਿਂ ਆਲਸ ਤੇ ਜਾਇ ਕਮਾਯੋ ॥ ੩੭ ॥
ਅਬਿ ਤੂੰ ਰਹੀਐ ਨਿਕਟ ਹਮਾਰੇ । ਕਰੈਂ ਨਿਬਾਹਨਿ ਸਰਬ ਪ੍ਰਕਾਰੇ ।
ਇਸਤ੍ਰੀ ਆਨਿ ਸਦਨ ਮਹਿਂ ਬਾਸਹੁ । ਕਿਸੂ ਰੀਤਿ ਤੇ ਨਹਿਂ ਮਨ ਤ੍ਰਾਸਹੁ ॥ ੩੮ ॥
ਗੁਰ ਸਹਾਇ ਇਮ ਨਿਸ਼ਚਾ ਜਿਨ ਕੇ । ਸਿਮਰਹਿਂ ਕਾਰਜ ਬੁਰਹਿ ਨ ਤਿਨ ਕੇ ।
ਹੋਵੋਂ ਮੈਂ ਸਹਾਇ ਤਿਹ ਜਾਈ । ਮੇਟਨਿ ਕਰੋਂ ਬਿਘਨ ਸਮੁਦਾਈ ॥ ੩੯ ॥

ਸੁਨਿ ਕਰਿ ਨੰਦ ਲਾਲ ਮੁਦ ਸਾਥਾ । ਗੁਰ ਪਗ ਪੰਕਜ ਪਰ ਧਰਿ ਮਾਥਾ ।
ਸੁਨਿ ਬ੍ਰਿਤੰਤ ਸਗਰੋ ਬਿਸਮਾਨਯੋ । ਸਭਾ ਸਪੂਰਨ ਅਚਰਜ ਮਾਨਯੋ ॥ ੪੦ ॥
ਅਲਖ ਨ ਲਖੇ ਜਾਹਿਂ ਗੁਰਦੇਵ । ਤਤ ਛਿਨ ਰੀਝਹਿਂ ਲਘੁ ਭੀ ਸੇਵ ।
ਧੰਨ ਬਿਰਦ ਸ੍ਰੀ ਸਤਿਗੁਰ ਕੇਰਾ । ਨਰਕ ਨ ਪਰਨਿ ਦੇਤਿ ਨਿਜ ਚੇਰਾ ॥੪੧॥
ਨੰਦ ਸਿੰਘ ਤਬਿ ਲੇ ਨਿਜ ਨਾਰੀ । ਬਸਯੋ ਆਨਿ ਗੁਰ ਨਗਰ ਮਝਾਰੀ ।
ਕਰੀ ਜਾਇ ਜੇਤਿਕ ਸਿਖ ਸੇਵਾ । ਤੇਤਿਕ ਕਰਤਿ ਨਿਕਟ ਗੁਰਦੇਵਾ ॥ ੪੨ ॥
ਸਭਿ ਪ੍ਰਕਾਰ ਸਤਿਗੁਰੂ ਨਿਬਾਹੀ । ਸੇਵਾ ਕਰਤਿ ਰਹਯੋ ਘਰਿ ਮਾਂਹੀ ।
ਸ੍ਰੀ ਮੁਖ ਦਰਸਹਿਂ ਬਾਕਨਿ ਸੁਨੇ । ਬਡੇ ਭਾਗ ਪੂਰਬ ਕੇ ਜਿਨੇ ॥ ੪੩ ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ । ਰੁਤ ੩ ॥ ਅੰਸੂ ੪੮)

ਪਿਆਰੇ ਪਾਠਕ ਜੀਉ ! ਇਸ ਉਪ੍ਰੋਕਤ ਪਰਸਿੱਧ ਸਿੱਖ ਇਤਿਹਾਸ 'ਸ੍ਰੀ ਗੁਰ ਪ੍ਰਤਾਪ ਸੂਰਜ' ਗਰੰਥ ਦੇ ਇਕੋ ਹਵਾਲੇ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ :—ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਗ੍ਰਿਹਸਤ ਤੇ ਸੰਨਿਆਸ ਇਨ੍ਹਾਂ ਦੋਹਾਂ ਆਸ਼ਰਮਾ ਦੇ ਮਾਰਗਾਂ ਨੂੰ ਅਪਨਾ ਰਹੇ ਹਨ । ਭਾਵ ਜਿਸ ਸਿੱਖ ਦਾ ਜੀ ਕਰੇ ਗ੍ਰਿਹਸਤ ਦੇ ਧਰਮ ਨੂੰ ਧਾਰਣ ਕਰੇ ਤੇ ਜਿਸ ਦਾ ਜੀ ਕਰੇ ਸੰਨਿਆਸੀ ਬਣੇ ।

ਪਰ ਸ੍ਰੀ ਮਾਨ ਗਿਆਨੀ 'ਸਰਲ' ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੭੩ ਤੇ ਇਹ ਕੋਰਾ ਹੀ ਝੂਠ ਲਿਖ ਮਾਰਿਆ ਹੈ । ਜਿਵੇਂ ਕਿ :—

"ਜਦ ਤਕ ਤੂੰ ਇਸ ਪਾਣੀ ਅਰ ਪਾਣੀ ਤੋਂ ਪੈਦਾ ਹੋਣ ਵਾਲੀਆਂ ਸਾਰੀਆਂ

. Sri Satguru Jagjit Singh Ji eLibrary NamdhariElibrary@gmail.com .

ਵਸਤਾਂ ਨੂੰ ਨਹੀਂ ਛੱਡਦਾ ਉਤਨਾਂ ਚਿਰ ਸੰਨਿਆਸੀ (ਮਾਸ ਤਿਆਗੀ) ਹੋਣ ਦਾ ਦਾਹਵਾ ਨਹੀਂ ਕਰ ਸਕਦਾ। ਪਰ ਇਹਨਾਂ ਚੀਜ਼ਾਂ ਨੂੰ ਛੱਡ ਕੋਈ ਨਹੀਂ ਸਕਦਾ, ਜੇ ਛੱਡੇ ਤਾਂ ਜਿਊਂਦਾ ਨਹੀਂ ਰਹਿ ਸਕਦਾ, ਇਸ ਲਈ ਨਾਂ ਕੋਈ ਇਹਨਾਂ ਨੂੰ ਛੱਡ ਸਕੇ ਤੇ ਨਾਂ ਆਪਣੇ ਆਪ ਨੂੰ ਸੰਨਿਆਸੀ ਸਾਬਤ ਕਰ ਸਕੇ। ਪੰਨਾ ੧੭੩।"

ਸ੍ਰੀ ਮਾਨ ਗਿਆਨੀ ਜੀ ਮਹਾਰਾਜ! ਇਸ ਦਾ ਹੁਣ ਫੈਸਲਾ ਆਪ ਹੀ ਕਰੋ ਕਿ ਇਹ ਆਪ ਦਾ ਲਿਖਿਆ ਹੋਇਆ ਲੇਖ ਸੱਚਾ ਕਿ ਉਪ੍ਰੋਕਤ ਸਿੱਖ ਇਤਿਹਾਸਕ ਹਵਾਲਾ ਸੱਚਾ ਹੈ? ਸ੍ਰੀ ਮਾਨ ਜੀ! ਆਪ ਉਪ੍ਰੋਕਤ ਸਿੱਖ ਇਤਿਹਾਸਕ ਹਵਾਲੇ ਨੂੰ ਗਲਤ ਸਾਬਤ ਨਹੀਂ ਕਰ ਸਕਦੇ ਕਿਉਂਕਿ ਆਪ ਦਾ ਸਿੱਖ ਇਤਿਹਾਸ ਹੀ ਇਕ ਤਰ੍ਹਾਂ ਦਾ ਪ੍ਰਾਣ ਹੈ। ਜਿਸ ਤੋਂ ਇਹ ਸਪਸ਼ਟ ਹੈ ਕਿ ਆਪ ਜੀ ਦਾ ਉਪ੍ਰੋਕਤ 'ਝਟਕਾ ਪ੍ਰਕਾਸ' ਵਾਲਾ ਲਿਖਤ ਲੇਖ ਹੀ ਝੂਠਾ ਸਾਬਤ ਹੋਇਆ। ਧੰਨ ਹੋ।

**ਨੋਟ** :—ਸ੍ਰੀ ਮਾਨ ਗਿਆਨੀ ਜੀ ਮਹਾਰਾਜ! ਇਥੇ ਇਹ ਗੱਲ ਖਾਸ ਤੌਰ ਤੇ ਨੋਟ ਕਰਨ ਵਾਲੀ ਹੈ ਕਿ :—ਇਸੇ ਉਪ੍ਰੋਕਤ ਸਿੱਖ ਇਤਿਹਾਸਕ ਹਵਾਲੇ ਤੋਂ ਪੰਛੀਆਂ ਆਦਿਕ ਜੀਵਾਂ ਨੂੰ ਮਾਰਨਾ ਭੀ ਇਕ ਪਾਪ ਹੀ ਕਰਨਾ ਸਿੱਧ ਹੁੰਦਾ ਹੈ। ਜਿਵੇਂ ਕਿ :—

ਬਧਿਕ (ਸ਼ਿਕਾਰੀ) ਵਲੋਂ ਪਛੁਤਾਵਾ :—

ਤਬਿ ਤਜਿ ਮੋਹ ਅਗਨਿ ਮਹਿਂ ਗਿਰਯੋ।
ਹੇਰਿ ਪਾਰਧੀ ਕਰੁਣਾ ਭਰਯੋ।
ਧੰਨ ਧੰਨ ਇਹ ਖਗ ਤਨ ਧਰੇ।
ਮਮ ਅਹਾਰ ਹਿਤ ਦੋਨਹੁ ਮਰੇ॥ ੧੯॥
**ਮੈਂ ਪਾਪੀ, ਬਡ ਹੋਯਹੁ ਪਾਪ।**
ਬਿਨਸੇ ਤਨ ਮੋਹ ਸੁ ਤਜਿ ਆਪ।
ਮੈਂ ਤਪ ਤਪੋਂ ਜਿ ਨਰ ਤਨ ਹੋਵਾ।
ਇਮ ਕਹਿ ਪ੍ਰੇਮ ਉਮਕ ਬਹੁ ਰੋਵਾ॥ ੨੦॥

ਇਨ੍ਹਾਂ ਦੋਵੇਂ ਚੌਪਾਈਆਂ ਵਿਚੋਂ :—ਬਧਿਕ (ਸ਼ਿਕਾਰੀ) ਦੁਆਰਾ ਕੀਤੇ ਹੋਏ ਪਛੁਤਾਵੇ ਤੋਂ ਇਹ ਸਪੱਸ਼ਟ ਹੋ ਰਿਹਾ ਹੈ ਕਿ ਪੰਛੀਆ ਆਦਿਕ ਜੀਵਾਂ ਨੂੰ ਮਾਰਨਾ

. Sri Satguru Jagjit Singh Ji eLibrary NamdhariElibrary@gmail.com .

ਭੀ ਇਕ ਪਾਪ ਹੀ ਹੈ। ਪਰ ਸ੍ਰੀ ਮਾਨ ਜੀ ਤਾਂ ਨ ਵਾਲੀ ਹੀ ਪਟੀ ਪੜੇ ਹੋਏ ਹਨ।

## (੫)

ਪਿਆਰੇ ਪਾਠਕ ਜੀਉ ! ਸ੍ਰੀ ਮਾਨ ਗਿਆਨੀ 'ਸਰਲ' ਜੀ ਆਪਣੇ ਮਾਸ ਖਾਣ ਦੇ ਪੱਖ ਨੂੰ ਸਿੱਧ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗਰੰਥ ਦੇ ਪੰਨੇ ੧੪੬ ਤੇ ਇੰਜ ਲਿਖਦੇ ਹਨ। ਜਿਵੇਂ ਕਿ :—

ਪੰਡਿਤ ਬੋਲਿਆ :—

'ਸੁਨਿ ਪੰਡਤ ਪੁਨ ਬਚਨ ਉਚਾਰਾ।
ਤੁਮ ਤੋਂ ਪ੍ਰਗਟ ਮਿਰਗ ਕੋ ਮਾਰਾ।
ਰੀਧਤ ਹੋ ਅਬ ਦੇਗ ਚਢਾਇ।
ਹਮ ਕੋ ਔਰੇ ਭਾਂਤ ਬਤਾਇ।

ਗੁਰੂ ਜੀ—ਚਹੁੰ ਵੇਦਾਂ ਵਿਚ ਇਸ ਤਰ੍ਹਾਂ ਲਿਖਿਆ ਹੈ—

ਅਖੇਰ ਬ੍ਰਿਤ ਛਤ੍ਰੂਨ ਨੇ ਕਰਨੀ।
ਕਥਾ ਜੁਗਨ ਚਾਰੋਂ ਮਹਿ ਬਰਨੀ।

ਸ੍ਰੀ ਮਾਨ ਗਿਆਨੀ ਜੀ ! ਆਪ ਵੱਲੋਂ :—ਇਸ ਤਰ੍ਹਾਂ ਦੀ ਇਥੇ ਚਲਾਕੀ ਨਹੀਂ ਚਲਣ ਦੇਣੀ। ਦੇਖੋ :—ਇਸ ਪ੍ਰਸੰਗ ਨੂੰ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਨੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿਚ ਇੰਜ ਲਿਖਿਆ ਹੈ। ਜਿਵੇਂ ਕਿ :—

ਸੁਨਿ ਪੰਡਿਤ ਪੁਨ ਬਚਨ ਉਚਾਰਾ।
ਤੁਮ ਤੋ ਪਰਗਟ ਮ੍ਰਿਗ ਕੋ ਮਾਰਾ ॥ ੩੩ ॥
ਰੀਧਤ ਹੋ ਅਬ ਦੇਗ ਦਢਾਏ।
ਹਮ ਕੋ ਔਰਹਿ ਰੀਤ ਬਤਾਏ।
ਕਮਲ ਬਦਨ ਬੋਲੇ ਸੁਨ ਕਾਨਾ।
ਚਤਰ ਬੇਦ ਇਸ ਭਾਂਤਿ ਬਖਾਨਾ ॥ ੩੪ ॥

. Sri Satguru Jagjit Singh Ji eLibrary NamdhariElibrary@gmail.com .

ਆਖੇਰ ਬ੍ਰਿਤਿ ਖੱਤ੍ਰਿਨ ਕੈ ਕਰਨੀ ।
ਕਥਾ ਜੁਗਨ ਚਾਰੋ ਮਹਿ ਬਰਨੀ ।

ਸ੍ਰੀ ਮਾਨ ਜੀ ਅੱਗੇ ਇੰਜ ਲਿਖਿਆ ਹੈ :—

ਜੋ ਹੰਕਾਰੀ ਨਰ ਜਗ ਮਾਂਹੀ ।
ਹਿੰਸਾ ਕੋ ਅਘ ਲਾਗਹਿ ਤਾਂਹੀ ॥ ੩੫ ॥

ਹੰਤਾ ਖੋਇ ਭਏ ਜੋ ਗਯਾਨੀ ।
ਸਰਬ ਦ੍ਵੈਤ ਜੋ ਰਿਦੈ ਮਿਟਾਨੀ ।
ਪੂਰਨ ਸੱਤ ਆਤਮਾ ਜਾਨਹਿ ।
ਜਗਤ ਅਸੱਤਿ ਸਦ ਪਹਿਚਾਨਹਿੰ ॥ ੩੬ ॥

ਤੀਨ ਕਾਲ ਜਿਹ ਜਗਤ ਅਭਾਉ ।
ਤਿਨ ਕੋ ਦੋਸ਼ ਨ ਲਾਗਹਿ ਕਾਉ ।
ਜੋ ਅਗਯਾਨੀ ਨਰ ਮਤਿ ਮੰਦੇ ।
ਵਰਨਾਸ਼੍ਰਮ ਕੇ ਧਰਮਹਿੰ ਫੰਧੇ ॥ ੩੭ ॥

ਅੰਤਰ ਮਨ ਚਾਹਿਤ ਰਸ ਖਾਵਨ ।
ਵਹਿਰ ਤਜਹਿੰ ਹਿਤ ਲੋਕ ਦਿਖਾਵਨਿ ।
ਸੋ ਮਰ ਜਨਮਹਿੰ ਜਗ ਕੇ ਮਾਂਹੀ ।
ਕਬਹੂੰ ਹੋਤ ਛੁਟਕਾਰਾ ਨਾਂਹੀ ॥ ੩੮ ॥

ਸ੍ਰੀ ਮਾਨ ਜੀ ! ਇਸ ਚੌਪਾਈ :—੩੭ ਤੇ ੩੮ ਵਿਚ ਵਰਨਾਸ਼੍ਰਮ ਦਾ ਖੰਡਨ ਨਹੀਂ ਬਲਕਿ ਉਨ੍ਹਾਂ ਮਨੁੱਖਾਂ ਦੇ ਸਿਧਾਂਤਾਂ ਦਾ ਖੰਡਨ ਹੈ, ਜੋ ਉਪਰੋਂ ਵਰਨਾਸ਼੍ਰਮ ਧਰਮਾਂ ਦੇ ਬੱਧੇ ਹੋਏ ਹਨ, ਪਰ ਅੰਦਰੋਂ ਰਸਾਂ ਕਸਾਂ ਵਿਚ ਖਚਤ ਭਾਵ ਰੁਝੇ ਹੋਏ ਹਨ । ਭਾਵ ਇਥੇ ਪਾਖੰਡ ਦਾ ਖੰਡਨ ਹੈ । ਜੇ ਕਰ ਇੰਜ ਨਹੀਂ ਤਾਂ ਫਿਰ ਇਸੇ ਪ੍ਰਸੰਗ ਦੀ ਚੌਪਾਈ ਅੰਕ ੮੦ ਨੂੰ ਪੜ੍ਹੋ । ਜਿਵੇਂ ਕਿ :—

ਪਦ ਪਾਹੁਲ ਬਹੁਤਨ ਤਬ ਲੀਨੀ ।
ਗੁਰਮਤਿ ਧਰੀ ਸਗਲ ਬਿਧ ਚੀਨੀ ।

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਮੁਖ ਤੇ ਅਸ ਗਿਰਾ ਉਚਾਰੀ ।
**ਰਾਖ਼ਹੁ ਧਰਮ ਬਰਨ ਅਨੁਸਾਰੀ ॥ ੮੦ ॥**

'ਸ੍ਰੀ ਗੁਰੂ ਨਾਨਕ ਪ੍ਰਕਾਸ਼' ਉਤਰਾਰਧ । ਅਧਿਆਇ ੭ ॥

ਪਿਆਰੇ ਪਾਠਕ ਜੀਉ ! ਜਿਸ ਉਪ੍ਰੋਕਤ ਕੁਰੂਕਸ਼ੇਤਰ ਵਾਲੇ ਪ੍ਰਸੰਗ ਵਿਚ ਮਾਸ ਖਾਣ ਦਾ ਜ਼ਰਾ ਭੀ ਗੁਰੂ ਸਾਹਿਬਾਂ ਵੱਲੋਂ ਉਪਦੇਸ਼ ਨਹੀਂ ਬਲਕਿ ਪਾਖੰਡੀਆਂ ਦਾ ਪਾਖੰਡ ਹੀ ਖੰਡਨ ਕੀਤਾ ਗਿਆ ਹੈ । ਜੇਕਰ ਇੰਜ ਨਹੀਂ ਤਾਂ, ਦੇਵ ਲੂਤ' ਤਥਾ ਜਗਤ ਗੁਰੂ ਸ੍ਰੀ ਬਾਬਾ ਸ੍ਰੀਚੰਦ ਜੀ ਮਹਾਰਾਜ ਤੇ ਸ੍ਰੀ ਲਖਮੀ ਚੰਦ ਜੀ ਵਾਲੀ ਲੀਲ੍ਹਾ ਦਾ ਪ੍ਰਸੰਗ ਭੀ ਖੰਡਨ ਹੋਵੇਗਾ । ਜਿਵੇਂ ਕਿ :—

ਤਿਸ ਤੇ ਪੁੱਤ੍ਰ ਭਏ ਜੁਗ ਧੀਰ । ਬ੍ਰਹਮ ਗਯਾਨ ਮਹਿੰ ਅਚਲ ਗੰਭੀਰ ।
ਜੇਠੋ ਭਾ ਸ੍ਰੀ ਚੰਦ ਉਦਾਂਰਾ । ਨਹਿੰ ਗ੍ਰਿਹਸਤ ਮਗ ਅੰਗੀ ਕਾਰਾ ॥ ੧੨ ॥

ਰਹੈ ਬ੍ਰਿਤੀ ਨਿਤ ਜੋਗ ਅਰੂੜਾ । ਇਕ ਰਸ ਮੈਂ ਆਸ਼ੈ ਜਿਸ ਗੂੜ੍ਹਾ ।
ਜਿਨ ਕੇ ਛੁਯੋ ਬਿਕਾਰ ਨ ਕੋਇ । ਜਤੀ ਪੁਰਸ਼ ਭੀਸ਼ਮ ਸਮ ਸੋਇ ॥ ੧੩ ॥

ਲਖਮੀ ਦਾਸੁ ਅਨੁਜ ਤਿਨ ਭਯੋ । ਮਗ ਗ੍ਰਿਹਸਤ ਜਿਨ ਧਾਰਨਿ ਕਯੋ ।
ਗਯਾਨ ਬਿਖੈ ਜੁਗ ਭ੍ਰਾਤ ਸਮਾਨ । ਸ੍ਰੀਨਾਨਕ ਕੇ ਪੁਤ੍ਰ ਸੁਜਾਨ ॥ ੧੪ ॥

ਧਰਮ ਚੰਦ ਪੋਤ੍ਰਾ ਪੁਨ ਭਯੋ । ਜਿਸ ਤੇ ਬੰਸ ਬੇਦੀਯਨ ਥਯੋ ।
**ਇਕ ਦਿਨ ਕਰਿ ਅਖੇਰ ਕਹੁ ਆਏ ।**
**ਸ਼ਸ਼ਿ ਹਤਿ ਅਸੁ ਦੁਹ ਦਿਸਿ ਲਰਕਾਏ** ॥ ੧੫ ॥

**ਸਿਰੀ ਚੰਦ ਨੇ ਅਨੁਦ ਨਿਹਾਰਾ ।**
**ਕ੍ਰਿਪਾ ਜੁਗਤ ਹੁਇ ਬਾਕ ਉਚਾਰਾ ।**
**ਦਿਨ ਪ੍ਰਤਿ ਅਨਿਕ ਜੀਵ ਕਹੁ ਘਾਵੈਂ ।**
**ਇਹ ਲੇਖਾ ਦੇਨੋ ਬਨਿ ਆਵੈਂ** ॥ ੧੬ ॥

ਕਹਯੋ ਭ੍ਰਾਤ ਕੋ ਨਹੀਂ ਸਹਾਰਾ । ਗਯੋ ਸਦਨ ਮੈਂ ਕੀਨਸਿ ਤਯਾਰਾ ।
ਅਪਨ ਭਾਰਜਾ ਲੇ ਸੁਤ ਸੰਗ । ਧਾਰਿ ਸ਼ੀਘ੍ਰਤਾ ਚਢਯੋ ਤੁਰੰਗ ॥ ੧੭ ॥

**ਆਇ ਭ੍ਰਾਤ ਸੋਂ ਭਨਯੋ ਜਨਾਇ । ਲੇਖਾ ਦੇਨਿ ਅਬਹਿ ਹਮ ਜਾਏ' ।**
ਸੁਨਤਿ ਸਿਰੀ ਚੰਦ ਰਿਦੈ ਬਿਚਾਰਾ । ਧਰਮਚੰਦ ਕੋ ਪਕਰਿ ਉਤਾਰਾ ॥ ੧੮ ॥

Sri Satguru Jagjit Singh Ji eLibrary NamdhariElibrary@gmail.com

ਹਮ ਤੇ ਨਹਿੰ ਗ੍ਰਿਹਸਤ ਕੋ ਕਰਿਹੀ । ਰਹੈ ਬੰਸ ਇਸ ਤੇ ਜਗ ਥਿਰਿ ਹੀ ।
ਸਹਤ ਭਾਰਜਾ ਗਯੋ, ਨ ਆਯੋ । ਅਵਲੋਕਤਿ ਨਰ ਗਨ ਬਿਸਮਾਯੋ ॥ ੧੯ ॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ । ਰਾਸ ੧ । ਅੰਸੂ ੬)

---

# ਮਲੇਛ ਕਉਣ ?

**ਪ੍ਰਸ਼ਨ** :—ਗੁਰੂ ਘਰ ਵਿਚ :—ਮਲੇਛ ਕਉਣ ?

**ਉੱਤਰ** :—ਗੁਰੂ ਸਾਹਿਬਾਂ ਨੇ ਮਾਸ ਖਾਣ ਵਾਲੇ ਨੂੰ ਹੀ ਮਲੇਛ ਆਖਿਆ ਹੈ । ਜਿਵੇਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਪਿਆਰੇ ਪਾਠਕ ਜੀਓ ! ਪਰ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨੇ ਇਸ ਉਪ੍ਰੋਕਤ ਤੁਕ ਦੇ ਅਰਥ ਵਿਚ ਹੇਰਾਂ ਫੇਰੀ ਕੀਤੀ ਹੈ, ਜਿਸ ਦਾ ਸਬੂਤ ਗਿਆਨੀ ਜੀ ਦੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੨੨੦ ਤੇ ਲਿਖਿਆ ਹੋਇਆ ਸਾਨੂੰ ਮਿਲਦਾ ਹੈ : ਜਿਸ ਤਰ੍ਹਾਂ ਕਿ :—

"(੧੦) ਅਸੰਖ ਗਲ ਵਢ ਹਤਿਆ ਕਮਾਹਿ ॥

ਇਸ ਦਾ ਸਿਧਾਂਤ ਵੀ ਉਹ ਉਤਲੀਆਂ ਪੰਗਤੀਆਂ ਵਾਲਾ ਹੀ ਹੈ ਪਰ ਇਸ ਦਾ ਉੱਤਰ ਮੈਂ ਭਾਈ ਸੰਤੋਖ ਸਿੰਘ ਜੀ ਮਹਾ ਕਵੀ ਦੀ ਲਿਖਤ ਅਨੁਸਾਰ ਆਪਦੇ ਸਾਹਮਣੇ ਰੱਖਦਾ ਹਾਂ । ਉਹ ਇਸ ਤੁਕ ਪਰ ਹੋਈ ਸ਼ੰਕਾ ਦਾ ਸਮਾਧਾਨ ਇਸ ਤਰ੍ਹਾਂ ਕਰਦੇ ਹਨ :—

'ਅਸੰਖ ਹੀ ਜੀਵਨ ਕੇ ਗਰੇ ਕਾਟ ਕਰਿ ਹਤਿਆ ਕੋ ਸੰਚਤ ਹੈ' ਗਰੇ ਕਾਟਨੇ ਤੋ ਜੁਧ ਮੈਂ ਭੀ ਹੋਵੇ ਹੈ । ਪ੍ਰੰਤੂ ਹਤਯਾ ਕਮਾਹਿ ਪਦਨ ਤੇ ਜੋ ਬਿਸ੍ਵਾਸ਼ ਘਾਤੀ ਆਦੀ ਲੋਭ ਤੇ ਅਚਾਨਕ ਆਏ ਮਾਰੇ ਤਿਨ ਕੋ ਅਰਥ ਹੈ ।

[ਗਰੰਥ ਗੰਜਨੀ ਟੀਕਾ ਜਪੁ ਜੀ]

. Sri Satguru Jagjit Singh Ji eLibrary NamdhariElibrary@gmail.com .

## (੧੧) ਅਸੰਖ ਮਲੇਛ ਮਲੁ ਭਖਿ ਖਾਹਿ ॥

ਅਸੰਖ ਹੀ ਐਸੇ ਆਦਮੀ ਮੌਜੂਦ ਹਨ ਜੇਹੜੇ ਮੈਲੀਆਂ ਕੁਚੈਲੀਆਂ ਚੀਜ਼ਾਂ ਖਾਂਦੇ ਹਨ। ਜਿਹਨੂੰ ਮੈਲ ਦੀ ਇੱਛਾ ਰੱਖਣ ਦੇ ਕਾਰਨ ਮਲੇਛ ਆਖਿਆ ਜਾਂਦਾ ਹੈ।

ਅਜੇਹੀ ਮੈਲ ਖਾਣ ਵਾਲਿਆਂ ਨੂੰ ਹੀ ਦਸਮੇਸ ਜੀ ਨੇ 'ਖੂਕਮਲ ਹਾਰੀਂ' ਨਾਲ ਸਮਤਾ ਦਿੱਤੀ ਹੈ, ਪਰ ਭਾਈ ਸਾਹਿਬ ਨੂੰ ਤਾਂ 'ਮਲੇਛ' ਮੁਸਲਮਾਨ ਤੇ 'ਮੈਲ' ਮਾਸ ਹੀ ਨਜ਼ਰ ਆਉਂਦਾ ਹੈ, ਇਸੇ ਲਈ ਇਸ ਨੂੰ ਮੁਸਲਮਾਨਾਂ ਦਾ ਖਾਣਾ ਦਸਦੇ ਹਨ, ਪਰ ਗੁਰਬਾਣੀ ਵਿਚ ਤਾਂ ਕੂੜ ਨੂੰ ਮਲ ਆਖਿਆ ਹੈ ਜਿਸ ਨੂੰ ਉਸ ਵੇਲੇ ਦੇ ਦੰਭੀ ਮੁਸਲਮਾਨ 'ਕਾਜੀ ਮੁਲਾਂ' ਖਾ ਰਹੇ ਸਨ। ਜੈਸਾ ਕਿ :—

'ਕਾਦੀ ਕੂੜੁ ਬੋਲਿ ਮਲੁ ਖਾਇ ॥'
ਹੋਰ ਉਹਨਾਂ ਦੇ ਮਾਸ ਖਾਣ ਨੂੰ ਤਾਂ ਮਲ ਦੀ
ਸੰਮਤਾ ਨਹੀਂ ਦਿੱਤੀ।''

ਪਿਆਰੇ ਪਾਠਕ ਜੀਉ ! ਗਿਆਨੀ ਜੀ ਨੇ ਉਪ੍ਰੋਕਤ ਲੇਖ ਦੇ ਕਈ ਸ਼ਬਦਾਂ ਵਿਚ ਹੇਰਾ ਫੇਰੀ ਕੀਤੀ ਹੈ, ਭਾਵ ਮਨ ਮਾਨਾ ਅਰਥ ਕੀਤਾ ਹੈ। ਜੋ ਕਿ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਹੈ। ਜੇ ਕਰ ਗਿਆਨੀ ਜੀ ਵਿਚ ਰਤਾ ਮਾਤ੍ਰ ਭੀ ਸੱਚਾਈ ਭਾਵ (ਗੁਰਮੁਖਤਾ) ਹੁੰਦੀ ਤਾਂ ਫਿਰ ਆਪ ਜੀ ਨੇ ਭਾਈ ਸੰਤੋਖ ਸਿੰਘ ਜੀ ਮਹਾਂ ਕਵੀ ਕ੍ਰਿਤ (ਗਰਬ ਗੰਜਨੀ ਟੀਕਾ ਜਪੁ ਜੀ) ਵਿਚੋਂ ਹੀ ਉਪ੍ਰੋਕਤ ਜਪੁ ਜੀ ਦੀ ਦੂਜੀ ਤੁਕ ਅੰਕ ੧੧ ਦਾ ਪਹਿਲੀ ਤੁਕ ਅੰਕ ੧੦ ਦੀ ਤਰ੍ਹਾਂ ਅਰਥ ਲਿਖ ਕੇ ਤੇ ਆਪਣੇ ਪਾਠਕਾਂ ਦੇ ਸਨਮੁਖ ਕਿਉਂ ਨਹੀਂ ਰੱਖਿਆ। ਇਸ ਦੂਜੀ ਤੁਕ ਵਿਚ ਆਪ ਜੀ ਨੇ ਅਪਣੀ ਮਨਮਤ ਕਿਉਂ ਵਰਤੀ ਇਸ ਦਾ ਆਪ ਜੀ ਪਾਸ ਕੀ ਉੱਤਰ ਹੈ ?

## (੧੧) 'ਅਸੰਖ ਮਲੇਛ ਮਲੁ ਭਖਿ ਖਾਹਿ ॥

ਪਿਆਰੇ ਪਾਠਕ ਜੀਉ ! (ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ)।

. Sri Satguru Jagjit Singh Ji eLibrary NamdhariElibrary@gmail.com .

**ਰਚਿਤ** :—ਕਵੀ ਚੂੜਾ ਮਣਿ ਭਾਈ ਸੰਤੋਖ ਸਿੰਘ ਜੀ । ਜਿਸ ਨੂੰ ਸੰਨ ਈਸਵੀ ੧੯੬੧ ਦੇ ਮਈ ਵਿਚ ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ (ਰਜਿਸਟਰਡ) ਨੇ ਸੁਧਾਈ, ਪਦ ਛੇਦ, ਵਿਰਾਮ ਤੇ ਪ੍ਰਯਾਯ ਆਦਿ ਲਗਵਾ ਕੇ ਛਪਵਾਇਆ ।

**ਪ੍ਰਕਾਸ਼ਕ** :—ਗਿਆਨੀ ਖ਼ਜ਼ਾਨ ਸਿੰਘ ਜੀ ਪ੍ਰਧਾਨ, ਮਹਾ ਕਵੀ ਸੰਤੋਖ ਸਿੰਘ ਯਾਦਗਾਰ ਕਮੇਟੀ ੧੫੩੦/੧੫ ਸਿੰਘ ਨਿਵਾਸ, ਪਹਾੜ ਗੰਜ, ਨਵੀਂ ਦਿੱਲੀ । ਸ੍ਰੀ ਮਤੀ ਬੀਬੀ ਲਾਜਵੰਤ ਕੌਰ ਜੀ ਪ੍ਰਿੰਟਰ ਦੁਆਰਾ ਵਜ਼ੀਰ ਹਿੰਦ ਪ੍ਰੈਸ, ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਛਪਿਆ ਤੇ ਗਿਆਨੀ ਖ਼ਜ਼ਾਨ ਸਿੰਘ ਜੀ ਪ੍ਰਕਾ-ਸ਼ਕ ਦੁਆਰਾ ਸਿੰਘ ਨਿਵਾਸ, ਪਹਾੜ ਗੰਜ ਨਵੀਂ ਦਿੱਲੀ ਤੋਂ ਪ੍ਰਕਾਸ਼ਿਕ ਹੋਇਆ ਜਿਸ ਗ੍ਰੰਥ ਦੇ ਪੰਨੇ ੧੦੦ ਤੇ ਇਸ ਉਪ੍ਰੋਕਤ ਤੁਕ ਦਾ ਅਰਥ ਬੜੇ ਸੁੰਦਰ ਅੱਖਰਾਂ ਦੁਆਰਾ ਲਿਖਿਆ ਹੋਇਆ ਸਾਨੂੰ ਮਿਲਦਾ ਹੈ । ਜਿਵੇਂ ਕਿ :—

**ਭਾਵਾਰਥ** :—ਅਸੰਖ ਹੀ ਮਲੇਛ ਹੈਂ, ਜਨਮ ਮਲੇਛ ਕੋ ਹੈ, ਅਰਥ : ਮਲੁ ਕੀ ਇਛਾ ਜਿਨ ਕੋ ਹੋਇ ਸੋ ਮਲੇਛ, ਸੋ ਕੈਸੇ ਮਲੇਛ ਹੈ ? ਸਦੀਵ ਹੀ ਮਲ ਕੋ ਹੀ ਭਖਤ ਹੈਂ । ਮਲ ਕੋ ਅਰਥ ਸਰਬ ਕੋ ਮਲ ਮਾਸ ਸੋ ਖਾਤੇ ਹੈ, ਕਾਹੂੰ ਕੋ ਮਾਸ ਨਹੀਂ ਛਾਡਤ ਹੈਂ । (**ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ**)

ਪਿਆਰੇ ਪਾਠਕ ਜੀਓ ! ਗਿਆਨੀ ਜੀ ਨੇ 'ਮਲ' ਸ਼ਬਦ ਦਾ ਅਰਥ ਕੂੜ ਬੋਲਣੇ ਦਾ ਕੀਤਾ ਹੈ, ਜੋ ਕਿ ਇਹ ਭੀ ਅਰਥ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਹੈ ਕਿਉਂਕਿ ਜਪੁ ਜੀ ਸਾਹਿਬ ਦੀ ਇਸੀ ਪਉੜੀ ਦੀ ਛੇਵੀਂ ਤੁਕ ਵਿਚ 'ਕੂੜ' ਪਦ ਨੂੰ ਭੀ ਵਰਤਿਆ ਹੈ । ਜਿਵੇਂ ਕਿ :—

**"ਅਸੰਖ ਕੂੜਿਆਰ ਕੂੜੇ ਫਿਰਾਹਿ ॥**

ਇਸ ਤੁਕ ਦਾ ਭੀ ਭਾਈ ਸੰਤੋਖ ਸਿੰਘ ਜੀ ਕਵੀ ਨੇ ਅਪਣੀ (ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ) ਪੰਨੇ ੯੯ ਵਿਚ ਅਰਥ ਇੰਜ ਕੀਤਾ ਹੈ :—ਅਸੰਖ ਹੀ ਨਰ ਕੂੜ ਝੂਠ ਕੋ, 'ਆਰ' ਨਾਮ 'ਪ੍ਰਾਪਤਿ' ਕੋ, ਝੂਠੁ ਕੋ ਪ੍ਰਾਪਤ ਹੂਏ ਝੂਠੇ ਫਿਰਤ ਹੈਂ ।

ਪਿਆਰੇ ਪਾਠਕ ਜੀਓ ! ਜਪੁ ਜੀ ਸਾਹਿਬ ਦੀ ਇਸ ਉਪ੍ਰੋਕਤ ਤੁਕ ਤੋਂ

. Sri Satguru Jagjit Singh Ji eLibrary NamdhariElibrary@gmail.com .

ਇਹ ਸਪਸ਼ਟ ਹੋ ਜਾਂਦਾ ਹੈ ਕਿ 'ਮਲ' ਸ਼ਬਦ ਤੇ 'ਕੂੜ' ਪਦ ਇਹ ਦੋਨੋਂ ਜੁਦਾ ਜਦਾ ਸ਼ਬਦ ਹਨ। ਫਿਰ ਗਿਆਨੀ ਜੀ 'ਮਲ' ਸ਼ਬਦ ਦਾ ਅਰਥ 'ਝੂਠ' ਪਦ ਦਾ ਕਿਵੇਂ ਕਰਦੇ ਹਨ।

ਕਾਦੀ ਕੂੜੁ ਬੋਲਿ ਮਲੁ ਖਾਇ ॥

ਜੇ ਕਰ ਇਥੇ ਗਿਆਨੀ ਜੀ ਮਹਾਰਾਜ ! ਗੁਰਬਾਣੀ ਦੀ ਉਪ੍ਰੋਕਤ ਲਿਖਤ ਤੁਕ ਦਾ ਉੱਤਰ ਮੰਗਣ ਕਿ ਇਸ ਤੁਕ ਨੂੰ ਕੀ ਗੁਰੂ ਸਾਹਿਬਾਂ ਨੇ ਏਂਵੇ ਹੀ ਲਿਖ ਦਿੱਤਾ ਹੈ ?

**ਉੱਤਰ** :—ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਇਹ ਜ਼ਰੂਰੀ ਨਹੀਂ ਕਿ 'ਮਲ' ਸ਼ਬਦ ਦਾ ਅਰਥ ਹਰ ਥਾਂ ਇਕੋ ਹੀ ਹੋਵੈ। ਬਲਕਿ ਗੁਰਬਾਣੀ ਵਿਚ ਪ੍ਰਕਰਣ ਦੇ ਅਨੁਸਾਰ ਹੀ 'ਮਲ' ਸ਼ਬਦ ਦਾ ਅਰਥ ਭਿੰਨ ਭਿੰਨ ਕਰਨਾਂ ਯੋਗ ਹੈ। ਜੇ ਕਰ ਆਪ ਜੀ ਦੇ ਵਿਚਾਰ ਅਨੁਸਾਰ ਇਥੇ ਇਹ ਮੰਨ ਲਿਆ ਜਾਏ ਕਿ 'ਝੂਠ' ਬੋਲਣਾ ਹੀ 'ਮਲ' ਖਾਣਾ ਹੈ, ਭਾਵ 'ਮਲ' ਦਾ ਅਰਥ ਝੂਠ ਬੋਲਣਾ ਹੈ। ਜੇ ਕਰ ਇੰਜ ਹੀ ਹੈ ਤਾਂ ਫਿਰ ਹੇਠ ਲਿਖੇ ਗੁਰੂਵਾਕਾਂ ਦਾ ਭਾਵਾਰਥ ਕੀ ਹੋਵੈਗਾ ?

'ਗੁਰਬਾਣੀ ਵਿਚ 'ਮਲ' ਸ਼ਬਦ ਦਾ ਭਿੰਨ ਭਿੰਨ ਅਰਥ'

(੧) ਵਾਤ ਵਜਨਿ ਟੰਮਕ ਭੇਰੀਆ ॥ **'ਮਲ' ਲਾਥੇ ਲੈਦੇ ਫੇਰੀਆ** ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡ ਜੀਉ ॥
੧੮ ॥ ੨੧ ॥ ੨ ॥ ੨੯ ॥ ਸਿਰੀ ਰਾਗ ਮਹਲਾ ੫ ॥ ਪੰਨਾ ੭੪ ॥

(੨) ਨਾ ਏਹੁ ਤੁਟੈ **ਨ ਮਲੁ ਲਗੈ** ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ੧ ॥
ਆਸਾ ਕੀ ਵਾਰ ਮਹਲਾ ੧ ॥ ਪਉੜੀ ੧੫ ॥ ਸਲੋਕ ਮ: ੧ ॥ ਪੰਨਾ ੪੭੧ ॥

(੩) ਜਨਮ ਜਨਮ ਕੀ ਇਸੁ ਮਨ ਕਉ **ਮਲੁ ਲਾਗੀ** ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥ ੧ ॥
ਸੋਰਠਿ ਕੀ ਵਾਰ ਮਹਲਾ ੪ ॥ ਪਉੜੀ ੨੨ ॥ ਸਲੋਕ ਮ: ੩ ॥ ੬੫੧ ॥

. Sri Satguru Jagjit Singh Ji eLibrary NamdhariElibrary@gmail.com .

(੪) ਜਗਿ ਹਉਮੈ ਮੈਲੁ ਦੁਖੁ ਪਾਇਆ, ਮਲੁ ਲਾਗੀ ਦੂਜੈ ਭਾਇ ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ, ਜੇ ਸਉ ਤੀਰਥ ਨਾਇ ॥
੧ ॥ ੪ ॥ ੩੧ ॥ ੬੪ ॥ ਸਿਰੀ ਰਾਗ ਮਹਲਾ ੩ ॥ ਪੰਨਾ ੩੯ ॥

(੫) **ਮਲੁ** ਜੂਠੀ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ
ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥ ੧ ॥
ਗਉੜੀ ਕੀ ਵਾਰ ਮਹਲਾ ੪ ॥ ਪਉੜੀ ੧੨ ॥ ਸਲੋਕ ਮ: ੪ ਪੰਨਾ ੩੦੬ ॥

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਇਨ੍ਹਾਂ ਉਪ੍ਰੋਕਤ ਪੰਜਾਂ ਗੁਰ ਪ੍ਰਮਾਣਾਂ ਵਿਚ ਗੁਰੂ ਸਾਹਿਬਾਂ ਨੇ 'ਮਲ' ਸ਼ਬਦ ਵਰਤਿਆ ਹੈ, ਕੀ ਇਨ੍ਹਾਂ ਸਾਰੇ 'ਮਲ' ਪਦ ਦਾ ਭਾਵ ਝੂਠ ਬੋਲਣੇ ਦਾ ਹੀ ਹੈ ? ਜੇਕਰ ਹੈ ਤਾਂ ਕਿਵੇਂ ? ਜੇਕਰ ਨਹੀਂ ਤਾਂ ਫਿਰ ਆਪ ਜੀ 'ਅਸੰਖ ਮਲੇਛ ਮਲੁ ਭਖਿ ਖਾਹਿ' । ਵਾਲੇ ਗੁਰਵਾਕ ਦੀ ਤੁਕ ਦੇ ਵਿਚ ਵਰਤੇ ਹੋਏ 'ਮਲੁ' ਸ਼ਬਦ ਦਾ ਅਰਥ ਝੂਠ ਦਾ ਕਿਵੇਂ ਕਰ ਸਕਦੇ ਹੋ ? ਤਾਂਤੇ :—'ਮਲ' ਸ਼ਬਦ ਦਾ ਅਰਥ ਪ੍ਰਕਰਣ ਦੇ ਅਨੁਸਾਰ ਹੀ ਕਰਨਾ ਯੋਗ ਹੈ ।

---

# ਹਰੀ ਰੰਗ ਦਾ ਲਗਣਾ

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਨੇ ਆਪਣੇ ਗ੍ਰੰਥ 'ਝਟਕਾ ਪ੍ਰਕਾਸ਼' ਦੇ ਪੰਨੇ ੨੨੧ ਤੇ ਇਹ ਸਵੀਕਾਰ ਕੀਤਾ ਹੈ ਕਿ **ਮਾਸ ਖਾਣਾ ਭੀ ਇਕ ਬੁਰਾ ਕੰਮ ਹੈ । ਪਰ ਇਸ ਲੇਖ ਵਿਚ ਗਿਆਨੀ ਜੀ ਨੇ ਨੱਕ ਨੂੰ ਹਥ ਤਾਂ ਲਾਇਆ ਹੈ, ਪਰ ਮੋੜਕੇ ਲਾਇਆ ।** ਗਿਆਨੀ ਜੀ ਦੀ ਇਸ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਮਾਸ ਖਾਣਾ ਭੀ ਇਕ ਜੁਰਮ ਹੀ ਹੈ । ਭਾਈ ਰਣਧੀਰ ਸਿੰਘ ਜੀ ਵਲੋਂ ਗਿਆਨੀ ਜੀ ਆਪਣੇ 'ਝਟਕਾ

. Sri Satguru Jagjit Singh Ji eLibrary NamdhariElibrary@gmail.com .

ਪ੍ਰਕਾਸ਼' ਗ੍ਰੰਥ ਦੇ ਪੰਨੇ ੨੨੧ ਤੇ ਲਿਖਦੇ ਹਨ ਕਿ :—

"ਆਪ ਕਥਨ ਕਰਦੇ ਹਨ ਕਿ 'ਮਾਸਹਾਰੀਆਂ ਨੂੰ ਹਰੀ ਰੰਗ ਨਹੀਂ ਲਗਦਾ।' ਪਰ ਆਪ ਜੀ ਨੇ ਗੁਰਬਾਣੀ ਦੀ ਕੋਈ ਭੀ ਐਸੀ ਤੁਕ ਪੇਸ਼ ਨਹੀਂ ਕੀਤੀ: ਜਿਸ ਤੋਂ ਇਹ ਸਾਬਤ ਹੋ ਜਾਵੇ ਕਿ ਮਾਸ ਖਾਣ ਵਾਲੇ ਪੁਰਸ਼ ਨੂੰ ਹਰੀ ਰੰਗ ਨਹੀਂ ਲਗਦਾ ਤੇ ਭਿੰਡੀਆਂ ਤੋਰੀਆਂ ਖਾਣ ਵਾਲਿਆਂ ਦੇ 'ਚੋਲੇ ਰਤੜੇ' ਹੋ ਜਾਂਦੇ ਹਨ।

ਹਰੀ ਰੰਗ ਕਿਹਨਾਂ ਕਾਰਨਾਂ ਕਰ ਕੇ ਨਹੀਂ ਲਗਦਾ, ਉਹ ਗੁਰਬਾਣੀ ਵਿਚ ਸਪਸ਼ਟ ਕੀਤੇ ਗਏ ਹਨ, ਉਥੇ ਕੇਵਲ ਮਾਸ ਦਾ ਹੀ ਜਿਕਰ ਨਹੀਂ ਉਹਨਾਂ ਵਿਚ ਕਈ ਹੋਰ ਪਦਾਰਥ ਵੀ ਮੌਜੂਦ ਹਨ ਜਿਹਨਾਂ ਨੂੰ ਆਪ ਭੀ ਜਾਣਦੇ ਸਨ। ਯਥਾ—

ਰਸੁ ਸੁਇਨਾ ਰਸੁ ਰੁਪਾ, ਕਾਮਣਿ, ਰਸੁ ਪਰਮਲ ਕੀ ਵਾਸੁ ॥
ਰਸੁ ਘੋੜੇ, ਰਸੁ ਸੇਜਾ ਮੰਦਰ, **ਰਸੁ ਮੀਠਾ ਰਸੁ ਮਾਸੁ** ॥
ਏਤੇ ਰਸੁ ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥

ਇਥੇ ਸਾਰੇ ਰਸਾਂ ਨੂੰ ਇਕੋ ਪਧਰ ਤੇ ਰੱਖਿਆ ਗਿਆ ਹੈ, ਪਰ ਆਪ ਇਥੇ ਇਕੱਲੇ ਮਾਸ ਨੂੰ ਹੀ ਜਿਆਦਾ ਮੁਜਰਮ ਗਰਦਾਨ ਦੇ ਹਨ। ਜੇ ਸੋਚਿਆ ਜਾਵੇ ਤਾਂ ਮਾਸ ਨਾਲੋਂ ਸੁਇਨਾ, ਰੁਪਾ ਇਸਤਰੀ, ਸੁਗਧੀ, ਘੋੜੇ ਤੇ ਮਿੱਠਾ ਜਿਆਦਾ ਕਸੂਰ ਵਾਰ ਹਨ। ਕਿਉਂਕਿ ਇਸ ਵੇਲੇ ਮੈਂ ਆਪ ਦੇ ਸਾਹਮਣੇ ਕਈ ਮਿਸਾਲਾਂ ਪੇਸ਼ ਕਰ ਸਕਦਾ ਹਾਂ ਕਿ ਲਖਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਮਾਸ ਤਿਆਗੀ ਮਹਾਤਮਾ ਮਿਲ ਜਾਣਗੇ ਪਰ ਪੈਸੇ ਦੇ ਤਿਆਗੀ ਇਕ ਵੀ ਨ ਮਿਲੇਗਾ। ਰਾਤੀਂ ਮਾਣਸ ਖਾਣੇ, ਪਰਾਈਆਂ ਇਸਤਰੀਆਂ ਨਾਲ ਝਖਾਂ ਮਾਰਨ ਵਾਲੇ, ਇਹਨਾਂ ਮਹਾਤਮਾ ਵਿਚੋਂ ਹੀ ਬਹੁਤੇ ਮਿਲਣਗੇ। ਜੇ ਸਿੱਖਾਂ ਨੂੰ ਰਸਾਂ ਕਸਾਂ ਤੋਂ ਬਚਾਉਣ ਦੀ ਲੋੜ ਹੈ ਤਾਂ ਪਉੜੀ ਪਉੜੀ ਉਤਾਂਹ ਨੂੰ ਚੜ੍ਹਨਾ ਚਾਹੀਦਾ ਹੈ।

ਪਹਿਲੇ ਸੁਇਨਾ ਰੁਪਾ ਫਿਰ ਇਸਤ੍ਰੀ, ਸੁੰਗਧੀ ਘੋੜਿਆਂ ਦੀ ਅਸਵਾਰੀ, ਆਲੀਸ਼ਾਨ ਬਿਲਡਿੰਗਾਂ ਤੇ ਬਾਅਦ ਵਿਚ ਗੁੜ ਤੇ ਖੰਡ ਵਲ ਧਿਆਨ ਦੇਣਾ ਚਾਹੀਦਾ ਹੈ। ਮਾਸ ਦਾ ਨੰਬਰ ਤਾਂ ਸਭ ਤੋਂ ਬਾਅਦ ਹੈ।"

. Sri Satguru Jagjit Singh Ji eLibrary NamdhariElibrary@gmail.com .

**ਸਮਾਧਾਨ** :—ਪਿਆਰੇ ਪਾਠਕ ਜੀਉ ! ਗਿਆਨੀ ਜੀ ਦੇ ਕਥਨ ਅਨੁਸਾਰ ਪਉੜੀ ਪਉੜੀ ਉਤਾਂਹ ਨੂੰ ਚੜ੍ਹਨਾ ਚਾਹੀਦਾ ਹੈ। ਜੇ ਕਰ ਉਪ੍ਰੋਕਤ ਵਿਚਾਰਧਾਰਾ ਨੂੰ ਅਪਨਾਇਆ ਜਾਏ ਤਾਂ ਫ਼ਿਰ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸ੍ਰੀ ਕਬੀਰ ਸਾਹਿਬ ਜੀ ਦੇ ਹੇਠ ਲਿਖੇ ਸਲੋਕ ਵਲ ਭੀ ਧਿਆਨ ਦਈਏ। ਜਿਵੇਂ ਕਿ :—

**ਕਬੀਰ ਭਾਂਗ, ਮਾਛੁਲੀ, ਸੁਰਾਪਾਨਿ,** ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਨ ਜਾਂਹਿ ॥
੨੩੩ ॥ ੨੪੩ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

ਸ੍ਰੀ ਕਬੀਰ ਜੀ ਨੇ ਇਸ ਉਪ੍ਰੋਕਤ ਸ਼ਲੋਕ ਵਿਚ ਤਿੰਨ ਬਜਰ ਕੁਕਰਮਾਂ ਦੇ ਤਿਆਗ ਕਰਨ ਦੀ ਆਗਿਆ ਦਿੱਤੀ ਹੈ, ਜਿਸ ਵਿਚ ਪਹਿਲੀ ਭੰਗ ਬੂਟੀ ਦਾ ਪੀਣਾ, ਦੂਜਾ ਮੱਛੀ (ਮਾਸ) ਦਾ ਖਾਣਾ। ਤੀਜਾ ਸ਼ਰਾਬ ਦਾ ਪੀਣਾ ਇਨ੍ਹਾਂ ਤਿੰਨਾਂ ਕੁਕਰਮਾ ਨੂੰ ਗਿਆਨੀ ਜੀ ਦੇ ਉਪ੍ਰੋਕਤ ਕਥਨ ਅਨੁਸਾਰ ਪਉੜੀ ਪਉੜੀ ਉਤਾਂਹ ਨੂੰ ਚੜ੍ਹਨਾ ਚਾਹੀਦਾ ਹੈ ਕਿ ਸਭ ਤੋਂ ਪਹਿਲਾ ਭਾਂਗ (ਭੰਗ) ਦਾ ਪੀਣਾ ਛੱਡੇ। ਫਿਰ ਮਛੀ ਆਦਿਕ ਮਾਸ ਖਾਣਾ ਤਿਆਗੇ। ਸ਼ਰਾਬ ਦਾ ਨੰਬਰ ਸਭ ਤੋਂ ਅੰਤ ਵਿਚ ਤਿਆਗਣ ਦੀ ਆਗਿਆ ਹੈ। ਨ ਕਿ ਸਭ ਤੋਂ ਪਹਿਲੇ ਸ਼ਰਾਬ ਪੀਣ ਦਾ ਤਿਆਗੀ ਬਣੇ।

ਦਾਸ ਕੀ ਗਿਆਨੀ ਜੀ ਪਾਸੋਂ ਇਹ ਪੁਛ ਸਕਦਾ ਹੈ ਕਿ ਦਾਸ ਦਾ ਉਪ੍ਰੋਕਤ ਵਿਚਾਰ ਆਪ ਜੀ ਦੇ ਕਥਨ ਅਨੁਸਾਰ ਠੀਕ ਹੈ। ਜੇ ਕਰ ਠੀਕ ਹੈ ਤਾਂ ਫਿਰ ਆਪ ਜੀ ਨੇ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੯੬ ਤੇ ਇਹ ਹੇਠ ਲਿਖਿਆ ਲੇਖ ਆਪ ਨੇ ਕਿਵੇਂ ਲਿਖ ਮਾਰਿਆ ਹੈ। ਕਿਧਰੇ ਆਪ ਜੀ ਨੇ ਭੰਗ ਪੀ ਕੇ ਤਾਂ ਇਹ ਗ੍ਰੰਥ ਨਹੀਂ ਲਿਖਿਆ ? ਦੇਖੋ ਤਾਂ ਸਹੀ :—

"ਵਿਕਾਰੀ ਜੀਵਨ ਵਾਲਾ ਇਥੇ ਕਿਸ ਨੂੰ ਆਖਿਆ ਹੈ, ਉਹ ਹੈ ਸ਼ਰਾਬੀ ਆਦਮੀ। ਅਰਥ ਇਸ ਤਰ੍ਹਾਂ ਨਹੀਂ ਹੈ ਕਿ ਜੇਹੜੇ ਲੋਕ ਸ਼ਰਾਬ ਪੀਂਦੇ ਹਨ ਤੇ ਭੰਗ ਮੱਛੀ ਖਾਂਦੇ ਹਨ।

ਇਸ ਤੁਕ ਦਾ ਅਨੁਵੈ ਇਸ ਤਰ੍ਹਾਂ ਹੈ—

ਜੋ ਜੋ ਸੁਰਾਪਾਨਿ ਪ੍ਰਾਣੀ, ਭਾਂਗ ਮਾਛੁਲੀ ਖਾਹਿੰ ॥
ਸਭੇ ਤੀਰਥ ਬਰਤ ਨੇਮ ਕੀਏ ਤੇ ਰਸਾਤਲ ਜਾਹਿੰ ॥

. Sri Satguru Jagjit Singh Ji eLibrary NamdhariElibrary@gmail.com .

ਭਾਵ ਕਿ ਜੇਹੜੇ ਜੇਹੜੇ ਸ਼ਰਾਬ ਪੀਨ ਵਾਲੇ (ਵਿਕਾਰੀ ਜੀਵਨ ਵਾਲੇ) ਲੋਕ (ਆਪਣੇ ਇਸ ਵਿਕਾਰੀ ਜੀਵਨ ਵਿਚ ਵਾਧਾ ਕਰਨ ਲਈ) ਭੰਗ ਮੱਛੀ ਖਾਂਦੇ ਹਨ ਉਹਨਾਂ ਦੇ ਉਹ ਸਾਰੇ ਤੀਰਥ ਬਰਤ ਤੇ ਨੇਮ ਗਰਕ ਹੋ ਜਾਂਦੇ ਹਨ, (ਨਿਸਫਲ ਜਾਂਦੇ ਹਨ।)

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਇਸ ਉਪ੍ਰੋਕਤ ਸ਼ਲੋਕ ਦਾ ਅਰਥ ਇੰਜ ਨਹੀਂ ਬਲਕਿ ਗੁਰਮਤਿ ਦੇ ਸਿਧਾਂਤ ਅਨੁਸਾਰ ਇੰਜ ਹੈ । ਜਿਸ ਤਰ੍ਹਾਂ ਕਿ :—

**ਭਾਵਾਰਥ** :—(ਸ੍ਰੀ ਕਬੀਰ ਜੀ ਕਥਨ ਕਰਦੇ ਹਨ ਕਿ) ਭੰਗ, ਮੱਛੀ ਤੇ ਸ਼ਰਾਬ ਜੋ ਜੋ ਜੀਵ ਖਾਂਦੇ ਪੀਂਦੇ ਹਨ, ਉਨ੍ਹਾਂ ਦੇ ਤੀਰਥ, ਬਰਤ੍ਰ ਨਿਯਮ ਕੀਤੇ ਹੋਏ ਹੋਣ ਭੀ ਫਿਰ ਭੀ ਓਹ ਪ੍ਰਾਣੀ ਭੰਗ, ਮਾਸ, ਸ਼ਰਾਬ, ਦੇ ਖਾਣ ਪੀਣ ਦੇ ਕਾਰਣ ਨਰਕਾਂ ਵਿਚ ਹੀ ਜਾਂਦੇ ਹਨ।

ਪਿਆਰੇ ਪਾਠਕ ਜੀਉ ! ਇਹ ਉਪ੍ਰੋਕਤ ਗਿਆਨੀ ਜੀ ਵਾਲਾ ਅਨਵੈ ਆਪਣੇ ਘਰ ਦਾ ਹੀ ਘੜਿਆ ਹੋਇਆ ਹੈ ; ਕੀ ਇਹ ਅਨਵੈ ਸ੍ਰੀ ਕਬੀਰ ਜੀ ਦੇ ਸ਼ਲੋਕ ਦੇ ਸਿਧਾਂਤ ਤੋਂ ਵਿਰੁਧ ਨਹੀਂ ? ਕੀ ਇਸ ਸ਼ਲੋਕ ਦਾ ਅਰਥ ਪਉੜੀ ਪਉੜੀ ਉਤਾਂਹ ਨੂੰ ਚੜਨ ਦਾ ਸ੍ਰੀ ਮਾਨ ਗਿਆਨੀ ਜੀ ਨੇ ਕੀਤਾ ਹੈ ?

ਜੇਕਰ ਫਿਰ ਭੀ ਗਿਆਨੀਜੀ ਦਾ ਇਸ ਵਿਚ ਕੋਈ ਹਠ ਹੀ ਹੋਵੇ ਕਿ ਪਉੜੀ ਪਉੜੀ ਉਤਾਂਹ ਨੂੰ ਚੜਨਾ ਚਾਹੀਦਾ ਹੈ ਤਾਂ ਫਿਰ ਹੇਠ ਲਿਖੇ ਗੁਰਪ੍ਰਮਾਣਾ ਵਲ ਭੀ ਸਾਨੂੰ ਧਿਆਨ ਦੇਣਾ ਪਵੇਗਾ ਜਿਵੇਂ ਕਿ :—

(੧) **ਗੁਰਮੁਖਿ ਨਾਮੁ ਦਾਨੁ ਇਸਨਾਨੁ ॥**
ਗੁਰਮੁਖਿ ਲਾਗੈ ਸਹਜਿ ਧਿਆਨੁ ॥
੩੬ ॥ ੭੩ ॥ ੧ ॥ ਰਾਮਕਲੀ ਮਹਲਾ ੧ ॥ ਪੰਨਾ ੯੪੨ ॥

(੨) ਸੁਣਿ ਗਲਾ ਗੁਰ ਪਹਿ ਆਇਆ ॥
**ਨਾਮੁ ਦਾਨੁ ਇਸਨਾਨੁ** ਦ੍ਰਿੜਾਇਆ ॥
੧੧ ॥ ੨੧ ॥ ੨ ॥ ੨੯ ॥ ਸਿਰੀ ਰਾਗ ਮਹਲਾ ੫ ॥ ਪੰਨਾ ੭੩ ॥

. Sri Satguru Jagjit Singh Ji eLibrary NamdhariElibrary@gmail.com .

(੬) ਕਾਮ ਕ੍ਰੋਧ ਲੋਭ ਮੋਹ ਤਜਾਰੀ ॥
**ਦ੍ਰਿੜੁ ਨਾਮੁ ਦਾਨੁ ਇਸਨਾਨੁ** ਸੁਚਾਰੀ ॥
੪ ॥ ੧੨ ॥ ੧੮ ॥ ਸੂਹੀ ਮਹਲਾ ੫ ॥ ਪੰਨਾ ੭੪੦ ॥

(੪) ਇਕਿ ਗਿਰਹੀ ਸੇਵਕ ਸਾਧਕਾ ਗੁਰਮਤੀ ਲਾਗੇ ॥
**ਨਾਮੁ ਦਾਨੁ ਇਸਨਾਨੁ ਦ੍ਰਿੜੁ** ਹਰਿਭਗਤਿ ਸੁਜਾਗੇ ॥
੭ ॥ ੮ ॥ ੧੪ ॥ ਆਸਾ ਮਹਲਾ ੧ ॥ ਪੰਨਾ ੪੧੯ ॥

(੫) **ਨਾਮੁ ਦਾਨੁ ਇਸਨਾਨੁ ਦ੍ਰਿੜੁ** ਸਦਾ ਕਰਹੁ ਗੁਰ ਕਥਾ ॥
ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥
ਪਉੜੀ ੨੦ ॥ ਮਾਰੂ ਵਾਰ ਮਹਲਾ ੫ ਡਖਣੇ ਮਹਲਾ ੫ ॥ ਪੰਨਾ ੧੧੦੧ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਉਪ੍ਰੋਕਤ ਗੁਰਪ੍ਰਮਾਣਾ ਨੂੰ ਅਪਨਾਣ ਲਈ ਕੀ ਗਿਆਨੀ ਜੀ ਪਾਸੋਂ ਦਾਸ ਇਹ ਪੁਛ ਸਕਦਾ ਹੈ ਕਿ ਪਹਿਲੇ ਇਸਨਾਨ ਕੀਤਾ ਜਾਏ ਕਿ ਨਾਮ ਜਪਿਆ ਜਾਏ ? ਕਿਉਂਕਿ ਆਪ ਦਾ ਸਿਧਾਂਤ ਇਹ ਹੈ ਕਿ ਪਉੜੀ ਪਉੜੀ ਉਤਾਂਹ ਨੂੰ ਚੜਨਾ ਚਾਹੀਦਾ ਹੈ। ਭਾਵ ਸਭ ਤੋਂ ਪਹਿਲੇ ਨਾਮ ਜਪਿਆ ਜਾਏ ਫਿਰ ਦਾਨ ਕੀਤਾ ਜਾਏ। ਇਸਨਾਨ ਦਾ ਨੰਬਰ ਤਾਂ ਸਭ ਤੋਂ ਮਗਰੋਂ ਲਿਖਿਆ ਹੋਇਆ ਸਾਨੂੰ ਮਿਲਦਾ ਹੈ ।—ਤਾਂਤੇ ਗਿਆਨੀ ਜੀ ਮਹਾਰਾਜ ਇਹ ਜ਼ਰੂਰੀ ਨਹੀਂ ਹੈ ਕਿ ਜੋ ਭੀ ਗੁਰਬਾਣੀ ਵਿਚ ਸ਼ਬਦ ਲਿਖੇ ਗਏ ਹਨ, ਉਹ ਨੰਬਰ ਵਾਰ ਹੀ ਵਰਤੇ ਜਾਣ।

ਸ੍ਰੀ ਮਾਨ ਜੀ ! ਜਿਸ ਤਰ੍ਹਾਂ ਸਭ ਤੋਂ ਪਹਿਲੇ ਇਸ਼ਨਾਨ ਕਰਨਾ ਅਤੀ ਜ਼ਰੂਰੀ ਹੈ, ਬਸ ਇਸੀ ਤਰ੍ਹਾਂ ਹੀ ਸਭ ਤੋਂ ਪਹਿਲੇ ਆਹਾਰ ਦੀ ਸੁੱਧੀ ਲਈ ਮਾਸਾ-ਹਾਰ ਦਾ ਤਿਆਗੀ ਹੋਣਾ ਜ਼ਰੂਰੀ ਹੈ। ਨਾ ਕਿ ਸਭ ਤੋਂ ਪਹਿਲੇ ਸੁਦਿਨੇ ਆਦਿਕ ਰਸਾਂ ਦਾ ਤਿਆਗ ਕਰਣਾ ਜ਼ਰੂਰੀ ।

ਗਿਆਨੀ ਜੀ ! ਜਿਸ ਤਰ੍ਹਾਂ ਸਕੂਲਾਂ ਦੇ ਇਮਤਿਹਾਨਾਂ ਦੇ ਸਮੇਂ ਵਿਦਿਆ-ਰਥੀ ਲੜਕੇ ਸਭ ਤੋਂ ਪਹਿਲੇ ਸੌਖੇ ਸੌਖੇ ਸੁਆਲਾਂ ਨੂੰ ਕਢਿਆ ਕਰਦੇ ਹਨ। ਇਸੀ ਹੀ ਤਰ੍ਹਾਂ ਸਭ ਤੋਂ ਪਹਿਲੇ ਸੌਖੇ ਸੌਖੇ ਰਸਾਂ ਦਾ ਤਿਆਗੀ ਬਣੇ। ਇਸ ਉਪ੍ਰੋਕਤ

. Sri Satguru Jagjit Singh Ji eLibrary NamdhariElibrary@gmail.com .

ਵਿਚਾਰ ਤੋਂ ਇਹ ਸਪਸ਼ਟ ਹੁੰਦਾ ਹੈ, ਕਿ ਸਿੱਖ ਧਰਮ ਵਿਚ ਰਸਾਂ ਕਸਾਂ ਦੇ ਤਿਆਗ ਵਿਚੋਂ, ਇਕ ਮਾਸ ਰਸ ਦਾ ਭੀ ਤਿਆਗੀ ਹੋਣਾ ਅਤੀ ਜ਼ਰੂਰੀ ਹੈ ।

---

# ਕੀ ਰਤੁ ਹੀ ਮਾਸ ਹੈ ?

## ਇਹ ਤਨੁ ਸਭੋ ਰਤੁ ਹੈ, ਰਤੁ ਬਿਨੁ ਤੰਨੁ ਨ ਹੋਇ ॥

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ ਜੀ ਆਪਣੇ 'ਝਟਕਾ-ਪ੍ਰਕਾਸ਼' ਗਰੰਥ ਦੇ ਪੰਨੇ ੨੨੦ ਤੇ ਲਿਖਦੇ ਹਨ । ਜਿਵੇਂ ਕਿ :—

"(੧੨) ਜੇ ਰਤੁ ਲਗੈ ਕਪੜੇ ਜਾਮਾ ਹੋਇ ਪਲੀਤ ।

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

ਮੁਸਲਮਾਨਾਂ ਬਾਬਤ ਕਿਹਾ ਹੈ । ਕਪੜੇ ਨਾਲ ਲਹੂ ਲੱਗ ਜਾਵੇ ਤਾਂ ਕਹਿੰਦੇ ਹਨ ਕਿ ਕਪੜਾ ਅਪਵਿੱਤਰ ਹੋ ਗਿਆ ਹੈ, ਨਮਾਜ਼ ਪੜ੍ਹਨ ਜੋਗਾ ਨਹੀਂ ਰਿਹਾ, ਪਰ ਜਿਹੜੇ ਮਨੁੱਖਾਂ ਦਾ ਲਹੂ ਪੀਂਦੇ ਹਨ, ਭਾਵ ਜ਼ੁਲਮ ਕਰਦੇ ਹਨ, ਉਹਨਾਂ ਦਾ ਦਿਲ ਕਿਵੇਂ ਪਵਿੱਤਰ ਹੋ ਸਕਦਾ ਹੈ ?

ਇਸ ਤੁਕ ਨੂੰ ਮਾਸ ਖਾਣ ਦੇ ਖੰਡਣ ਲਈ ਵਰਤਣ ਵਾਲਾ ਤਾਂ ਕੋਈ...... ...ਹੀ ਹੋ ਸਕਦਾ ਹੈ ।"

ਪਿਆਰੇ ਪਾਠਕ ਜੀਉ ! ਇਸ ਉਪ੍ਰੋਕਤ ਗੁਰੂ ਬਾਣੀ ਦੀਆਂ ਦੋ ਤੁਕਾਂ ਦੇ ਅਰਥ ਵਿਚ ਭੀ ਗਿਆਨੀ ਜੀ ਮਹਾਰਾਜ ਨੇ ਹੇਰਾ ਫੇਰੀ ਤੋਂ ਹੀ ਕੰਮ ਲਿਆ ਹੈ, ਵਾਸਤਵ ਵਿਚ ਇਨ੍ਹਾਂ ਤੁਕਾਂ ਦਾ ਭਾਵਾਰਥ ਇੰਜ ਹੈ । ਜਿਸ ਤਰ੍ਹਾਂ ਕਿ :—

(੧) ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥

(੨) **ਜੋ ਰਤੁ ਪੀਵਹਿ ਮਾਣਸਾ**, ਤਿਨ ਕਿਉ ਨਿਰਮਲੁ ਚੀਤੁ ॥

(੩) ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥

Sri Satguru Jagjit Singh Ji eLibrary NamdhariElibrary@gmail.com

(੪) ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥ ੧ ॥

ਮਾਝ ਕੀ ਵਾਰ ਮਹਲਾ ੧ ॥ ਪਉੜੀ ੬ ॥ ਸਲੋਕ ਮ: ੧ ॥ ਪੰਨਾ ੧੪੦ ॥

**ਭਾਵਾਰਥ** :—(ਹੇ ਮੁਸਲਮਾਨ ਭਾਈਓ :—ਜਦ ਕਿ ਤੁਸੀਂ ਇਹ ਮੰਨਦੇ ਹੋ ਕਿ) ਜਿਹੜੇ ਕਪੜੇ ਨਾਲ ਲਹੂ ਲੱਗ ਜਾਵੇ ਤਾਂ ਕਹਿੰਦੇ ਹੋ ਕਿ ਕਪੜਾ ਨਾਪਾਕ ਅਰਥਾਤ ਅਪਵਿੱਤਰ ਹੋ ਗਿਆ ਹੈ, ਤੇ ਨਮਾਜ਼ ਪੜ੍ਹਨ ਜੋਗਾ ਨਹੀਂ ਰਿਹਾ। ਪਰ ਜਿਹੜੇ ਮਨੁੱਖ ਰਤੁ ਭਾਵ (ਮਾਂਸ) ਪੀਵਹਿ (ਖਾਂਦੇ) ਹਨ (ਭਾਵ ਜੋ ਮਨੁੱਖ ਮਾਸ ਖਾਂਦੇ ਹਨ) ਉਹਨਾਂ ਦਾ ਦਿਲ ਕਿਵੇਂ ਪਵਿੱਤਰ ਹੋ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ! ਕਥਨ ਕਰਦੇ ਹਨ ! ਸ਼ੁੱਧ ਚਿੱਤ ਹੋ ਕੇ ਮੁੱਖ ਤੋਂ ਖੁਦਾ (ਹਰੀ ਪ੍ਰਭੂ) ਦਾ ਨਾਮ ਉਚਾਰਨ ਕੀਤਾ ਜਾਵੇ। ਹੋਰ ਸੰਸਾਰ ਦੇ ਦਿਵਾਜ਼ੇ (ਦਿਖਾਵੇ) ਅਮਲ (ਹੁਕਮ) ਕਰਨੇ ਸਭ ਝੂਠੇ ਹਨ ॥ ੧ ॥

**ਸ਼ੰਕਾ** :—ਜੇ ਕਰ ਇਥੇ :—ਮਾਸਾਹਾਰੀ ਵੀਰਾਂ ਵੱਲੋਂ ਇਹ ਸ਼ੰਕਾ ਕੀਤਾ ਜਾਵੇ ਕਿ ਗੁਰੂ ਸਾਹਿਬਾਂ ਨੇ 'ਮਾਸ' ਸ਼ਬਦ ਦੀ ਥਾਂ 'ਰਤੁ' ਪਦ ਕਿਉਂ ਵਰਤਿਆ ਬਲਕਿ ਇਥੇ ਗੁਰੂ ਸਾਹਿਬਾਂ ਨੂੰ ਸਪੱਸ਼ਟ 'ਰਤ' ਸ਼ਬਦ ਦੀ ਥਾਂ 'ਮਾਸ' ਤੇ 'ਪੀਵਹਿ' ਸ਼ਬਦ ਦੀ ਥਾਂ 'ਖਾਵੇ' ਪਦ ਵਰਤਣਾ ਚਾਹੀਦਾ ਸੀ। ਪਰ ਇੰਜ ਸ਼ਬਦ ਨਹੀਂ ਵਰਤੇ ਗਏ। ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਥੇ 'ਰਤੁ' ਸ਼ਬਦ ਦਾਂ ਭਾਵ 'ਮਾਸ' ਨਹੀਂ ਬਲਕਿ ਇਥੇ ਜ਼ੋਰ ਜ਼ੁਲਮ ਭਾਵ ਹਰਾਮ ਦੀ ਕਮਾਈ ਦਾ ਹੀ ਹੈ।

**ਸਮਾਧਾਨ** :—ਸ੍ਰੀ ਮਾਨ ਜੀ :—ਇਹ ਜ਼ਰੂਰੀ ਨਹੀਂ ਕਿ ਗੁਰੂਬਾਣੀ ਵਿਚ ਜਿਥੇ ਕਿਥੇ ਸਪੱਸ਼ਟ ਸ਼ਬਦ ਹੀ ਵਰਤੇ ਜਾਣ। ਕਿਉਂਕਿ ਗੁਰੂਬਾਣੀ ਵਿਚ ਕਈ ਥਾਂਵਾਂ ਤੇ ਸਾਨੂੰ ਇਸ ਤਰ੍ਹਾਂ ਦੇ ਲਿਖੇ ਹੋਏ ਅਨੇਕਾਂ ਹੀ ਸ਼ਬਦ ਮਿਲਦੇ ਹਨ। ਜਿਨ੍ਹਾਂ ਦਾ ਆਕਾਰ ਕੁਝ ਹੁੰਦਾ ਹੈ, ਤੇ ਭਾਵਾਰਥ ਉਨ੍ਹਾਂ ਸ਼ਬਦਾਂ ਦਾ ਕੁਝ ਹੋਰ ਹੀ ਨਿਕਲਦਾ ਹੈ। ਜਿਸ ਨੂੰ ਸਧਾਰਣ ਮਨੁੱਖ ਭੁਲੇਖਾ ਭੀ ਖਾ ਸਕਦੇ ਹਨ, ਤੇ ਨ ਸਮਝੀ ਦੇ ਕਾਰਣ ਅਰਥ ਦਾ ਅਨਰਥ ਭੀ ਕਰ ਸਕਦੇ ਹਨ। ਜੇ ਕਰ ਇੰਜ ਨਹੀਂ ਤਾਂ ਫਿਰ ਹੇਠ ਲਿਖੇ ਗੁਰੂਬਾਣੀ ਦੇ ਪ੍ਰਮਾਣਾਂ ਵਿਚ ਇਸ ਤਰ੍ਹਾਂ ਦੇ ਸ਼ਬਦ ਲਿਖੇ ਹੋਏ ਸਾਨੂੰ ਕਿਉਂ ਮਿਲਦੇ ਹਨ। ਜਿਸ ਦਾ ਉੱਤਰ ਸ਼ੰਕਾਵਾਦੀ ਵੀਰਾਂ ਪਾਸ ਕੀ ਹੈ ? ਜਿਵੇਂ

. Sri Satguru Jagjit Singh Ji eLibrary NamdhariElibrary@gmail.com .

ਕਿ :—

(੧) **ਪ੍ਰਸ਼ਨ :—'ਹਿਰਣਯਕਸ਼ਿਪ 'ਸ਼ਬਦ ਦੀ ਥਾਂ 'ਹਰਣਾਖਸ' ਪਦ ਕਿਉਂ ?**

ਦੁਰਮਤਿ **ਹਰਣਾਖਸੁ** ਦੁਰਾਚਾਰੀ ॥
ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥
੪ ॥ ੧੨ ॥ ੯ ॥ ਗਉੜੀ ਮਹਲਾ ੧ ॥ ਪੰਨਾ ੨੨੪ ॥

(੨) **ਪ੍ਰਸ਼ਨ :—ਚਿਤ ਪਦ ਦੀ ਥਾਂ 'ਸੁਰਤਿ' ਤੇ ਅਹੰਕਾਰ' ਦੀ ਥਾਂ 'ਮਤਿ' ਸ਼ਬਦ ਕਿਉਂ ?**

ਤਿਥੈ ਘੜੀਐ **ਸੁਰਤਿ, ਮਤਿ**, ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥
੩੬ ॥ ੩੮ ॥ ਸ੍ਰੀ ਜਪੁਜੀ ਸਾਹਿਬ ॥ ਪੰਨਾ ੮ ॥

(੩) **ਪ੍ਰਸ਼ਨ :—ਤਿੰਨ ਯਾ ਤ੍ਰੈ ਸ਼ਬਦ ਦੀ ਥਾਂ 'ਅਢਾਈ' ਪਦ ਕਿਉਂ ?**

**ਕਰਉ 'ਅਢਾਈ' ਧਰਤੀ ਮਾਂਗੀ**, ਬਾਵਨ ਰੂਪਿ ਬਹਾਨੈ ॥
ਕਿਉ ਪਇਆਲ ਜਾਇ, ਕਿਉ ਛਲੀਐ, ਜੇ ਬਲਿ ਰੂਪੁ ਪਛਾਨੈ ॥
੩ ॥ ੮ ॥ ੪ ॥ ਪ੍ਰਭਾਤੀ ਮਹਲਾ ੧ ॥ ਪੰਨਾ ੧੩੪੪ ॥

(੪) **ਪ੍ਰਸ਼ਨ :—ਜੀਵ ਸ਼ਬਦ ਦੀ ਥਾਂ 'ਮਨ' ਪਦ ਕਿਉਂ ?**

**ਮਨ ਤੂੰ ਜੋਤਿ ਸਰੂਪ ਹੈ**, ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ, ਗੁਰਮਤੀ ਰੰਗੁ ਮਾਣੁ ॥
੫ ॥ ੧੦ ॥ ੨ ॥ ੭ ॥ ਆਸਾ ਮਹਲਾ ੩ ॥ ਪੰਨਾ ੪੪੧ ॥

(੫) **ਪ੍ਰਸ਼ਨ :—'ਗਰਾਹ' ਸ਼ਬਦ ਦੀ ਥਾਂ 'ਤਦੂਐ' ਪਦ ਕਿਉ ?**

ਮਾਇਆ ਫਾਸ ਬੰਧ ਬਹੁ ਹਰਿ ਜਪਿਓ ਖੁਲ ਖੁਲਨੇ ॥
**ਜਿਉਜਲ ਕੁੰਚਰੁ 'ਤਦੂਐ' ਬਾਂਧਿਓ**, ਹਰਿ ਚੇਤਿਓ ਮੋਖ ਮੁਖਨੇ ॥
੩ ॥ ੪ ॥ ੫ ॥ ਨਟ ਮਹਲਾ ੪ ॥ ਪੰਨਾ ੯੭੬ ॥

(੬) **ਪ੍ਰਸ਼ਨ :—'ਅਪਮਾਨ' ਸ਼ਬਦ ਦੀ ਥਾਂ 'ਅਭਿਮਾਨ' ਪਦ ਕਿਉ ?**

ਤੈਸਾ ਸੁਵਰਨ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁਖਾਟੀ ॥
**ਤੈਸਾ ਮਾਨੁ ਤੈਸਾ ਅਭਿਮਾਨੁ** ॥ ਤੈਸਾ ਰੰਕੁ ਤੈਸਾ ਰਾਜਾਨ ॥
੭ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੫ ॥

Sri Satguru Jagjit Singh Ji eLibrary NamdhariElibrary@gmail.com

(੭) ਪ੍ਰਸ਼ਨ :—'ਨਰਸਿੰਘ' ਯਾ ਹਰਿ' ਸਬਦ ਦੀ ਥਾਂ 'ਰਘੁਰਾਇਆ' ਸ਼ਬਦ ਕਿਉਂ ?

ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥
ਪ੍ਰਹਲਾਦ ਕਾ ਰਾਖਾ ਹੋਇ **'ਰਘੁਰਾਇਆ'** ॥
੩ ॥ ੫ ॥ ੧੦ ॥ ੨੦ ॥ ਭੈਰਉ ਮਹਲਾ ੩ ॥ ਪਨਾ ੧੧੩੩ ॥

(੮) ਪ੍ਰਸ਼ਨ :—'ਬਿੰਦ੍ਰਾਬਨ' ਸ਼ਬਦ ਦੀ ਥਾਂ 'ਕਾਂਸੀ' ਪਦ ਕਿਉਂ ?

ਜਾਹਰ ਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਾਸਾਈ॥
**ਕਾਂਸੀ ਕ੍ਰਿਸਨੁ ਚਰਾਵਤ ਗਾਊ**, ਮਿਲਿ ਹਰਿ ਜਨ ਸੋਭਾ ਪਾਈ ॥
੨ ॥ ੪ ॥ ੨ ॥ ਮਲਾਰ ਮਹਲਾ ੪ ॥ ਪੰਨਾ ੧੧੬੩ ॥

(੯) ਪ੍ਰਸ਼ਨ :—'ਬਿਸਨੁ' ਸ਼ਬਦ ਦੀ ਥਾਂ 'ਕ੍ਰਿਸਨ' ਪਦ ਕਿਉਂ ?

**ਕਿਸਨੁ ਸਦਾ ਅਵਤਾਰੀ ਰੂਧਾ** ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥
੩ ॥ ੫ ॥ ੫ ॥ ਵਡਹੰਸ ਮਹਲਾ ੩ ॥ ਪੰਨਾ ੫੫੯ ॥

(੧੦) ਪ੍ਰਸ਼ਨ :—ਕ੍ਰਿਸ਼ਨ ਸ਼ਬਦ ਦੀ ਥਾਂ 'ਰਾਮ ਨਾਮ' ਪਦ ਕਿਉਂ ?

ਪੰਚਾਲੀ ਕਉ ਰਾਜ ਸਭਾ ਮੈ, **ਰਾਮਨਾਮ ਸੁਧਿ ਆਈ** ॥
ਤਾ ਕਉ ਦੂਖ ਹਰਿਓ ਕਰੁਣਾ ਮੈਂ ਅਪਨੀ ਪੈਜ ਬਢਾਈ ॥
੧ ॥ ੨ ॥ ੧ ॥ ਮਾਰੂ ਮਹਲਾ ੯ ॥ ਪੰਨਾ ੧੦੦੮ ॥

ਪਿਆਰੇ ਪਾਠਕ ਜੀਉ ! ਜਿਸ ਤਰ੍ਹਾਂ ਗੁਰਬਾਣੀ ਦੇ ਉਪ੍ਰੋਕਤ ਦਿੱਤੇ ਗਏ ਪ੍ਰਮਾਣਾ ਵਿਚ ਕਿਸੇ ਸ਼ਬਦ ਤੇ ਭੀ ਗੁਰੂ ਸਾਹਿਬਾਂ ਨੇ ਕਿਸੀ ਤਰ੍ਹਾਂ ਦਾ ਪਾਬੰਦ ਨਹੀਂ ਲਾਇਆ ਬਿਲਕੁਲ ਇਸੀ ਤਰ੍ਹਾਂ ਹੀ 'ਜੇ ਰਤੁ ਪੀਵਹਿ ਮਾਣਸਾ, ਤਿਨ ਕਿਉਂ ਨਿਰਮਲ ਚੀਤੁ ॥' ਇਸ ਤੁਕ ਵਿਚ ਆਏ 'ਰਤੁ' ਸ਼ਬਦ ਤੇ 'ਪੀਵਹਿ' ਸ਼ਬਦ ਦੇ ਕਿਸੇ ਤਰ੍ਹਾਂ ਦਾ ਧਿਆਨ ਨ ਰੱਖਦੇ ਹੋਏ 'ਮਾਸ' ਪਦ ਦੀ ਥਾਂ ਤੇ 'ਰਤ' ਤੇ 'ਖਾਏ' ਸ਼ਬਦ ਦੀ ਥਾਂ ਪੀਵਹਿ' ਸ਼ਬਦ ਨੂੰ ਗੁਰੂਸਾਰਿਬਾਂ ਨੇ ਵਰਤਿਆ ਹੈ। ਜਿਸ ਤੇ ਸਾਨੂੰ ਕਿਸੇ ਤਰ੍ਹਾਂ ਦਾ ਭੀ ਸ਼ੰਕਾ ਕਰਨਾ ਯੋਗ ਨਹੀਂ । ਤਾਂਤੇ ਉਪ੍ਰੋਕਤ ਕੀਤਾ ਹੋਇਆ ਅਰਥ ਹੀ ਠੀਕ ਮੰਨਿਆ ਜਾਵੇਗਾ । ਜੇਕਰ ਇੰਜ ਨਹੀਂ ਤਾਂ

. Sri Satguru Jagjit Singh Ji eLibrary NamdhariElibrary@gmail.com .

ਫਿਰ ਉਪ੍ਰੋਕਤ ਗੁਰੂਵਾਕਾਂ ਵਿਚ ਇਸ ਤਰ੍ਹਾਂ ਦੇ ਸ਼ਬਦ ਗੁਰੂਸਾਹਿਬਾਂ ਨੇ ਕਿਉਂ ਵਰਤੇ ? ਜਿਸ ਦਾ ਉੱਤਰ ਸ਼ੰਕਾਵਾਦੀ ਵੀਰ ਦੇਣ ਦੀ ਕਿਰਪਾਲਤਾ ਕਰਨ ?

**ਇਹੁ ਤਨੁ ਸਭੋ ਰਤੁ ਹੈ, ਰਤੁ ਬਿਨੁ ਤੰਨੁ ਨ ਹੋਇ ॥**

---

# "ਜਿਹ ਪ੍ਰਸਾਦਿ, ਛਤੀਹ ਅੰਮ੍ਰਿਤ ਖਾਹਿ ॥"

**ਇਕਿ ਮਾਸਹਾਰੀ** ਇਕਿ ਤ੍ਰਿਣੁ ਖਾਹਿ ॥
**ਇਕਨਾ ਛਤੀਹ** ਅੰਮ੍ਰਿਤ ਪਾਹਿ ॥
ਇਕਿ ਮਿਟੀਆ ਮਾਹਿ ਮਿਟੀਆ ਖਾਹਿ ॥
ਇਕਿ ਪਉਣ ਸੁਮਾਰੀ ਪਉਣ ਸੁਮਾਰਿ ॥
ਇਕਿ ਨਿਰੰਕਾਰੀ ਨਾਮ ਆਧਾਰਿ ॥
ਜੀਵੈ ਦਾਤਾ ਮਰੈ ਨ ਕੋਇ ॥
ਨਾਨਕ ਮੁਠੇ ਜਾਹਿ ਨਾਹੀ ਮਨਿ ਸੋਇ ॥ ੨ ॥

ਮਾਝ ਕੀ ਵਾਰ ਮਹਲਾ ੧ ॥ ਪਉੜੀ ੧੪ ॥ ਮ: ੧ ॥ ਪੰਨਾ ੧੪੪ ॥

ਪਿਆਰੇ ਪਾਠਕ ਜੀਉ ! ਛੱਤੀ ਪ੍ਰਕਾਰ ਦੇ ਭੋਜਨਾਂ ਦੇ ਸੰਬੰਧ ਵਿਚ ਸ੍ਰੀ ਮਾਨ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣਾ ਵਿਚਾਰ ਪ੍ਰਗਟ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੬੧ ਤੋਂ ੬੨ ਤੇ ਲਿਖਦੇ ਹਨ ਕਿ :—

"ਛੱਤੀ ਅੰਮ੍ਰਿਤ ਦਾ ਮਤਲਬ ਹੈ ਕਈ ਪ੍ਰਕਾਰ ਦੇ ਖਾਣੇ, ਜੇਹਣੇ ਕਈਆਂ ਗ੍ਰੰਥਾਂ ਵਿਚ ਲਿਖੇ ਹੋਏ ਹਨ। **ਉਹਨਾਂ ਦੀ ਗਿਣਤੀ ਸਿਰਫ ਛੱਤੀ ਹੀ ਨਹੀਂ ਇਹ ਕੇਵਲ ਮੁਹਾਵਰਾ ਹੈ। ਖਾਣੇ (ਭੋਜਨ) ਬੇਅੰਤ ਹਨ।** ਉਹਨਾਂ ਵਿਚੋਂ ਕਈ ਭੋਜਨ ਐਸੇ ਹਨ ਜਿਹੜੇ ਨਿਰੇ ਮਾਸ ਤੋਂ ਬਣਦੇ ਹਨ ਤੇ ਬਾਕੀ ਅੰਨ ਵਗੈਰਾ ਤੋਂ ॥

ਛੱਤੀ ਭੋਜਨ ਜਾਂ ਛੱਤੀ ਅੰਮ੍ਰਿਤ ਸ਼ਬਦ ਭਾਈ ਗੁਰਦਾਸ ਦੀਆਂ ਵਾਰਾਂ ਅਤੇ

. Sri Satguru Jagjit Singh Ji eLibrary NamdhariElibrary@gmail.com .

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਕਈਆਂ ਤੁਕਾਂ ਵਿਚ ਆਇਆ ਹੈ। ਯਥਾ—'ਖਟ ਰਸ ਮਿਠ ਰਸ ਮੇਲਕੇ ਛਤੀ ਭੋਜਨ ਹੋਣ ਰਸੋਈ।' 'ਜਿਹ ਪ੍ਰਸ਼ਾਦਿ ਛਤੀ ਅੰਮ੍ਰਿਤ ਖਾਹਿ' ਆਦਿਕ। **ਪਰ ਇਨ੍ਹਾਂ ਦੀ ਗਿਣਤੀ ਦਾ ਵੇਰਵਾ ਕਿਤੇ ਨਹੀਂ ਮਿਲਦਾ।** ਇਹਨਾਂ ਦਾ ਵੇਰਵਾ ਸੰਸਕ੍ਰਿਤ ਜਾਂ ਹਿੰਦੀ ਗ੍ਰੰਥਾਂ ਵਿਚੋਂ ਹੀ ਮਿਲ ਸਕਦਾ ਹੈ। ਜਿਥੇ ਕਿਤੇ ਭੋਜਨਾਂ ਦਾ ਵਰਣਨ ਕੀਤਾ ਗਿਆ ਹੈ, ਉਥੇ ਮਾਸ ਦਾ ਜਿਕਰ ਜ਼ਰੂਰ ਹੈ। ਇਸ ਲਈ ਛੱਤੀ ਅੰਮਿਤ ਛਕਣ ਵਾਲੇ ਸਜਣ ਇਸ ਨੂੰ ਵੱਖਰਾ ਨਹੀਂ ਕਰ ਸਕਦੇ।"

ਪਿਆਰੇ ਪਾਠਕ ਜੀਉ! ਸ੍ਰੀ ਮਾਨ ਗਿਆਨੀ ਜੀ ਦਾ ਇਹ ਉਪ੍ਰੋਕਤ ਲਿਖਤ ਵਿਚਾਰ ਸਾਰੇ ਦਾ ਸਾਰਾ ਗ਼ਲਤ ਹੈ ਕਿਉਂਕਿ ਜਦ ਅਸੀਂ ਗੁਰੂ ਘਰ ਦੇ ਸੰਬੰਧ ਰੱਖਣ ਵਾਲੇ ਧਾਰਮਿਕ ਗ੍ਰੰਥਾਂ ਨੂੰ ਪੜ੍ਹਦੇ ਤੇ ਉਨ੍ਹਾਂ ਗ੍ਰੰਥਾਂ ਤੇ ਵਿਚਾਰ ਕਰਦੇ ਹਾਂ ਤਾਂ ਉਨ੍ਹਾਂ ਗ੍ਰੰਥਾਂ ਵਿਚੋਂ ਹੀ ਛੱਤੀ ਤਰ੍ਹਾਂ ਦੇ ਭੋਜਨਾਂ ਦਾ ਜੁਦਾ ਜੁਦਾ ਵੇਰਵਾ ਸਾਨੂੰ ਮਿਲਦਾ ਹੈ। ਜਿਸ ਵਿਚ ੩੬ ਤਰ੍ਹਾਂ ਦੇ ਭੋਜਨਾਂ ਦੀ ਗਿਣਤੀ ਹੈ। ਪਰ ਇਨ੍ਹਾਂ ਭੋਜਨਾਂ ਵਿਚ ਮਾਸ ਦਾ ਕਿਤੇ ਜ਼ਿਕਰ ਹੀ ਨਹੀਂ ਹੈ।

**ਸ਼ੰਕਾ** :—ਗੁਰੂ ਘਰ ਦੇ ਉਹ ਕਿਹੜੇ ਗ੍ਰੰਥ ਹਨ, ਜਿਨ੍ਹਾਂ ਵਿਚ ਸਿੱਖ ਵਿਦਵਾਨਾਂ ਨੇ ਛੱਤੀ ਤਰ੍ਹਾਂ ਦੇ ਭੋਜਨਾਂ ਦਾ ਭਿੰਨ ਭਿੰਨ ਵੇਰਵਾ ਕੀਤਾ ਹੈ?

**ਸਮਾਧਾਨ** :—ਸ਼ੰਕਾ ਵਾਦੀ ਵੀਰ ਜੀ! ਸਿੱਖ ਧਰਮ ਦੇ ਅਨੇਕਾਂ ਹੀ ਵਿਦਵਾਨਾਂ ਨੇ ਆਪਣੇ ਗ੍ਰੰਥਾ ਵਿਚ ਛੱਤੀ ਪ੍ਰਕਾਰ ਦੇ ਭੋਜਨਾਂ ਦਾਂ ਜੁਦਾ ਜੁਦਾ ਵਰਨਣ ਕੀਤਾ ਹੈ। ਪਰ ਇਥੇ ਕੇਵਲ ਪਾਠਕਾਂ ਪ੍ਰਤੀ ਪ੍ਰਸਿੱਧ ਤਿਨ ਗ੍ਰੰਥਾਂ ਦਾ ਹੀ ਹਵਾਲਾ ਦੇਕੇ ਦਸਿਆ ਜਾਂਦਾ ਹੈ। ਜਿਸ ਤਰ੍ਹਾਂ ਕਿ :—

(੧) ਸੰਮਤ ਬਿਕ੍ਰਮੀ ੧੯੮੧। ਲਗ ਭਗ ਸੰਨ ਈਸਵੀਂ ੧੯੨੪ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਦਾ ਟੀਕਾ ਕੀਤਾ ਗਿਆ। ਜਿਸ ਦੇ ਟੀਕੇ ਦੀ ਸੇਵਾ, ਸ੍ਰੀ ਹਜੂਰ ਮਹਾਰਾਜਾ ਬ੍ਰਿਕਮ ਸਿੰਘ ਸਾਹਿਬ ਬਹਾਦਰ ਬੇਰਾੜ ਬੰਸ ਅਵਤੰਸ ਵਾਲੀਏ ਰਿਆਸਤ ਫਰੀਦ ਕੋਟ ਨੇ ਬੜੇ ਬੜੇ ਗੁਣੀਆਂ ਗਜਾਨੀਆਂ ਦੀ ਸਭਾ ਬਠਾਕੇ ਕਰਵਾਈ। ਛਪਵਾਈ ਦੀ ਸੇਵਾ :—ਸ੍ਰੀ ਹਜੂਰ ਮਹਾਰਾਜਾ ਬਲਬੀਰ ਸਿੰਘ ਸਾਹਿਬ ਬਹਾਦਰ ਅਤੇ ਸ਼੍ਰੀ ਹਜੂਰ ਬ੍ਰਿਜਿੰਦ੍ਰ ਸਿੰਘ ਸਾਹਿਬ ਬਹਾਦਰ ਬੈਰਾੜ ਬੰਸ ਅਵਤੰਸ ਵਾਲੀਐ ਰਿਆਸਤ ਫਰੀਦਕੋਟ ਦੇ ਸਮੇਂ ਹੋਈ।

. Sri Satguru Jagjit Singh Ji eLibrary NamdhariElibrary@gmail.com .

ਜਿਸ ਦੀ ਦੂਜੀ ਵਾਰ ਇਕ ਹਜ਼ਾਰ ਬੀੜ ਛਪਵਾਨ ਦੀ ਸੇਵਾ ਆਗਿਆ ਅਨੁਸਾਰ ਸ੍ਰੀ ਹਜ਼ੂਰ ਮਹਾਰਾਜ ਹਰਿਇੰਦਰ ਸਿੰਘ ਸਾਹਿਬ ਬਹਾਦਰ ਬੈਰਾੜ ਬੰਸ ਅਵਤੰਸ ਵਾਲੀਏ ਰਿਆਸਤ ਫਰੀਦਕੋਟ ਸਰਦਾਰ ਬਹਾਦਰ ਸਰਦਾਰ ਇੰਦਰ ਸਿੰਘ ਜੀ. ਬੀ. ਏ. ਪ੍ਰੈਜੀਡੈਂਟ ਕੌਂਸਲ ਆਲੀਆ ਰਿਆਸਤ ਫਰੀਦ ਕੋਟ ਨੇ ਕਰਵਾਈ।

ਵਜ਼ੀਰ ਹਿੰਦ ਪ੍ਰੈਸ ਸ੍ਰੀ ਅੰਮ੍ਰਿਤਸਰ ਜੀ ਵਿਖੇ, ਮੁਦ੍ਰਿਤ ਹੋਣ ਦੀ ਸੇਵਾ ਭਾਈ ਬਹਾਦਰ ਸਿੰਘ ਜੀ ਮੈਨੇਜਰ ਦੇ ਪ੍ਰਯਤਨ ਨਾਲ ਹੋਈ। ਸੈਂਚੀ ਪਹਿਲੀ ਦੇ ਪੰਨੇ ੧੧੯੧ ਤੇ ਛੱਤੀ ਤਰ੍ਹਾਂ ਦੇ ਭੋਜਨਾਂ ਦਾ ਵੇਰਵਾ ਕੀਤਾ ਹੈ। ਦੇਖੋ :—,'ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥''

(੨) "ਸ੍ਰੀ ਗੁਰੂ ਬਾਣੀ ਪ੍ਰਕਾਸ਼" ਰਚਿਤ :—ਸੋਢੀ ਤੇਜਾ ਸਿੰਘ ਜੀ। ਪ੍ਰਕਾਸ਼ਕ :—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ। ਦੂਜੀ ਵਾਰ ੧੦੦੦। ਨਵੰਬਰ ੧੯੫੩। ਪ੍ਰਿੰਟਰ ਸ: ਹਰਨਾਮ ਸਿੰਘ, ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ ਵਿਚ ਛਪੀ ਦੇ ਦੂਜੀ ਸੈਂਚੀ ਦੇ ਪੰਨੇ ੧੦੬੨ ਤੇ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਵੇਰਵਾ ਕੀਤਾ ਗਿਆ ਹੈ।

(੩) "ਸੰਖਿਆਂ ਕੋਸ਼" ਕ੍ਰਿਤ :—ਗੁਰਬਖ਼ਸ਼ ਸਿੰਘ 'ਕੇਸਰੀ' ਜੀ। ਪ੍ਰਕਾਸ਼ਕ :—ਪੰਜਾਬੀ ਸਾਹਿੱਤ ਅਕਾਡਮੀ, ੫੫੫ ਐਂਡ, ਮਾਡਲ ਟਾਊਨ, ਲੁਧਿਆਣਾ। ਪਹਿਲੀ ਵਾਰ। ਸਤੰਬਰ ੧੯੬੧ ਮੁਦ੍ਰਕ ਸ. ਮਹਿੰਦਰ ਸਿੰਘ, ਮਹਿੰਦ ਦਾ ਆਰਟ ਪ੍ਰੈਸ, ਕਚਹਰੀ ਰੋਡ ਲੁਧਿਆਣਾ। ਗ੍ਰੰਥ ਦੇ ਪੰਨੇ ੨੨੬। ਸੰਖਿਆ ੩੬।

ਛੱਤੀ ਪ੍ਰਕਾਰ ਦੇ ਭੋਜਨਾਂ ਦਾ ਵੇਰਵਾ ਇੰਜ ਕੀਤਾ ਗਿਆ ਹੈ ॥

## ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥

(ਛਤੀਹ ਤਰ੍ਹਾਂ ਦੇ ਭੋਜਨਾ ਦਾ ਵੇਰਵਾ)

(੧) ਰੋਟੀ ਸਭ ਤਰ੍ਹਾਂ ਦੀ।
(੨) ਪੂਰੀ।
(੩) ਕਚੌਰੀ।
(੪) ਪੂੜੇ।
(੫) ਚੌਲ।
(੬) ਦਾਲ।
(੭) ਸਾਗ, ਭਾਜੀ, ਭੁਰਜੀ ਆਦਿਕ।
(੮) ਕੜ੍ਹੀ।
(੯) ਵੜੀਆਂ।
(੧੦) ਸੇਵੀਆਂ।

. Sri Satguru Jagjit Singh Ji eLibrary NamdhariElibrary@gmail.com .

(੧੧) ਖਿਚੜੀ ।
(੧੨) ਸਲੂਣੇ, ਛੋਲੇ, ਪਕੌੜੇ ਆਦਿਕ ।
(੧੩) ਚਟਨੀਆਂ ।
(੧੪) ਅਚਾਰ ।
(੧੫) ਮੁਰਬੇ ।
(੧੬) ਬੂੰਦੀ, ਦਹੀ ਭੱਲੇ ।
(੧੭) ਰਾਇਤੇ ।
(੧੮) ਪਾਪੜ ।
(੧੯) ਕੜਾਹ ।
(੨੦) ਖੀਰ ।
(੨੧) ਪੰਜੀਰੀ, ਸੱਤੂ, ਕਸਾਰ ।
(੨੨) ਮਠਿਆਈਆਂ ।
(੨੩) ਲਾਪਸੀ (ਸੀਰਾ) ਮਿੱਠੀ ।
(੨੪) ਰਾਬੜੀ ।
(੨੫) ਮਲਾਈ ।
(੨੬) ਮਿਸਰੀ ਮੱਖਣ ।
(੨੭) ਸਿਖਰਣੀ (ਦਹੀ ਖੰਡ) ।
(੨੮) ਦੁਧ ਮਿਲਾ ਕੇ ਚੋਧੀ ਆਦਿਕ ।
(੨੯) ਦਹੀ ਲੱਸੀ ਆਦਿਕ ।
(੩੦) ਕਾਂਜੀ ਆਦਿਕ ਹਾਜਮੇ ਦੇ ਖਾਣੇ ।
(੩੧) ਸਭ ਤਰ੍ਹਾਂ ਦੇ ਫਲ ।
(੩੨) ਤਾਰੀ (ਲੂਣ ਵਾਲੀ ਕੜ੍ਹੀ)
(੩੩) ਮਿੱਠੇ ਮੱਠੇ ।
(੩੪) ਫੈਣੀਆਂ ।
(੩੫) ਘੇਵਰ ।
(੩੬) ਚੂਰਨ ਆਦਿਕ ।

**ਯਥਾ** :—ਛਤੀਹ ਅੰਮ੍ਰਿਤ ਭੋਜਨ ਖਾਣਾ ।

(ਸ੍ਰੀ ਗੁਰੂਬਾਣੀ ਪ੍ਰਕਾਸ਼' ਗ੍ਰੰਥ ਦੇ ਪੰਨੇ ੧੦੬੨ ਵਿਚੋਂ)

ਪਿਆਰੇ ਪਾਠਕ ਜੀਓ । ਇਨ੍ਹਾਂ ਉਪ੍ਰੋਕਤ ਤਿੰਨੇ ਧਾਰਮਿਕ ਗ੍ਰੰਥਾਂ ਦੇ ਹਵਾਲਿਆਂ ਵਿਚ ਮਾਸਾਹਾਰ ਦਾ ਕਿਧਰੇ ਭੀ ਜ਼ਿਕਰ ਨਹੀਂ ਮਿਲਦਾ । ਫਿਰ ਅਸੀਂ ਕੇਵਲ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਦੇ ਲੇਖ ਨੂੰ ਕਿਵੇਂ ਸੱਚਾ ਮਨ ਲਈਏ ? ਸੋ ਇਨ੍ਹਾਂ ਸਿੱਖ ਵਿਦਵਾਨਾਂ ਦੇ ਉਪ੍ਰੋਕਤ ਲੇਖਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖ ਵੀਰਾਂ ਦੀ ਮਾਸ ਖੁਰਾਕ ਹੀ ਨਹੀਂ । ਜੇ ਕਰ ਹੁੰਦੀ ਤਾਂ ਛੱਤੀ ਤਰ੍ਹਾਂ ਦੇ ਭੋਜਨਾਂ ਵਿਚ ਸਿੱਖ ਵਿਦਵਾਨ ਜਨ, ਜ਼ਰੂਰ ਸ਼ਾਮਲ ਕਰਦੇ ਪਰ ਇੰਜ ਨਹੀਂ ਕੀਤਾ ਗਿਆ । ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ "ਦੈਵੀ ਸੰਪਦਾ" ਦੇ ਮਨੁੱਖਾਂ ਦਾ ਮਾਸਹਾਰ ਹੀ ਨਹੀਂ ।

. Sri Satguru Jagjit Singh Ji eLibrary NamdhariElibrary@gmail.com .

# "ਗੁਰੂ ਨਾਨਕ ਮਿਸ਼ਨ ਤੇ ਮਾਸ"

**ਸ਼ੰਕਾ :**—ਕੀ ਗੁਰੂ ਘਰ ਵਿਚ ਸਿੱਖਾਂ ਨੂੰ ਮਾਸ ਖਾਂਣ ਦਾ ਵਿਧਾਨ ਹੈ ?

**ਸਮਾਧਾਨ :**—ਕੁਝ ਸਿੱਖਾਂ ਦੇ ਵਿਚਾਰਧਾਰਾ ਅਨੁਸਾਰ ਮਾਸ ਖਾਣ ਦਾ ਵਿਧਾਨ ਹੈ । ਪਰ ਗੁਰਮਤਿ ਦੇ ਸਿਧਾਂਤ ਅਨੁਸਾਰ ਨਹੀਂ ।

**ਸ਼ੰਕਾ :**—ਆਪ ਇਹ ਕਿਵੇਂ ਫੈਸਲਾ ਕਰ ਰਹੇ ਹੋ ਕਿ ਸਿੱਖਾਂ ਦਾ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਨਹੀਂ । ਦੇਖੋ :—ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਦੇ ਕ੍ਰਿਤ :—'ਝਟਕਾ ਪ੍ਰਕਾਸ਼' ਗ੍ਰੰਥ ਵਿਚ ਇਹ ਸਾਬਤ ਕੀਤਾ ਗਿਆ ਹੈ ਕਿ ਸਿੱਖਾਂ ਦਾ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਹੀ ਹੈ ।

**ਸਮਾਧਾਨ :**—ਪਿਆਰੇ ਪਾਠਕ ਜੀਉ ! ਦਾਸ ਨੇ :—ਗਿਆਨੀ ਜੀ ਦੇ ਕ੍ਰਿਤ :—"ਝਟਕਾ ਪ੍ਰਕਾਸ਼" ਗ੍ਰੰਥ ਨੂੰ ਚੰਗੀ ਤਰ੍ਹਾਂ ਧਿਆਨ ਪੂਰਵਕ ਪੜ੍ਹਿਆ ਤੇ ਉਸ ਤੇ ਵਿਚਾਰ ਭੀ ਕੀਤੀ ਹੈ। ਜਿਸ ਗ੍ਰੰਥ ਵਿਚ ਗਿਆਨੀ ਜੀ ਗੁਰੂ ਬਾਣੀ ਦਾ ਐਸਾ ਇਕ ਭੀ ਗੁਰਪ੍ਰਮਾਣ ਲਿਖ ਕੇ ਪ੍ਰਗਟ ਨਹੀਂ ਕਰ ਸਕੇ । ਜਿਸ ਤੋਂ ਸਿੱਖ ਧਰਮੀਆਂ ਵੀਰਾਂ ਦਾ ਮਾਸ ਖਾਣਾ ਗੁਰਮਤਿ ਦੇ ਸਿਧਾਂਤ ਅਨੁਸਾਰ ਸਪਸ਼ਟ ਸਿੱਧ ਹੋ ਸਕੇ ।

**ਸ਼ੰਕਾ :**—ਜੇਕਰ ਗਿਆਨੀ ਜੀ 'ਝਟਕਾ ਪ੍ਰਕਾਸ਼' ਗ੍ਰੰਥ ਵਿਚ ਮਾਸ ਖਾਣ ਦੇ ਸਿਧਾਂਤ ਨੂੰ ਸਪਸ਼ਟ ਕਰਨ ਲਈ ਇਕ ਭੀ ਗੁਰੂ ਵਾਕ ਦਾ ਹਵਾਲਾ ਨਿਰਸ਼ੰਸੇ ਯੁਕਤ ਪ੍ਰਗਟ ਨਹੀਂ ਕਰ ਸਕੇ । ਤਾਂ ਫਿਰ ਆਪ ਭੀ ਇਸ ਤਰ੍ਹਾਂ ਦੇ ਗੁਰੂ ਵਾਕ ਦਾ ਇਕ ਵੀ ਹਵਾਲਾ ਲਿਖ ਕੇ ਆਪਣੇ ਪਾਠਕਾਂ ਪ੍ਰਤੀ ਪ੍ਰਗਟ ਨਹੀਂ ਕਰ ਸਕਦੇ । ਜਿਸ ਤੋਂ ਸਿੱਖਾਂ ਦੇ ਮਾਸ ਖਾਣ ਦਾ ਵਿਧਾਨ ਖੰਡਨ ਕੀਤਾ ਜਾ ਸਕੇ ।

**ਸਮਾਧਾਨ :**—ਸ੍ਰੀਮਾਨ ਜੀਉ ! ਗੁਰੂ ਘਰ ਵਿਚ ਇਸ ਤਰ੍ਹਾਂ ਦੇ ਅਨੇਕਾਂ ਹੀ ਗੁਰ-ਪ੍ਰਮਾਣ ਲਿਖ ਕੇ ਪ੍ਰਗਟ ਕੀਤੇ ਜਾ ਸਕਦੇ ਹਨ, ਜਿਨ੍ਹਾਂ ਗੁਰ ਪ੍ਰਮਾਣਾਂ ਤੋਂ ਸਿੱਖਾਂ ਦੇ ਮਾਸ ਖਾਣ ਦਾ ਸਿਧਾਂਤ ਖੰਡਨ ਕੀਤਾ ਜਾ ਸਕਦਾ ਹੈ । ਪਰ ਇਥੇ ਕੇਵਲ ਸ਼੍ਰੋਮਣੀ ਗੁਰੂਬਾਣੀ 'ਜਪੁ ਸਾਹਿਬ' ਦੀ ਇਕੋ ਹੀ ਤੁਕ ਦਾ ਹਵਾਲਾ ਲਿਖ ਕੇ ਪ੍ਰਗਟ ਕੀਤਾ ਜਾਂਦਾ ਹੈ ਕਿ ਮਾਸ ਖਾਣਾ ਇਕ ਮਲੇਛ (ਨੀਚ) ਮਨੁੱਖਾਂ ਦਾ ਕਰਮ

. Sri Satguru Jagjit Singh Ji eLibrary NamdhariElibrary@gmail.com .

ਹੈ । ਗੁਰਮੁਖਾਂ ਦਾ ਨਹੀਂ । ਜਿਸ ਤਰ੍ਹਾਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

(ਸ੍ਰੀ ਜਪੁ ਸਾਹਿਬ)

ਪਿਆਰੇ ਪਾਠਕ ਜੀਉ ! ਗੁਰਬਾਣੀ ਦੀ ਇਸ ਉਪ੍ਰੋਕਤ ਤੁਕ ਦਾ ਅਰਥ ਗਿਆਨੀ ਜੀ ਆਪਣੇ ਰਚਿਤ :—'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੨੨੦ ਤੇ ਇੰਜ ਕਰਦੇ ਹਨ :—"ਅਸੰਖ ਹੀ ਐਸੇ ਆਦਮੀ ਮੌਜੂਦ ਹਨ ਜਿਹੜੇ ਮੈਲੀਆਂ ਕੁਚੈਲੀਆਂ ਚੀਜ਼ਾਂ ਖਾਂਦੇ ਹਨ । ਜਿਹਨੂੰ ਮੈਲ ਦੀ ਇੱਛਾ ਰੱਖਣ ਦੇ ਕਾਰਨ ਮਲੇਛ ਆਖਿਆ ਜਾਂਦਾ ਹੈ ।

ਅਜੇਹੀ ਮੈਲ ਖਾਣ ਵਾਲਿਆਂ ਨੂੰ ਹੀ ਦਸਮੇਸ਼ ਜੀ ਨੇ 'ਖੂਕਮਲਹਾਰੀ' ਨਾਲ ਸਮਤਾ ਦਿੱਤੀ ਹੈ, ਪਰ ਭਾਈ ਸਾਹਿਬ ਨੂੰ ਤਾਂ 'ਮਲੇਛ' ਮੁਸਲਮਾਨ ਤੇ 'ਮੈਲ' ਮਾਸ ਹੀ ਨਜ਼ਰ ਆਉਂਦਾ ਹੈ, ਇਸੇ ਲਈ ਇਸ ਨੂੰ ਮੁਸਲਮਾਨਾਂ ਦਾ ਖਾਣਾ ਦੱਸਦੇ ਹਨ, ਪਰ ਗੁਰੂ ਬਾਣੀ ਵਿਚ ਤਾਂ ਕੂੜ ਨੂੰ ਮਲ ਆਖਿਆ ਹੈ ਜਿਸ ਨੂੰ ਉਸ ਵੇਲੇ ਦੇ 'ਦੰਭੀ ਮੁਸਲਮਾਨ ਕਾਜੀ ਮੁਲਾ' ਖਾ ਰਹੇ ਸਨ । ਜੈਸਾ ਕਿ :—'ਕਾਦੀ ਕੂੜੁ ਬੋਲਿ ਮਲੁ ਖਾਇ ॥' ਹੋਰ ਉਨ੍ਹਾਂ ਦੇ ਮਾਸ ਖਾਣ ਨੂੰ ਤਾਂ ਮਲ ਦੀ ਸੰਮਤਾ ਨਹੀਂ ਦਿੱਤੀ ।"

ਪਿਆਰੇ ਪਾਠਕ ਜੀਉ ! ਗਿਆਨੀ ਜੀ ਦੇ ਇਸ ਉਪ੍ਰੋਕਤ ਲੇਖ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਬਾਣੀ ਦੀ ਇਸ ਉਪ੍ਰੋਕਤ ਤੁਕ ਦਾ ਭੀ ਅਰਥ ਗਿਆਨ ਜੀ ਨੇ ਗੋਲ ਮੋਲ ਹੀ ਕੀਤਾ ਹੈ । ਜੇਕਰ ਨਹੀਂ ਤਾਂ ਫਿਰ ਉਹ ਕਿਹੜੀਆਂ ਮੈਲੀਆਂ ਕੁਚੈਲੀਆਂ ਚੀਜ਼ਾਂ ਹਨ, ਜਿਨ੍ਹਾਂ ਨੂੰ ਮਲੇਛ ਲੋਕ ਖਾਂਦੇ ਹਨ, ਉਨ੍ਹਾਂ ਚੀਜ਼ਾਂ ਦਾ ਇਥੇ ਵੇਰਵਾ ਕਿਉਂ ਨਹੀਂ ਕੀਤਾ । ਜੇਕਰ ਕਹਿਆ ਜਾਏ ਕਿ ਗੁਰੂ ਬਾਣੀ ਵਿਚ ਤਾਂ ਕੂੜੁ ਬੋਲਣੇ ਨੂੰ ਹੀ ਮਲ ਆਖਿਆ ਗਿਆ ਹੈ । ਕੀ ਗੁਰੂ ਬਾਣੀ ਵਿਚ ਹੋਰ ਕਿਸੇ ਚੀਜ ਨੂੰ ਮਲ ਨਹੀਂ ਆਖਿਆ ? ਜੇਕਰ ਨਹੀਂ ਤਾਂ ਫਿਰ ਸ੍ਰੀਮਾਨ ਜੀ ਹੇਠ ਲਿਖੇ ਗੁਰੂ ਬਾਣੀ ਦੇ ਗੁਰ ਪ੍ਰਮਾਣ ਦਾ ਭਾਵਾਰਥ ਕੀ ਹੋਵੇਗਾ । ਜਿਵੇਂ ਕਿ :—

ਨਿੰਦਕੁ ਨਿੰਦਾ ਕਰਿ ਮਲੁ ਧੋਵੈ, ਓਹੁ ਮਲ ਭਖੁ ਮਾਇਆ ਧਾਰੀ ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥
੬ ॥ ੮ ॥ ੧ ॥ ੭ ॥ ਗੂਜਰੀ ਮਹਲਾ ੪ ॥ ਪੰਨਾ ੫੦੭ ॥

. Sri Satguru Jagjit Singh Ji eLibrary NamdhariElibrary@gmail.com .

ਸ੍ਰੀਮਾਨ ਜੀ ! ਇਸ ਉਪ੍ਰੋਕਤ ਗੁਰਬਾਣੀ ਦੇ ਇਕੋ ਹਵਾਲੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਨਿੰਦਕ ਲੋਕ ਭੀ ਨਿੰਦਾ ਕਰ ਕੇ ਮਲ ਹੀ ਖਾਂਦੇ ਹਨ । ਕੇਵਲ ਕੂੜ ਬੋਲਣੇ ਵਾਲੇ ਹੀ ਮਲ ਨਹੀਂ ਖਾਂਦੇ । ਜਦ ਕਿ ਇਸੀ 'ਜਪੁ ਸਾਹਿਬ' ਦੀ ਪਉੜੀ ਵਿਚ ਜੁਦਾ ਜੁਦਾ ਤੁਕਾਂ ਲਿਖੀਆਂ ਹੋਈਆਂ ਸਾਨੂੰ ਮਿਲਦੀਆਂ ਹਨ । ਜਿਸ ਤਰ੍ਹਾਂ ਕਿ :—

(੧) ਅਸੰਖ ਕੂੜਿਆਰ ਕੂੜੇ ਫਿਰਾਹਿ ॥
(੨) ਅਸੰਖ ਮਲੇਛ ਮਲੁ ਭਖਿ ਖਾਹਿ ॥
(੩) ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥

ਸ੍ਰੀਮਾਨ ਜੀ ! ਕੀ ਇਨ੍ਹਾਂ ਉਪ੍ਰੋਕਤ ਤਿੰਨਾਂ ਤੁਕਾਂ ਦਾ ਭਾਵ ਇਕੋ ਹੀ ਹੈ ? ਜੇਕਰ ਕਹਿਆ ਜਾਏ ਕਿ ਸਿੱਖ ਧਰਮ ਦੇ ਮੰਨੇ ਪਰਮੰਨੇ ਪ੍ਰਸਿੱਧ ਵਿਦਵਾਨਾਂ ਦਾ ਭੀ ਉਪ੍ਰੋਕਤ ਅਰਥ ਅਨੁਸਾਰ ਮਿਲਦਾ ਜੁਲਦਾ ਹੀ ਅਰਥ ਕੀਤਾ ਹੋਇਆ ਸਿੱਧ ਹੁੰਦਾ ਹੈ । ਜਿਵੇਂ ਕਿ :—

## (੧)

"ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ । ਜਨਵਰੀ ੧੯੫੯ । ਤੀਜੀ ਵਾਰ । ਛਾਪਣ ਵਾਲੇ— ਗੁਰਦੁਆਰਾ ਪ੍ਰਿੰਟਿੰਗ ਪ੍ਰੈਸ (ਰਾਮਸਰ ਰੋਡ) ਅੰਮ੍ਰਿਤਸਰ । ਸ਼ਬਦਾਰਥ ਦੀ ਪਹਿਲੀ ਪੋਥੀ ਦੇ ਪੰਨੇ ੪ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕੀਤਾ ਹੈ । ਜਿਵੇਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

**ਭਾਵਾਰਥ** :—ਮੰਦ ਇੱਛਾ ਵਾਲੇ ਮੈਲ ਖਾ ਕੇ ਆਪਣਾ ਆਹਾਰ ਕਰਦੇ ਹਨ, ਅਰਥਾਤ ਰੋਜ਼ੀ ਕਮਾਉਂਦੇ ਹਨ ।

**ਸਮਾਧਾਨ** :—ਪਿਆਰੇ ਪਾਠਕ ਜੀਉ ! 'ਮਲੁ ਭਖਿ ਖਾਹਿ' ਗੁਰ ਵਾਕ ਦਾ ਅਰਥ 'ਮੈਲ ਖਾ ਕੇ ਆਪਣਾ ਆਹਾਰ ਕਰਦੇ ਹਨ ।' ਇਸ ਉਪ੍ਰੋਕਤ ਅਰਥ ਵਿਚ ਮਲੁ=ਸ਼ਬਦ ਦੀ ਥਾਂ ਮੈਲ ਸ਼ਬਦ ਵਰਤ ਕੇ ਅਰਥ ਵਿਚ ਕੀ ਵਿਸ਼ੇਸ਼ਤਾ ਦਰਸਾਈ ਭਾਵ ਕੀ ਵਾਧਾ ਕੀਤਾ । ਸੋ ਮੈਲ ਕਿਸ ਪਦਾਰਥ ਦਾ ਨਾਮ ਹੈ । ਇਥੇ

. Sri Satguru Jagjit Singh Ji eLibrary NamdhariElibrary@gmail.com .

'ਮਲੁ' ਸ਼ਬਦ ਦਾ ਅਰਥ ਸਪੱਸ਼ਟ ਕਿਉਂ ਨਹੀਂ ਕੀਤ ? ਮਲ=ਸ਼ਬਦ ਦਾ ਅਰਥ ਮੈਲ ਕੀਤਾ ਤਾਂ ਕੀ ਕੀਤਾ। ਕੀ ਅੱਜ ਕੱਲ੍ਹ ਦੇ ਵਿਦਵਾਨਾਂ ਦਾ ਗੁਰਮਤਿ ਦੇ ਸਿਧਾਂਤ ਅਨੁਸਾਰ ਇਹੀ ਅਰਥ ਹੈ ?

## (੨)

"ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਪੋਥੀ ਪਹਿਲੀ। ਜਿਸ ਨੂੰ ਨਵੰਬਰ ੧੯੬੧। ਦੂਜੀ ਵਾਰ। ਟੀਕਾਕਾਰ—ਪਦਮ ਭੂਸ਼ਨ, ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਸੰਪਾਦਿਕ ਡਾਕਟਰ ਬਲਬੀਰ ਸਿੰਘ ਪੀ. ਐਚ. ਡੀ. (ਲੰਡਨ) ਅੰਮ੍ਰਿਤਸਰ। ਮਿਲਣ ਦਾ ਪਤਾ :—ਖਾਲਸਾ ਸਮਾਚਾਰ, ਹਾਲ ਬਜ਼ਾਰ ਅੰਮ੍ਰਿਤਸਰ। ਪਹਿਲੀ ਪੋਥੀ ਦੇ ਪੰਨੇ ੯੩ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕੀਤਾ ਹੈ। ਜਿਸ ਤਰ੍ਹਾਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

**ਭਾਵਾਰਥ** :—ਅਣਗਿਣਤ ਮਲੇਛ ਹਨ ਜੋ ਗੰਦ ਬਕਦੇ (ਤੇ ਗੰਦ) ਖਾਂਦੇ ਹਨ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਭਾਈ ਵੀਰ ਸਿੰਘ ਜੀ ਨੇ 'ਮਲੁ ਭਖਿ ਖਾਹਿ' ਗੁਰੂ ਵਾਕ ਦਾ ਅਰਥ "ਗੰਦ ਬਕਦੇ (ਤੇ ਗੰਦ) ਖਾਂਦੇ ਹਨ" ਕੀਤਾ ਹੈ। ਸੋ ਉਹ ਕੀ ਗੰਦ ਬਕਦੇ ਤੇ ਕੀ ਗੰਦ ਖਾਂਦੇ ਹਨ। ਜਿਸ ਦਾ ਕੋਈ ਸਪਸ਼ਟੀ-ਕਰਣ ਭਾਈ ਸਾਹਿਬ ਨੇ ਨਹੀਂ ਕੀਤਾ। ਬਾਕੀ ਰਹਿਆ ਜਿਸ ਤਰ੍ਹਾਂ ਪ੍ਰਕਰਣ ਦੇ ਅਨੁਸਾਰ 'ਮਲੁ' ਸ਼ਬਦ ਦੇ ਅਨੇਕਾਂ ਹੀ ਅਰਥ ਕੀਤੇ ਜਾ ਸਕਦੇ ਹਨ। ਇਸੀ ਤਰ੍ਹਾਂ ਹੀ 'ਗੰਦ' ਸ਼ਬਦ ਦੇ ਭੀ ਅਨੇਕਾਂ ਹੀ ਅਰਥ ਹੋ ਸਕਦੇ ਹਨ। ਇਸ ਕਰ ਕੇ ਭਾਈ ਸਾਹਿਬ ਦਾ ਉਪ੍ਰੋਕਤ ਅਰਥ ਗੁਰਮਤਿ ਦੇ ਸਿਧਾਂਤ ਤੋਂ ਵਿਰੁੱਧ ਹੀ ਸਿੱਧ ਹੁੰਦਾ ਹੈ। ਜੇਕਰ ਇੰਜ ਨਹੀਂ ਤਾਂ ਫਿਰ 'ਮਲੁ' ਸ਼ਬਦ ਦਾ ਅਰਥ ਗੋਲ ਮੋਲ ਕਿਉਂ ਕੀਤਾ, ਸਪੱਸ਼ਟ ਸ਼ਬਦਾਂ ਦੁਆਰਾ ਕਿਉਂ ਨਹੀਂ ਕੀਤਾ।

## (੩)

"ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ" ਟੀਕਾਕਾਰ :—ਪ੍ਰੋਫੈਸਰ ਸਾਹਿਬ ਸਿੰਘ

. Sri Satguru Jagjit Singh Ji eLibrary NamdhariElibrary@gmail.com .

ਜੀ। ਸਾਬਕ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ। ਸਾਬਕ ਪ੍ਰੋਫ਼ੈਸਰ ਖ਼ਾਲਸਾ ਕਾਲਜ, ਅੰਮ੍ਰਿਤਸਰ। ਸੰਨ ਈਸਵੀ ੧੯੬੫। ਦੂਜੀ ਵਾਰ। ਪ੍ਰਕਾਸ਼ਕ :—ਸ੍ਰੀ ਸੋਹਨ ਲਾਲ ਖੰਨਾ, ਰਾਜ ਪਬਲਿਸ਼ਰਜ਼ (ਰਜਿਸਟਰਡ) ਅੱਡਾ ਹੁਸ਼ਿਆਰਪੁਰ, ਜਲੰਧਰ ਸ਼ਹਿਰ। ਪਰਿੰਟਰ ਸ੍ਰੀ ਸੋਹਨ ਲਾਲ ਖੰਨਾ, ਸਵੈਨ ਪਰਿੰਟਿੰਗ ਪ੍ਰੈਸ ਅੱਡਾ ਟਾਂਡਾ, ਜਲੰਧਰ ਸ਼ਹਿਰ। ਪਹਿਲੀ ਪੋਥੀ ਦੇ ਪੰਨੇ ੯੨ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕਰਦੇ ਹਨ। ਜਿਸ ਤਰ੍ਹਾਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

**ਭਾਵਾਰਥ** :—ਅਨੇਕਾਂ ਹੀ ਖੋਟੀ ਬੁੱਧੀ ਵਾਲੇ ਮਨੁੱਖ ਮਲ (ਭਾਵ, ਅਖਾਜ) ਹੀ ਖਾਈ ਜਾ ਰਹੇ ਹਨ।

**ਸਮਾਧਾਨ** :—ਪਿਆਰੇ ਪਾਠਕ ਜੀਉ! ਪ੍ਰੋਫ਼ੈਸਰ ਸਾਹਿਬ ਸਿੰਘ ਜੀ "ਮਲੁ ਭਖਿ ਖਾਹਿ" ਗੁਰੂ ਵਾਕ ਦਾ ਅਰਥ ਕਰਦੇ ਹੋਏ ਲਿਖਦੇ ਹਨ ਕਿ "ਮਲ (ਭਾਵ, ਅਖਾਜ) ਹੀ ਖਾਈ ਜਾ ਰਹੇ ਹਨ।" ਦਾਸ ਕੀ ਆਪ ਜੀ ਪਾਸੋਂ ਇਹ ਪੁੱਛ ਸਕਦਾ ਹੈ ਕਿ **ਅਖਾਜ ਕਿਸ ਪਦਾਰਥ ਦਾ ਨਾਮ ਹੈ**? ਕੀ ਆਪ ਜੀ ਨੇ ਇਥੇ ਮਲੁ' ਸ਼ਬਦ ਦਾ ਅਰਥ ਗੋਲ ਮੋਲ ਨਹੀਂ ਕੀਤਾ? ਆਪ ਜੀਦਾ ਫ਼ਰਜ਼ ਤਾਂ ਇਹ ਸੀ ਬਣਦਾ ਕਿ ਆਪ ਜੀ ਨਿਰਪੱਖ ਹੋ ਕੇ 'ਮਲੁ' ਸ਼ਬਦ ਦਾ ਅਰਥ ਸਪਸ਼ਟ ਕਰਦੇ ਕਿ ਕਿਹੜਾ ਪਦਾਰਥ ਅਖਾਜ ਭਾਵ ਨਾ ਖਾਣ ਯੋਗ ਹੈ ਤੇ ਕਿਹੜਾ ਪਦਾਰਥ ਖਾਣ ਯੋਗ ਹੈ। ਇਸ ਉਪ੍ਰੋਕਤ ਵਿਚਾਰ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਥੇ ਆਪ ਜੀ ਨੇ ਮਲੇਛ ਮਨੁੱਖਾਂ ਦਾ ਲਿਹਾਜ ਕੀਤਾ ਹੈ।

## (੪)

"ਕਥਾ ਸਾਗਰ" "ਅਰਥਾਤ ਸ੍ਰੀ ਜਪੁਜੀ ਸਟੀਕ" ਟੀਕਾਕਾਰ :—ਸੋਢੀ ਤੇਜਾ ਸਿੰਘ ਜੀ। ਯਾਰ੍ਹਵੀਂ ਵਾਰ। ਜੂਨ ਸੰਨ ਈਸਵੀ ੧੯੬੮। ਮਿਲਣ ਦਾ ਪਤਾ :—ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾ ਅੰਮ੍ਰਿਤਸਰ। ਇਸ 'ਕਥਾ ਸਾਗਰ' ਗ੍ਰੰਥ ਦੇ ਪੰਨੇ ੧੬੪ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕੀਤਾ ਹੈ। ਜਿਵੇਂ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

. Sri Satguru Jagjit Singh Ji eLibrary NamdhariElibrary@gmail.com .

**ਭਾਵਾਰਥ** :—ਅਨਗਿਣਤ ਮਲੀਨ ਬੁੱਧੀ ਵਾਲੇ (ਦੁਸਟ ਪੁਰਸ਼) (ਮਲੁ ਭਖ) ਮੈਲਾ ਖਾਣਾ ਖਾਂਦੇ ਹਨ। ਜੈਸਾ ਕਿ ਕਿਸੇ ਦੀ ਨਿੰਦਿਆ ਚੁਗਲੀ ਕਰਕੇ, ਕਿਸੇ ਦੀ ਝੂਠੀ ਗਵਾਹੀ ਦੇ ਕੇ, ਕਿਸੇ ਨੂੰ ਦੁੱਖ ਦੇ ਕੇ ਅਤੇ ਜੋ ਖਾਣਾ ਖਾਣ ਦੇ ਯੋਗ ਨਾ ਹੋਵੇ ਉਹ ਖਾਣਾ, ਖਾਂਦੇ ਹਨ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਸੋਢੀ ਤੇਜਾ ਸਿੰਘ ਜੀ ਨੇ (ਮਲੁ ਭਖਿ) ਗੁਰ ਵਾਕ ਦਾ ਜੋ ਉਪ੍ਰੋਕਤ ਅਰਥ ਕੀਤਾ ਹੈ, ਉਹ ਸਾਰੇ ਦਾ ਸਾਰਾ ਹੀ ਗੁਰਮਤਿ ਦੇ ਸਿਧਾਂਤ ਤੋਂ ਵਿਰੁੱਧ ਹੀ ਕੀਤਾ ਹੈ। ਜਿਸ ਦਾ ਸਪਸ਼ਟੀਕਰਣ ਇੰਜ ਕੀਤਾ ਜਾਂਦਾ ਹੈ। ਜਿਵੇਂ ਕਿ :—

(੧) ਅਸੰਖ ਨਿੰਦਕ ਸਿਰਿ ਕਰਹਿ ਭਾਰੁ ॥
(੨) ਅਸੰਖ ਕੂੜਿਆਰ ਕੂੜੇ ਫਿਰਾਹਿ ॥
(੩) ਅਸੰਖ ਅਮਰ ਕਰਿ ਜਾਹਿ ਜੋਰ ॥
(੪) ਅਸੰਖ ਮਲੇਛ ਮਲੁ ਭਖਿ ਖਾਹਿ ॥

(੧) ਸੋਢੀ ਸਾਹਿਬ ਜੀ ਨੇ (ਮਲ ਭਖ) ਦਾ ਸਭ ਤੋਂ ਪਹਿਲਾ ਅਰਥ ਨਿੰਦਿਆ ਚੁਗਲੀ ਦਾ ਕੀਤਾ ਹੈ, ਜੋ ਅਯੋਗ ਹੈ ਕਿਉਂਕਿ ਇਸ (ਮਲ ਭਖ) ਵਾਲੇ ਗੁਰ ਵਾਕ ਤੋਂ ਭਿੰਨ ਉਪ੍ਰੋਕਤ ਨੰਬਰ ੧ ਵਾਲੀ ਤੁਕ ਵਿਚ ਨਿੰਦਕ ਦੁਸਟ ਮਨੁੱਖਾਂ ਬਾਰੇ ਵੱਖਰਾ ਕਥਨ ਕਰ ਚੁੱਕੇ ਹਨ। ਜਿਵੇਂ ਕਿ "ਅਸੰਖ ਨਿੰਦਕ ਸਿਰਿ ਕਰਹਿ ਭਾਰੁ।" ਫਿਰ ਇਥੇ (ਮਲ ਭਖ) ਦੇ ਗੁਰ ਵਾਕ ਦਾ ਅਸੀਂ ਦੁਵਾਰਾ ਅਰਥ ਕਿਵੇਂ ਨਿੰਦਿਆ ਚੁਗਲੀ ਦਾ ਕਰ ਸਕਦੇ ਹਾਂ ?

(੨) (ਮਲਭਖ) ਦਾ ਦੂਜਾ ਅਰਥ "ਝੂਠੀ ਗਵਾਹੀ" ਭਾਵ ਝੂਠ ਬੋਲਣੇ ਦਾ ਕੀਤਾ ਹੈ। ਇਹ ਭੀ ਉਪ੍ਰੋਕਤ ਲਿਖਤ ਨੰਬਰ ੨ ਤੁਕ ਵਿਚ ਪਹਿਲੇ ਹੀ ਗੁਰੂ ਸਾਹਿਬ ਬਰਨਣ ਕਰ ਆਏ ਹਨ, ਜਿਵੇਂ ਕਿ :—"ਅਸੰਖ ਕੂੜਿਆਰ ਕੂੜੇ ਫਿਰਾਹਿ" ਫਿਰ ਇਥੇ ਦੁਵਾਰਾ ਕਿਵੇਂ (ਮਲਭਖ) ਦਾ ਅਰਥ ਝੂਠ ਬੋਲਣ ਦਾ ਕੀਤਾ ਜਾ ਸਕਦਾ ਹੈ।

(੩) (ਮਲਭਖ) ਦਾ ਤੀਜਾ ਅਰਥ "ਕਿਸੇ ਨੂੰ ਦੁਖ ਦੇ ਕੇ" ਭਾਵ ਕਿਸੇ ਮਨੁਖ ਪਾਸੋਂ ਜਬਰਨ ਲਾਭ ਉਠਾਨ ਦਾ ਕੀਤਾ ਹੈ। ਜੋ ਪਹਿਲੇ ਨੰਬਰ ਤਿੰਨ

. Sri Satguru Jagjit Singh Ji eLibrary NamdhariElibrary@gmail.com .

ਵਾਲੀ ਤੁਕ ਵਿਚ ਗੁਰੂ ਸਾਹਿਬ ਜੀ ਵਰਨਣ ਕਰ ਚੁਕੇ ਹਨ। ਜਿਵੇਂ ਕਿ :— "ਅਸੰਖ ਅਮਰ ਕਰਿ ਜਾਹਿ ਜੋਰ ॥" ਫਿਰ ਅਸੀਂ ਇਥੇ ਦੁਬਾਰਾ (ਮਲਭਖ) ਦਾ ਅਰਥ ਕਿਵੇਂ ਕਰ ਸਕਦੇ ਹਾਂ।

(੪) (ਮਲਭਖ) ਦਾ ਚਉਥਾ ਅਰਥ ਸੋਢੀ ਸਾਹਿਬ ਜੀ ਨੇ ਇਹ ਭੀ ਕੀਤਾ ਹੈ ਕਿ "ਜੋ ਖਾਣਾ ਖਾਣ ਦੇ ਯੋਗ ਨ ਹੋਵੇ ਉਹ ਖਾਣਾ, ਖਾਂਦੇ ਹਨ," ਪਰ ਦਾਸ ਕੀ ਇਹ ਪੁਛ ਸਕਦਾ ਹੈ ਕਿ ਉਹ ਨ ਖਾਣ ਯੋਗ ਪਦਾ-ਰਥ ਕੇਹੜੇ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਂ ਨੇ ਵਰਜਿਆ ਭਾਵ ਤਿਆਗਣ ਕਰ-ਵਾਇਆ ਹੈ। ਇਥੇ ਉਨ੍ਹਾਂ ਅਯੋਗ ਪਦਾਰਥਾਂ ਨੂੰ ਸਪਸ਼ਟ ਲਿਖ ਕੇ ਕਿਉਂ ਨਹੀਂ ਪ੍ਰਗਟ ਕੀਤਾ ਭਾਵ ਇਥੇ ਗੋਲ ਮੋਲ ਅਰਥ ਕਿਉਂ ਕੀਤਾ ਕੀ ਮਲੇਛ ਮਨੁੱਖਾਂ ਦਾ ਕੋਈ ਭੈ ਸੀ ? ਤਥਾ :—

ਜੇ ਕਰ ਉਪ੍ਰੋਕਤ ਟੀਕਾ ਕਾਰਾਂ ਦੇ ਅਰਥ ਮੰਨਣ ਵਿਚ ਹੀ ਆਪ ਦਾ ਕੋਈ ਹਠ ਹੋਵੇ ਤਾਂ ਇੰਜ ਇਸ ਤੁਕ ਦੇ ਅਰਥ ਹੋਰ ਵੀ ਕਈ ਸਿੱਖ ਵਿਦਵਾਨਾਂ ਨੇ ਕੀਤੇ ਹਨ ਜੋ ਉਪ੍ਰੋਕਤ ਅਰਥ ਤੋਂ ਭਿੰਨ ਪ੍ਰਤੀਤ ਹੁੰਦੇ ਹਨ। ਯਥਾ :—

## (੧)

"ਜਪੁ ਪ੍ਰਕਾਸ਼" ਟੀਕਾ ਕਾਰ ਸ੍ਰੀ ਮਾਨ ਸੰਤ ਗੁਲਾਬ ਸਿੰਘ ਜੀ ! ਮਾਰਚ ਸੰਨ ਈਸਵੀ ੧੯੧੬ । ਸ੍ਰਦਾਰ ਬੁਧ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਸ੍ਰੀ ਗੁਰਮਤਿ ਪ੍ਰੈਸ ਸ੍ਰੀ ਅੰਮ੍ਰਿਤਸਰ ਵਿਚ ਛਪਿਆ। ਜਿਸ 'ਜਪੁ ਪ੍ਰਕਾਸ਼' ਗ੍ਰੰਥ ਦੇ ਪੰਨੇ ੭੯ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕੀਤਾ ਹੈ। ਜਿਵੇਂ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

**ਭਾਵਾਰਥ** ;—(੧) ਅਸੰਖ ਹੀ ਮਲੇਛ ਮਲ ਦਾ ਭਖ ਕਹੀਏ ਭੋਜਨ ਕਰਤੇ ਹੈਂ । ਅਰਥਾਤ ਮੱਛੀਆਂ ਆਦਿਕ ਜੀਆਂ ਦੇ ਮਾਸ ਕੋ ਖਾਵਤੇ ਹੈਂ। (੨) ਅਨੇਕ ਹੀ ਮਲੇਛ ਕਹੀਏ ਗੰਦੇ ਮਨੁੱਖ ਪਰਾਈ ਨਿੰਦਾ ਕਰ ਕੇ ਯਾ ਕਪਟ ਸੇ ਦੂਸਰੋਂ ਕੋ ਦੁਖਾ ਕਰ ਵਾ ਪਰਾਇਆ ਹੱਕ ਲੈ ਪਾਪਾਂ ਰੂਪੀ ਮੈਲ ਕੋ ਖਾਤੇ ਹੈ। ਅਤੇ ਅਨੇਕ ਘੋਰੀ ਵਿਸ਼ਟਾ ਮੂਤ੍ਰ ਆਦੀ ਮਲ ਕੋ ਭੱਖਨ ਕਰਤੇ ਹੈ।

. Sri Satguru Jagjit Singh Ji eLibrary NamdhariElibrary@gmail.com .

## (੨)

"ਜਪੁਜੀ ਸਾਹਿਬ ਸਟੀਕ" ਟੀਕਾਕਾਰ ਤੇ ਪ੍ਰਕਾਸ਼ਕ :—ਸ੍ਰੀ ਮਾਨ ਸੰਤ ਨਿਰੰਕਾਰ ਸਿੰਘ ਜੀ ਨਿਰਮਲੇ । ਕਰਤਾ :—ਕਲਿਆਣ ਮਾਰਗ, ਪਦ ਅਰਥ ਵੀਚਾਰ ਸਾਗਰ ਤੇ ਨਿਰੰਕਾਰ ਗਿਆਨ ਬਿਬੇਕ ਆਦਿਕ । ਸਾਬਕ ਡੇਰਾ ਲੈਲਪੁਰੀ ਗਲੀ ਕਾਲੀਆ ਵਾਲੀ ਕਟੜਾ ਦਲ ਸਿੰਘ ਅੰਮ੍ਰਿਤਸਰ ਨੇ ਸਤ ਸੰਗੀਆ ਦੇ ਲਾਭ ਲਈ ਛਪਵਾਇਆ । ਸ੍ਰੀ ਮਾਨ ਸ੍ਰਦਾਰ ਪੂਰਨ ਸਿੰਘ ਜੀ ਚੋਪੜਾ (ਸਾਬਕ ਪ੍ਰੈਜੀਡੰਟ ਲਾਜਪਤਰਾਇ ਮਾਰਕੀਟ ਅਤੇ ਸੈਕਟ੍ਰੀ ਸ੍ਰੀ ਗੁਰੂ ਸਿੰਘ ਸਭਾ ਦਰਯਾ ਗੰਜ ਦਿੱਲੀ) ਦੀ ਪ੍ਰੇਰਨਾ ਨਾਲ ਦਿੱਲੀ ਦੇ ਗੁਰਮੁਖਾਂ ਨੇ ਭੀ ਮਾਇਆ ਦੀ ਸੇਵਾ ਕੀਤੀ, ਫੇਰ ਛਪਵਾ ਕੇ ਪ੍ਰਕਾਸ਼ਤ ਕੀਤਾ ਗਿਆ । ਭਾਦਰੋ ਸੰਮਤ ੨੦੦੮ ਮੁਤਾਬਕ ਸਤੰਬਰ ੧੯੫੧ । ਪਹਿਲੀ ਵਾਰ ੧੦੦੦ । ਸੁੰਦਰ ਪ੍ਰਿੰਟਿੰਗ ਪ੍ਰੈਸ ਬਜ਼ਾਰ ਮਾਈ ਸੇਵਾ ਅੰਮ੍ਰਿਤਸਰ ਵਿਚ ਛਪੀ । ਇਸ ਗ੍ਰੰਥ ਦੇ ਪੰਨੇ ੭੭ ਤੇ ਹੇਠ ਲਿਖੀ ਤੁਕ ਦਾ ਅਰਥ ਸੰਤ ਜੀ ਨੇ ਇੰਜ ਕੀਤਾ ਹੈ । ਜਿਵੇ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

**ਭਾਵਾਰਥ** :—ਅਨੇਕ ਹੀ ਮਲੇਛ ਹਨ ਜੋ ਮਲ ਦੇ (ਭਖ) ਖਾਣੇ ਵਾਲੇ ਜੀਵਾਂ ਨੂੰ ਖਾਂਦੇ ਹਨ । ਭਾਵ ਸੂਰ ਤੇ ਕੁੱਕੜ ਆਦਿਕ ਦੇ ਮਾਸ ਨੂੰ ਖਾਂਦੇ ਹਨ ।

## (੩)

"ਸੰਪ੍ਰਦਾਈ ਟੀਕਾ' ਸ੍ਰੀ ਅਮੀਰ ਭੰਡਾਰ" ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਦੀ ਪਹਿਲੀ ਪੋਥੀ 'ਜਪੁ ਸਾਹਿਬ ਦਾ ਟੀਕਾ ਕਾਰ :—ਸ੍ਰੀ ਮਾਨ ਪਰਮ ਪੂਜਯ ਵਿਦਿਆ ਮਾਰਤੰਡ, ਸ੍ਰੀ ੧੦੮ ਬ੍ਰਹਮ ਗਿਆਨੀ ਸੰਤ ਅਮੀਰ ਸਿੰਘ ਜੀ ਤੋਂ ਵਰਸਾਇ ਹੋਏ ਗਿਆਨੀ ਕ੍ਰਿਪਾਲ ਸਿੰਘ ਜੀ (ਮਹੰਤ) ਡੇਰਾ ਸ੍ਰੀ ਮਾਨ ੧੦੮ ਪੂਜਯ ਮਹੰਤ ਬਾਬਾ ਉੱਤਮ ਸਿੰਘ ਜੀ ਨਿਮਕ ਮੰਡੀ, ਗਲੀ ਸਤੋਵਾਲੀ ਅੰਮ੍ਰਿਤ-ਸਰ । ਪ੍ਰਕਾਸ਼ਕ :—ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ: ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾ ਅੰਮ੍ਰਿਤਸਰ । ਦੂਸਰੀ ਵਾਰ ੧੧੦੦, ੧ ਅਪ੍ਰੈਲ ੧੯੬੬ । ਚੇਤਰ ਸੰਮਤ ੨੦੨੩ । ਲੋਕ ਸੇਵਕ ਪ੍ਰੈਸ ਜੀ. ਟੀ. ਰੋਡ ਛੇਹਰਟਾ

. Sri Satguru Jagjit Singh Ji eLibrary NamdhariElibrary@gmail.com .

ਵਿਖੇ ਛਪਣ ਦਾ ਸੁਭਾਗ ਪ੍ਰਾਪਤ ਹੋਇਆ । ਪ੍ਰਿੰਟਰ ਸ: ਕ੍ਰਿਪਾਲ ਸਿੰਘ ਪਬਲਿਕ ਸਪਲ ਕਮਿਸ਼ਨਰ । ਇਸ ਗ੍ਰੰਥ ਦੇ ਪੰਨੇ ੨੭੭ ਤੇ ਹੇਠ ਲਿਖੀ ਤੁਕ ਦਾ ਅਰਥ ਇੰਜ ਕੀਤਾ ਹੈ । ਜਿਵੇਂ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

**ਭਾਵਾਰਥ** :—ਅਨਗਿਣਤ ਐਸੇ ਮਲੇਛ—ਮਲੀਨ ਬੁਧੀ ਵਾਲੇ ਦੁਸ਼ਟ ਪੁਰਸ਼ ਹਨ ਜੋ ਮਲੁ ਭਖਿ—ਵਿਸ਼ਟਾ ਦਾ ਭੋਜਨ ਖਾਂਦੇ ਹਨ ਘੋਰੀ ਆਦੀ ॥

ਵਾ—ਮਲੁ ਭਖਿ—ਮਲੀਨ ਭੋਜਨ ਮਦਰਾ ਮਾਸ ਆਦਿਕਾਂ ਨੂੰ ਖਾਂਦੇ ਹਨ ।

ਵਾ—ਮਲ ਭਖੀ ਜੋ ਕੁੱਕੜ ਸੂਰ ਆਦਿਕ ਹਨ ਉਨ੍ਹਾਂ ਜੀਆਂ ਨੂੰ ਖਾਂਦੇ ਹਨ ।

## (੪)

"ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ" ਰਚਿਤ ਕਵੀ ਚੂੜਾ-ਮਣਿ ਭਾਈ ਸੰਤੋਖ ਸਿੰਘ ਜੀ ! ਜਿਸ ਨੂੰ ਸੰਨ ਈਸਵੀ ੧੯੬੧ ਦੇ ਮਈ ਵਿਚ ਮਹਾ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ (ਰਜਿਸਟਰਡ) ਨੇ ਸੁਧਾਈ, ਪਦਛੇਦ, ਵਿਰਾਮ ਤੇ ਪ੍ਰਯਾਯ ਆਦਿ ਲਗਵਾ ਕੇ ਛਪਵਾਇਆ । ਪ੍ਰਕਾਸ਼ਕ :— ਗਿਆਨੀ ਖਜਾਨ ਸਿੰਘ ਜੀ ਪ੍ਰਧਾਨ, ਮਹਾ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ ੧੫੩੦/੧੫ ਸਿੰਘ ਨਿਵਾਸ, ਪਹਾੜ ਗੰਜ, ਨਵੀਂ ਦਿੱਲੀ । ਸ੍ਰੀ ਮਤੀ ਬੀਬੀ ਲਾਜਵੰਤ ਕੌਰ ਜੀ ਪ੍ਰਿੰਟਰ ਦੁਆਰਾ ਵਜ਼ੀਰ ਹਿੰਦ ਪ੍ਰੈਸ, ਹਾਲ ਬਜ਼ਾਰ ਅੰਮ੍ਰਿਤਸਰ ਵਿਚ ਛਪਿਆ ਤੇ ਗਿਆਨੀ ਖ਼ਜ਼ਾਨ ਸਿੰਘ ਜੀ ਪ੍ਰਕਾਸ਼ਕ ਦੁਆਰਾ ਸਿੰਘ ਨਿਵਾਸ, ਪਹਾੜ ਗੰਜ ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਹੋਇਆ । ਜਿਸ ਗ੍ਰੰਥ ਦੇ ਪੰਨੇ ੧੦੦ ਤੇ ਇਸ ਹੇਠ ਲਿਖਤ ਤੁਕ ਦਾ ਅਰਥ ਇੰਜ ਕੀਤਾ ਗਿਆ । ਜਿਵੇਂ ਕਿ :—

**"ਅਸੰਖ ਮਲੇਛ ਮਲੁ ਭਖਿ ਖਾਹਿ ॥"**

**ਭਾਵਾਰਥ**:—ਅਸੰਖ ਹੀ ਮਲੇਛ ਹੈ, ਜਨਮ ਮਲੇਛ ਕੋ ਹੈ, ਅਰਥ: ਮਲੁ ਕੀ ਇਛਾ ਜਿਨ ਕੋ ਹੋਇ ਸੋ ਮਲੇਛ, ਸੋ ਕੈਸੇ ਮਲੇਛ ਹੈ ? **ਸਦੀਵ ਹੀ ਮਲ ਕੋ**

. Sri Satguru Jagjit Singh Ji eLibrary NamdhariElibrary@gmail.com .

**ਭਖਤ ਹੈਂ ਮਲ ਕੋ ਅਰਥ ਸਰਬ ਕੋ ਮਲ ਮਾਸ ਸੋ ਖਾਤੇ ਹੈਂ, ਕਾਹੂੰ ਕੋ ਮਾਸ ਨਹੀਂ ਛਾਡਤ ਹੈ।**

ਪਿਆਰੇ ਪਾਠਕ ਜੀਉ ! ਇਨ੍ਹਾ ਉਪ੍ਰੋਕਤ ਪ੍ਰਸਿੱਧ ਸਿੱਖ ਵਿਦਵਾਨਾਂ ਦੇ ਲਿਖਤ ਲੇਖਾਂ ਤੋਂ 'ਜਪੁ ਸਾਹਿਬ' ਦੀ ਉਪ੍ਰੋਕਤ ਤੁਕ ਦੇ 'ਮਲੁ' ਸ਼ਬਦ ਦੇ ਅਰਥ ਵਿਚ, ਸਿੱਖ ਵਿਦਵਾਨਾਂ ਦਾ ਆਪਸ ਵਿਚ ਮਤ ਭੇਦ ਹੈ। ਕਿਉਂਕਿ ਕਿਸੇ ਵਿਦਵਾਨ ਨੇ, ਸੂਰ ਤੇ ਕੁੱਕੜ ਆਦਿ ਦਾ ਮਾਸ ਖਾਂਦੇ ਹਨ ਅਤੇ ਕਿਸੇ ਨੇ ਲਿਖਿਆ ਹੈ ਕਿ ਮੱਛੀਆਂ ਆਦਿਕ ਜੀਆਂ ਦੇ ਮਾਸ ਨੂੰ ਖਾਂਦੇ ਹਨ ਅਤੇ ਕਿਸੇ ਨੇ ਕਿਹਾ ਹੈ ਕਿ ਕਿਸੇ ਦਾ ਮਾਸ ਨਹੀਂ ਛੱਡਦੇ' ਤਾਂਤੇ ਪਿਆਰੇ ਪਾਠਕ ਜੀਉ ! ਏਨ੍ਹਾਂ ਉਪ੍ਰੋਕਤ ਵਿਦਵਾਨਾਂ ਦੇ ਲਿਖਤ ਲੇਖਾਂ ਤੋਂ ਜਪੁ ਸਾਹਿਬ ਦੀ ਉਪ੍ਰੋਕਤ ਤੁਕ ਦੇ 'ਮਲ' ਸ਼ਬਦ ਦੇ ਅਰਥ ਵਿਚ ਅ ਪਸ ਵਿਚ ਮਤ ਭੇਦ ਹੈ । ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਤੇ ਨਿਰਪੱਖ ਹੋ ਕੇ ਵਿਚਾਰ ਕਰੀਏ ਕਿ ਅਸਲ ਵਿਚ ਉਪ੍ਰੋਕਤ ਤੁਕ ਦੇ 'ਮਲ' ਸ਼ਬਦ ਦਾ ਅਰਥ ਗੁਰੂ ਸਾਹਿਬਾਂ ਦੇ ਸਿਧਾਂਤ ਅਨੁਸਾਰ ਕੀ ਹੈ ਜਿਸ ਦਾ ਸਪਸ਼ਟੀ ਕਰਣ ਹੇਠ ਲਿਖ ਕੇ ਪ੍ਰਗਟ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਕਿ :—

ਗੁਰਬਾਣੀ ਦੀ ਇਸ ਉਪ੍ਰੋਕਤ ਤੁਕ ਦੇ 'ਮਲੁ' ਸ਼ਬਦ ਦੇ ਅਰਥ ਨੂੰ ਅੱਛੀ ਤਰ੍ਹਾਂ ਸਪਸ਼ਟ ਸਮਝਣ ਲਈ ਸਾਨੂੰ ਇਥੇ ਇਸੀ ਤੁਕ ਦੀਆਂ ਹੋਰ ਤੁਕਾਂ ਤੇ ਵਿਚਾਰ ਕਰਨ ਦੀ ਭੀ ਲੋੜ ਹੈ। ਇਸ ਲਈ ਸਭ ਤੋਂ ਪਹਿਲੇ ਇਥੇ 'ਸ੍ਰੀ ਜਪੁ ਸਾਹਿਬ' ਦੀ ਅਠਾਰਵੀਂ ਪਉੜੀ ਲਿਖ ਕੇ ਪ੍ਰਗਟ ਕੀਤੀ ਜਾਂਦੀ ਹੈ। ਜਿਵੇਂ ਕਿ :—

(੧) **ਅਸੰਖ ਮੂਰਖ ਅੰਧ ਘੋਰ ॥**
(੨) **ਅਸੰਖ ਚੋਰ ਹਰਾਮ ਖੋਰ ॥**
(੩) **ਅਸੰਖ ਅਮਰ ਕਰਿ ਜਾਹਿ ਜੋਰ ॥**
(੪) **ਅਸੰਖ ਗਲ ਵਢ ਹਤਿਆ ਕਮਾਹਿ ॥**
(੫) **ਅਸੰਖ ਪਾਪੀ ਪਾਪੁ ਕਰਿ ਜਾਹਿ ॥**
(੬) **ਅਸੰਖ ਕੂੜਿਆਰ ਕੂੜੇ ਫਿਰਾਹਿ ॥**

. Sri Satguru Jagjit Singh Ji eLibrary NamdhariElibrary@gmail.com .

(੭) ਅਸੰਖ ਮਲੇਛ 'ਮਲੁ' ਭਖਿ ਖਾਹਿ ॥
(੮) ਅਸੰਖ ਨਿੰਦਕ ਸਿਰਿ ਕਰਹਿ ਭਾਰ ॥

(੨) ਪਿਆਰੇ ਪਾਠਕ ਜਨੋ ! ਜੇ ਕਰ ਕੋਈ ਵਿਦਵਾਨ ਇਸ ਉਪ੍ਰੋਕਤ 'ਜਪੁ ਸਾਹਿਬ' ਵਿਚ ਵਰਤੇ ਹੋਏ 'ਮਲੁ' ਸ਼ਬਦ ਦਾ ਅਰਥ ਬੁਰੀ ਕਮਾਈ ਭਾਵ ਹਰਾਮ ਦੀ ਕਮਾਈ ਦਾ ਕਰਦਾ ਹੈ ਇਹ ਉਸ ਦੀ ਇਕ ਅਗਿਆਨਤਾ ਹੀ ਹੈ ਕਿਉਂਕਿ ਹਰਾਮ ਦੀ ਕਮਾਈ ਖਾਣ ਦੇ ਸੰਬੰਧ ਵਿਚ ਗੁਰੂ ਸਾਹਿਬਾਂ ਨੇ ਇਸ ਪਉੜੀ ਦੀ ਦੂਜੀ ਤੁਕ ਵਿਚ ਪਹਿਲੇ ਹੀ ਵਰਨਣ ਕਰ ਚੁਕੇ ਹਨ, ਫਿਰ ਇਥੇ ਦੁਬਾਰਾ 'ਮਲੁ' ਸ਼ਬਦ ਦਾ ਅਰਥ ਹਰਾਮ ਦੀ ਕਮਾਈ ਦਾ ਕਿਵੇਂ ਹੋ ਸਕਦਾ ਹੈ। ਜਿਵੇਂ ਕਿ :—ਅਸੰਖ ਚੋਰ ਹਰਾਮ ਖੋਰ ॥

(੩) ਜੇ ਕਰ ਕੋਈ ਗਿਆਨੀ ਜੀ ਇਸ ਉਪ੍ਰੋਕਤ 'ਮਲ' ਸ਼ਬਦ ਦਾ ਅਰਥ ਜੋਰ ਜੁਲਮ ਦੀ ਕਮਾਈ ਦਾ ਕਰਦਾ ਹੈ ਇਹ ਵੀ ਉਸਦੀ ਇਕ ਵੱਡੀ ਭੁਲ ਹੈ ਕਿਉਂਕਿ ਸ੍ਰੀ ਗੁਰੂ ਦੇਵ ਜੀ ਜੋਰ ਜੁਲਮ ਦੀ ਕਮਾਈ ਦੇ ਸੰਬੰਧ ਵਿਚ ਪਹਿਲੇ ਹੀ ਇਸ ਪਉੜੀ ਦੀ ਤੀਜੀ ਤੁਕ ਵਿਚ ਕਥਨ ਕਰ ਆਏ ਹਨ। ਜਿਵੇਂ ਕਿ "ਅਸੰਖ ਅਮਰ ਕਰਿ ਜਾਹਿ ਜੋਰ ॥" ਫਿਰ ਅਸੀਂ ਇਥੇ ਦੁਬਾਰਾ 'ਮਲੁ' ਸ਼ਬਦ ਦਾ ਅਰਥ ਜੋਰ ਜੁਲਮ ਦੀ ਕਮਾਈ ਦਾ ਕਿਵੇਂ ਕਰ ਸਕਦੇ ਹਾਂ।

(੪) ਜੇ ਕਰ ਕੋਈ ਵਿਦਵਾਨ ਸੱਜਣ ਉਪ੍ਰੋਕਤ ਪਉੜੀ ਦੇ ਵਿਚ ਵਰਤੇ ਹੋਏ 'ਮਲ' ਸ਼ਬਦ ਦਾ ਅਰਥ 'ਬਿਸ੍ਵਾਸਘਾਤ' ਦਾ ਕਰਦਾ ਹੈ, ਇਹ ਭੀ ਉਸ ਦੀ ਅਗਿਆਨਤਾ ਹੀ ਸਿੱਧ ਹੁੰਦੀ ਹੈ ਕਿਉਂਕਿ ਸ੍ਰੀ ਗੁਰੂ ਦੇਵ ਜੀ ਮਹਾਰਾਜ ਇਸੇ ਪਉੜੀ ਦੀ ਚਉਥੀ ਤੁਕ ਵਿਚ ਪਹਿਲੇ ਹੀ ਇਹ ਦੱਸ ਆਏ ਹਨ। ਜਿਵੇਂ ਕਿ :—"ਅਸੰਖ ਗਲ ਵਢ ਹਤਿਆ ਕਮਾਹਿ ॥" ਫਿਰ ਅਸੀਂ ਏਥੇ 'ਮਲੁ' ਸ਼ਬਦ ਦਾ ਦੁਬਾਰਾ 'ਬਿਸ੍ਵਾਸਘਾਤ' ਦਾ ਅਰਥ ਕਿਵੇਂ ਕਰ ਸਕਦੇ ਹਾਂ।

(੫) ਜੇ ਕਰ ਕੋਈ ਗਿਆਨੀ ਇਸ ਉਪ੍ਰੋਕਤ ਪਉੜੀ ਵਿਚ ਆਏ 'ਮਲੁ' ਸ਼ਬਦ ਦਾ ਅਰਥ ਅਨੇਕ ਤਰ੍ਹਾਂ ਦੇ ਪਾਪ ਦੀ ਕਮਾਈ ਦਾ ਕਰਦਾ ਹੈ ਇਸ ਵਿਚ ਭੀ ਉਸ ਦੀ ਇਕ ਅਗਿਆਨਤਾ ਹੀ ਸਿੱਧ ਹੁੰਦੀ ਹੈ ਕਿਉਂਕਿ ਗੁਰੂ ਸਾਹਿਬ ਜੀ ਇਸੇ ਪਉੜੀ ਦੀ ਪੰਜਵੀਂ ਤੁਕ ਵਿਚ ਪਹਿਲੇ ਹੀ ਵਰਣਨ ਕਰ ਆਏ ਹਨ। ਜਿਸ ਤਰ੍ਹਾਂ ਕਿ :—ਅਸੰਖ ਪਾਪੀ ਪਾਪ ਕਰਿ ਜਾਹਿ ॥" ਫਿਰ ਅਸੀਂ ਇਥੇ

. Sri Satguru Jagjit Singh Ji eLibrary NamdhariElibrary@gmail.com .

'ਮਲ' ਸ਼ਬਦ ਦਾ ਅਰਥ ਦੁਬਾਰਾ ਮਲੁ ਰੂਪੀ ਪਾਪਾਂ ਦੀ ਕਮਾਈ ਦਾ ਕਿਵੇਂ ਕਰ ਸਕਦੇ ਹਾਂ ।

(੬) ਇਸੀ ਤਰ੍ਹਾਂ ਹੀ :—ਜੇ ਕਰ ਕੋਈ ਗਿਆਨੀ ਇਸ 'ਮਲ' ਸ਼ਬਦ ਦਾ ਅਰਥ ਕੂੜ ਬੋਲਣੇ ਦਾ ਕਰਦਾ ਹੋਇਆ ਇਹ ਗੁਰਬਾਣੀ ਦਾ ਹਵਾਲਾ ਪ੍ਰਗਟ ਕਰੇ, ਜਿਵੇਂ :

**ਕਾਦੀ ਕੂੜੁ ਬੋਲਿ ਮਲੁ ਖਾਇ** ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥
੨ ॥ ੪ ॥ ੫ ॥ ੭ ॥ ਧਨਾ ਸਰੀ ਮਹਲਾ ੧ ॥ ਪੰਨਾ ੬੬੨ ॥

ਗੁਰਬਾਣੀ ਦੇ ਇਸ ਉਪ੍ਰੋਕਤ ਹਵਾਲੇ ਤੋਂ ਭੀ ਉਪ੍ਰੋਕਤ 'ਜਪੁ ਸਾਹਿਬ' ਦੀ ਪਉੜੀ ਵਿਚ ਵਰਤੇ ਹੋਏ 'ਮਲ' ਸ਼ਬਦ ਦਾ ਅਰਥ ਕੂੜ ਬੋਲਣੇ ਦਾ ਸਿੱਧ ਨਹੀਂ ਹੁੰਦਾ। ਕਿਉਂਕਿ ਇਸੀ ਪਉੜੀ ਦੀ ਛੇਵੀਂ ਤੁਕ ਵਿਚ ਗੁਰੂ ਸਾਹਿਬ ਪਹਿਲੇ ਹੀ ਇਹ ਕਥਨ ਕਰ ਚੁਕੇ ਹਨ ਕਿ "**ਅਸੰਖ ਕੂੜਿਆਰ ਕੂੜੇ ਫਿਰਾਹਿ** ॥" ਫਿਰ ਦੁਬਾਰਾ ਅਸੀਂ ਇਥੇ 'ਮਲ' ਸ਼ਬਦ ਦਾ ਅਰਥ ਕੂੜ ਬੋਲਣੇ ਦਾ ਕਿਵੇਂ ਕਰ ਸਕਦੇ ਹਾਂ ।

(੮) ਜੇ ਕਰ ਕੋਈ ਗਿਆਨੀ ਇਸ ਉਪ੍ਰੋਕਤ 'ਜਪੁਸਾਹਿਬ' ਦੀ ਪਉੜੀ ਵਿਚ ਆਏ ਹੋਏ 'ਮਲੁ' ਸ਼ਬਦ ਦਾ ਅਰਥ ਨਿੰਦਾ ਵਾਚਕ ਕਰੇ ਤੇ ਆਪਣੀ ਪੁਸ਼ਟੀ ਲਈ ਗੁਰੂਬਾਣੀ ਦਾ ਇਹ ਹੇਠ ਲਿਖਤ ਹਵਾਲਾ ਭੀ ਪ੍ਰਗਟ ਕਰੇ । ਜਿਵੇਂ ਕਿ :—

ਨਿੰਦਕੁ ਨਿੰਦਾ ਕਰਿ ਮਲੁ ਧੋਵੈ, **ਓਹੁ ਮਲ ਭਖੁ ਮਾਇਆ ਧਾਰੀ** ॥
ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ ॥
੬ ॥ ੮ ॥ ੧ ॥ ੭ ॥ ਗੂਜਰੀ ਮਹਲਾ ੪ ॥ ਪੰਨਾ ੫੦੭ ॥

ਗੁਰਬਾਣੀ ਦੇ ਇਸ ਉਪ੍ਰੋਕਤ ਗੁਰਪ੍ਰਮਾਣ ਤੋਂ ਭੀ ਉਪ੍ਰੋਕਤ 'ਜਪੁਸਾਹਿਬ' ਦੀ ਅਠਾਰਵੀਂ ਪਉੜੀ ਵਿਚ ਵਰਤੇ ਹੋਏ 'ਮਲੁ' ਸ਼ਬਦ ਦਾ ਅਰਥ ਨਿੰਦਾ ਵਾਚਕ ਸਿੱਧ ਨਹੀਂ ਹੁੰਦਾ ਕਿਉਂਕਿ ਇਸੇ ਪਉੜੀ ਦੀ ਅੱਠਵੀਂ ਤੁਕ ਦਾ ਗੁਰੂ ਸਾਹਿਬਾਂ ਨੇ ਕਥਨ ਕਰਕੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ :— 'ਮਲ' ਸ਼ਬਦ ਦਾ ਅਰਥ ਨਿੰਦਾ ਵਾਚਕ ਨਹੀਂ ਹੋ ਸਕਦਾ । ਜਿਸ ਤਰ੍ਹਾਂ ਕਿ :—'ਅਸੰਖ ਨਿੰਦਕ ਸਿਰਿ

. Sri Satguru Jagjit Singh Ji eLibrary NamdhariElibrary@gmail.com .

ਕਰਹਿ ਭਾਰ ।" ਫਿਰ ਅਸੀਂ ਦੁਬਾਰਾ 'ਮਲ' ਸ਼ਬਦ ਦਾ ਅਰਥ ਨਿੰਦਾ ਵਾਚਕ ਕਿਵੇਂ ਕਰ ਸਕਦੇ ਹਾਂ ।

**ਅਸੰਖ ਮਲੇਛ ਮਲੁ ਭਖਿ ਖਾਹਿ ॥**

ਜੇ ਕਰ ਕੋਈ ਸਜਣ ਇਸ ਤੁਕ ਦੇ 'ਮਲੁ' ਸ਼ਬਦ ਦਾ ਅਰਥ ਵਿਸ਼ਟਾ ਕਰਦਾ ਹੈ ਇਹ ਭੀ ਉਸ ਦੀ ਇਕ ਭੁਲ ਹੀ ਮੰਨੀ ਜਾਵੇਗੀ ਕਿਉਂਕਿ ਵਿਸ਼ਟਾ ਨੂੰ ਖਾਣ ਵਾਲਾ ਤਾਂ ਸੰਸਾਰ ਵਿਚ ਕੋਈ ਮਨੁੱਖ ਨਹੀਂ । ਜੇ ਕਰ ਕਿਹਾ ਜਾਏ ਕਿ ਘੋਰੀ ਮਨੁੱਖ ਹੁੰਦੇ ਹਨ ਉਹ ਵਿਸ਼ਟਾ ਨੂੰ ਖਾਂਦੇ ਹਨ । ਸ੍ਰੀ ਮਾਨ ਜੀ ! ਇਹ ਭੀ ਮਲ ਸ਼ਬਦ ਦਾ ਅਰਥ ਨਹੀਂ ਕਿਉਂਕਿ ਘੋਰੀ ਮਨੁੱਖ ਭੀ ਅਣਗਿਣਤ ਨਹੀਂ ਭਾਵ ਇਕ ਅੱਧ ਹੀ ਹੁੰਦਾ ਹੈ । ਪਰ ਗੁਰੂ ਸਾਹਿਬਾਂ ਨੇ ਇਸ ਤੁਕ ਵਿਚ ਜਿਥੇ 'ਮਲੁ' ਸ਼ਬਦ ਵਰਤਿਆ ਹੈ, ਉਸੇ ਥਾਂ ਅਸੰਖ ਸ਼ਬਦ ਨੂੰ ਵਰਤਕੇ ਅਣਗਿਣਤਾ ਦਾ ਸਬੂਤ ਦਿੱਤਾ ਹੈ ਕਿ ਅਸੰਖ ਹੀ ਮਲੁ ਨੂੰ ਭਖਸ਼ਜ ਸਮਝ ਕੇ ਖਾਣ ਵਾਗੇ ਮਨੁੱਖ ਭੀ ਸੰਸਾਰ ਵਿਚ ਮੌਜੂਦ ਹਨ । ਕੀ ਘੋਰੀ ਮਨੁੱਖ ਅਸੰਖਾਂ ਦੀ ਗਿਣਤੀ ਵਿਚ ਹਨ ? ਜੇਕਰ ਨਹੀਂ ਤਾਂ ਫਿਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ 'ਮਲੁ' ਸ਼ਬਦ ਦਾਂ ਅਰਥ ਵਿਸ਼ਟਾ ਕਰਨਾ ਭੀ ਇਕ ਮਨਮਤ ਹੀ ਹੈ ।

**ਸ਼ੰਕਾ** :—ਜੇ ਕਰ ਕੋਈ ਸਿੱਖਭਾਈ ਇਥੇ ਇਹ ਇਤਰਾਜ ਕਰੇ ਕਿ 'ਜਪੁ-ਸਾਹਿਬ' ਦੇ ਉਪ੍ਰੋਕਤ ਅਠਾਰਵੀਂ ਪਉੜੀ ਦੀ ਸੱਤਵੀਂ ਤੁਕ ਵਿਚ ਵਰਤੇ ਹੋਏ 'ਮਲੁ' ਸ਼ਬਦ ਦੇ ਇਹ ਉਪ੍ਰੋਕਤ ਜਿਤਨੇ ਭੀ ਅਰਥ ਹਨ ਇਹ ਸਾਰੇ ਦੇ ਸਾਰੇ ਗੁਰਮਤਿ ਦੇ ਸਿਧਾਂਤ ਤੋਂ ਵਿਰੁਧ ਹੀ ਹਨ ਤਾਂ ਫਿਰ ਗੁਰੂ ਸਾਹਿਬਾਂ ਦੇ ਸਿਧਾਂਤ ਅਨੁਸਾਰ ਉਹ ਕਿਹੜਾ ਅਰਥ ਹੈ, ਜਿਸ ਦੇ ਅਨੁਸਾਰ ਸਿੱਖ ਆਪਣਾ ਜੀਵਣ ਢਾਲੇ ।

**ਸਮਾਧਾਨ** :—ਪਿਆਰੇ ਪਾਠਕ ਜੀਉ ! ਗੁਰੂ ਸਾਹਿਬਾਂ ਨੇ ਆਪਣੀ ਗੁਰੂਬਾਣੀ ਵਿਚ 'ਮਲੁ' ਸ਼ਬਦ ਨੂੰ ਅਨੇਕਾਂ ਹੀ ਥਾਵਾਂ ਵਿਚ ਵਰਤਿਆ ਹੈ । ਪਰ ਪ੍ਰਕਰਣ ਦੇ ਅਨੁਸਾਰ ਇਨ੍ਹਾਂ ਦਾ ਭਾਵਾਰਥ :—ਜੁਦਾ ਜੁਦਾ ਸਿੱਧ ਹੁੰਦਾ ਹੈ । ਜਿਵੇਂ ਕਿ :—

**'ਮਲੁ' ਸ਼ਬਦ ਦਾ ਇਥੇ ਅਰਥ ਹਉਮੈ ਭਾਵ ਅਹੰਕਾਰ ਦਾ ਹੈ ।**

. Sri Satguru Jagjit Singh Ji eLibrary NamdhariElibrary@gmail.com .

(੧) ਜਗਿ ਹਉਮੈ ਮੈਲੁ ਦੁਖੁ ਪਾਇਆ, ਮਲੁ ਲਾਗੀ ਦੂਜੈ ਭਾਇ ॥
**ਮਲੁ ਹਉਮੈ ਧੋਤੀ ਕਿਵੈ ਨ ਉਤਰੈ,** ਜੇ ਸਉ ਤੀਰਥ ਨਾਇ ॥
੧ ॥ ੪ ॥ ੩੧ ॥ ੬੪ ॥ ਸਿਰੀ ਰਾਗ ਮਹਲਾ ੩ ॥ ਪੰਨਾ ੩੯ ॥

**'ਮਲ' ਸ਼ਬਦ ਦਾ ਇਥੇ ਅਰਥ ਪਹਿਲਵਾਨ ਦਾ ਹੈ ।**

(੨) ਵਾਤ ਵਜਨਿ ਟੰਮਕ ਭੇਰੀਆ ॥ **'ਮਲ' ਲਾਥੇ ਲੈਦੇ ਫੇਰੀਆ** ॥
ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥
੧੮ ॥ ੨੧ ॥ ੨ ॥ ੨੯ ॥ ਸਿਰੀ ਰਾਗ ਮਹਲਾ ੫ ॥ ਪੰਨਾ ੭੪ ॥
**'ਮਲ' ਸ਼ਬਦ ਦਾ ਇਥੇ ਅਰਥ ਵਿਸ਼ਟਾ ਦਾ ਹੈ ।**

(੩) ਕਲਿ ਜੁਗੁ ਉਧਾਰਿਆ ਗੁਰਦੇਵ ॥
**ਮਲ ਮੂਤ ਮੂੜ ਜਿ ਮੁਘਦ ਹੋਤੇ** ਸਭਿ ਲਾਗੇ ਤੇਰੀ ਸੇਵਾ ॥
੧ ॥ ਰਹਾਉ ॥ ੪ ॥ ੫ ॥ ੧੪੦ ॥ ਆਸਾ ਮਹਲਾ ੫ ॥ ਪੰਨਾ ੪੦੬ ॥
**'ਮਲ' ਸ਼ਬਦ ਦਾ ਇਥੇ ਅਰਥ ਮੈਲ ਗੰਦਗੀ ਦਾ ਹੈ ।**

(੪) ਨਾ ਏਹੁ ਤੂਟੈ **ਨ ਮਲੁ ਲਗੈ** ਨਾ ਏਹੁ ਜਲੈ ਨ ਜਾਇ ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ੧ ॥
ਆਸਾ ਕੀ ਵਾਰ ਮਹਲਾ ੧ ॥ ਪਉੜੀ ੧੫ ॥ ਸਲੋਕ ਮ: ੧ ॥ ਪੰਨਾ ੪੭੧ ॥
**'ਮਲ' ਸ਼ਬਦ ਦਾ ਇਥੇ ਅਰਥ ਮਾਇਆ ਦਾ ਹੈ ।**

(੫) ਕਰਤੂਤਿ ਪਸੂ ਕੀ ਮਾਨਸ ਜਾਤਿ ॥ ਲੋਕ ਪਚਾਰਾ ਕਰੈ ਦਿਨੁ ਰਾਤਿ ॥
**ਬਾਹਰਿ ਭੇਖ ਅੰਤਰਿ ਮਲ ਮਾਇਆ** ॥ ਛਪਸਿ ਨਾਹਿ ਕਛੁ ਕਰੈ ਛਪਾਇਆ ॥
੫ ॥ ੮ ॥ ੪ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੬੭ ॥

ਸ੍ਰੀ ਮਾਨ ਜੀ ! ਇਸੇ ਤਰ੍ਹਾਂ ਹੀ ਇਥੇ 'ਜਪੁਸਾਹਿਬ ਦੀ ਪਉੜੀ ਅਠਾਰਵੀਂ ਵਿਚ ਵਰਤੇ ਹੋਏ 'ਮਲ' ਸ਼ਬਦ ਦਾ ਅਰਥ ਹਰ ਤਰ੍ਹਾਂ ਦੇ ਮਾਸ ਤੇ ਹਰ ਤਰ੍ਹਾਂ ਦੀ ਸ਼ਰਾਬ ਦਾ ਸਿੱਧ ਹੁੰਦਾ ਹੈ । ਜਿਸ ਤਰ੍ਹਾਂ ਕਿ :—

**ਅਸੰਖ ਮਲੇਛ ਮਲੁ ਭਖਿ ਖਾਹਿ ॥**

**ਪਦ-ਅਰਥ :**—ਅਸੰਖ=ਅਨੇਕਾਂ ਹੀ । ਮਲੇਛ=ਮੈਲੀਆ ਇੱਛਾ ਰੱਖਣ

. Sri Satguru Jagjit Singh Ji eLibrary NamdhariElibrary@gmail.com .

ਵਾਲੇ ਮਨੁੱਖ । ਮਲੁ=ਮਾਸ ਤੇ ਸ਼ਰਾਬ । ਭਖਿ ਖਾਹਿ=ਖਾਣਾ ਪੀਣਾ ।

**ਭਾਵਾਰਥ** :—ਅਨੇਕਾਂ ਹੀ ਮੈਲੀਆਂ ਇੱਛਾ ਰੱਖਣ ਵਾਲੇ ਮਨੁੱਖ ਮੈਲੇ ਪਦਾਰਥ ਭਾਵ ਹਰ ਤਰ੍ਹਾਂ ਦੇ ਮਾਸ ਖਾਦੇ ਤੇ ਹਰ ਤਰ੍ਹਾਂ ਦੀ ਸ਼ਰਾਬ ਪੀਂਦੇ ਹਨ ।

**ਸ਼ੰਕਾ** :—ਜੇ ਕਰ ਕੋਈ ਵੀਰ ਇਹ ਇਤਰਾਜ਼ ਕਰੇ ਕਿ :—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮਾਸਾਹਾਰ ਨੂੰ ਮਲੇਛਾ ਦਾ ਖਾਣਾ ਸਿੱਧ ਕਰਨਾ ਹੀ ਸੀ ਤਾਂ ਫਿਰ 'ਜਪੁ ਸਾਹਿਬ' ਦੀ ਉਪ੍ਰੋਕਤ ਤੁਕ ਵਿਚ 'ਮਾਸ' ਸ਼ਬਦ ਦੀ ਥਾਂ 'ਮਲੁ' ਸ਼ਬਦ ਕਿਉਂ ਵਰਤਿਆ, ਸਪੱਸ਼ਟ "ਮਾਸ" ਸ਼ਬਦ ਕਿਉਂ ਨਹੀਂ ਵਰਤਿਆ ਕੀ ਪਉੜੀ ਦੀ ਬਨਾਵਟ ਵਿਚ ਕੋਈ ਫਰਕ ਪੈਂਦਾ ਸੀ ?

**ਸਮਾਧਾਨ** :—ਸ੍ਰੀ ਮਾਨ ਜੀਉ ! ਇਹ ਜ਼ਰੂਰੀ ਨਹੀਂ ਕਿ ਗੁਰੂਬਾਣੀ ਵਿਚ ਜਿਥੇ ਕਿਥੇ ਸਪੱਸ਼ਟ ਹੀ ਸ਼ਬਦ ਵਰਤੇ ਜਾਣ । ਜੇ ਕਰ ਇੰਜ ਨਹੀਂ ਤਾਂ ਫਿਰ ਗੁਰੂਬਾਣੀ ਵਿਚੋਂ ਇਸ ਤਰ੍ਹਾਂ ਦੇ ਅਨੇਕਾ ਹੀ ਹਵਾਲੇ ਲਿਖਕੇ ਪ੍ਰਗਟ ਕੀਤੇ ਜਾ ਸਕਦੇ ਹਨ ਜਿਨ੍ਹਾਂ ਗੁਰਪ੍ਰਮਾਣਾ ਵਿਚ ਇਸ ਤਰ੍ਹਾਂ ਦੇ ਅਨੇਕਾਂ ਹੀ ਸ਼ਬਦ ਲਿਖੇ ਹੋਏ ਸਾਨੂੰ ਮਿਲਦੇ ਹਨ, ਜਿਨ੍ਹਾਂ ਦਾ ਆਕਾਰ ਕੁਝ ਹੁੰਦਾ ਹੈ ਤੇ ਉਨ੍ਹਾਂ ਸ਼ਬਦਾਂ ਦਾ ਭਾਵ ਕੁਝ ਹੋਰ ਹੀ ਨਿਕਲਦਾ ਹੈ । ਪਰ ਇਥੇ ਪੰਜ ਹੀ ਗੁਰਪ੍ਰਮਾਣ ਲਿਖਕੇ ਪ੍ਰਗਟ ਕੀਤੇ ਜਾਂਦੇ ਹਨ । ਜਿਵੇਂ ਕਿ :—

ਦਾਸ ਵੱਲੋਂ : ਸ਼ੰਕਾ ਵਾਦੀਆਂ ਅਗੇ ਪ੍ਰਸ਼ਨ :—

(੧) **ਪ੍ਰਸ਼ਨ** :—**ਕਾਇਆ ਪਦ ਦੀ ਥਾਂ ਕਪੜਾ ਸਬਦ ਕਿਉਂ** ?

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭ ਆਪੇ ਸਚਿਆਰੁ ॥ ੪ ॥

[ਸ੍ਰੀ ਜਪੁ ਸਾਹਿਬ]

(੨) **ਪ੍ਰਸ਼ਨ** :—**ਵਿਸ਼ਨੂੰ ਸ਼ਬਦ ਦੀ ਥਾ 'ਗੋਰਖੁ ਪਦ ਕਿਉਂ** ?

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸ਼ਰ, **ਗੁਰੁ ਗੋਰਖੁ** ਬਰਮਾ ਗੁਰੁ ਪਾਰਬਤੀ ਮਾਈ ॥ ੫ ॥

[ਸ੍ਰੀ ਜਪੁ ਸਾਹਿਬ ਜੀ]

. Sri Satguru Jagjit Singh Ji eLibrary NamdhariElibrary@gmail.com .

(੩) **ਪ੍ਰਸ਼ਨ :—ਚਿਤ ਸ਼ਬਦ ਦੀ ਥਾਂ 'ਸੁਰਤਿ' ਤੇ ਅਹੰਕਾਰ ਸ਼ਬਦ ਦੀ ਥਾਂ 'ਮਤਿ' ਪਦ ਕਿਉਂ ?**

ਤਿਥੈ ਘੜੀਐ ਸੁਰਤਿ, ਮਤਿ, ਮਨਿ, ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ੩੬ ॥

[ਸ੍ਰੀ ਜਪੁ ਸਾਹਿਬ]

(੪) **ਪ੍ਰਸ਼ਨ: —ਜੀਵ ਯਾ ਆਤਮਾ ਦੀ ਥਾਂ 'ਮਨ' ਸ਼ਬਦ ਕਿਉਂ ?**

ਮਨ ਤੂੰ ਜੋਤਿ ਸਰੂਪ ਹੈ, ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ, ਗੁਰਮਤੀ ਰੰਗੁ ਮਾਣੁ ॥

੫ ॥ ੧੦ ॥ ੨ ॥ ੭ ॥ ਆਸਾ ਛੰਤ ਮਹਲਾ ੩ ॥ ਪੰਨਾ ੪੪੧ ॥

(੫) **ਪ੍ਰਸ਼ਨ :—'ਗਰਹਾ' ਸ਼ਬਦ ਦੀ ਥਾਂ 'ਤਦੂਐ' ਪਦ ਕਿਉਂ ?**

ਮਾਇਆ ਫਾਸ ਬੰਧ ਬਹੁ ਹਰਿ ਜਪਿਓ ਖੁਲ ਖੁਲਨੇ ॥
**ਜਿਉ ਜਲ ਕੁੰਚਰੁ 'ਤਦੂਐ' ਬਾਂਧਿਓ,** ਹਰਿ ਚੇਤਿਓ ਮੋਖ ਮੁਖਨੇ ॥

੩ ॥ ੪ ॥ ੫ ॥ ਨਟ ਮਹਲਾ ੪ ॥ ਪੰਨਾ ੯੭੬ ॥

(੬) **ਪ੍ਰਸ਼ਨ :—'ਬਿੰਦਰਾਬਨ' ਸ਼ਬਦ ਦੀ ਥਾਂ ਕਾਂਸੀ ਪਦ ਕਿਉਂ ?**

ਜਾਹਰ ਨਵੀ ਤਪੈ ਭਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ ॥
**ਕਾਂਸੀ ਕ੍ਰਿਸਨੁ ਚਰਾਵਤ ਗਾਊ,** ਮਿਲਿ ਹਰਿ ਜਨ ਸੋਭਾ ਪਾਈ ॥

੨ ॥ ੪ ॥ ੨ ॥ ਮਲਾਰ ਮਹਲਾ ੪ ॥ ਪੰਨਾ ੧੨੬੩ ॥

(੭) **ਪ੍ਰਸ਼ਨ :—'ਅਪਮਾਨ' ਸ਼ਬਦ ਦੀ ਥਾਂ 'ਅਭਿਮਾਨ' ਪਦ ਕਿਉਂ ?**

ਤੈਸਾ ਸੁਵਰਨ ਤੈਸੀ ਉਸ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
**ਤੈਸਾ ਮਾਨ ਤੈਸਾ ਅਭਿਮਾਨ ॥** ਤੈਸਾ ਰੰਕੁ ਤੈਸਾ ਰਾਜਾਨ ॥

੭ ॥ ੮ ॥ ੯ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੫ ॥

ਸ੍ਰੀਮਾਨ ਜੀਉ । ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸ਼ਬਦਾਂ ਦਾ ਧਿਆਨ ਨਾ ਰੱਖਦੇ ਹੋਏ 'ਸ੍ਰੀ ਜਪੁ ਸਾਹਿਬ' ਦੀ ਅਠਾਰ੍ਹਵੀਂ ਪਉੜੀ ਦੀ ਸਤਵੀਂ ਤੁਕ ਵਿਚ 'ਮਾਸ' ਸ਼ਬਦ ਦੀ ਥਾਂ 'ਮਲ' ਸ਼ਬਦ ਵਰਤਿਆ ਹੈ । ਤਾਂ ਤੇ ਇਥੇ 'ਮਲ ਤੇ ਮਾਸ'

. Sri Satguru Jagjit Singh Ji eLibrary NamdhariElibrary@gmail.com .

ਸ਼ਬਦ ਵਿਚ ਕੋਈ ਮਤ ਭੇਦ ਨਹੀਂ ।

**ਨੋਟ** :—ਪਿਆਰੇ ਪਾਠਕ ਜੀਓ ! ਇਸ ਉਪ੍ਰੋਕਤ ਵਿਸਥਾਰ ਪੂਰਬਕ ਕੀਤੀ ਹੋਈ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਘਰ ਵਿਚ ਮਾਸ ਆਹਾਰ ਇਕ ਮਲੇਛਾਂ ਦਾ ਹੀ ਖਾਣਾ ਸਿੱਧ ਹੁੰਦਾ ਹੈ । ਸਿੱਖਾਂ ਦਾ ਨਹੀਂ । ਫਿਰ ਸਿੱਖਾਂ ਦਾ ਮਾਸ ਖਾਣਾ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਕਿਵੇਂ ਸਿੱਧ ਕਰ ਸਕਦੇ ਹਨ ?

## ਗੁਰੂ ਘਰ ਵਿਚ :-

# "ਅਹਿੰਸਾ ਪਰਮੋ ਧਰਮ"

ਪਿਆਰੇ ਪਾਠਕ ਜੀਓ ! ਜਿਸ ਤਰ੍ਹਾਂ 'ਅਹਿੰਸਾ ਧਰਮ' ਨੂੰ ਹਿੰਦੂ ਧਰਮ ਵਿਚ ਪ੍ਰਮੁੱਖ ਧਰਮ ਮੰਨਿਆ ਗਿਆ ਹੈ । ਇਸੀ ਤਰ੍ਹਾਂ ਹੀ ਸਾਡੇ ਸਤਿਗੁਰਾਂ ਨੇ ਭੀ ਅਹਿੰਸਾ ਧਰਮ (ਭਾਵ ਦਇਆ ਧਰਮ) ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਪਨਾਇਆ ਹੈ ਜਿਵੇਂ ਕਿ :—

(੧) ਧੌਲ ਧਰਮ, **ਦਇਆ ਕਾ ਪੂਤੁ** ॥
ਸੰਤੋਖ ਥਾਪਿ ਰਖਿਆ ਜਿਨਿ ਸੂਤਿ ॥
(ਸ੍ਰੀ ਜਪੁ ਸਾਹਿਬ ਜੀ)

(੨) **ਦਇਆ ਕਪਾਹ**, ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ੧ ॥
ਆਸਾ ਕੀ ਵਾਰ ਮਹਲਾ ੧ ॥ ਪਉੜੀ ੧੫ ॥ ਮ: ੧ ॥ ਪੰਨਾ ੪੭੧ ॥

(੩) **ਮਿਹਰ ਮਸੀਤਿ** ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥ ੧ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੭ ॥ ਮ: ੧ ॥ ਪੰਨਾ ੧੪੦ ॥

(੪) ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ ॥
**ਦਇਆ ਦੇਵਤਾ**, ਖਿਮਾ ਜਪ ਮਾਲੀ ਤੇ ਮਾਣਸ ਪਰਧਾਨ ॥ ੧ ॥
ਸਾਰੰਗ ਕੀ ਵਾਰ ਮਹਲਾ ੪ ॥ ਪਉੜੀ ੨੧ ॥ ਮ: ੧॥ਪੰਨਾ ੧੨੪੫ ॥

. Sri Satguru Jagjit Singh Ji eLibrary NamdhariElibrary@gmail.com .

(੫) ਜਤੁ ਸਤੁ ਚਾਵਲ, **ਦਇਆ ਕਣਕ**, ਕਰਿ ਪ੍ਰਾਪਤਿ ਪਾਤੀ ਧਾਨੁ ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ॥
੪ ॥ ੭ ॥ ਪ੍ਰਭਾਤੀ ਮਹਲਾ ੧ ॥ ਪੰਨਾ ੧੩੨੯ ॥

---

## ਗੁਰੂ ਘਰ ਵਿਚ :-

# ॥ ਸਰਬ ਜੀਵਾਂ ਤੇ ਦਇਆ ਕਰਨੇ ਦਾ ਆਦੇਸ਼ ॥

(੧) ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
**ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ**, ਤ ਮੁਸਲਮਾਣੁ ਕਹਾਵੈ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੮ ॥ ਮ: ੧ ॥ ਪੰਨਾ ੧੪੧ ॥

(੨) ਜੀਵਤ ਮਰੈ ਤਾ ਸਭੁ ਕਿਛੁ ਸੂਝੈ **ਅੰਤਰਿ ਜਾਣੈ ਸਰਬ ਦਇਆ** ॥
ਨਾਨਕ ਤਾ ਕਉ ਮਿਲੈ ਵਡਾਈ **ਆਪੁ ਪਛਾਣੈ ਸਰਬ ਜੀਆ** ॥
੨੪ ॥ (ਸਿਧ ਗੋਸਟਿ) ਰਾਮਕਲੀ ਮਹਲਾ ੧ ॥ ਪੰਨਾ ੯੪੦ ॥

(੩) ਏਕਾਦਸੀ ਨਿਕਟਿ ਪੇਖਹੁ ਹਰਿਰਾਮੁ॥ਇੰਦ੍ਰੀ ਬਸਿ ਕਰਿ ਸੁਣਹੁ ਹਰਿਨਾਮੁ ॥
**ਮਨਿ ਸੰਤੋਖੁ ਸਰਬਜੀਅ ਦਇਆ**॥ਇਨ ਬਿਧਿ ਬਰਤੁ ਸੰਪੂਰਨ ਭਇਆ ॥
ਪਉੜੀ ੧੧ ॥ ਗਉੜੀ ਥਿਤੀ ਮਹਲਾ ੫ ॥ ਪੰਨਾ ੨੯੯ ॥

(੪) ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ ॥
**ਦੂਖੁ ਨ ਦੇਈ ਕਿਸੈ ਜੀਅ**, ਪਤਿ ਸਿਉ ਘਰਿ ਜਾਵਉ ॥
ਪਉੜੀ ੧੭ ॥ ਗਉੜੀ ਕੀ ਵਾਰ ਮਹਲਾ ੫ ॥ ਪੰਨਾ ੩੨੨ ॥

(੫) **ਦਯਾਲੰ ਸਰਬਤ੍ਰ ਜੀਆ**, ਪੰਚ ਦੋਖ ਬਿਵਰਜਿਤਹ ॥
ਭੋਜਨੰ ਗੋਪਾਲ ਕੀਰਤਨ, ਅਲਪ ਮਾਯਾ ਜਲ ਕਮਲ ਰਹਤਹ ॥
੪੦ ॥ ੬੭ ॥ ੪ ॥ ਸਲੋਕ ਸਹਸ ਕ੍ਰਿਤੀ ਮਹਲਾ ੫ ॥ ਪੰਨਾ ੧੩੫੭ ॥

ਪਿਆਰੇ ਪਾਠਕ ਜੀਉ ! ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾ ਤੋਂ ਇਹ ਸਪਸ਼ਟ

. Sri Satguru Jagjit Singh Ji eLibrary NamdhariElibrary@gmail.com .

ਹੋ ਜਾਂਦਾ ਹੈ ਕਿ ਗੁਰੂ ਘਰ ਵਿਚ ਹਿੰਸਾ ਦਾ ਤਿਆਗ ਹੈ । ਜਿਵੇਂ ਕਿ :—

**ਗੁਰੂ ਘਰ ਵਿਚ :—**

# ਹਿੰਸਾ ਦਾ ਤਿਆਗ

ਏਕਾਦਸੀ ਇਕ ਰਿਦੈ ਵਸਾਵੈ ॥ **ਹਿੰਸਾ ਮਮਤਾ ਮੋਹੁ ਚੁਕਾਵੈ** ॥
ਫਲ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡ ਰਾਚਿ ਤਤੁ ਨਹੀ ਬੀਨੈ ॥
੧੩ ॥ ੨੦ ॥ ੧ ॥ ਬਿਲਾਵਲੁ ਮਹਲਾ ੧ ॥ ਪੰਨਾ ੮੪੦ ॥

ਜਿਸੁ ਮਨੁ ਮਾਨੈ ਅਭਿਮਾਨ **ਨ ਤਾ ਕਉ ਹਿੰਸਾ ਲੋਭ ਵਿਸਾਰੇ** ॥
ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥
੨ ॥ ੪ ॥ ੩ ॥ ਸਾਰੰਗ ਮਹਲਾ ੧ ॥ ਪੰਨਾ ੧੧੯੮ ॥

ਹਿੰਸਾ ਤਉ ਮਨ ਤੇ ਨਹੀ ਛੂਟੀ, ਜੀਅ ਦਇਆ ਨਹੀ ਪਾਲੀ ॥
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥
੩ ॥ ੧ ॥ ਸਾਰੰਗ ਸ੍ਰੀ ਪਰਮਾਨੰਦ ਜੀਉ ॥ ਪੰਨਾ ੧੨੫੩ ॥

ਪਿਆਰੇ ਪਾਠਕ ਜੀਉ ! ਹਿੰਦੂ ਧਰਮ ਦੇ ਧਾਰਮਿਕ ਗ੍ਰੰਥਾਂ ਵਿਚ ਹਿੰਸਾ ਤਿੰਨ ਤਰ੍ਹਾਂ ਦੀ ਮੰਨੀ ਗਈ ਹੈ । ਬਿਲਕੁਲ ਇਸੀ ਤਰ੍ਹਾਂ ਹੀ ਸਾਡੇ ਗੁਰੂ ਸਾਹਿਬਾਂ ਨੇ ਭੀ ਹਿੰਸਾ ਦੇ ਤਿੰਨ ਭੇਦ ਮੰਨੇ ਹਨ । ਜਿਸ ਤਰ੍ਹਾਂ ਕਿ :—

(੧) **ਮਨ** ਦੁਆਰਾ ਹਿੰਸਾ ਕਰਨੀ ।
(੨) **ਬਾਣੀ** ਦੁਆਰਾ ਹਿੰਸਾ ਕਰਨੀ ।
(੩) **ਕਰਮ** ਦੁਆਰਾ ਹਿੰਸਾ ਕਰਨੀ ।

ਜਿਸ ਦਾ ਸਪਸ਼ਟੀਕਰਣ :—ਗੁਰਬਾਣੀ ਦੇ ਹੇਠ ਲਿਖੇ ਗੁਰ ਪ੍ਰਮਾਣਾ ਦੁਆਰਾ ਕੀਤਾ ਜਾਂਦਾ ਹੈ । ਜਿਸ ਤਰ੍ਹਾਂ ਕਿ :—

## (੧) ਮਨ ਦੁਆਰਾ ਹਿੰਸਾ ਕਰਨੇ ਦਾ ਤਿਆਗ ।

(੧) ਸਭਨਾ ਮਨ ਮਾਣਕ ਠਾਹਣੁ ਮੂਲਿ ਮਚਾਂਗਵਾ ॥
ਜੇ ਤਉ ਪਿਰੀਆ ਦੀ ਸਿਕ, **ਹਿਆਉ ਨ ਠਾਹੇ ਕਹੀਦਾ** ॥੧੩੦ ।
ਸਲੋਕ ਸ਼ੇਖ ਫਰੀਦ ਜੀਉ ॥ ਪੰਨਾ ੧੩੮੪ ॥

. Sri Satguru Jagjit Singh Ji eLibrary NamdhariElibrary@gmail.com .

(੨) **ਲੈਦਾ ਬਦ ਦੁਆਇ ਤੂੰ,** ਮਾਇਆ ਕਰਹਿ ਇਕਤ ॥
ਜਿਸ ਨੋ ਤੂੰ ਪਤੀਆਇਦਾ ਸੋ ਸਣ ਤੁਝੈ ਅਨਿਤ ॥
੩ ॥ ੪ ॥ ੧ ॥ ੭੧ ॥ ਸਿਰੀ ਰਾਗ ਮਹਲਾ ੫ ॥ ਪੰਨਾ ੪੨ ॥

(੩) **ਮਨ ਅਪੁਨੇ ਤੇ ਬੁਰਾ ਮਿਟਾਨਾ** ॥ ਪੇਖੈ ਸਗਲ ਸ੍ਰਿਸਟਿ ਸਾਜਨਾ ॥
ਸੂਖ ਦੂਖ ਜਨ ਸਮ ਦ੍ਰਿਸਟੇਤਾ ॥ ਨਾਨਕ ਪਾਪ ਪੁੰਨ ਨਹੀਂ ਲੇਪਾ ॥
੬ ॥ ੮ ॥ ੩ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੬੬ ॥

(੪) **ਪਰ ਕਾ ਬੁਰਾ ਨ ਰਾਖਹੁ ਚੀਤ**॥ਤੁਮ ਕਉ ਦੁਖੁ ਨਹੀ ਭਾਈ ਮੀਤ॥ ੩॥
ਹਰਿ ਹਰਿ ਤੰਤੁ ਮੰਤੁ ਗੁਰ ਦੀਨਾ॥ਇਹੁ ਸੁਖੁ ਨਾਨਕ ਅਨਦਿਨੁ ਚੀਨਾ ॥
੪ ॥ ੧੧ ॥ ੬੨ ॥ ਆਸਾ ਮਹਲਾ ੫ ॥ ਪੰਨਾ ੩੮੬ ॥

(੫) **ਮੁਸਲਮਾਣੁ ਮੋਮ ਦਿਲਿ ਹੋਵੈ** ॥ ਅੰਤਰ ਕੀ ਮਲੁ ਦਿਲ ਤੇ ਧੋਵੈ ॥
ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟ ਘਿਉ ਪਾਕੁ ਹਰਾ ॥
੧੩ ॥ ੧੫ ॥ ੩ ॥੧੨॥ ਮਾਰੂ ਸੋਲਹਾ ਮਹਲਾ ੫॥ਪੰਨਾ ੧੦੮੪ ॥

## (੨) ਬਾਣੀ ਦੁਆਰਾ ਹਿੰਸਾ ਕਰਨੇ ਦਾ ਤਿਆਗ ॥

(੧) **ਇਕੁ ਫਿਕਾ ਨ ਗਾਲਾਇ,** ਸਭਨਾ ਮੈ ਸਚਾ ਧਣੀ ॥
ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵਾ ॥
੧੨੯ ॥ ਸਲੋਕ ਸ਼ੇਖ ਫਰੀਦ ਜੀਉ ॥ ਪੰਨਾ ੧੩੮੪ ॥

(੨) **ਜਿਥੈ ਜਾਇ ਬਹੀਐ ਭਲਾ ਕਹੀਐ,** ਸੁਰਤਿ ਸਬਦੁ ਲਿਖਾਈਐ ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥
੧ ॥ ੪ ॥ ੧ ॥ ਵਡਹੰਸ ਛੰਤ ਮਹਲਾ ੧ ॥ ਪੰਨਾ ੫੬੬ ॥

(੩) **ਜਿਥੈ ਜਾਇ ਬਹੀਐ ਭਲਾ ਕਹੀਐ** ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
੩ ॥ ੪ ॥ ੧ ॥ ੪ ॥ ਸੂਹੀ ਛੰਤ ਮਹਲਾ ੧ ॥ ਪੰਨਾ ੭੬੬ ॥

(੪) ਸਾਧ ਸੰਗਿ ਹੋਇ ਸਭ ਕੀ ਰੇਨ ॥ **ਸਾਧ ਕੈ ਸੰਗਿ ਮਨੋਹਰ ਬੈਨ** ॥
ਸਾਧ ਕੈ ਸੰਗਿ ਨ ਕਤਹੂੰ ਧਾਵੈ ॥ ਸਾਧ ਸੰਗਿ ਅਸਥਿਤਿ ਮਨੁ ਪਾਵੈ ॥
੨ ॥ ੮ ॥ ੭ ॥ ੨੪ ॥ ਗਉੜੀ ਮਹਲਾ ੫ ॥ ਪੰਨਾ ੨੭੧ ॥

. Sri Satguru Jagjit Singh Ji eLibrary NamdhariElibrary@gmail.com .

(੫) **ਕੋਮਲ ਬਾਣੀ ਸਭ ਕਉ ਸੰਤੋਖੈ ॥**
ਪੰਚ ਭੂ ਆਤਮਾ ਹਰਿਨਾਮ ਰਸਿ ਪੋਖੈ ॥
ਗੁਰ ਪੂਰੇ ਤੇ ਇਹ ਨਿਹਚਉ ਪਾਈਐ ॥
ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥
ਪਉੜੀ ੧੨ ॥ ਗਉੜੀ ਥਿਤੀ ਮਹਲਾ ੫ ॥ ਪੰਨਾ ੨੯੯ ॥

---

## (੩) ਕਰਮ ਦੁਆਰਾ ਹਿੰਸਾ ਕਰਨੇ ਦਾ ਤਿਆਗ ॥

(੧) ਦਇਆ ਦਿਗੰਬਰੁ ਦੇ ਬੀਚਾਰੀ ॥
**ਆਪਿ ਮਰੈ ਅਵਰਾ ਨਹ ਮਾਰੀ** ॥ ੩ ॥ ੪ ॥ ੨੫ ॥
ਆਸਾ ਮਹਲਾ ੧ ॥ ਪੰਨਾ ੩੫੬ ॥

(੨) 'ਸੋ ਜਾਗੈ ਜੋ ਤਤੁ ਬੀਚਾਰੈ ॥
**ਆਪਿ ਮਰੈ ਅਵਰਾ ਨਹ ਮਾਰੈ** ॥ ੩ ॥ ੬ ॥ ੨ ॥
ਭੈਰਉ ਮਹਲਾ ੩ ॥ ਪੰਨਾ ੧੧੨੫ ॥

(੩) **ਸਰ ਜੀਉ ਕਾਟਹਿ ਨਿਰਜੀਉ ਪੂਜਹਿ** ਅੰਤ ਕਾਲ ਕਉ ਭਾਰੀ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਭੈ ਡੂਬੈ ਸੰਸਾਰੀ ॥
੩ ॥ ੪ ॥ ੧ ॥ ੪੫ ॥ ਗਉੜੀ ਬੈਰਾਗਣਿ ਸ੍ਰੀ ਕਬੀਰ ਜੀਉ ॥
ਪੰਨਾ ੩੩੨ ॥

(੪) ਰੋਜਾ ਧਰੈ ਮਨਾਵੈ ਅਲਹੁ **ਸੁਆਦਤਿ ਜੀ ਸੰਘਾਰੈ ॥**
ਆਪਾ ਦੇਖਿ ਅਵਰਾ ਨਹੀ ਦੇਖੈ ਕਾਹੇ ਕਉ ਝਖ ਮਾਰੈ ॥
੧ ॥ ੩ ॥ ੭ ॥ ੨੯ ॥ ਆਸਾ ਸ੍ਰੀ ਕਬੀਰ ਜੀਉ ॥ ਪੰਨਾ ੪੮੩ ॥

(੫) **ਜੀਆ ਬਧਹੁ ਸੁ ਧਰਮ ਕਰਿ ਥਾਪਹੁ,** ਅਧਰਮ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥
੨ ॥ ੪ ॥ ੧ ॥ ਮਾਰੂ ਸ੍ਰੀ ਕਬੀਰ ਜੀਉ ॥ ਪੰਨਾ ੧੧੦੨ ॥

(੬) ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
**ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ-
ਮਾਰੈ** ॥ ੧ ॥ ੪॥੪॥ ਪ੍ਰਭਾਤੀ ਸ੍ਰੀ ਕਬੀਰ ਜੀਉ ॥ ਪੰਨਾ ੧੩੫੦॥

. Sri Satguru Jagjit Singh Ji eLibrary NamdhariElibrary@gmail.com .

(੭) **ਕਬੀਰ ਜੋਰੀ ਕੀਏ ਜੁਲਮੁ ਹੈ** ਕਹਤਾ ਨਾਉ ਹਲਾਲੁ ॥
ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨ ਹਵਾਲੁ ॥
੧੮੭ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

(੮) **ਕਬੀਰ ਜੀਅ ਜੁ ਮਾਰਹਿ ਜੋਰੁ ਕਰਿ,** ਕਹਤੇ ਹਹਿ ਜੁ ਹਲਾਲੁ ॥
ਦਫਤਰੁ ਦਈ ਜਬ ਕਾਢਿ ਹੈ, ਹੋਇਗਾ ਕਉਨੁ ਹਵਾਲੁ ॥
੧੯੯ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੫ ॥

(੯) ਕਬੀਰ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ ਲੋਨੁ ॥
'ਹੇਰਾ' ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥
੧੮੮ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੪ ॥

(੧੦) **ਕਬੀਰ ਭਾਂਗ ਮਾਛਲੀ ਸੁਰਾਪਾਨਿ,** ਜੋ ਜੋ ਪ੍ਰਾਨੀ ਖਾਂਹਿ ॥
ਤੀਰਥ ਬ੍ਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ ॥
੨੩੩ ॥ ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

ਜਨ ਭਗਤਨ ਕੋ ਕਹੋ ਨ ਮਾਨੋ, ਕੀਓ ਅਪਨੋ ਪਾਈ ਹੈ ॥

---

## ਗੁਰੂ ਬੋਲਿਆ :–

# ਪੰਜ ਕੰਮ ਕਰੈ ਤੇ ਪੰਜ ਨ ਕਰੈ।

ਪਿਆਰੇ ਪਾਠਕ ਜੀਉ ! ਰਣਧੀਰ ਸਿੰਘ "ਹਿਸਟਰੀ ਰੀਸਰਚ ਸਕਾਲਰ" ਜੀ ਨੇ ਆਪਣੇ 'ਪ੍ਰੇਮ ਸੁਮਾਰਗ' ਗ੍ਰੰਥ । ਦੂਜੀ ਵਾਰ ੧੧੦੦ । ਦਸੰਬਰ ੧੯੬੫ । ਪ੍ਰਕਾਸ਼ਕ :—ਮਹਿਤਾਬ ਸਿੰਘ, ਨਿਊ ਬੁਕ ਕੰਪਨੀ, ਮਾਈ ਹੀਰਾ ਗੇਟ । ਛਾਪਕ ਮਹਿੰਦਰ ਜੀਤ ਸਿੰਘ ਹਮਦਰਦ ਕੋਆਪਰੇਟਿਵ ਪ੍ਰੈਸ, ਨਹਿਰੂ ਗਾਰਡਨ ਰੋਡ ਜਲੰਧਰ ਜਿਸ ਤੋਂ ਛਪਵਾ ਕੇ ਪ੍ਰਕਾਸ਼ ਕੀਤਾ ਗਿਆ । ਜਿਸ "ਪ੍ਰੇਮ ਸੁਮਾਰਗ ਗ੍ਰੰਥ" ਦੇ ੨ ਸਿੱਖ ਦੀ ਰਹਿਣੀ ਬਹਿਣੀ' ਪ੍ਰਕਰਣ ਦੇ ਪੰਨੇ ੫੨ ਤੇ ਸ੍ਰੀ ਮਾਨ ਰਣਧੀਰ

. Sri Satguru Jagjit Singh Ji eLibrary NamdhariElibrary@gmail.com .

ਸਿਘ 'ਹਿਸਟਰੀ ਰੀਸਰਚ ਸਕਾਲਰ' ਜੀ ਲਿਖਦੇ ਹਨ ਕਿ :—

ਗੁਰਬਾਣੀ ਦੇ ਸਮੁੱਚੇ ਆਸ਼ੇ ਨੂੰ ਸੰਕੋਚ ਕੇ ਸ੍ਰੀ ਗੁਰੂ ਅਰਜੁਨ ਦੇਵ ਨੇ ਸਿੱਖਾਂ ਨੂੰ ਜੋ ਉਪਦੇਸ਼ ਕੀਤਾ, ਉਹ ਅਨੇਕਾਂ ਲਿਖਤੀ ਗੁਰੂ ਗ੍ਰੰਥ ਸਾਹਿਬਾਂ ਦੇ ਵਾਧੂ ਪੱਤ੍ਰਿਆ ਪਰ, ਸਾਖੀ ਮਹਲਾ ੫ ਸਿਰ ਨਾਵੇਂ ਹੇਠਿ ਲਿਖਿਆ ਮਿਲਦਾ ਹੈ।

ਗੁ: ਬੈਣੀ ਸੰਗਤਿ—ਪਟਨਾ ਸ਼ਹਿਰ ਵਿਚ ਸੰਮਤ ੧੭੬੪ ਦੇ ਲਿਖੇ ਇਕ ਸੰਚੇ ਵਿਖੇ ੧੦੨੨ ਵੇ ਪੱਤਰ ਪੁਰ। ਅਜਾਂ ਦਰਸ਼ਨ ਕੀਤੇ, ਤੇ ਉਸ ਸਫੇ ਦਾ ਅਕਸ ਭੀ ਆਂਦਾ ਸੀ, ਜੋ ਸਿੱਖ ਰੈਫਰੈਂਸ ਲਾਇਬਰੇਰੀ ਵਿਚ ਸਾਂਭਿਆ ਹੋਇਆ ਹੈ।

ਗੁ: ਬੜੀ ਸੰਗਤਿ ਬਨਾਰਸ ਦੇ ਤੋਸ਼ੇਖਾਨੇ ਤੋਂ ਪ੍ਰਾਪਤਿ ਹੋਏ ਇਕ ਗ੍ਰੰਥ ਸਾਹਿਬ (ਸਿਰੈਲਾ ਨੂੰ ! ੬੨੯੧) ਦੇ ਪਤਿ ੫੨੪/੨ ਤੇ ਲਿਖਿਆ ਪਾਠ ਇਸ ਤਰ੍ਹਾਂ ਹੈ :—

੧ ੴ ਸਤਿ ਗੁਰ ਪ੍ਰਸਾਦਿ ॥

ਗੁਰੂ ਬੋਲਿਆ (ੳ) ਪੰਜ ਕੰਮ ਕਰੈ, ਪੰਜ ਕੰਮ ਨ ਕਰੈ।

(੧) ਪਰ ਦਰਬ ਨ ਹਿਰੈ। ੧।

(੨) ਪਰਾਈ ਇਸਤ੍ਰੀ ਨ ਰਵੈ। ੨।

(੩) ਪਰਾਈ ਨਿੰਦਾ ਨ ਕਰੈ। ੩।

(੪) ਜੂਐ ਨ ਖੇਲੈ ॥ ੪ ॥

(੫) **ਮਦ ਮਾਸ ਨ ਖਾਇ**। ਆਗਿਆ ਭੰਗ ਨ ਕਰੈ ॥ ੫ ॥

(ਅ) ਪੰਜ ਕੰਮ ਕਰੈ, ਜੋ ਗੁਰੂ ਕਰਾਵੈ :—

(੧) ਸੰਗਤਿ ਨਿੱਤ ਜਾਇ। ਕਿਛੁ ਮੁਹਿ ਪਾਵਣੇ ਨੋ ਲੈ ਜਾਇ। ਅਰਤੀ—ਕੀਰਤਨੁ ਸੁਣਿ ਸਵੈ ॥ ੧ ॥

(੨) ਅਰਥੀ ਦੁਖੀ ਨਿਮਾਣੇ ਨੂੰ ਮਾਣੁ ਦੇਇ। ਪਰਉਪਕਾਰ ਕਰੈ, ਕਰਾਵੈ, ਲੋਚੈ ॥ ੨ ॥

. Sri Satguru Jagjit Singh Ji eLibrary NamdhariElibrary@gmail.com .

(੩) ਜਿਸ ਨੋ ਕੁੜਮਾਈ ਕੋਈ ਨ ਕਰੈ, ਤਿਸ ਨੋ ਪੁੰਨ ਅਰਥ ਕੰਨਿਆ ਦਾਨੁ ਦੇਇ। ਅਕੈ ਲੋਚ ਕੈ ਦਿਵਾਵੈ ॥ ੩॥

(੪) ਮਨਮੁਖ ਤੇ ।ਜਿਉ ਸਿਖੁ ਹੋਵੈ, ਤਿਉ ਲੋਚ ਕਰਿ ਸਿਖੁ ਕਰੈ। ਜੀਅ ਦਾਨੁ ਇਹੋ ਹੈ ॥ ੪ ॥

(੫) ਸਭਨਾ ਜੀਆਂ ਕਾ ਭਲਾ ਮਨਾਵੈ। ਕੋਈ ਦੁਖੈ ਨਾਹੀ। ਆਤਮਾ ਬ੍ਰਹਮ ਪਛਾਨਣੁ, ਵੱਡੀ ਪੂਜਾ ਏਹਾ ਹੈ ॥ ੫ ॥

---

# ਸ਼੍ਰੀ ਮੁਖਵਾਕ ਦਸਮੇਸ਼ ਪਿਤਾ ਭਾਈ ਦਇਆ ਸਿੰਘ ਜੀ ਦੇ ਪ੍ਰਤੀ

**ਪੰਜ ਕਰਮ ਨ ਕਰੈ ਸੋ ਜੀਵਨ ਮੁਕਤ ਹੈ :—**

(੧) ਧਨ ਪਰਾਯਾ ਨ ਹਰੈ।

(੨) ਪਰ ਇਸਤ੍ਰੀ ਨ ਸੇਵੈ।

(੩) ਨਿੰਦਾ ਨਾ ਕਰੈ।

(੪) ਜੂਆ ਨ ਖੇਲੈ।

(੫) ਮਦ ਮਾਸ ਖਾਯ ਨਾਹੀ।

---

(੧) ਸੰਗਤਿ ਮੈਂ ਖਾਲੀ ਨਾਹੀਂ ਜਾਵੈ।

(੨) ਕੀਰਤਨ ਸੁਨੈ ਸੁਨਾਵੈ।

(੩) ਅਰਥੀ ਕੋ ਦਾਨ ਦੇਵੈ।

(੪) ਜਿਸ ਕੋ ਕੋਈ ਕੁੜਮਾਈ ਨਾ ਕਰੈ। ਤਿਸ ਕੋ ਧਰਮ ਅਰਥ ਲੋਚ ਕੈ ਕਰੈ ਕਰਾਵੈ।

. Sri Satguru Jagjit Singh Ji eLibrary NamdhariElibrary@gmail.com .

(੫) ਕੁਸਿੱਖ ਹੋਵੈ ਤਿਸ ਕੋ ਸਿੱਖ ਕਰੈ, ਦੁਖੈ ਨ ਦੁਖਾਵੈ ।
ਆਤਮਾ ਸਭ ਮਹਿ ਜਾਣੈ ।
ਇਤਿ "ਸੁਧਰਮ ਮਾਰਗ ਗ੍ਰੰਥ" ਗੁਰ ਉਪਦੇਸ਼ ਕਰਮ ਪ੍ਰਚਾਰ ਧਿਯਾਯ ੩ ॥
ਪੰਨਾ ੯੫ ॥

---

# ਕੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਾਸ ਖਾਇਆ ਕਰਦੇ ਸਨ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੧੦੪ ਤੇ ਛੇਵੇਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਨੂੰ ਮਾਸਹਾਰੀ ਸਿੱਧ ਕਰਦੇ ਹੋਏ ਲਿਖਦੇ ਹਨ । ਜਿਵੇਂ ਕਿ:—

"ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ 'ਕੁਤੇ ਰੱਖ ਸ਼ਿਕਾਰ ਖਿਲਾਇਆ' ਲਿਖਿਆ ਹੈ । ਇਹ ਸ਼ਿਕਾਰ ਖਿਲਾਉਣ ਵਾਲਾ 'ਦਲ ਭੰਜਣ ਗੁਰੂ ਸੂਰਮਾ ਵੱਡਾ ਜੋਧਾ *ਬਹੁ ਪਰਉਪਕਾਰੀ' ਛੇਵਾਂ ਗੁਰੂ ਹੀ ਸੀ ।

ਉਹਨਾਂ ਦੀ ਹਰ ਇਕ ਤਸਵੀਰ ਵਿੱਚ ਉਹਨਾਂ ਦੇ ਹੱਥ ਉਤੇ ਬਾਜ ਦਿਖਾਇਆ ਗਿਆ ਹੈ । ਜਿਸ ਤਰ੍ਹਾਂ ਕੁਤਿਆਂ ਦਾ ਕੰਮ ਧਰਤੀ ਉਤੇ ਫਿਰਨ ਵਾਲੇ ਜਾਨਵਰਾਂ (ਸਹੇ, ਹਰਨ ਅਤੇ ਸੂਰ ਆਦਿਕ) ਨੂੰ ਪਕੜਨਾ ਹੈ, ਇਸੇ ਤਰ੍ਹਾਂ ਅਕਾਸ਼ ਵਿਚ ਉਡਣ ਵਾਲਿਆਂ (ਤਿੱਤਰ, ਬਟੇਰੇ, ਭਟਿਟਰ ਤੇ ਕੂੰਜ ਆਦਿਕ) ਵਾਸਤੇ ਬਾਜ ਛੱਡੇ ਜਾਂਦੇ ਸਨ । ਕੁੱਤੇ ਤੇ ਬਾਜ ਸ਼ੇਰਾਂ ਦਾ ਸ਼ਿਕਾਰ ਕਰਨ ਵਾਸਤੇ ਨਹੀਂ ਸਨ । ਇਥੇ ਆ ਕੇ ਕੇਵਲ ਦਰਿੰਦੇ ਜਾਨਵਰਾਂ ਦੇ ਮਾਰਨ ਦਾ ਸਿਧਾਂਤ ਉੱਡ ਪੁੱਡ ਜਾਂਦਾ ਹੈ, ਕਿਉਂਕਿ ਇਹ ਜਾਨਵਰ ਨਾ ਦਰਿੰਦੇ ਹਨ ਤੇ ਨਾ ਮੂਜ਼ੀ ।"

---

*ਭਾਈ ਜੀ ਦਾ ਇਹ ਇਤਰਾਜ਼ ਕਿ ਕੁੱਕੜਾਂ, ਕਬੂਤਰਾਂ ਤੇ ਕੀਤੀ ਜੀਅ ਦਇਆ ਬਿਨ ਪਰਉਪਕਾਰੀ ਨਹੀਂ ਹੋ ਸਕਦਾ, ਕਿਤਨੀ ਬੇਥਵੀ ਗੱਲ ਹੈ । ਇੱਥੇ ਹੁਣ ਜਾਂ ਤੇ ਭਾਈ ਗੁਰਦਾਸ ਜੀ ਨੂੰ ਝੂਠਾ ਮੰਨਣਾ ਪਵੇਗਾ ਤੇ ਜਾਂ ਭਾਈ ਰਣਧੀਰ ਸਿੰਘ ਨੂੰ ।"

. Sri Satguru Jagjit Singh Ji eLibrary NamdhariElibrary@gmail.com .

**ਸਮਾਧਾਨ;**—ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਆਪ ਦੇ ਇਸ ਉਪ੍ਰੋਕਤ ਲੇਖ ਨੂੰ ਆਪ ਦੇ ਅੱਗੇ ਹੀ ਰਖਦਾ ਹੈ ਕਿ ਇਹ ਆਪ ਹੀ ਦਸੋਂ ਕਿ ਇਕ ਪਾਸੇ ਭਾਈ ਗੁਰਦਾਸ ਜੀ ਦੀ ਬਾਣੀ ਦਾ ਹਵਾਲਾ ਸਾਡੇ ਸਾਹਮਣੇ ਹੈ ਤੇ ਦੂਜੇ ਪਾਸੇ 'ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹੁਕਮਨਾਮੇ ਸਾਡੇ ਸਾਹਮਣੇ ਹਨ। ਜਿਸ ਵਿਚ ਇਹ ਸਪੱਸ਼ਟ ਲਿਖਿਆ ਹੋਇਆ ਸਾਨੂੰ ਮਿਲਦਾ ਹੈ ਕਿ 'ਮਾਸ ਮੱਛੀ ਦੇ ਨੇੜੇ ਨਹੀਂ ਆਉਣਾ' ਹੁਣ ਇਸ ਦਾ ਫੈਸਲਾ ਆਪ ਹੀ ਕਰੋ ਕਿ ਇਹਨਾਂ ਦੋਹਾਂ ਵਿੱਚੋਂ ਕਿਹੜਾ ਹਵਾਲਾ ਪ੍ਰਮਾਣੀਕ ਹੈ ਤੇ ਕਿਹੜਾ ਨਹੀਂ ?

ਗਿਆਨੀ ਜੀ ਮਹਾਰਾਜ ! ਜੇਕਰ ਗੁਰੂ ਸਾਹਿਬ ਮਾਸ ਖਾਇਆ ਕਰਦੇ ਹੁੰਦੇ ਤਾਂ ਇਸ ਤਰ੍ਹ ਦੇ ਹੁਕਮਨਾਮੇ ਛੇਵੇਂ ਪਾਤਸ਼ਾਹੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕਦੀ ਵੀ ਜਾਰੀ ਨਾ ਕਰਦੇ। ਜਿਵੇਂ ਕਿ:—ਗੁਰੂ-ਖਾਲਸੇ ਦੇ 'ਨੀਸਾਣ ਤੇ ਹੁਕਮਨਾਮੇ' ਨਾਮਕ ਗ੍ਰੰਥ ਜਿਸ ਨੂੰ ਸਿੱਖ-ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਨੇ:—ਸੰਪਾਦਕ:—ਸ਼ਮਸ਼ੇਰ ਸਿੰਘ 'ਅਸ਼ੋਕ' ਜੀ ਦੁਆਰਾ ੫ ਅਕਤੂਬਰ ੧੯੬੭ ਸੰਨ ਈਸਵੀ ਵਿੱਚ ਤੇਜਾ ਸਿੰਘ ਸੇਠੀ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿੰਘ, ਸ੍ਰੀ ਅੰਮ੍ਰਿਤਸਰ ਵਲੋਂ:—ਛਪਵਾ ਕੇ ਪ੍ਰਕਾਸ਼ ਕੀਤਾ, ਜਿਸ ਨੀਸਾਣ ਤੇ ਹੁਕਮਨਾਮੇ, ਨਾਮਕ ਗਰੰਥ ਵਿਚ ਦੋ ਹੁਕਮਨਾਮੇ ਛਪੇ ਹੋਏ ਸਾਨੂੰ ਮਿਲਦੇ ਹਨ। ਜਦ ਅਸੀਂ ਇਨ੍ਹਾਂ ਹੁਕਮਨਾਮਿਆਂ ਨੂੰ ਪੜ੍ਹਦੇ ਹਾਂ ਤਾਂ ਇਨ੍ਹਾਂ ਤੋਂ ਗੁਰੂ ਸਾਹਿਬਾਂ ਤੇ ਸਿੱਖਾਂ ਦਾ ਮਾਸ ਖਾਣਾ ਸਿੱਧ ਨਹੀਂ ਹੁੰਦਾ ਬਲਕਿ ਸਿੱਖਾਂ ਨੂੰ ਮਾਂਸ ਖਾਣ ਤੋਂ ਵਰਜਿਆ ਹੈ ਜਿਵੇਂ ਕਿ:—**ਨੰਬਰ ੬। ਹੁਕਮਨਾਮਾ ਪਾਤਸ਼ਾਹੀ ੬। ਪੰਨਾ ੧੨ ਤੇ ਇੰਜ ਲਿਖਿਆ ਹੈ :—**

( ਸ੍ਰੀ ਗੁਰੂ ਹਰਿ ਗੋਬਿੰਦ ਜੀ )

(੧) ਕਰਤਾਰ ਕਰਤਾਰ ਵਾਹਣੀ। ਗੁਰੂ ਤੁਸਾਡੀ ਲਜ ਰਖੈਗਾ
ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਕਾਮਨਾ ਗੁਰੂ ਪੂਰੀ ਕਰੇਂਗੇ
ਸੰਗਤੀ ਦਾ ਰੁਜਗਾਰੁ ਹੋਗਾ ਇਖ ਦਾਸੀ ਰਹਣਾ
**ਮਾਸ ਮਛੀ ਦੇ ਨੇੜੇ ਨਹੀਂ ਆਵਣਾ**, ਸੰਗਤ ਦੀ ਚੀਰੀ ਪਹੁਤੀ
ਹਕੀਕਤਿ ਸਭ ਮਲੂਮ ਹੋਈ ਸੰਗਤ ਦੀ ਮਨਸਾ ਪੂਰੀ ਹੋਗ ਗੁਰੂ ਦੀ
ਆਗਿਆ ਹੋਈ ਸੰਗਤਿ ਸਰਬਤਿ ਇਕਮ ਜੁਤਿ ਹਹੇ ਤਿਵੇਂ ਰਹਣਾ

. Sri Satguru Jagjit Singh Ji eLibrary NamdhariElibrary@gmail.com .

ਜਾਪੇ ਗੁਰੁਦਾਸ ਨਾਲ ਲਗ ਰਹਣਾ ਕਾਰਵਾਰ ਇਨਾਂ ਨੋ ਦੇਂਦਿਆ
ਰਹਣਾ ਸੰਗਤਿ ਉਪਰਿ ਗੁਰੂ ਦੀ ਖਰੀ ਖੁਸੀ ਹਇ ਸੰਗਤੀ ਦਾ ਰੁਜਗਾਰੁ
ਹੋਗਾ ਸੰਗਤਿ ਆਪ ਵਿਚਿ ਇਕਤੁ ਕਰਣਾ ਸੰਗਤੀ ਦੀ ਖਰੀ ਖੁਸੀ
ਗੁਰੂ ਦੀਨਾ ਦੇ ਹੋਂਦੇ ਹਇ ਸਭ ਮੇਰੇ ਪੁਤ ਹੈਨਿ ਸਭਨਾ
ਇਕਤੇ ਜੀਐ ਹੋਣਾ ਅਗੇ ਕਾਰਵਾਰ ਲੇਦੀ ਹਥ ਲਿਖ ਭੇਜਾ
ਹਇ ਓਹ ਸਭਾ ਕਾਰ ਕਰਿ ਭੇਜਣੀ ।। ਇਲਾਇਚੇ ਮੰਲ (ਮਣ) ਦਹ...

---

**ਨੰਬਰ ੯ । ਹੁਕਮ ਨਾਮਾ ਪਾਤਸ਼ਾਹੀ ੬ । ਪੰਨਾ ੧੫ ਤੇ ਇੰਜ ਲਿਖਿਆ ਹੈ :**

( ਸ੍ਰੀ ਗੁਰੂ ਹਰਿ ਗੋਬਿੰਦ ਜੀ )



ਭਾਈ ਜਾਪੂ ਭਾਈ ਗੁਰਦਾਸੁ ਭਾਈ ਮੁਰਾਰਿ ਭਾਈ ਜਾਤੀ ਭਾਈ ਦਿਆਲਾ
ਗੁਰੂ ਗੁਰੂ ਜਪਣਾ ਜਨਮ ਸਵਰੂ ਸੰਗਤ ਦੀ ਖਾਮਨਾ ਪੂਰੀ ਹੋਗੁ
ਸੰਗਤੀ ਦਾ ਰੁਜਗਾਰੁ ਹੋਗ ਸੰਗਤੀ ਕੀ ਕਾਰ ਜੁ ਲੇਹਾਗਾ ਗੁਰੂ ਦੀ
ਆਗਿਆ ਹਇ ਕੀਰਤਨ ਕਰਣਾ ਇਕ ਦਾਸੁ ਭਲੀ ਜੁਗਤਿ ਰਹਣਾ
**ਮਾਸ ਮੱਛੀ ਦੇ ਨੇੜੇ ਨਾਹੀ ਆਵਣਾ**, ਪੂਰਬ ਦੀ ਸੰਗਤਿ ਗੁਰੂ ਦਾ
ਖਾਲਸਾ ਹਇ ਉਪਰੰਤਿ ਗੁਰੂ ਦੀ ਆਗਿਆ ਹੁਇ ਭਾਈ ਜਾਪੂ ਭਾਈ
ਗੁਰਦਾਸ ਤੁਸਾਂ ਸਭਨਾ ਰਲਕੇ ਸਾਰੇ ਪੂਰਬ ਦੀ ਕਾਰ ਕਰਣੀ ਜਿਸ
ਦਾ ਰੁਪਯਾ ਗੁਰੂ ਦੀ ਕਾਰ ਵਿਚ ਪੌਗ ਤਿਸ ਦਾ ਗੁਰੂ ਦੀ ਦਰਗਾਹ
ਬਾਇ ਪਵਗੁ ਤਿਸ ਨੂੰ ਕਦੇ ਕਿਛ ਥੁੜ ਨ ਹੈਸ ਓਏ ਹਵਾਲ ਸਵ
ਕੀ ਹਇ ਰੁਪਯੇ ਸਇ ਸਤਿ ਦੀ ਹੁੰਡੀ ਕਰ ਭੇਜਣਾ ਪੰਦਰਹ ਜੋੜੇ
ਮੈਨੂੰ ਸਵਾਇ ਭੇਜਣਾ ਪੰਦਰਹ ਬਾਬਾ ਜੀਉ ਨੂ ਸਵਾਇ ਭੇਜਣਾ

. Sri Satguru Jagjit Singh Ji eLibrary NamdhariElibrary@gmail.com .

| | | | |
|---|---|---|---|
| ਗੁਰੂ ਗੁਰੂ ਜ-<br>ਪਣਾ ਜਨਮ ਸ-<br>ਵਰੂ | ੴ ਸਤਿਗੁਰ ॥ | ਇਥੇ ਤੁਸਾਂ ਬਹੁਤ ਮਾਣ ਕਰਣਾ<br>ਢਿਲ ਨਹੀਂ ਕਰਣੀ ਆਖਨ ਸੁ<br>ਕਰਣਾ ਸੇਵਾ ਕਰਣੀ | ੴ ਸਤਿਗੁਰ ॥ |

ਪਿਆਰੇ ਪਾਠਕ ਜੀਉ ! ਇਨ੍ਹਾਂ ਉਪ੍ਰੋਕਤ ਦੋਹਾਂ ਹੁਕਮਨਾਮਿਆਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਿੱਖਾਂ ਨੂੰ ਮਾਸ ਖਾਣ ਤੋਂ ਰੋਕਿਆ ਗਿਆ ਹੈ। ਫਿਰ ਦਾਸ ਨੂੰ ਇਹ ਸਮਝ ਨਹੀਂ ਆਉਂਦੀ ਕਿ ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਕਿਸ ਆਧਾਰ ਤੇ ਸਿੱਖਾਂ ਦਾ ਮਾਸ ਖਾਣਾ ਸਿੱਧ ਕਰਦੇ ਹਨ।

**ਸ਼ੰਕਾ:**—ਜੇਕਰ ਇਥੇ ਇਹ ਕਿਹਾ ਜਾਏ ਕਿ ਇਨ੍ਹਾਂ ਉਪ੍ਰੋਕਤ ਹੁਕਮਨਾਮਿਆਂ ਵਿਚ ਜੋ 'ਮਾਸ' ਸ਼ਬਦ ਵਰਤਿਆ ਗਿਆ ਹੈ, ਇਸ ਦਾ ਇਹ ਭਾਵ ਨਹੀਂ ਕਿ ਹਰ ਤਰ੍ਹਾਂ ਦਾ ਮਾਸ ਨਾ ਵਰਤਿਆ ਜਾਵੇ। ਬਲਕਿ ਇਥੇ ਕੇਵਲ ਮੱਛੀ ਦੇ ਮਾਸ ਦੇ ਵਰਤਣ ਦੀ ਹੀ ਮਨਾਹੀ ਕੀਤੀ ਗਈ ਹੈ।

**ਸਮਾਧਾਨ:**—ਜੇਕਰ ਇੰਜ ਹੀ ਹੈ ਤਾਂ ਫ਼ਿਰ 'ਮਾਸ' ਸ਼ਬਦ ਨੂੰ ਹੁਕਮਨਾਮਿਆਂ ਬਿਚ ਵਰਤਨ ਦੀ ਗੁਰੂ ਸਾਹਿਬਾਂ ਨੂੰ ਕਿਉਂ ਲੋੜ ਪਈ, ਕੀ ਕੇਵਲ 'ਮੱਛੀ' ਸ਼ਬਦ ਦੇ ਵਰਤਣ ਨਾਲ ਹੀ ਮੱਛੀ ਦਾ ਮਾਸ ਸਪੱਸ਼ਟ ਨਹੀਂ ਸੀ ਹੋ ਸਕਦਾ ? ਜਿਵੇਂ ਕਿ:—

ਕਬੀਰ ਭਾਂਗ **ਮਾਛਲੀ** ਸੁਰਾਪਾਨਿ ਜੋ ਜੋ ਪ੍ਰਾਨੀ ਖਾਹਿ ॥
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਹਿ ॥ ੨੩੩ ॥
ਸਲੋਕ ਸ੍ਰੀ ਕਬੀਰ ਜੀਉ ॥ ਪੰਨਾ ੧੩੭੭ ॥

ਤਾਂ ਤੇ ਉਪ੍ਰੋਕਤ ਵਿਚਾਰ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ 'ਮਾਸ' ਸ਼ਬਦ ਦਾ ਇਥੇ ਭਾਵ ਹਰ ਤਰ੍ਹਾਂ ਦੇ ਅਕਾਸ਼ ਵਿੱਚ ਭਰਮਣ ਕਰਨ ਵਾਲੇ ਜੀਵ ਜੰਤੂਆਂ ਦੇ ਮਾਸ ਦਾ ਤੇ ਹਰ ਤਰ੍ਹਾਂ ਦੇ ਪ੍ਰਿਥਵੀ ਤੇ ਚਰਨ ਚੁਗਣ ਵਾਲੇ ਜੀਵਾਂ ਦੇ ਮਾਸ ਦਾ ਹੈ। ਨ ਕਿ ਕੇਵਲ ਮੱਛੀ ਦੇ ਮਾਸ ਦਾ ?

. Sri Satguru Jagjit Singh Ji eLibrary NamdhariElibrary@gmail.com .

# ਕੀ ਬਾਬਾ ਬੰਦਾ ਬਹਾਦੁਰ ਦੇ ਪ੍ਰਸੰਗ ਤੋਂ ਸਿੱਖਾਂ ਦਾ ਮਾਸ ਖਾਣਾ ਸਿੱਧ ਹੁੰਦਾ ਹੈ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ! ਸਿੱਖਾਂ ਦਾ ਮਾਸ ਖਾਣਾ ਸਿੱਧ ਕਰਦੇ ਹੋਏ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੯੩ ਤੇ ਬੰਦੇ ਬਹਾਦੁਰ ਦੇ ਪ੍ਰਸੰਗ ਦਾ ਹਵਾਲਾ ਪ੍ਰਗਟ ਕਰਦੇ ਹੋਏ ਲਿਖਦੇ ਹਨ । ਜਿਵੇਂ ਕਿ :—

"(੩੨) ਜਦ ਬੰਦੇ ਬਹਾਦੁਰ ਨੇ ਸਹਾਰਨਪੁਰ ਦੇ ਜੰਗ ਵਿਚ ਤੁਰਕੀ ਫੌਜ ਨੂੰ ਹਾਰ ਦਿੱਤੀ ਤਾਂ ਬਹੁਤ ਸਾਰੀਆਂ ਮੁਸਲਮਾਨੀਆਂ ਖਾਲਸੇ ਦੀ ਸ਼ਰਨ ਵਿਚ ਆਇਆ ਉਹਨਾਂ ਨੂੰ ਅੰਮ੍ਰਿਤ ਛਕਾ ਕੇ ਸਿੰਘਣੀਆਂ ਸਜਾਉਣ ਵੇਲੇ ਝਟਕਾ ਤੇ ਸੂਰ ਛਕਾਇਆ ਗਿਆ ।

ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ :—

**ਚੌਪਈ**

ਸਿੰਘਨ ਤੇ ਡਰ ਤੁਰਕਨ ਨਾਰੀ ।
ਤਜ ਘਰ ਦੌਰੀ ਜਾਤ ਉਜਾਰੀ ।
ਕੇਤਕ ਲੁਕੀ ਹਿੰਦੂ ਅਨ ਧਾਮ ।
ਕਿਨਹੀ ਗਹੀ ਸਿੰਘਨ ਕੀ ਸਾਮ ।
ਸਾਂਝ ਸਮੇਂ ਡੇਰਨ ਸਿੰਘ ਆਏ ।
ਬਾਲ ਰੰਡ ਭਾਵਤ ਬਹੁ ਲਿਆਏ ।
ਸਿੰਘਨ ਬੰਦੇ ਕੀ ਲੈ ਆਗਿਆ ।
ਝਟਕਾ ਸੂਰ ਛਕਾ ਬਡ ਭਾਗਿਆ ।
ਉਨ ਨਾਰਨ ਕੋ ਅੰਮ੍ਰਿਤ ਦੈ ਕੇ ।
ਆਪਣੇ ਮਜ਼ੂਬ ਧਰਮ ਮੈਂ ਲੈਕੇ ।
ਗੁਰੂ ਗਰੰਥ ਕੇ ਨਿਕਟ ਬਿਠਾਇਓ ।
ਸਿੰਘਨ ਸਾਥ ਅਨੰਦ ਪੜਾਇਓ ।

('ਪੰਥ ਪ੍ਰਕਾਸ਼' ਅਧਿਆਇ ੪੭—ਛੰਦ ੧੧)

. Sri Satguru Jagjit Singh Ji eLibrary NamdhariElibrary@gmail.com .

ਪਿਆਰੇ ਪਾਠਕ ਜੀਉ ! ਗਿਆਨੀ ਜੀ ਨੇ ਉਪ੍ਰੋਕਤ ਪੰਥ ਪ੍ਰਕਾਸ਼ ਦਾ ਜੋ ਹਵਾਲਾ ਦੇ ਕੇ ਸਿੱਖਾਂ ਦਾ ਮਾਸ ਖਾਣਾ ਸਿੱਧ ਕੀਤਾ ਹੈ । ਸੋ ਇਹ ਪ੍ਰਮਾਣੀਕ ਨਹੀਂ ਕਿਉਂਕਿ ਬਾਬਾ ਬੰਦਾ ਬਹਾਦੁਰ ਜੀ ਗੁਰੂ ਸਾਹਿਬਾਂ ਦੇ ਪ੍ਰਸਿੱਧ ਸਿੱਖਾਂ ਵਿਚੋਂ ਇਕ ਸਿੱਖ ਸਨ ਜੋ ਆਪ ਮਾਸ ਨਹੀਂ ਸੀ ਖਾਇਆ ਕਰਦੇ । ਜਿਸ ਦਾ ਸਬੂਤ ਇਨ੍ਹਾਂ ਦੇ ਹੁਕਮ ਨਾਮੇ ਤੋਂ ਹੀ ਮਿਲਦਾ ਹੈ । ਜਿਵੇਂ ਕਿ :—

"ਗੁਰੂ-ਖਾਲਸੇ 'ਨੀਸਾਣ ਤੇ ਹੁਕਮ ਨਾਮੇ" ਨਾਮਕ ਗ੍ਰੰਥ, ਜਿਸ ਨੂੰ :— ਸਿੱਖ-ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜੀ ਨੇ । ਸੰਪਾਦਕ :— ਸ਼ਮਸ਼ੇਰ ਸਿੰਘ 'ਅਸ਼ੋਕ' ਜੀ ਦੁਆਰਾ ੫ ਅਕਤੂਬਰ ੧੯੬੭ ਸੰਨ ਈਸਵੀਂ ਵਿਚ ਤੇਜਾ ਸਿੰਘ ਸੇਠੀ, ਤੇਜ ਪ੍ਰਿੰਟਿੰਗ ਪ੍ਰੈਸ, ਕਟੜਾ ਸ਼ੇਰ ਸਿਘ, ਸ੍ਰੀ ਅੰਮ੍ਰਿਤਸਰ ਵੱਲੋਂ :—ਛਪਵਾ ਕੇ ਪ੍ਰਕਾਸ਼ ਕੀਤਾ ਜਿਸ 'ਨੀਸਾਣ ਤੇ ਹੁਕਮ ਨਾਮੇ' ਗ੍ਰੰਥ ਦੇ ਪੰਨੇ ੧੦੩ ਦੇ ਨੰਬਰ ੧੧੩ । ਹੁਕਮ ਨਾਮਾ ਬਾਬਾ ਬੰਦਾ ਬਹਾਦੁਰ ਜੀ ਦਾ ਲਿਖਿਆ ਹੋਇਆ ਸਾਨੂੰ ਮਿਲਦਾ ਹੈ । ਜਿਵੇਂ ਕਿ :—

**ਮੋਹਰ ਫ਼ਾਰਸੀ**
**ਦੇਗ ਤੇਗੋ ਫ਼ਤਿਹ ਨੁਸਰਤ ਬੇਦਰੰਗ**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ**

੧ਓ ਫਤੇ ਦਰਸਨੁ

ਸਿਰੀ ਸਚੇ ਸਾਹਿਬ ਜੀ ਕਾ ਹੁਕਮ ਹੈ ਸਰਬਤ ਖਾਲਸਾ
ਜਉਨ ਪੁਰ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਰੈਗਾ
ਤੁਸੀ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ ਪੰਜ ਹਥੀਆਰ ਬੰਨ੍ਹਿ ਕੇ
ਹੁਕਮੁ ਦੇਖਦਿਆ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ
ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲੁ ਕੋਈ ਨਾਹੀਂ ਖਾਣਾ
**ਮਾਸ ਮਛਲੀ ਪਿਆਜ ਨਾਹੀ ਖਾਣਾ**, ਚੋਰੀ ਜਾਰੀ ਨਾਹੀ ਕਰਣੀ
ਅਸਾ ਸਤਜੁਗ ਵਰਤਾਇਆ ਹੈ ਆਪਸ ਵਿਚਿ ਪਿਆਰੁ ਕਰਣਾ

. Sri Satguru Jagjit Singh Ji eLibrary NamdhariElibrary@gmail.com .

ਮੇਰਾ ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਹੁੜੀ ਕਰੇਗਾ ਮਿਤੀ ਪੋਹ ੧੨ ਸੰਮਤ ਪਹਿਲਾ ੧ ਸਤਰਾ ਦਸ ੧੦।

ਸ੍ਰੀ ਮਾਨ ਗਿਆਨੀ ਜੀ ਮਹਾਰਾਜ ! ਇਸ ਉਪ੍ਰੋਕਤ ਇਕੋ ਹੁਕਮ ਨਾਮੇ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬਾਬਾ ਬੰਦਾ ਬਹਾਦੁਰ ਜੀ ਨੇ ਸਿੱਖਾਂ ਨੂੰ ਮਾਸ ਖਾਣ ਤੋਂ ਵਰਜਿਆ ਹੈ। ਫਿਰ ਆਪ ਦੇ ਉਪ੍ਰੋਕਤ ਦਿੱਤੇ ਹੋਏ ਪੰਥ ਪ੍ਰਕਾਸ਼ ਵਾਲੇ ਹਵਾਲੇ ਨੂੰ ਅਸੀਂ ਕਿਵੇਂ ਸਚਾ ਮਨ ਲਈਏ। ਜੇ ਕਰ ਫਿਰ ਭੀ ਇਸ ਵਿਚ ਗਿਆਨੀ ਜੀ ਦਾ ਕੋਈ ਹਠ ਹੀ ਹੋਵੇ ਕਿ 'ਪੰਥ-ਪ੍ਰਕਾਸ਼' ਗ੍ਰੰਥ ਦਾ ਉਪ੍ਰੋਕਤ ਹਵਾਲਾ ਪ੍ਰਮਾਣੀਕ ਹੈ। ਜੇ ਕਰ ਇੰਜ ਹੀ ਹੈ ਤਾਂ ਫਿਰ ਹੇਠ ਲਿਖਤ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਵਿਵਾਹ ਦੇ ਸਮੇਂ ਸ੍ਰੀ ਗੁਰੂ ਜੀ ਦੇ ਗਲ ਵਿਚ ਜਨੇਊ ਧਾਰਣ ਕੀਤਾ ਹੋਇਆ ਸਿੱਧ ਸੁੰਦਾ ਹੈ, ਕੀ ਆਪ ਇਸ 'ਪੰਥ ਪ੍ਰਕਾਸ਼' ਦੇ ਹਵਾਲੇ ਨੂੰ ਮੰਨਣ ਲਈ ਤਿਆਰ ਹੋ ? ਦੇਖੋ ਸੰਮਤ ੧੯੪੬ ਵਿਚ ਪੱਥਰੀ ਛਾਪੇ ਦੁਆਰਾ ਛਪਣ ਵਾਲੇ 'ਪੰਥ ਪ੍ਰਕਾਸ਼' ਦੇ ਪੂਰਵਾਰਧ ਐਡੀਸ਼ਨ ਪਹਿਲੀ। ਵਿਸ਼ਰਾਮ ੪੨ ਦੇ ਪੰਨੇ ੫੧੦ ਤੇ ਇਜ ਲਿਖਿਆ ਹੈ। ਜਿਵੇਂ ਕਿ :—

**ਪੀਤ ਪੁਨੀਤ ਉਪਰਨਾ ਧੋਤੀ ਜੋਤੀ ਰਵਿ ਨਵ ਛਵ ਛਾਜੈ ॥**
**ਪੀਤ ਜਨੇਊ ਮਨੋ ਬਦਨ ਸਸਿ ਪੈ ਬਿਜਰੀ ਬਿਜੁਰੀ ਭ੍ਰਾਜੈ ॥**

ਸ੍ਰੀ ਮਾਨ 'ਸਰਲ' ਜੀ ! ਜੇ ਕਰ ਇਸ ਉਪ੍ਰੋਕਤ ਹਵਾਲੇ ਨੂੰ ਆਪ ਮੰਨਣ ਲਈ ਤਿਆਰ ਨਹੀਂ ਹੋ ਤਾਂ ਫਿਰ ਆਪ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੯੩ ਵਾਲਾ ਪ੍ਰਸੰਗ ਕਿਵੇਂ ਸੱਚਾ ਮਨ ਰਹੇ ਹੋ ?

---

# ਕੀ ਅੰਡਿਆਂ ਦਾ ਖਾਣਾ ਪਵਿੱਤਰ ਸ਼ੁੱਧ ਖਾਣਾ ਹੈ ?

**ਸ਼ੰਕਾ** :—ਕੀ ਅੰਡੇ ਖਾਣ ਵਿਚ ਪਾਪ ਹੈ ?

**ਸਮਾਧਾਨ** :—ਅੰਡਿਆਂ ਦਾ ਖਾਣਾ ਇਨਾਂ ਪਾਪ ਹੈ, ਜਿਨ੍ਹਾਂ ਕਿ ਇਕ

. Sri Satguru Jagjit Singh Ji eLibrary NamdhariElibrary@gmail.com .

ਗਰਭਵਤੀ ਇਸਤ੍ਰੀ ਦਾ ਗਰਭ ਗਿਰਾ ਦੇਣ ਵਿਚ ਪਾਪ ਮੰਨਿਆ ਜਾਂਦਾ ਹੈ। ਸੋ ਅੰਡਿਆਂ ਦੇ ਦੁਆਰਾ ਜੀਵਾਂ ਦੇ ਸ਼ਰੀਰਾਂ ਦੀ ਉਤਪਤੀ ਤੇ ਜੇਰਜ ਦੁਆਰਾ ਵੀ ਜੀਵਾਂ ਦੇ ਸ਼ਰੀਰਾਂ ਦੀ ਸ੍ਰਿਸ਼ਟੀ ਇਨ੍ਹਾਂ ਦੋ ਤਰ੍ਹਾਂ ਦੀ ਸ੍ਰਿਸ਼ਟੀ ਵਿਚ ਕੋਈ ਅੰਤਰ ਭੇਦ ਨਹੀਂ, ਸਿਰਫ ਇਤਨਾ ਹੀ ਭੇਦ ਹੈ ਕਿ ਉਸ ਪਰਮਾਤਮਾ ਨੇ ਇਸਤ੍ਰੀ, ਗਊ ਤੇ ਬੱਕਰੀਆਂ ਆਦੀ ਦੇ ਪੇਟ ਵਿਚ ਬੱਚੇ ਦਾ ਗਰਭ ਰਖਿਆ ਤੇ ਕੁੱਕੜੀ ਆਦੀ ਪੱਛੀ ਜੀਵਾਂ ਦਾ ਗਰਭ ਉਨ੍ਹਾਂ ਦੇ ਅੰਡਿਆਂ ਵਿਚ ਰਖਿ ਦਿੱਤਾ। ਇਸ ਕਰਕੇ ਜਿਸ ਤਰ੍ਹਾਂ ਜੇਰਜ ਤੋਂ ਉਤਪਨ ਹੋਏ ਜੀਵਾਂ ਦੀ ਹਿੰਸਾ ਮੰਨੀ ਜਾਂਦੀ ਹੈ, ਇਸੀ ਤਰ੍ਹਾਂ ਹੀ ਅੰਡਿਆਂ ਤੋਂ ਉਤਪਨ ਹੋਣ ਵਾਲੇ ਜੀਵਾਂ ਦੀ ਹਿੰਸਾ ਭੀ ਸਾਨੂੰ ਮੰਨਣੀ ਚਾਹੀਦੀ ਹੈ।

**ਸ਼ੰਕਾ** :—ਜੇਕਰ ਕੋਈ ਸਿੱਖ ਵੀਰ ਇਹ ਇਤਰਾਜ ਕਰੇ ਕਿ ਜਿਸ ਅੰਡੇ ਵਿਚ ਜੀਵ ਨ ਹੋਵੇ ਕੀ ਉਸ ਅੰਡੇ ਨੂੰ ਤਾਂ ਖਾਇਆਂ ਜਾ ਸਕਦਾ ਹੈ ਕਿ ਨਹੀਂ ?

**ਸਮਾਧਾਨ** :—ਸ੍ਰੀ ਮਾਨ ਜੀ ! ਇਸ ਤਰ੍ਹਾਂ ਦਾ ਸਾਨੂੰ ਸੰਸਾਰ ਵਿਚ ਇਕ ਭੀ ਅੰਡਾ ਨਹੀਂ ਮਿਲ ਸਕਦਾ, ਜਿਸ ਵਿਚ ਜੀਵ ਹੀ ਨ ਹੋਵੈ। ਇਹ ਤਾਂ ਅੰਡੇ ਖਾਣ ਵਾਲੇ ਵੀਰਾਂ ਦੀ ਇਕ ਬਹਾਨੇ ਬਾਜ਼ੀ ਹੀ ਹੈ। ਜੇਕਰ ਕਿਹਾ ਜਾਵੇ ਕਿ ਅਜ ਕਲ ਇਸ ਤਰ੍ਹਾਂ ਦੇ ਸਾਨੂੰ ਅੰਡੇ ਹਜ਼ਾਰਾ ਹੀ ਮਿਲ ਸਿਕਦੇ ਹਨ, ਜਿਨ੍ਹਾਂ ਵਿਚ ਜੀਵ ਨਹੀਂ ਹੁੰਦੇ। ਇਹ ਭੀ ਉਨ੍ਹਾਂ ਵੀਰਾਂ ਦਾ ਕਥਨ ਝੂਠਾ ਹੀ ਹੈ। ਕਿਉਂਕਿ ਹਿਦੂ ਧਰਮ ਦੇ ਸ਼ਾਸਤ੍ਰਕਾਰਾਂ ਨੇ ਸ੍ਰਿਸ਼ਟੀ ਦੀ ਉਤਪਤੀ ਦਾ ਵਰਨਣ ਚਾਰ ਖਾਣੀਆਂ ਦੁਆਰਾ ਹੀ ਮੰਨਿਆ ਹੈ। ਇਸੀ ਤਰ੍ਹਾਂ ਹੀ ਗੁਰੂ ਸਾਹਿਬਾਂ ਨੇ ਭੀ ਇਸ ਉਪ੍ਰੋਕਤ ਸਿਧਾਂਤ ਨੂੰ ਅਪਨਾਇਆ ਹੈ। ਜਿਵੇਂ ਕਿ :—

(੧) **ਅੰਡਜ** ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਹਿ ਰਵੰਤਾ ॥
੩ ॥ ੪ ॥ ੪ ॥ ਸੋਰਠਿ ਮਹਲਾ ੧ ॥ ਪੰਨਾ ੫੯੬ ॥

(੨) ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ ॥
**ਅੰਡਜ** ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥
੧੪ ॥ ੧ ॥ ਤੁਖਾਰੀ ਛੰਤ ਮਹਲਾ ੧ ॥ ਪੰਨਾ ੧੧੦੯ ॥

. Sri Satguru Jagjit Singh Ji eLibrary NamdhariElibrary@gmail.com .

(੩) **ਅੰਡਜ** ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਾਇਆ ॥
ਸਾਧ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦ ਵੈਸੁ ਚੰਡਾਲੁ ਚੰਡਈਆ ॥
੬ ॥ ੮ ॥ ੪ ॥ ਬਿਲਾਵਲ ਮਹਲਾ ੪ ॥ ਪੰਨਾ ੮੩੫ ॥

(੪) **ਅੰਡਜ** ਜੇਰਜ ਸੇਤਜ ਉਤਭੁਜ ਪ੍ਰਭ ਕੀ ਇਹ ਕਿਰਤਿ ॥
ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ ॥
੩ ॥ ੪ ॥ ੩੦ ॥ ੬ ॥ ਬਿਲਾਵਲ ਮਹਲਾ ੫ ॥ ਪੰਨਾ ੮੧੬ ॥

(੫) ਸਮਰਥ ਅਕਥ ਅਗੋਚਰ ਦੇਵਾ ॥ ਜੀਅ ਜੰਤ ਸਭਿ ਤਾਕੀ ਸੇਵਾ ॥
**ਅੰਡਜ** ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ ॥
੪ ॥ ੧੬ ॥ ੪ ॥ ੧੩ ॥ ਮਾਰੂ ਸੋਲਹਾ ਮਹਲਾ ੫ ॥ ਪੰਨਾ ੧੦੮੪ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਹਵਾਲਿਆਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੰਸਾਰ ਦੀ ਸ੍ਰਿਸ਼ਟੀ ਦਾ ਕੁਝ ਭਾਗ ਅੰਡਿਆਂ ਤੋਂ ਭੀ ਉਤਪਨ ਹੋਣਾ ਗੁਰੂ ਸਾਹਿਬਾਂ ਨੇ ਮੰਨਿਆ ਹੈ । ਫਿਰ ਅਸੀਂ ਇਹ ਕਿਸੇ ਤਰ੍ਹਾਂ ਦਾ ਭੀ ਇਤਰਾਜ ਨਹੀਂ ਕਰ ਸਕਦੇ ਕਿ ਅੰਡਿਆਂ ਦੁਆਰਾ ਸ੍ਰਿਸ਼ਟੀ ਦੀ ਉਤਪਤੀ ਨਹੀਂ ਹੁੰਦੀ ਤੇ ਅੰਡਿਆਂ ਵਿਚ ਜੀਵ ਨਹੀਂ ਹੁੰਦੇ ।

ਜੇਕਰ ਇਸ ਤਰ੍ਹਾਂ ਦੇ ਸਾਨੂੰ ਅੰਡੇ ਮਿਲ ਭੀ ਜਾਣ ਜਿਨ੍ਹਾਂ ਅੰਡਿਆਂ ਵਿਚੋਂ ਭਾਵੇਂ ਕੁੱਕੜੀ ਦੇ ਬੱਚਿਆਂ ਦੀ ਉਤਪਤੀ ਨਾ ਵੀ ਹੋਵੇ ਤੇ ਭਾਵੇਂ ਕੁੱਕੜ ਦੇ ਮੇਲ ਤੋਂ ਬਿਨਾਂ ਵੀ ਅੰਡੇ ਬਣਦੇ ਹੋਣ । ਇਤਨਾ ਹੋਣ ਦੇ ਬਾਵਜੂਦ ਭੀ ਇਹ ਸਾਨੂੰ ਜ਼ਰੂਰ ਮੰਨਣਾ ਪਵੇਗਾ ਕਿ ਅੰਡਿਆਂ ਦੀ ਉਤਪਤੀ ਕੁੱਕੜੀ ਦੇ ਰਕਤ (ਲਹੂ) ਆਦਿਕ ਗੰਦੇ ਪਦਾਰਥਾਂ ਤੋਂ ਹੀ ਹੁੰਦੀ ਹੈ । ਫਿਰ ਅਸੀਂ ਅੰਡਿਆਂ ਦੇ ਆਹਾਰ ਨੂੰ ਪਵਿੱਤਰ ਖਾਣਾ ਕਿਵੇਂ ਮੰਨ ਸਕਦੇ ਹਾਂ ਬਲਕਿ ਅੰਡਿਆਂ ਦਾ ਖਾਣਾ ਇਕ ਅਪਵਿੱਤਰ ਹੀ ਖਾਣਾ ਹੈ । ਜਿਸ ਤੋਂ ਇਹ ਸਪੱਸ਼ਟ ਹੈ ਕਿ ਅੰਡਾ ਭੀ ਅਭਖਸ਼ਜ ਭਾਵ ਅਖਾਜ ਹੀ ਪਦਾਰਥ ਹੈ ।

**ਅਸੰਖ ਮਲੇਛ ਮਲੁ ਭਖਿ ਖਾਹਿ ॥**

---

. Sri Satguru Jagjit Singh Ji eLibrary NamdhariElibrary@gmail.com .

# ਕੀ ਦੁੱਧ ਪੀਣਾ ਭੀ ਪਸ਼ੂ ਦਾ ਮਾਸ ਖਾਣਾ ਹੈ ?

ਪਿਆਰੇ ਪਾਠਕ ਜੀਉ ! ਗਿਆਨੀ ਨਰਿੰਜਨ ਸਿੰਘ 'ਸਰਲ' ਜੀ ਆਪਣੇ 'ਝਟਕਾ ਪ੍ਰਕਾਸ਼' ਗ੍ਰੰਥ ਦੇ ਪੰਨੇ ੪੦ ਤੇ ਆਪਣੇ ਮਾਸ ਖਾਣ ਦੇ ਪਖ ਨੂੰ ਸਿੱਧ ਕਰਦੇ ਹੋਏ ਲਿਖਦੇ ਹਨ । ਜਿਵੇਂ ਕਿ :—

"ਗਊ ਦੀ ਰਖਿਆ ਕਰਨੀ ਇਸ ਲਈ ਜ਼ਰੂਰੀ ਸਮਝੀ ਜਾਂਦੀ ਹੈ ਕਿ ਇਹ ਜਾਨਵਰ ਮਨੁੱਖੀ ਜੀਵਨ ਦਾ ਬੜਾ ਸਹਾਇਕ ਹੈ । ਇਹ ਦੁੱਧ ਦੇਣ ਵਾਲਾ ਜਾਨਵਰ ਹੈ । ਜੇ ਇਸ ਨੂੰ ਮਾਰ ਕੇ ਖਾ ਲਿਆ ਜਾਵੇ ਤਾਂ ਦੁੱਧ ਪੀਣ ਦੀ ਨਿਸਬਤ ਇਹ ਸੌਦਾ ਨੁਕਸਾਨ ਵਾਲਾ ਹੈ । ਉਂਵ ਦੁੱਧ ਪੀਣਾ ਵੀ ਤਾਂ ਉਸ ਦਾ ਮਾਸ ਹੀ ਖਾਣਾ ਹੈ । ਕਿਉਂਕਿ ਇਹ ਦੁੱਧ ਭੀ ਉਸ ਦੇ ਮਾਸ ਰਸ ਦੀ ਤਬਦੀਲੀ ਹੈ । ਪਰ ਦੁੱਧ ਦੀ ਪ੍ਰਾਪਤੀ ਲਈ ਅਸੀਂ ਇਸ ਤੇ 'ਜ਼ੋਰ ਕਰਦਾ' ਵਤੀਰਾ ਹੀ ਅਖ਼ਤਿਆਰ ਕਰਦੇ ਹਾਂ । ਗਊ ਦੁੱਧ ਆਪਣੇ ਬੱਚੇ ਲਈ ਤਿਆਰ ਕਰਦੀ ਹੈ ।

ਗਊ ਬਛ ਕਉ ਸੰਚੈ ਖੀਰ ॥
ਗਲਾ ਬਾਂਧ ਦੁਹਿ ਲੇਹਿ ਅਹੀਰ ॥

ਪਹਿਲੇ ਤਾਂ ਅਸੀਂ ਉਸ ਵਿਚਾਰੀ ਨੂੰ ਕਿੱਲੇ ਨਾਲ ਬੰਨ੍ਹ ਕੇ ਕੈਦ ਕਰਦੇ ਹਾਂ ਫਿਰ ਉਸ ਦੇ ਹੇਠ ਵੱਛਾ ਛੱਡਦੇ ਹਾਂ । ਜਦ ਦੁੱਧ ਥਣਾਂ ਵਿਚ ਉੱਤਰ ਆਉਂਦਾ ਹੈ ਤਾਂ ਭੁੱਖੇ ਨੂੰ ਲਾਂਭੇ ਕਰ ਕੇ ਫਾਹੇ ਦੇ ਦੇਂਦੇ ਹਾਂ । ਜਦ ਅਸੀਂ ਥਣਾਂ ਨੂੰ ਹੱਥ ਲਾਉਂਦੇ ਹਾਂ ਤਾਂ ਉਹ ਸਾਨੂੰ ਛੜਾਂ ਮਾਰਦੀ ਹੈ । ਫਿਰ ਅਸੀਂ ਉਸ ਦੀਆਂ ਲੱਤਾਂ ਨੂੰ ਨਿਆਣਾ ਪਾਉਂਦੇ ਹਾਂ, ਜੇ ਫਿਰ ਵੀ ਟੱਪਣੋਂ ਨਾ ਹਟੇ ਤਾਂ ਨੱਕ ਪਾੜ ਕੇ ਨੱਥ ਭੀ ਪਾ ਦੇਂਦੇ ਹਾਂ ।

ਇਸ ਤਰ੍ਹਾਂ ਦੁੱਧ ਚੋਣ ਲੱਗੇ ਉਸ ਵਿਚਾਰੀ ਤੇ ਬੜਾ ਜ਼ੁਲਮ ਕੀਤਾ ਜਾਂਦਾ ਹੈ । ਵਛਾਰੂਆਂ ਨੂੰ ਚਾਰ ਚਾਰ ਡੋਕੇ ਚੁੰਘਾ ਕੇ ਪਾਸੇ ਕਰ ਦੇਈਦਾ ਹੈ ।

ਸਾਡੇ ਅਹਿੰਸਾਵਾਦੀ ਭਰਾ ਕੁੱਕੜੀ ਦੇ ਬੱਚੇ ਅਤੇ ਬੱਕਰੀ ਦੇ ਮੇਮਣੇ ਪਰ

. Sri Satguru Jagjit Singh Ji eLibrary NamdhariElibrary@gmail.com .

ਤਾਂ ਬੜਾ ਤਰਸ ਕਰਦੇ ਹਨ ਪਰ ਇਹਨਾਂ ਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਜਦੋਂ ਕਿਸੇ ਵਛਾਰੂ ਕਟਾਰੂ ਨੂੰ ਥਣਾਂ ਨਾਲੋਂ ਤੋੜ ਕੇ ਵੱਖਰਾ ਬੱਧਾ ਜਾਂਦਾ ਹੈ, ਉਸ ਵੇਲੇ ਉਹ ਉਸੇ ਤਰ੍ਹਾਂ ਤੜਫਦਾ ਹੈ ਜਿਸ ਤਰ੍ਹਾਂ ਮਰੋੜਿਆ ਹੋਇਆ ਕੁੱਕੜ ਜਾਂ ਵੱਢਿਆ ਹੋਇਆ ਬੱਕਰਾ, ਪਰ ਉਸ ਦੀ ਹਾਲਤ ਉਤੇ ਕਦੇ ਕਿਸੇ ਨੂੰ ਦਇਆ ਨਹੀਂ ਆਈ। ਬੱਕਰੇ ਕੁੱਕੜ ਨੂੰ ਤਾਂ ਇਕੋ ਵਾਰ ਵੱਢ ਮਰੋੜ ਕੇ ਫੈਸਲਾ ਕਰ ਦੇਈਦਾ ਹੈ ਪਰ ਦੁੱਧ ਚੋਣ ਵੇਲੇ ਉਹਨਾਂ ਵਿਚਾਰਿਆਂ ਨੂੰ ਦੋਵੇਂ ਵੇਲੇ ਤੇ ਮਹੀਨਿਆਂ ਬੱਧੀ ਕੋਹਿਆ ਜਾਂਦਾ ਹੈ।"

ਉਂਞ ਦੁੱਧ ਪੀਣਾ ਵੀ ਤਾਂ ਉਸ ਦਾ ਮਾਸ ਹੀ ਖਾਣਾ ਹੈ।
ਕਿਉਂਕਿ ਇਹ ਦੁੱਧ ਭੀ ਉਸ ਦੇ ਮਾਸ ਰਸ ਦੀ ਤਬਦੀਲੀ ਹੈ।

**ਸਮਾਧਾਨ :**—ਪਿਆਰੇ ਪਾਠਕ ਜੀਉ ! ਗਿਆਨੀ 'ਸਰਲ' ਜੀ ਦੀਆਂ ਉਪ੍ਰੋਕਤ ਦੋ ਤੁਕਾਂ ਵਿਚ ਦੁੱਧ ਦੀ ਉਤਪਤੀ 'ਮਾਸ ਰਸ' ਤੋਂ ਮੰਨੀ ਹੈ। ਪਰ ਗੁਰੂ ਸਾਹਿਬਾਂ ਨੇ ਦੁੱਧ ਦੀ ਉਤਪਤੀ ਦਾ ਕਾਰਣ ਰਕਤ ਤੇ ਮਾਸ ਆਦਿਕ ਨਹੀਂ ਮੰਨਿਆ ਬਲਕਿ ਖੜ—ਘਾਸ ਆਦਿਕ ਪਦਾਰਥਾਂ ਤੋਂ ਦੁੱਧ ਦੀ ਉਤਪਤੀ ਹੋਣੀ ਮੰਨੀ ਹੈ। ਜਿਵੇਂ ਕਿ :—

(੧) **ਵੁਠੈ ਘਾਹੁ ਚਰਹਿ ਨਿਤਿ ਸੁਰਹੀ**, ਸਾ ਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦਾ ਪੂਜਾ ਪਇਐ ਕਾਰਜੁ ਸੋਹੈ ॥ ੧ ॥
ਮਾਝ ਕੀ ਵਾਰ ਮਹਲਾ ੧ ॥ ਪਉੜੀ ੨੬ ॥ ਸਲੋਕ ਮ: ੧ ॥ ਪੰਨਾ ੧੫੦ ॥

(੨) ਪਸੂ ਮਿਲਹਿ ਚੰਗਿਆਈਆ **ਖੜੁ ਖਾਵਹਿ ਅੰਮ੍ਰਿਤ ਦੇਹਿ ॥**
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥
੩ ॥ ੪ ॥ ੧ ॥ ਗੂਜਰੀ ਮਹਲਾ ੧ ॥ ਪੰਨਾ ੪੮੯ ॥

ਸ੍ਰੀਮਾਨ ਜੀ ! ਗੁਰੂ ਬਾਣੀ ਦੇ ਇਨ੍ਹਾਂ ਦੋਹਾਂ ਗੁਰ ਪ੍ਰਮਾਣਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਦੁੱਧ ਦੀ ਉਤਪਤੀ ਗੁਰਮਤਿ ਦੇ ਸਿਧਾਂਤ ਅਨੁਸਾਰ ਪਸ਼ੂ ਘਾਹ ਤੇ ਖੜ ਆਦਿਕ ਖਾਂਦਾ ਹੈ ਤੇ ਫਿਰ ਅੰਮ੍ਰਿਤ ਰੂਪ ਦੁੱਧ ਦਿੰਦਾ ਹੈ। ਫਿਰ ਅਸੀਂ ਕੇਵਲ ਗਿਆਨੀ 'ਸਰਲ' ਜੀ ਦੀਆਂ ਫੋਕੀਆਂ ਦਲੀਲਾਂ ਨੂੰ ਕਿਵੇਂ ਮੰਨ ਲਈਏ ?

**ਸੰਕਾਵਾਦੀ :**—ਜੇਕਰ ਇਸ ਵਿਚ ਕਿਸੇ ਮਨੁੱਖ ਦਾ ਇਹ ਹੱਠ ਹੀ ਹੋਵੇ

. Sri Satguru Jagjit Singh Ji eLibrary NamdhariElibrary@gmail.com .

ਕਿ ਦੁੱਧ ਪਸ਼ੂਆਂ ਦੇ ਰਕਤ ਤੇ ਮਾਸ ਤੋਂ ਹੀ ਉਤਪਨ ਹੁੰਦਾ ਹੈ। ਪਰ ਇਹ ਅਸੀਂ ਕਦੀ ਭੀ ਮੰਨਣ ਲਈ ਤਿਆਰ ਨਹੀਂ ਕਿ ਘੜ—ਘਾਸ ਆਦਿਕਾਂ ਦੇ ਖਾਣ ਕਰ ਕੇ ਦੁੱਧ ਦੀ ਉਤਪਤੀ ਹੁੰਦੀ ਹੋਵੇ।

**ਸਿਧਾਂਤੀ :**—ਪਿਆਰੇ ਪਾਠਕ ਜੀਉ ! ਜੇਕਰ ਇੰਜ ਹੀ ਹੈ ਤਾਂ ਫਿਰ ਦਾਸ ਭੀ ਇਹ ਦਾਅਵਾ ਕਰ ਸਕਦਾ ਹੈ ਕਿ ਦੁੱਧ ਦੀ ਉਤਪਤੀ ਰਕਤ (ਲਹੂ) ਤੋਂ ਭੀ ਨਹੀਂ ਹੁੰਦੀ ਕਿਉਂਕਿ ਰਕਤ ਦੀ ਉਤਪਤੀ ਸਦੀਵ ਕਾਲ ਹੁੰਦੀ ਹੀ ਰਹਿੰਦੀ ਹੈ ਪਰ ਦੁੱਧ ਦੀ ਉਤਪਤੀ ਸਦਾ ਲਈ ਨਹੀਂ ਹੁੰਦੀ ਬਲਕਿ ਪਰਮਾਤਮਾਂ ਵੱਲੋਂ=ਬੱਚੇ ਦੇ ਪੈਦਾ ਹੋਣ ਦੇ ਕੁਝ ਦਿਨ ਤੋਂ ਦੁੱਧ ਦੀ ਉਤਪਤੀ ਹੋਣੀ ਆਰੰਭ ਹੁੰਦੀ ਹੈ। ਜਿਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮਨੁੱਖ ਪਸ਼ੂਆਂ ਨੂੰ ਘੜ=ਘਾਹ ਆਦਿਕ ਪਦਾਰਥ ਖਲਾ ਕੇ ਤੇ ਦੁੱਧ ਦੀ ਪ੍ਰਾਪਤੀ ਕਰਦਾ ਹੈ। ਮੁਫ਼ਤ ਦਾ ਨਹੀਂ।

ਤਾਂ ਤੇ ਅੱਜ ਕੱਲ੍ਹ ਦੀ ਡਾਕਟਰੀ ਤੇ ਸਾਇੰਸਦਾਨਾਂ ਦੇ ਸਿਧਾਂਤਾਂ ਤੋਂ ਭੀ ਗੁਰਮਤਿ ਦਾ ਸਿਧਾਂਤ ਉੱਚਾ ਤੇ ਸੁੱਚਾ ਹੀ ਸਿੱਧ ਹੁੰਦਾ ਹੈ।

ਬਾਕੀ ਰਿਹਾ ਗਿਆਨੀ ਜੀ ਦਾ ਇਹ ਕਥਨ ਕਿ ਦੁੱਧ ਦੀ ਪ੍ਰਾਪਤੀ ਕਰਨ ਖ਼ਾਤਰ ਗਊਆਂ ਤੇ ਉਸ ਦੇ ਬੱਛਿਆਂ ਤੇ ਸਖ਼ਤੀ ਵਰਤੀ ਜਾਂਦੀ ਹੈ। ਇਹ ਭੀ ਆਪ ਦਾ ਗ਼ਲਤ ਬਿਆਨ ਹੈ। ਕਿਉਂਕਿ ਭਲੇ ਮਨੁੱਖ ਅਹਿੰਸਾਵਾਦੀ ਇਸ ਤਰ੍ਹਾਂ ਦਾ ਵਰਤਾਵ ਕਦੀ ਸੁਪਨੇ ਵਿਚ ਭੀ ਭੁੱਲ ਕੇ ਨਹੀਂ ਕਰ ਸਕਦੇ। ਪਰ ਆਪ ਜੈਸੇ ਨਿਰਦਈ ਮਨੁੱਖ ਹੀ ਆਪਣੇ ਪਸ਼ੂਆਂ ਤੇ ਜ਼ੋਰ ਜ਼ੁਲਮ ਭਰਿਆ ਵਰਤਾਵ ਕਰਦੇ ਹਨ। ਸ੍ਰੀਮਾਨ ਗਿਆਨੀ ਜੀ ! ਕੀ ਆਪ ਨੇ ਇਹ ਕਦੀ ਨਹੀਂ ਦੇਖਿਆ ਕਿ ਅਨੇਕਾਂ ਹੀ ਧਨੀ ਲੋਕ ਆਪਣੇ ਪਸ਼ੂਆਂ ਦੀ ਆਪ ਖ਼ੁਦ ਆਪਣੀ ਰੱਥੀਂ ਸੇਵਾ ਕਰਦੇ ਤੇ ਆਪਣੇ ਸਾਮ੍ਹਣੇ ਆਪਣੇ ਨੌਕਰਾਂ ਤੋਂ ਪਸ਼ੂਆਂ ਦੀ ਸੇਵਾ ਕਰਵਾਂਦੇ ਹਨ। ਕੀ ਆਪ ਜੀ ਨੇ ਦੁਨੀਆਂ ਫਿਰ ਤੁਰ ਕੇ ਨਹੀਂ ਦੇਖੀ। ਜਾਪਦਾ ਹੈ ਕਿ ਆਪ ਕੇਵਲ ਕੁੱਤਿਆਂ ਵਾਲੇ ਪਿੰਡ ਵਿਚ ਹੀ ਰਹਿਣਾ ਜਾਣਦੇ ਹੋ। ਹੋ ਸਕਦਾ ਹੈ ਕਿ ਆਪ ਦੇ ਪਿੰਡ ਦਾ ਇਹ ਵਤੀਰਾ ਹੋਵੇ ਤੇ ਇਥੋਂ ਹੀ ਹੋਰ ਮਨੁੱਖਾਂ ਨੇ ਆਪਣੇ ਪਸ਼ੂਆਂ ਤੇ ਨਿਰਦਈਤਾ ਪੂਰਵਕ ਵਰਤਾਵ ਕਰਨਾ ਸਿੱਖਿਆ ਹੋਵੇ।

———

. Sri Satguru Jagjit Singh Ji eLibrary NamdhariElibrary@gmail.com .

# ਕੀ ਸਾਡੇ ਸਤਿਗੁਰੂ ਵੈਸ਼ਨੂੰ ਸਨ ?

**ਪ੍ਰਸ਼ਨ** :—ਵੈਸ਼ਨੂੰ ਕੌਣ ?

**ਉੱਤਰ** :—ਸ੍ਰੀਮਾਨ ਜੀ ! ਵੈਸ਼ਨੂੰ ਪੁਰਸ਼ਾਂ ਦੇ ਅਨੇਕਾਂ ਹੀ ਨਿਯਮ ਧਰਮ ਹਨ। ਪਰ ਪਰਮੁਖ ਧਰਮ **ਮਾਸ**, **ਸ਼ਰਾਬ** ਆਦਿਕ ਦਾ ਤਿਆਗ ਕਰਦਾ ਹੋਇਆ ਆਪਣੇ ਸਿਰਜਹਾਰ ਸ੍ਰੀ ਵਿਸ਼ਨੂੰ ਭਗਵਾਨ, ਸ੍ਰੀ ਰਾਮ, ਕ੍ਰਿਸ਼ਨ ਜੀ ਦੀ ਭਗਤੀ ਕਰਨੀ। ਇਹੀ ਵੈਸ਼ਨੂੰ ਮਨੁੱਖਾਂ ਦਾ ਪਰਮ ਧਰਮ ਹੈ। ਸਾਡੇ ਸਤਿਗੁਰੂ ਭੀ ਵੈਸ਼ਨੂੰ ਹੀ ਸਨ ਕਿਉਂਕਿ ਓਹ ਭੀ ਸ੍ਰੀ ਵਿਸ਼ਨੂੰ ਭਗਵਾਨ ਜੀ ਮਹਾਰਾਜ ਦੇ ਪਰਮ ਭਗਤ ਸਨ।

**ਸ਼ੰਕਾ** :—ਜੇਕਰ ਕੋਈ ਸੱਜਣ ਇਥੇ ਇਹ ਇਤਰਾਜ ਕਰੇ ਕਿ ਸਾਡੇ ਸਤਿਗੁਰੂ ਵਿਸ਼ਨੂੰ ਦੇ ਅਵਤਾਰਾਂ (ਰਾਮ, ਕ੍ਰਿਸ਼ਨ) ਦੇ ਭਗਤ ਨਹੀਂ ਸਨ ਬਲਕਿ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਵਿਚ ਇਨ੍ਹਾਂ ਦਾ ਜ਼ੋਰਦਾਰ ਵਿਰੋਧ ਤੇ ਖੰਡਨ ਹੀ ਕੀਤਾ ਹੈ। ਜਿਵੇਂ ਕਿ :—

(੧) ਮੈਂ ਨ ਗਨੇਸਿਹ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨਹ ਧਿਆਊਂ ॥
[ਸ੍ਰੀ ਦਸਮ ਗ੍ਰੰਥ ਜੀ ਵਿਚੋਂ]

(੨) ਨਹੀ ਜਾਨਿ ਜਾਈ ਕਛੂ ਰੂਪ ਰੇਖੰ ॥
ਕਹਾ ਬਾਸ ਤਾਕੋ ਫਿਰੈ ਕਉਨ ਭੇਖੰ ॥
ਕਹਾ ਨਾਮ ਤਾਕੋ ਕਹਾ ਕੈ ਕਹਾਵੈ ॥
ਕਹਾ ਮੈ ਬਖਾਨੋ ਕਹੇ ਮੋ ਨ ਆਵੈ ॥ ੧੪ ॥ ੧੬ ॥
[ਸ੍ਰੀ ਬਚਿਤ੍ਰ ਨਾਟਕ] [ਸ੍ਰੀ ਦਸਮ ਗ੍ਰੰਥ ਜੀ ਵਿਚੋਂ]

(੩) ਪਾਇ ਠਗਉਲੀ ਸਭੁ ਜਗੁ ਜੋਹਿਆ ॥
ਬ੍ਰਹਮਾ ਬਿਸਨੁ ਮਹਾਦੇਉ ਮੋਹਿਆ ॥
ਗੁਰਮੁਖਿ ਨਾਮਿ ਲਗੇ ਸੇ ਸੋਹਿਆ ॥ ੨ ॥ ੪ ॥ ੨ ॥ ੬੬ ॥
ਆਸਾ ਮਹਲਾ ੫ ॥ ਪੰਨਾ ੩੯੪ ॥

. Sri Satguru Jagjit Singh Ji eLibrary NamdhariElibrary@gmail.com .

(੪) ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥
ਅਸਚਰਜ ਰੂਪੰ ਰਹੰਤ ਜਨਮੰ ॥ ਨੇਤ ਨੇਤ ਕਥੰਤਿ ਬੇਦਾ ॥
ਊਚ ਮੂਚ ਅਪਾਰ ਗੋਬਿੰਦਹ ॥
ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡ ਭਾਗੀਅਹ ॥
੫੭ ॥ ੬੭ ॥ ੪ ॥ ਸਲੋਕ ਸਹਸ ਕ੍ਰਿਤੀ ਮਹਲਾ ੫ ॥ ਪੰਨਾ ੧੩੫੯ ॥

(੫) ਕੋਟਿ **ਬਿਸਨ** ਕੀਨੇ ਅਵਤਾਰ ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥
ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥ ੧ ॥
ਐਸੋ ਧਣੀ ਗੁਬਿੰਦੁ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥
੧ ॥ ਰਹਾਉ ॥ ੮ ॥ ੨ ॥ ੫ ॥ ਭੈਰਉ ਮਹਲਾ ੫ ॥ ਪੰਨਾ ੧੧੫੬ ॥

**ਸਮਾਧਾਨ** :—ਦਾਸ ! ਸ਼ੰਕਾਵਾਦੀ ਵੀਰਾਂ ਪਾਸੋਂ ਪੁੱਛਦਾ ਹੈ ਕਿ ਜਿਨ੍ਹਾਂ ਗ੍ਰੰਥਾਂ ਦੇ ਆਪ ਸੱਜਣਾਂ ਨੇ ਉਪ੍ਰੋਕਤ ਹਵਾਲੇ ਪ੍ਰਗਟ ਕੀਤੇ ਹਨ। ਉਨ੍ਹਾਂ ਹੀ ਗ੍ਰੰਥਾਂ ਵਿਚ ਹੇਠ ਲਿਖਤ ਗੁਰ ਵਾਕ ਭੀ ਸਾਨੂੰ ਮਿਲਦੇ ਹਨ। ਜਿਨ੍ਹਾਂ ਗੁਰ ਪ੍ਰਮਾਣਾਂ ਦਾ ਉੱਤਰ ਵਿਰੋਧੀ ਸੱਜਣਾਂ ਪਾਸ ਕੀ ਹੈ। ਜਿਸ ਤਰ੍ਹਾਂ ਕਿ :—

(੧) ਜੋ ਇਹ ਕਥਾ ਸੁਨੈ ਅਰ ਗਾਵੈ ॥
ਦੂਖ ਪਾਪ ਤਿਹ ਨਿਕਟ ਨ ਆਵੈ ॥
**ਬਿਸਨ ਭਗਤ ਕੀ** ਏ ਫਲ ਹੋਈ ॥
ਅਧਿ ਬਯਾਧਿ ਛ੍ਵੈ ਸਕੈ ਨ ਕੋਈ ॥ ੮੫੯ ॥
[ਸ੍ਰੀ ਰਾਮ ਅਵਤਾਰ] ਸ੍ਰੀ ਦਸਮ ਗ੍ਰੰਥ ਜੀ ਵਿਚੋਂ। ਪੰਨਾ ੨੪੪ ॥

(੨) ਬੇਦ ਕਤੇਬ ਨ ਭੇਦ ਲਹਯੋ ਤਿਹਿ ਸਿਧ ਸਮਾਧਿ ਸਬੈ ਕਰਿ ਹਾਰੇ ॥
ਸਿੰਮ੍ਰਿਤ ਸਾਸਤ੍ਰ ਬੇਦ ਸਬੈ ਬਹੁ ਭਾਂਤਿ ਪੁਰਾਣ ਬੀਚਾਰ ਬੀਚਾਰੇ ॥
ਆਦਿ ਅਨਾਦਿ ਅਗਾਧਿ ਕਥਾ **ਧ੍ਰੂ** ਸੇ **ਪ੍ਰਹਿਲਾਦ ਅਜਾਮਲ** ਤਾਰੇ ॥
ਨਾਮ ਉਚਾਰ ਤਰੀ **ਗਨਿਕਾ, ਸੋਈ** **ਨਾਮੁ** ਅਧਾਰ **ਬੀਚਾਰ ਹਮਾਰੇ** ॥
੧੦ ॥ ੩੩ ॥ ੩੩ ਸ੍ਵੈਯੇ [ਸ੍ਰੀ ਦਸਮ ਗ੍ਰੰਥ ਜੀ ਵਿਚੋਂ] (ਪੰਨਾ ੬੯੪)

. Sri Satguru Jagjit Singh Ji eLibrary NamdhariElibrary@gmail.com .

(੩) ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ **ਗਨਕਾ** ਸੀ ਉਧਰੀ ਤਾ ਕੋ ਜਸੁ ਉਰਧਾਰੋ ॥ ੧॥ਰਹਾਉ ॥
ਅਟਲ ਭਇਓ **ਧ੍ਰੂਅ** ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ ॥ ੧ ॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ **ਗਜ** ਗਰਾਹ ਤੇ ਛੂਟਾ ॥
ਮਹਿਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥
**ਅਜਾਮਲੁ** ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ ॥ ੩ ॥ ੪ ॥
ਸੋਰਠਿ ਮਹਲਾ ੯ ॥ ਪੰਨਾ ੬੩੨ ॥

(੪) ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥
**ਰਾਮ ਚੰਦ ਕੀ ਲਸਟਿਕਾ ਜਿਨਿ ਮਾਰਿਆ ਰੋਗੁ** ॥ ੧ ॥ ਰਹਾਉ ॥
ਗੁਰੁ ਪੂਰਾ ਹਰਿ ਜਾਪੀਐ ਨਿਤ ਕੀਚੈ ਭੋਗੁ ॥
ਸਾਧ ਸੰਗਤਿ ਕੈ ਵਾਰਣੈ ਮਿਲਿਆ ਸੰਜੋਗੁ ॥ ੧ ॥
ਜਿਸੁ ਸਿਮਰਤ ਸੁਖੁ ਪਾਈਐ ਬਿਨਸੈ ਬਿਓਗੁ ॥
ਨਾਨਕ ਪ੍ਰਭ ਸਿਰਣਾਗਤੀ ਕਰਣ ਕਾਰਣ ਜੋਗੁ ॥ ੨ ॥
੩੪ ॥ ੬੪ ॥ ਬਿਲਾਵਲੁ ਮਹਲਾ ੫ ॥ ਪੰਨਾ ੮੧੭ ॥

(੫) ਪਾਰਬ੍ਰਹਮ ਅਪਰੰਪਰ ਦੇਵਾ ॥
ਅਗਮ ਅਗੋਚਰ ਅਲਖ ਅਭੇਵਾ ॥
ਦੀਨ ਦਇਆਲ ਗੋਪਾਲ ਗੋਬਿੰਦਾ
ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥ ੧ ॥
ਗੁਰਮੁਖਿ ਮਧੁ ਸੂਦਨੁ ਨਿਸਤਾਰੇ ॥
ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥
ਦਇਆਲ ਦਮੋਦਰੁ ਗੁਰਮੁਖਿ ਪਾਈਐ
ਹੋਰਤੁ ਕਿਤੈ ਨ ਭਾਤੀ ਜੀਉ ॥ ੨ ॥
ਨਿਰਹਾਰੀ ਕੇਸਵ ਨਿਰਵੈਰਾ ॥
ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥

. Sri Satguru Jagjit Singh Ji eLibrary NamdhariElibrary@gmail.com .

ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ
ਸੋਈ ਭਗਤੁ ਇਕਾਤੀ ਜੀਉ ॥ ੩ ॥
ਅਮੋਘ ਦਰਸਨ ਬੇਅੰਤ ਅਪਾਰਾ ॥
ਵਡ ਸਮਰਥੁ ਸਦਾ ਦਾਤਾਰਾ ॥
ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ
ਗਤਿ ਨਾਨਕ ਵਿਰਲੀ ਜਾਤੀ ਜੀਉ ॥
੪ ॥ ੬ ॥ ੧੩ ॥ ਮਾਝ ਮਹਲਾ ੫ ॥ ਪੰਨਾ ੯੮ ॥

(੬) ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥
ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮ ਕੰਕਰ ਮਾਰਿ ਬਿਦਾਰੇ ॥ ੧ ॥
ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥
ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥ ੧ ॥ ਰਹਾਉ ॥
ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥
ਏਕ ਨਿਮਕ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ॥ ੨ ॥
ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ ॥
ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥ ੩ ॥
**ਕਵਨ ਪਰਾਧ ਬਤਾਵਉ ਅਪੁਨੇ, ਮਿਥਿਆ ਮੋਹ ਮਗਨਾਰੇ ॥**
**ਆਇਓ ਸਾਮ ਨਾਨਕ ਓਟ ਹਰਿ ਕੀ, ਲੀਜੈ ਭੁਜਾ ਪਸਾਰੇ ॥ ੪ ॥**
੨ ॥ ਮਾਰੂ ਮਹਲਾ ੫ ॥ ਪੰਨਾ ੯੯੯ ॥

ਪਿਆਰੇ ਪਾਠਕ ਜੀਉ ! ਗੁਰਬਾਣੀ ਦੇ ਇਨ੍ਹਾਂ ਉਪ੍ਰੋਕਤ ਹਵਾਲਿਆਂ ਤੋਂ ਗੁਰੂ ਸਾਹਿਬਾਂ ਦੀ ਸ੍ਰੀ ਵਿਸ਼ਨੂੰ ਭਗਵਾਨ ਤੇ ਰਾਮ ਕ੍ਰਿਸ਼ਨ ਆਦਿ ਅਵਤਾਰਾਂ ਦੀ ਭਗਤੀ ਕਰਨੀ ਤੇ ਕਰਾਨੀ ਸਪੱਸ਼ਟ ਸਿੱਧ ਹੁੰਦੀ ਹੈ । ਜਿਸ ਤੋਂ ਇਹ ਸਪੱਸ਼ਟ ਹੈ ਸਾਡੇ ਸਤਿਗੁਰੂ ਵੈਸ਼ਨੂੰ ਮਤਿ ਦੇ ਸਨ ।

**ਨੋਟ** :—ਵਿਰੋਧੀ ਵੀਰਾਂ ਪਾਸ ਇਨ੍ਹਾਂ ਉਪ੍ਰੋਕਤ ਗੁਰਪ੍ਰਮਾਣਾਂ ਦਾ ਕੀ ਉੱਤਰ ਹੈ ।

Sri Satguru Jagjit Singh Ji eLibrary NamdhariElibrary@gmail.com

(ਪੰਨੇ ੬੩ ਦੀ ਬਾਕੀ)

(੪) 'ਪ੍ਰਾਚੀਨ ਪੰਥ ਪ੍ਰਕਾਸ਼' ਕ੍ਰਿਤ :—ਭਾਈ ਰਤਨ ਸਿੰਘ ਭੰਗੂ ਜੀ ! ਜਿਸ ਨੂੰ ਮੈਨੇਜਰ :—ਖਾਲਸਾ ਸਮਾਚਾਰ ਹਾਲ ਬਜ਼ਾਰ ਅੰਮ੍ਰਿਤਸਰ ਨੇ ਦਸੰਬਰ ੧੯੬੨ ਈਸਵੀ ਨੂੰ ਚੌਥੀ ਵਾਰ ਵਜ਼ੀਰ ਹਿੰਦ ਪ੍ਰੈਸ ਤੋਂ ਛਪਵਾ ਕੇ ਪ੍ਰਕਾਸ਼ ਕੀਤਾ। ਜਿਸ ਦੇ ਪੰਨੇ ੪੩ ਤੇ ਲਿਖਿਆ ਹੈ। ਜਿਵੇਂ ਕਿ :—

"ਕੇਸ ਗੜ੍ਹ ਸ੍ਰੀ ਖਾਲਸੇ ਕੋ ਪੰਥ ਕੀ ਉਤਪਤ ਕੀ ਸਾਖੀ।"

[ਅੰਮ੍ਰਿਤ ਸੰਸਕਾਰ]

**ਦੋਹਰਾ**

ਇਤਨੀ ਬਾਤ ਵਿਚਾਰ ਕਰ ਹੁਤੀ ਬਾਤ ਲਈ ਚੀਨ।
ਸਤਿਗੁਰ ਬਹਿ ਸ੍ਰੀ ਕੇਸਗੜ੍ਹ ਉੱਦਮ ਸੋਊ ਕੀਨ ॥ ੧ ॥
**ਸੱਦ ਪੰਡਤ ਬਡ ਜੋਤਕੀ ਮਹੂਰਤ ਖੂਬ ਕਢਾਇ।**
ਕੀਏ ਭੁਜੰਗੀ ਛਾਂਟ ਪੰਜ ਪੰਜੇ ਜਾਤ ਗਿਣਾਇ ॥ ੨ ॥

**ਚੌਪਈ**

ਪੰਜ ਭੁਜੰਗੀ ਲਏ ਉਠਾਇ। ਚਾਰੈ ਬਰਨ ਇਕ ਕੀਏ ਭਰਾਇ।
ਪ੍ਰਿਥਮ ਦਯਾ ਸਿੰਘ ਸੋਂਫਤੀ ਜਾਤ। ਬਸਤ ਲਾਹੌਰ ਹੁਤੇ ਬਖਜਾਤ ॥ ੩ ॥
ਦੂਜੇ ਧ੍ਰਮ ਸਿੰਘ ਹਸਤਨਾਪੁਰ ਬਾਸੀ। ਹੁਤੋ ਜੱਟ ਸਿਵ ਜਟੋ ਪ੍ਰਕਾਸ਼ੀ।
ਤੀਜੋ ਮੁਹਕਮ ਸਿੰਘ ਦ੍ਵਾਰਕਾ ਜਾਯੋ। ਨਾਮਦੇਵ ਅਵਤਾਰ ਸੁ ਆਯੋ ॥ ੪ ॥
ਚੌਥੇ ਨਾਈ ਸਾਹਿਬ ਸਿੰਘ ਜੋਊ। ਸੈਣ ਭਗਤ ਜਹ ਰਹਤੇ ਸੋਊ।
ਪੰਚਮ ਹਿੰਮਤ ਸਿੰਘ ਝੀਵਰ ਕਹੀਐ। ਪੰਜ ਭੁਜੰਗੀ ਪੰਜ ਜਾਤ ਲਹੀਐ ॥੫॥
ਪਾਹੁਲ ਖੰਡੈ ਤਯਾਰ ਕਰਵਾਈ। ਜਲ ਮੱਧ ਆਨ ਮਿਠਾਈ ਪਾਈ।
**ਤਿਹ ਮੱਧ ਰਾਖੀ ਕਰਦ ਗਡਾਇ।** ਸਤਿਗੁਰ ਰਾਖੀ ਕਰਦ ਧਾਰੇ ਦਾਇ ॥ ੬ ॥

**ਦੋਹਰਾ**

ਸ੍ਰੀ ਸਤਿਗੁਰ ਸਤਿਨਾਮ ਕਹਿਓ ਕਰਤਾ ਪੁਰਖ ਉਚਾਰ।
ਅਕਾਲ ਅਕਾਲਹ ਜਾਪ ਕਰ ਤੋਰੀ ਕ੍ਰਿਪਾ ਨਿਜ ਧਾਰ ॥ ੭ ॥

. Sri Satguru Jagjit Singh Ji eLibrary NamdhariElibrary@gmail.com .

## ਚੌਪਈ

ਪ੍ਰਿਥਮ ਭਗੌਤੀ ਵਾਰ ਜੁ ਪੌੜੀ। ਪੜ੍ਹ ਪ੍ਰਿਥਮੈਂ ਆਪ ਸਤਿਗੁਰ ਜੋੜੀ।
ਨੌ ਪਤਸ਼ਾਹੀਅਨ ਲਯੋ ਧਿਆਇ। ਅਬ ਦਸਮਨ ਪਰ ਹੋਈ ਸਹਾਇ ॥ ੮ ॥
ਬਹੁੜ ਸਵੱਯੇ ਬੱਤੀ ਉਚਾਰੇ। ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ। ਸੋਊ ਪਾਹੁਲ ਕੇ ਮੱਧੈ ਠਾਣੀ ॥ ੯ ॥

## ਤ੍ਰਿਭੰਗੀ ਛੰਦ

"ਖਗ ਖੰਡ ਬਿਹੰਡੰ ਖਲ ਦਲ ਖੰਡ ਅਤਿ ਰਣ ਮੰਡੰ ਬਰ ਬੰਡੰ ॥
ਭੁਜਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲ ਵਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਿਤ ਪਾਰਣ ਜੈ ਤੇਗੰ ॥"

## ਦੋਹਰਾ

ਪ੍ਰਿਥਮ ਅੰਚਰੀ ਭਰੀ ਸ੍ਰੀ ਸਤਿਗੁਰ ਉਨ ਲਲਕਾਰ।
ਸਨਮੁਖ ਨੇਤ੍ਰ ਰਖਵਾਇ ਕਰ, ਦਈ ਮੱਧ ਮੋਂ ਡਾਰ ॥ ੧੦ ॥

## ਚੌਪਈ

ਅਕਾਲ ਅਕਾਲ ਕਰ ਜਾਪ ਜਪਾਈ। ਸ੍ਰੀ ਵਾਹਿਗੁਰੂ ਗਰ ਫਤੈ ਬੁਲਾਈ।
ਪੁਨ ਪੰਚ ਪੰਚ ਸੀਸ ਅੰਚਰੀ ਪਾਇ। ਪੰਚ ਪੰਚ ਪੰਚਨ ਦਈ ਛਕਾਇ ॥ ੧੧ ॥
(ਪ੍ਰਾਚੀਨ 'ਪੰਥ ਪ੍ਰਕਾਸ਼' ਦੇ ਪੰਨੇ ੪੩ ਤੋਂ ੪੪ ਤਕ)

(ਪ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਮ੍ਰਿਤ ਤਿਆਰ ਕਰਨ ਦੇ ਸੰਬੰਧ ਵਿਚ ਪ੍ਰਸਿੱਧ ਇਤਿਹਾਸਕਾਰ ਭਾਈ ਕੇਸਰ ਸਿੰਘ ਛਿਬਰ ਜੀ ਨੇ ਜੋ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਜਿਸ ਨੂੰ ਭਾਈ ਮਹਾਂ ਸਿੰਘ ਐਡੀਟਰ 'ਖਾਲਸਾ ਸਮਾਚਾਰ' ਹਾਲ ਬਜ਼ਾਰ ਅੰਮ੍ਰਿਤਸਰ ਜੀ ਨੇ ਆਪਣੇ "ਪਰਮ ਪਵਿੱਤਰ ਆਦਿ ਬੀੜ ਦਾ ਸੰਕਲਨਾ ਕਾਲ" ਨਾਮਕ ਗ੍ਰੰਥ ਦੇ ਪੰਨੇ ੨੬ ਤੇ ਲਿਖਿਆ ਹੈ। ਜਿਸ ਤਰ੍ਹਾਂ ਕਿ :—

(੧੨) "ਸੰਮਤ ੧੭੫੬ ਦੀ ਵੈਸਾਖੀ ਨੂੰ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਪੈਦਾ ਕਰਨ ਦਾ ਅਨੂਠਾ ਕੌਤਕ ਕੀਤਾ ਤੇ ਸੰਗਤ ਵਿਚੋਂ

. Sri Satguru Jagjit Singh Ji eLibrary NamdhariElibrary@gmail.com .

ਪੰਜ ਮਰਜੀਊੜੇ ਕ੍ਰਿਪਾਨ ਦੀ ਧਾਰ ਨਾਲ ਪਰਖ ਕੇ ਚੁਣੇ ਤੇ ਫਿਰ ਉਨ੍ਹਾਂ ਨੂੰ ਅੰਮ੍ਰਿਤ ਤਿਆਰ ਕਰ ਕੇ ਛਕਾਇਆ ਤੇ 'ਪੰਜ ਪਿਆਰਿਆਂ' ਦਾ ਪਿਆਰਾ ਖਿਤਾਬ ਦਿੱਤਾ, ਉਸ ਸਾਖੀ ਨੂੰ ਛਿਬਰ ਬੜੇ ਹੀ ਹਾਸੋਹੀਣੇ ਢੰਗ ਵਿਚ ਲਿਖਦਾ ਹੈ। ਆਪ ਦੇ ਲਿਖੇ ਦਾ ਇਹ ਭਾਵ ਹੈ ਕਿ ੧੭੫੪ ਨੂੰ ਗੁਰੂ ਜੀ ਨੇ ਪੰਥ ਨੂੰ ਨਿਸ਼ਾਨੀ ਲਾਉਣ ਦੀ ਸੋਚੀ ਤੇ ੧੭੫੪ ਦੇ ਚੇਤ੍ਰ ਦੇ ਦਿਨ ੨੯ ਬਾਕੀ ਰਹੇ ਤੇ ਤ੍ਰੈ ਦਿਨ ਹੋਰ ਗੁਜ਼ਰੇ ਤਾਂ ਚੌਂਪਾ ਸਿੰਘ ਨੂੰ ਸੱਦਿਆ। ਦੀਵਾਨ ਲਗਾ ਕੇ ਕਟੋਰਾ ਜਲ ਦਾ ਮੰਗਾਇਆ, **ਕਰਦ** ਆਪ ਚੌਂਪਾ ਸਿੰਘ ਨੂੰ ਦਿੱਤੀ ਤੇ ਕਿਹਾ ਕਿ ਇਸ ਨੂੰ ਜਲ ਦੇ ਕਟੋਰੇ ਵਿਚ ਹਿਲਾਓ, **ਜਪ ਤੇ ਅਨੰਦ ਪੜ੍ਹੋ**। ਦੀਵਾਨ ਸਾਹਿਬ ਚੰਦ ਨੇ ਕੋਲੋਂ ਹੱਥ ਜੋੜ ਕੇ ਕਿਹਾ: ਗਰੀਬ ਨਿਵਾਜ ! ਵਿਚ ਮਿੱਠਾ ਪਾਓ ਤਾਂ ਸੁਆਦਦਾਰ ਬਣੇਗਾ। ਤਾਂ ਧਰਮ ਚੰਦ ਨੂੰ ਬਚਨ ਕੀਤਾ ਕਿ ਪਤਾਸੇ ਲੈ ਆਓ। ਪਤਾਸੇ ਮੰਗਾ ਕੇ ਪਾਏ, ਕਰਦ ਹਿਲਾਈ, ਨਾਮ ਪਾਹੁਲ ਧਰਿਆ। ਚੌਂਪਾ ਸਿੰਘ ਇਹ ਪਾਹੁਲ ਬਣਾ ਕੇ ਕਟੋਰਾ ਹੱਥ ਤੇ ਧਰ ਕੇ ਲੈ ਆਇਆ। ਸਾਹਿਬਾਂ ਨੇ ਉਂਗਲ ਨਾਲ ਲਾ ਕੇ ਸੁਆਦ ਚੱਖਿਆ ਤੇ ਫਿਰ ਚੌਂਪਾ ਸਿੰਘ ਨੂੰ ਕਿਹਾ, ਬੈਠ ਜਾਹ ਤੇ ਬਿਠਾ ਕੇ ਉਸ ਨੂੰ ਪਾਹੁਲ ਦਿੱਤੀ ਤੇ ਫਿਰ ਇਉਂ ਪੰਜਾਂ ਸੱਤਾਂ ਹੋਰਨਾਂ ਨੂੰ ਭੀ ਪਾਹੁਲ ਦਿੱਤੀ।"

ਇਹ ਹੈ ਪਹਿਲੇ ਦਿਨ ਅੰਮ੍ਰਿਤ ਬਣਾਉਣ ਦੀ ਕਹਾਣੀ ਜਿਸ ਨੂੰ ਛਿਬਰ ਜੀ ਨੇ ਲਿਖਿਆ ਹੈ। ਪੰਜਾਂ ਪਿਆਰਿਆਂ ਦਾ ਕਿੱਥੇ ਜ਼ਿਕਰ ਨਹੀਂ। ਹੋਰ ਕਿਸੇ ਦਾ ਕੋਈ ਜ਼ਿਕਰ ਨਹੀਂ। ਪਹਿਲਾਂ ਆਪਣੇ ਵੱਡੇ ਬ੍ਰਾਹਮਣ ਨੂੰ ਪਿਲਵਾਈ ਤੇ ਫਿਰ ਪੰਜਾਂ ਸੱਤਾਂ ਹੋਰਨਾਂ ਨੂੰ ਪਿਲਾ ਦਿੱਤੀ। ਬ੍ਰਾਹਮਣ ਨੂੰ ਪੰਜਾਂ ਪਿਆਰਿਆਂ ਤੋਂ ਵੀ ਪਹਿਲੋਂ ਦਿੱਤੀ। ਕਿਉਂਕਿ ਭਾਰਤੀ ਸੱਭਯਤਾ ਫਸਟ-ਬ੍ਰਾਹਮਣ ਨੂੰ ਖਿਲਾਣਾ ਪਿਲਾਣਾ ਮੰਨਦੀ ਹੈ।

ਸ੍ਰੀਮਾਨ ਗਿਆਨੀ 'ਸਰਲ' ਜੀ ਕੀ ਇਨ੍ਹਾਂ ਇਤਿਹਾਸਕਾਰਾਂ ਦੇ ਹਵਾਲਿਆਂ ਨੂੰ ਸੱਚਿਆਂ ਮੰਨਣ ਲਈ ਤਿਆਰ ਹੋ। ਜੇਕਰ ਨਹੀਂ ਤਾਂ ਫਿਰ ਆਪ ਇਤਿਹਾਸਕ ਹਵਾਲਿਆਂ ਦੁਆਰਾ ਸਿੱਖਾਂ ਦਾ ਨਹੀਂ ਬਲਕਿ ਬੱਕਰਿਆਂ ਦਾ ਝਟਕਾਉਣ ਨੂੰ ਕਿਵੇਂ ਸੱਚਾ ਮੰਨ ਕੇ ਤੇ ਸਾਨੂੰ ਮਨਾਣ ਲਈ ਸਾਰਾ ਜ਼ੋਰ ਲਾ ਰਹੇ ਹੋ।

Sri Satguru Jagjit Singh Ji eLibrary NamdhariElibrary@gmail.com

ਦੇਖਨੇ ਮੇਂ ਆਏ ਕਈ ਧੌਲ ਦਾੜ੍ਹੇ ਰੰਡ ਮੁੰਡੇ,
ਪੀਵਤੇ ਸ਼ਰਾਬ ਅਤੇ 'ਮਾਸ' ਆਦੀ ਖਾਤੇ ਹੈਂ।
ਸੂਟ ਬੂਟ ਪਾਵਤੇ ਹੈਂ ਹੋਟਲੋਂ ਮੇਂ ਜਾਵਤੇ ਹੈਂ,
ਅੰਡੇ ਆਦਿ ਖਾਕੇ ਹੱਥ ਪੋਥੀਆਂ ਕੋ ਪਾਤੇ ਹੈਂ।
ਸਣ ਕੇਸ ਨ੍ਹਾਤੇ ਨਹੀਂ, ਵੰਡ ਕਦੇ ਖਾਤੇ ਨਹੀਂ,
ਪਹਿਰ ਰਾਤ ਰਹਿੰਦੀ ਉਠ, ਭੇਡੇਂ ਝਟਕਾਤੇ ਹੈਂ।
ਪੁਛੀਏ ਕਿ "ਭਾਈ ਤੁਸੀਂ ਕੌਨ ਭਲੇ ਲੋਕ ਹੋਤੇ",
"ਸ੍ਰੀ ਗੁਰੂ ਗ੍ਰੰਥ ਜੀ ਕੇ ਸਿੱਖ" ਬਤਲਾਤੇ ਹੈਂ।

ਅਸੂ ੧ ਸੰਮਤ ਬਿਕ੍ਰਮੀ ੨੦੨੬ ॥

—ਸਮਾਪਤ—

. Sri Satguru Jagjit Singh Ji eLibrary NamdhariElibrary@gmail.com .

1234567890